**Thinking Real Estate?**
BUYERS we'll find the right home for you.
We have a common goal: Making you a homeowner.
SELLERS we know your local markets
COLDWELL BANKER
Residential Brokerage
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193

Blue Diamond BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

**Buying/Selling *in Michigan***
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150, Plymouth, MI 48170
Call: 734-751-4455
Raj Shergill
rajsshergill@yahoo.com
Associate Broker



Twenty-Second Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 22, Issue 33, August 14th, 2021 20451 N. Plum Grove Rd., Palatine, IL 60074 Ph:847-359-0746, Fax:847-705-9388


## ਗੈਂਗਸਟਰਾਂ ਦੀਆਂ ਸਰਗਰਮੀਆਂ ਨਾਲ ਸਿਆਸਤ ਡਾਵਾਂਡੋਲ

### ਪੰਜਾਬ ਵਿਚ ਕਾਨੂੰਨ ਵਿਵਸਥਾ ਦਾ ਤਖਤਾ ਹਿੱਲਿਆ

**ਚੰਡੀਗੜ੍ਹ:** ਪੰਜਾਬ ਵਿਚ ਪਿਛਲੇ ਕੁਝ ਦਿਨਾਂ ਤੋਂ ਵਾਪਰੀਆਂ ਘਟਨਾਵਾਂ ਨੇ ਸੂਬੇ ਦੀ ਕਾਨੂੰਨ ਵਿਵਸਥਾ ਉਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਪਾਕਿਸਤਾਨ ਦੀ ਸਰਹੱਦ ਦੇ ਨਾਲ ਲੱਗਦੇ ਅੰਮ੍ਰਿਤਸਰ ਦੇ ਖੇਤਰਾਂ 'ਚ ਹਥਿਆਰ ਤੇ ਹੋਰ ਧਮਾਕੇਦਾਰ ਸਮੱਗਰੀ ਮਿਲਣਾ ਅਤੇ ਗੈਂਗਸਟਰਾਂ ਦੀਆਂ ਤਾਜ਼ਾ ਸਰਗਰਮੀਆਂ ਪਿੱਛੋਂ ਪੰਜਾਬ ਪੁਲਿਸ ਅਤੇ ਸੁਰੱਖਿਆ ਏਜੰਸੀਆਂ ਨੂੰ ਹੱਥਾਂ ਪੈਰਾਂ ਦੀ ਪਈ ਹੋਈ ਹੈ।

ਸਰਹੱਦੀ ਪਿੰਡ ਡਾਲੇਕੇ 'ਚੋਂ ਟਿਫਿਨ ਬੰਬ ਬਰਾਮਦ ਹੋਣ ਬਾਅਦ ਸੂਬੇ 'ਚ ਪੁਲਿਸ ਹਾਈ ਅਲਰਟ ਉਤੇ ਹੈ। ਸੁਰੱਖਿਆ ਦੇ ਮੱਦੇਨਜ਼ਰ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਪੁਲਿਸ ਕਮਿਸ਼ਨਰ ਅਤੇ ਸੂਬੇ ਭਰ 'ਚ ਸਾਰੇ ਜ਼ਿਲ੍ਹਾ ਪੁਲਿਸ ਮੁਖੀਆਂ ਨਾਲ ਐਸ.ਪੀ. ਪੱਧਰ ਦੇ 22 ਹੋਰ ਨਵੇਂ ਅਧਿਕਾਰੀ ਲਗਾ ਦਿੱਤੇ ਹਨ। ਇਸ ਘਟਨਾ ਨੇ ਸੂਬਾ ਸਰਕਾਰ ਦੇ ਵੀ ਕੰਨ ਖੜ੍ਹੇ ਕਰ ਦਿੱਤੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੇਂਦਰ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰਕੇ ਖਤਰੇ ਤੋਂ ਸੁਚੇਤ ਕੀਤਾ ਹੈ।

ਸਰਹੱਦੀ ਚੁਣੌਤੀ ਦੇ ਨਾਲ-ਨਾਲ ਸੂਬੇ ਵਿਚ ਗੈਂਗਸਟਰਾਂ ਦੀਆਂ ਸਰਗਰਮੀਆਂ ਨੇ ਪੁਲਿਸ ਦੇ ਸਾਹ ਫੁਲਾਏ ਹੋਏ ਹਨ। ਮੁਹਾਲੀ ਵਿਚ ਅਕਾਲੀ ਦਲ ਦੇ ਯੂਥ ਆਗੂ ਵਿਕਰਮਜੀਤ ਸਿੰਘ ਉਰਫ ਵਿੱਕੀ ਮਿੱਡੂਖੇੜਾ ਦੀ ਸ਼ਰੇਆਮ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਚਾਰ ਅਗਸਤ ਨੂੰ ਅੰਮ੍ਰਿਤਸਰ ਵਿਚ ਰਣਬੀਰ ਸਿੰਘ ਉਰਫ ਰਾਣਾ ਕੰਦੋਵਾਲੀਆ ਦਾ ਉਸ ਸਮੇਂ ਹਸਪਤਾਲ ਵਿਚ ਕਤਲ ਕਰ ਦਿੱਤਾ ਗਿਆ ਜਦੋਂ ਉਹ ਆਪਣੇ ਰਿਸ਼ਤੇਦਾਰ ਦੀ ਸਿਹਤ ਦਾ ਹਾਲ ਚਾਲ ਜਾਣਨ ਲਈ ਆਇਆ ਸੀ। 7 ਜੁਲਾਈ ਨੂੰ ਬਠਿੰਡਾ ਵਿਚ ਕੁਲਵੀਰ ਸਿੰਘ ਨਰੂਆਣਾ ਨਾਮਕ ਨੌਜਵਾਨ ਦਾ ਉਸ ਦੇ ਹੀ ਸਾਥੀ ਨੇ ਸ਼ਰੇਆਮ ਦਿਨ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। 15 ਮਈ ਨੂੰ ਜਗਰਾਓਂ ਵਿਚ ਅਣਪਛਾਤੇ ਨੌਜਵਾਨਾਂ ਨੇ ਦਿਨ ਦਿਹਾੜੇ ਪੰਜਾਬ ਪੁਲਿਸ ਦੇ ਦੋ ਪੁਲਿਸ ਅਫਸਰਾਂ ਦਾ ਸਥਾਨਕ ਅਨਾਜ ਮੰਡੀ ਵਿਚ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਬਾਅਦ ਵਿਚ ਪੰਜਾਬ ਪੁਲਿਸ ਨੇ ਇਸ ਘਟਨਾ ਵਿਚ ਨਾਮੀ ਗੈਂਗਸਟਰ ਜੈਪਾਲ ਸਿੰਘ ਭੁੱਲਰ ਅਤੇ ਉਸ ਦੇ ਸਾਥੀ ਜੱਸੀ ਖਰੜ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਮੁਕਾਇਆ। 18 ਫਰਵਰੀ ਨੂੰ ਫਰੀਦਕੋਟ ਵਿਚ ਯੂਥ ਕਾਂਗਰਸ ਆਗੂ ਗੁਰਲਾਲ ਸਿੰਘ ਭਲਵਾਨ ਦਾ ਕੁਝ ਅਣਪਛਾਤੇ ਨੌਜਵਾਨਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

ਵਿਰੋਧੀ ਧਿਰਾਂ ਦੋਸ਼ ਲਾ ਰਹੀਆਂ ਹਨ ਕਿ ਚੋਣਾਂ ਤੋਂ 6-7 ਮਹੀਨੇ ਪਹਿਲਾਂ ਅਜਿਹੀਆਂ ਸਰਗਰਮੀਆਂ ਤੋਂ ਜਾਪ ਰਿਹਾ ਹੈ ਕਿ ਕਾਂਗਰਸ ਸਰਕਾਰ ਚੋਣਾਂ ਵਿਚ ਗੈਂਗਸਟਰਾਂ ਦੀ ਵਰਤੋਂ ਲਈ ਤਿਆਰੀਆਂ ਕਰ ਰਹੀ ਹੈ। ਯਾਦ ਰਹੇ ਕਿ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਵਿਚ ਲਾਕਾਨੂੰਨੀ ਤੇ ਗੈਂਗਸਟਰਾਂ ਦੀ ਦਹਿਸ਼ਤ ਵੀ ਮੁੱਖ ਮੁੱਦਾ ਸੀ। ਕਾਂਗਰਸ ਇਸ ਵਾਅਦੇ ਨਾਲ ਸੱਤਾ ਵਿਚ ਆਈ ਸੀ ਕਿ ਸੂਬੇ ਵਿਚ ਮਾੜੇ ਅਨਸਰਾਂ ਦਾ ਸਫਾਇਆ ਕੀਤਾ ਜਾਵੇਗਾ। ਸਰਕਾਰ ਬਣਨ ਤੋਂ ਬਾਅਦ ਪੁਲਿਸ ਨੇ ਇਸ ਪਾਸੇ ਖਾਸੀ ਸਖਤੀ ਵੀ ਦਿਖਾਈ ਅਤੇ ਵੱਡੀ ਗਿਣਤੀ ਗੈਂਗਸਟਰ ਜਾਂ ਤਾਂ ਮੁਕਾਬਲੇ ਵਿਚ ਮਾਰ ਮੁਕਾਏ ਤੇ ਜਾਂ ਜੇਲ੍ਹਾਂ ਵਿਚ ਲਿਜਾ ਸੁੱਟੇ। ਇਸ ਸਖਤੀ ਪਿੱਛੋਂ ਸੂਬੇ ਵਿਚ ਕੁਝ ਸਮਾਂ ਤਾਂ ਠੰਢ ਰਹੀ ਪਰ ਬਾਅਦ ਵਿਚ ਇਨ੍ਹਾਂ ਗੈਂਗਸਟਰਾਂ ਨੇ ਜੇਲ੍ਹਾਂ ਨੂੰ ਹੀ ਆਪਣੀਆਂ ਅਪਰਾਧਿਕ ਸਰਗਰਮੀਆਂ ਦਾ ਅੱਡਾ ਬਣਾ ਲਿਆ।

ਪੰਜਾਬ ਦੇ ਡੀ.ਜੀ.ਪੀ. ਦਿਨਕਰ ਗੁਪਤਾ ਦਾ ਦਾਅਵਾ ਹੈ ਕਿ ਪੰਜਾਬ ਵਿਚ ਏ ਕੈਟਾਗਰੀ ਦੇ 31 ਗੈਂਗਸਟਰ ਸਨ ਜਿਨ੍ਹਾਂ ਵਿਚੋਂ 20 ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। 7 ਵੱਖ-ਵੱਖ ਗੈਂਗਸਟਰ

*(ਬਾਕੀ ਸਫਾ 6 ਉਤੇ)*

### 'ਸਰਕਾਰ ਨੇ ਗੈਂਗਸਟਰਾਂ ਨੂੰ ਅੰਨ੍ਹੇਵਾਹ ਤਾਕਤਾਂ ਦਿੱਤੀਆਂ'

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਹੈ ਕਿ ਪੰਜਾਬ ਵਿਚ ਕਾਂਗਰਸ ਸਰਕਾਰ ਨੇ ਗੈਂਗਸਟਰਾਂ ਨੂੰ ਅੰਨ੍ਹੇਵਾਹ ਤਾਕਤਾਂ ਦਿੱਤੀਆਂ ਹੋਈਆਂ ਹਨ। ਉਹ ਜਿਸ ਨੂੰ ਦਿਲ ਕੀਤਾ ਮਾਰ ਦਿੰਦੇ ਹਨ ਤੇ ਜਿਸ ਤੋਂ ਚਾਹੇ ਡਰਾ ਕੇ ਜਬਰੀ ਵਸੂਲੀ ਕਰ ਲੈਂਦੇ ਹਨ। ਯੂਥ ਆਗੂ ਵਿੱਕੀ ਮਿੱਡੂਖੇੜਾ ਦੀ ਹੱਤਿਆ ਗੈਂਗਸਟਰਾਂ ਦੀ ਬੁਰਛਾਗਰਦੀ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਨੇ ਵੀ ਵਿੱਕੀ ਜਿਹੇ ਹਿੰਮਤੀ ਅਤੇ ਪਿਆਰੇ ਨੌਜਵਾਨ ਦਾ ਬੇਰਹਿਮੀ ਨਾਲ ਕਤਲ ਕੀਤਾ ਹੈ, ਉਨ੍ਹਾਂ ਨੂੰ ਕਿਸੇ ਕੀਮਤ 'ਤੇ ਬਚ ਕੇ ਭੱਜਣ ਨਹੀਂ ਦਿੱਤਾ ਜਾਵੇਗਾ।

## ਟੋਕੀਓ ਓਲੰਪਿਕ: ਇਤਿਹਾਸ ਰਚ ਆਏ ਭਾਰਤੀ ਯੋਧੇ

**ਟੋਕੀਓ:** ਕਰੋਨਾ ਕਾਲ ਦੌਰਾਨ ਹੋਈਆਂ ਇਤਿਹਾਸ ਦੀਆਂ ਸਭ ਤੋਂ ਵਿਲੱਖਣ ਟੋਕੀਓ ਓਲੰਪਿਕ ਖੇਡਾਂ ਅੱਗੇ ਵਧਣ ਦੇ ਸੁਨੇਹੇ ਨਾਲ ਸਮਾਪਤ ਹੋ ਗਈਆਂ। ਜਾਪਾਨ ਦੀ ਰਾਜਧਾਨੀ



'ਚ ਹੋਈਆਂ ਖੇਡਾਂ ਭਾਰਤ ਲਈ ਇਤਿਹਾਸਕ ਹੋ ਨਿੱਬੜੀਆਂ। ਭਾਰਤ ਨੇ ਇਨ੍ਹਾਂ ਖੇਡਾਂ 'ਚ 7 ਤਗਮੇ ਜਿੱਤੇ ਹਨ ਜੋ 2012 ਦੀਆਂ ਲੰਡਨ ਓਲੰਪਿਕ ਖੇਡਾਂ ਤੋਂ ਬਾਅਦ ਸਭ ਤੋਂ ਵੱਧ ਹਨ। ਭਾਰਤ ਨੇ 2012 ਦੀਆਂ ਲੰਡਨ ਓਲੰਪਿਕ ਖੇਡਾਂ 'ਚ 6 ਤਗਮੇ ਜਿੱਤੇ ਸਨ।

ਹਾਕੀ ਦੀਆਂ ਦੋਹਾਂ (ਪੁਰਸ਼-ਮਹਿਲਾ) ਟੀਮਾਂ ਨੇ ਸੈਮੀਫਾਈਨਲ ਵਿਚ ਪ੍ਰਵੇਸ਼ ਕਰਕੇ ਇਤਿਹਾਸ ਰਚਿਆ। ਮਨਪ੍ਰੀਤ ਸਿੰਘ ਦੀ ਅਗਵਾਈ ਵਿਚ ਖੇਡ ਰਹੀ ਪੁਰਸ਼ਾਂ ਦੀ ਹਾਕੀ ਟੀਮ ਨੇ ਕਾਂਸੀ ਦਾ ਤਗਮਾ ਜਿੱਤ ਕੇ ਦੇਸ਼ ਵਾਸੀਆਂ ਦੇ ਮਨਾਂ ਵਿਚ ਖੇੜਾ ਅਤੇ ਖੁਸ਼ੀਆਂ ਭਰ ਦਿੱਤੀਆਂ। ਕੁੜੀਆਂ ਦੀ ਹਾਕੀ ਦੀ ਟੀਮ ਸੈਮੀਫਾਈਨਲ ਵਿਚ ਇੰਗਲੈਂਡ ਦੀ ਟੀਮ ਤੋਂ ਹਾਰ ਗਈ ਪਰ ਮਹਿਲਾ ਟੀਮ ਨੇ ਪਹਿਲੀ ਵਾਰ

*(ਬਾਕੀ ਸਫਾ 6 ਉਤੇ)*



**India Palace Restaurant**
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
**Amber Indian Restaurant**
*Restaurant-Fine Indian Cuisine*
12510 N. Meridian St., Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

**Ad Space Available**
Please Call,
Ph: 847-359-0746

BIG BAZAAR
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

**Low Interest Rates in History**
**No Cost Refinancing Available!**



Call Madan Khatri
**Ph: 847-530-1550**
Madan@MoonstarMortgage.com
IL and CA Mortgage Loan Licensee
We Works From Start to End!

*Madan Khatri*
*NMLS # 1980752*
Moonstar Mortgage Inc.
MOONSTAR Mortgage

953 Plum Grove Road, Unit B, Schaumburg, IL 60173

Ph: 224-678-7070
**BEST FLOORING & CARPET LTD**
2761 W. Algonquin Rd., Algonquin, IL 60102
ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !
ਅਲਗਾਨਕੁਇਨ, ਇਲੀਨਾਏ ਵਿਚ ਖੁੱਲ੍ਹ ਗਿਆ ਹੈ
ਨਵਾਂ ਕਾਰਪੈਟਸ ਸਟੋਰ
ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ
ਵਿਚ ਵਧੀਆ ਕੁਆਲਟੀ ਦਾ ਕਾਰਪੈਟ
ਸਸਤੇ ਭਾਅ ਪੁਆਓ
ਨਵੇਂ ਡਿਜ਼ਾਈਨ ਦੇ ਰੰਗ ਹਰ ਕਵਾਲਿਟੀ ਵਿਚ



ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ



ਸਪੈਸ਼ਲ ਸੇਲ
ਆਰਡਰ ਕਰਨ ਦੇ ਅਗਲੇ ਹੀ
ਦਿਨ ਕਾਰਪੈਟ ਪਾਵਾਂਗੇ
ਕਾਰਪੈਟ ਰਿਪੇਅਰ ਵੀ ਕਰਦੇ ਹਾਂ
*Carpet, Waterproof Laminate, Luxury Vinyl Plank, Solid Wood, Engineer Wood & all other kinds of Floor work.*
*Give us call for free estimate.*
ਫਰੀ ਐਸਟੀਮੇਟ ਲਈ ਅੱਜ ਹੀ ਕਾਲ ਕਰੋ:
ਪਰਮਵੀਰ ਸਿੰਘ, ਫੋਨ: 773-956-0718
Fax: 224-678-7131; Bestflooring13@gmail.com

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ
ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA




*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
7021 Village Park Way, Dublin, CA 94568
Email:
Homeomedicine@yahoo.com

LAW OFFICES OF VIVEK MALIK
Follow us on :



**ACCOMPLISHED**
**IMMIGRATION** Attorneys
help FAMILIES
REUNITE in the



**UNITED STATES**

Our Global & Nationwide Services
in the field of
U.S. Immigration & Nationality Law

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance
ਬਿਜ਼ਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
ਰੀਮੂਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English

ਖੁਸ਼ਖ਼ਬਰੀ ਖੁਸ਼ਖ਼ਬਰੀ
**Indian Restaurant**
**Indianapolis, IN**
ਇੰਡੀਅਨਐਪੋਲਿਸ (ਇੰਡੀਆਨਾ)
ਵਿਚ ਪੰਜਾਬੀ ਢਾਬੇ ਲਈ
ਡਿਸ਼ਵਾਸ਼ਰ, ਹੈਲਪਰ, ਵੇਟਰ
ਅਤੇ ਕੁਕ ਚਾਹੀਦੇ ਹਨ
*Call, Manjit Nagra*
**Ph: 317-750-1900**

# ਮਿਸ਼ਨ 2022: ਵਾਅਦਿਆਂ ਨਾਲ ਮੇਲਾ ਲੁੱਟਣ 'ਚ ਜੁਟੀਆਂ ਸਿਆਸੀ ਧਿਰਾਂ

**ਚੰਡੀਗੜ੍ਹ:** ਪੰਜਾਬ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਵੋਟਰਾਂ ਨੂੰ ਆਪਣੇ ਵੱਲ ਖਿੱਚਣ ਲਈ ਹਰ ਹਰਬਾ ਵਰਤਣ ਉਤੇ ਉਤਾਰੂ ਜਾਪ ਰਹੀਆਂ ਹਨ। ਇਸ ਵਾਰ ਕਿਸਾਨ ਅੰਦੋਲਨ ਕਾਰਨ ਰਵਾਇਤੀ ਸਿਆਸੀ ਧਿਰਾਂ ਨੂੰ ਆਪਣੇ ਭਵਿੱਖ ਬਾਰੇ ਕਾਫੀ ਖਦਸ਼ੇ ਹਨ, ਇਸ ਲਈ ਚੋਣਾਂ ਤੋਂ 6-7 ਮਹੀਨੇ ਪਹਿਲਾਂ ਹੀ ਸਿਆਸੀ ਧਿਰਾਂ ਲੋਕ ਲਭਾਊ ਵਾਅਦਿਆਂ ਦੀ ਪਟਾਰੀ ਖੋਲ੍ਹ ਕੇ ਬੈਠ ਗਈਆਂ ਹਨ।

ਇਥੋਂ ਤੱਕ ਕਿ ਸੱਤਾਧਾਰੀ ਕਾਂਗਰਸ ਵੀ ਮੁਫਤ ਦੇ ਐਲਾਨਾਂ ਦਾ ਮੀਂਹ ਵਰ੍ਹਾ ਰਹੀ ਹੈ। ਕਾਂਗਰਸ ਦੇ ਨਵੇਂ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾਅਵਾ ਕਰ ਰਹੇ ਹਨ ਕਿ ਮੁੜ ਸਰਕਾਰ ਬਣੀ ਤਾਂ ਲੋਕਾਂ ਨੂੰ 3 ਰੁਪਏ ਯੂਨਿਟ ਬਿਜਲੀ ਦਿੱਤੀ ਜਾਵੇਗੀ। ਹਾਲਾਂਕਿ ਅਜਿਹਾ ਹੀ ਕੁਝ ਵਾਅਦਾ ਕਾਂਗਰਸ ਨੇ ਸਾਢੇ ਚਾਰ ਸਾਲ ਪਹਿਲਾਂ ਸੱਤਾ ਵਿਚ ਆਉਣ ਤੋਂ ਪਹਿਲਾਂ ਕੀਤਾ ਸੀ, ਇਸ ਲਈ ਸਿੱਧੂ ਦੇ ਇਸ ਐਲਾਨ 'ਤੇ ਵੱਡੇ ਸਵਾਲ ਉਠ ਰਹੇ ਹਨ।

ਅਜਿਹੀਆਂ ਹੀ ਮੁਫਤਖੋਰੀ ਵਾਲੀਆਂ ਸਹੂਲਤਾਂ ਦੇ ਐਲਾਨ ਹੋਰ ਧਿਰਾਂ ਵੱਲੋਂ ਕੀਤੇ ਜਾ ਰਹੇ ਹਨ। ਇਸੇ ਹੀ ਤਰਜ਼ ਉਤੇ ਮਹੀਨਾ ਕੁ ਪਹਿਲਾਂ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਆ ਕੇ ਹਰ ਪਰਿਵਾਰ ਨੂੰ 300 ਯੂਨਿਟ ਤੱਕ ਬਿਜਲੀ ਮੁਫਤ ਦੇਣ ਦਾ ਐਲਾਨ ਕਰ ਗਿਆ ਸੀ ਅਤੇ ਇਸ ਦੇ ਨਾਲ ਹੀ ਉਸ ਨੇ ਇਹ ਵੀ ਕਿਹਾ ਸੀ ਕਿ ਜੇਕਰ ਉਨ੍ਹਾਂ ਦੀ ਸਰਕਾਰ ਬਣਦੀ ਹੈ ਤਾਂ ਪਹਿਲੀਆਂ ਅਜਿਹੀਆਂ ਯੋਜਨਾਵਾਂ ਵੀ ਜਾਰੀ ਰਹਿਣਗੀਆਂ।

ਇਸ ਦੇ ਜਵਾਬ ਵਿਚ ਅਕਾਲੀ ਦਲ ਬਾਦਲ ਨੇ 400 ਯੂਨਿਟ ਮੁਫਤ ਬਿਜਲੀ ਦੇਣ ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਨੀਲਾ ਕਾਰਡ ਧਾਰਕ ਔਰਤਾਂ ਨੂੰ 2000 ਰੁਪਏ ਪ੍ਰਤੀ ਮਹੀਨਾ ਪੈਨਸ਼ਨ, ਖੇਤੀ ਡੀਜ਼ਲ ਨੂੰ 10 ਰੁਪਏ ਸਸਤਾ ਕਰਨ, ਵਿਦਿਆਰਥੀਆਂ ਨੂੰ 10 ਲੱਖ ਰੁਪਏ ਤੱਕ ਬਿਨਾਂ ਵਿਆਜ ਕਰਜ਼ਾ ਦੇਣ ਅਤੇ ਲੱਖਾਂ ਹੀ ਨੌਕਰੀਆਂ ਦੇਣ ਆਦਿ ਵਰਗੇ ਐਲਾਨ ਹੋ ਗਏ। ਆਰਥਿਕ ਮਾਹਰਾਂ ਦਾ ਕਹਿਣਾ ਹੈ ਕਿ ਦਹਾਕਿਆਂ ਤੋਂ ਕੀਤੇ ਜਾਂਦੇ ਅਜਿਹੇ ਹੀ ਐਲਾਨਾਂ ਦੇ ਨਾਲ ਸਿਆਸੀ ਧਿਰਾਂ ਸੱਤਾ ਤਾਂ ਹਾਸਲ ਕਰ ਲੈਂਦੀਆਂ ਹਨ ਪਰ ਮੁਫਤਖੋਰੀ ਵਾਲੇ ਐਲਾਨਾਂ ਨੇ ਪੰਜਾਬੀਆਂ ਨੂੰ ਪਰੇਸ਼ਾਨੀ ਵਿਚ ਪਾ ਦਿੱਤਾ ਹੈ।

3 ਲੱਖ ਕਰੋੜ ਤੋਂ ਵੀ ਵਧੇਰੇ ਕਰਜ਼ਾ ਅਤੇ



ਉਸ ਉਤੇ ਲਗਾਤਾਰ ਦਿੱਤੇ ਜਾਂਦੇ ਵਿਆਜ ਨੇ ਜਿਥੇ ਲੋਕਾਂ ਲਈ ਮੁਢਲੀਆਂ ਸਹੂਲਤਾਂ ਦਾ ਘਾਣ ਕਰ ਦਿੱਤਾ ਹੈ, ਉਥੇ ਇਨ੍ਹਾਂ ਮੁਫਤਖੋਰੀ 'ਤੇ ਆਧਾਰਿਤ ਯੋਜਨਾਵਾਂ ਤੋਂ ਕੋਈ ਵੀ ਸੰਤੁਸ਼ਟ ਨਹੀਂ ਜਾਪਦਾ। ਅੱਜ ਪੰਜਾਬ ਦੀਆਂ ਸਾਰੀਆਂ ਹੀ ਕਾਰਪੋਰੇਸ਼ਨਾਂ ਖੋਖਲੀਆਂ ਹੋ ਚੁੱਕੀਆਂ ਹਨ। ਬਿਜਲੀ ਨਿਗਮ ਪੂਰੀ ਤਰ੍ਹਾਂ ਨਿਚੋੜੇ ਗਏ ਹਨ। ਮੁਫਤ ਬਿਜਲੀ ਨੇ ਹੋਰ ਵਰਗਾਂ 'ਤੇ ਪਾਏ ਜਾਂਦੇ ਬਿੱਲਾਂ ਕਰਕੇ ਉਨ੍ਹਾਂ ਦਾ ਕਚੂਮਰ ਕੱਢ ਦਿੱਤਾ ਹੈ। ਇਸ ਨਾਲ ਸਬੰਧਤ ਕਾਰਪੋਰੇਸ਼ਨਾਂ ਅਤੇ ਹੋਰ ਅਦਾਰੇ ਤਰਸਯੋਗ ਹਾਲਤ ਵਿਚ ਵਿਚਰਦੇ ਨਜ਼ਰ ਆ ਰਹੇ ਹਨ।

ਅਕਾਲੀ-ਭਾਜਪਾ ਤੋਂ ਬਾਅਦ ਕਾਂਗਰਸ ਸਰਕਾਰ ਨੂੰ ਖਜ਼ਾਨਾ ਤਾਂ ਖਾਲੀ ਹੀ ਮਿਲਿਆ ਸੀ ਪਰ ਨਾਲ ਹੀ ਕਰਜ਼ੇ ਦੀ ਪੰਡ ਵੀ ਹੋਰ ਭਾਰੀ ਹੋ ਗਈ ਸੀ। ਨਵੇਂ ਪ੍ਰਸ਼ਾਸਨ ਨੇ ਵੀ ਲੋਕਾਂ ਨੂੰ ਭੁਚਲਾਉਣ ਦਾ ਆਪਣਾ ਕੰਮ ਜਾਰੀ ਰੱਖਿਆ ਹੋਇਆ ਹੈ। ਚਾਹੇ ਕਿਸਾਨਾਂ ਦਾ ਕੁਝ ਫੀਸਦੀ ਕਰਜ਼ਾ ਮੁਆਫ ਕੀਤਾ ਗਿਆ ਹੋਵੇ, ਚਾਹੇ ਸਮਾਰਟ ਫੋਨ ਦਿੱਤੇ ਗਏ ਹੋਣ ਅਤੇ ਚਾਹੇ ਮੁਫਤ ਆਟਾ-ਦਾਲ ਸਕੀਮ ਨੂੰ ਜਾਰੀ ਰੱਖਣ ਦਾ ਯਤਨ ਕੀਤਾ ਗਿਆ ਹੋਵੇ, ਇਨ੍ਹਾਂ ਸਭ ਗੱਲਾਂ ਨੇ ਆਮ ਲੋਕਾਂ ਨੂੰ ਸੰਤੁਸ਼ਟ ਨਹੀਂ ਕੀਤਾ। ਕੁਝ ਸਮਾਂ ਪਹਿਲਾਂ ਹੀ ਸਰਕਾਰ ਵੱਲੋਂ ਔਰਤਾਂ ਨੂੰ ਬੱਸਾਂ 'ਚ ਮੁਫਤ ਸਫਰ ਦੀ ਸਹੂਲਤ ਦੇਣ ਦਾ ਐਲਾਨ ਕੀਤਾ ਗਿਆ ਸੀ। ਸਿਰਫ ਇਸ ਐਲਾਨ ਨਾਲ ਹੀ ਪੰਜਾਬ ਸਿਰ ਪੌਣੇ 500 ਕਰੋੜ ਦਾ ਹੋਰ ਬੋਝ ਪੈ ਗਿਆ ਹੈ। ਸਿਰਫ ਇਕ ਸਰਕਾਰੀ ਬੱਸ ਕੰਪਨੀ ਪੰਜਾਬ ਰੋਡਵੇਜ਼ ਜੋ 1100 ਤੋਂ ਵੀ ਵਧੇਰੇ ਬੱਸਾਂ ਚਲਾ ਰਹੀ ਹੈ, ਦਾ ਸਰਕਾਰ ਵੱਲ ਪਹਿਲਾਂ ਹੀ 1 ਅਰਬ ਰੁਪਿਆ ਖੜ੍ਹਾ ਹੈ। ਹੁਣ ਉਸ ਦੇ ਮਾਲੀਏ 'ਚ ਕਮੀ ਹੋਣ ਨਾਲ ਇਹ ਹੋਰ ਵੀ ਆਰਥਿਕ ਬੋਝ ਹੇਠ ਆ ਜਾਏਗੀ। ਇਸ ਨਵੀਂ ਯੋਜਨਾ ਦੀ ਭਰਪਾਈ ਸਰਕਾਰ ਕਿਵੇਂ ਕਰੇਗੀ, ਇਸ ਬਾਰੇ ਕੁਝ ਵੀ ਸਪੱਸ਼ਟ ਨਹੀਂ। ਅੱਜ ਪੰਜਾਬ ਰੋਡਵੇਜ਼, ਪਨਬਸ ਆਦਿ ਅਦਾਰੇ ਆਰਥਿਕਤਾ ਪੱਖੋਂ ਬੁਰੀ ਤਰ੍ਹਾਂ ਝੰਬੇ ਪਏ ਹਨ।

2009-10 ਵਿਚ ਪੰਜਾਬ ਸਿਰ 53252 ਕਰੋੜ ਰੁਪਏ ਅਤੇ ਸਾਲ 2014-15 ਵਿਚ ਇਹ ਕਰਜ਼ਾ ਵਧ ਕੇ 88818 ਕਰੋੜ ਰੁਪਏ 'ਤੇ ਪੁੱਜ ਗਿਆ। ਸਾਲ 2019-20 ਵਿਚ ਪੰਜਾਬ ਸਿਰ 1.93 ਲੱਖ ਕਰੋੜ ਦਾ ਕਰਜ਼ਾ ਸੀ। 29 ਫਰਵਰੀ, 2020 ਨੂੰ ਪੰਜਾਬ ਦੇ ਖਜ਼ਾਨਾ ਮੰਤਰੀ ਦਾ ਬਿਆਨ ਸੀ ਕਿ 31 ਮਾਰਚ, 2020 ਤੱਕ ਪੰਜਾਬ ਸਿਰ ਕਰਜ਼ੇ ਦੀ ਰਾਸ਼ੀ 2.48 ਲੱਖ ਕਰੋੜ ਉਤੇ ਪੁੱਜ ਜਾਵੇਗੀ। ਕੈਗ ਮੁਤਾਬਕ ਸਾਲ 2024-25 ਤੱਕ ਪੰਜਾਬ ਸਿਰ ਕਰਜ਼ਾ 3.73 ਲੱਖ ਕਰੋੜ ਪੁੱਜ ਜਾਣ ਦੀ ਆਸ ਹੈ ਜਦੋਂ ਕਿ ਜੇ ਇਸ ਵਿਚ ਸਥਾਨਕ ਕਰਜ਼ੇ ਵੀ ਜੋੜ ਲਏ ਜਾਣ ਤਾਂ ਇਹ ਅੰਕੜੇ ਹੋਰ ਵੀ ਭਿਆਨਕ ਨਜ਼ਰ ਆਉਣਗੇ। ਹੈਰਾਨੀ ਦੀ ਗੱਲ ਹੈ ਕਿ ਇੰਨੀ ਖਰਾਬ ਆਰਥਿਕ ਦਸ਼ਾ ਸੁਧਾਰਨ ਲਈ ਕੋਈ ਠੋਸ ਪ੍ਰੋਗਰਾਮ ਦੇਣ ਦੀ ਬਜਾਏ ਸਿਆਸੀ ਧਿਰਾਂ ਸਿਰਫ ਹੋਰ ਮੁਫਤ ਚੀਜ਼ਾਂ ਦਾ ਲਾਲਚ ਦੇ ਕੇ ਹੀ ਚੋਣਾਂ ਜਿੱਤਣਾ ਚਾਹੁੰਦੀਆਂ ਹਨ।


## Matrimonials

### ਲੜਕੇ ਦੀ ਲੋੜ ਹੈ

Looking a match for a beautiful Jatt Sikh Punjabi Girl, family values oriented, 29yrs, 5'-5'', US born, post masters degree in educational psychology and working as a school psychologist. Invite serious response preferably from West Coast, Jatt Sikh US Citizen or Permanent Resident boy. Please contact with photographs and bio-data: gorayads@Yahoo.com Or Call: 301-653-7029 28-31

Reputed Jatt Sikh family that is well settled in the Midwest invite a matrimonial alliance for their beautiful and accomplished daughter: 28 years old, 5'-5", US citizen, never married, has great family values, educated (Masters in Communications and Juris Doctorate) and employed as an attorney at a law firm. We invite serious responses from a suitable, modern Jatt Sikh gentleman (ages 28-33) who is also a US permanent resident or citizen, compatible in education/ professional levels and also has excellent family values. Please respond with recent photographs and detailed bio-data to: kjs939798@gmail.com or call, Ph: 317-670-7665

### ਲੜਕੀ ਦੀ ਲੋੜ ਹੈ

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668 31-34

ਸੈਣੀ ਸਿੱਖ ਉਮਰ 35 ਸਾਲ, ਕੱਦ 5'-9", ਗੈਸ ਸਟੇਸ਼ਨ 'ਤੇ ਮੈਨੇਜਰ ਵਜੋਂ ਕੰਮ ਕਰਦੇ, ਨਸ਼ਿਆਂ ਤੋਂ ਰਹਿਤ ਲੜਕੇ ਲਈ ਸੋਹਣੀ-ਸੁਨੱਖੀ ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਤਲਾਕਸ਼ੁਦਾ 'ਤੇ ਵੀ ਵਿਚਾਰ ਹੋ ਸਕਦੀ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 319-670-8892 29-32

"Reputed Jatt Sikh family looking for a beautiful, tall (min. 5'-4") and slim girl for Canadian PR boy. Masters in engineering, 26 years, fair complexion, 5'-11". Working in M.N.C. Contact: 412-628-1644 or 91-98146-21221 26-29


# ਕਾਂਗਰਸ ਸਰਕਾਰ ਵੱਲੋਂ ਬਿਜਲੀ ਸਮਝੌਤੇ ਤੇ ਖੇਤੀ ਕਾਨੂੰਨ ਰੱਦ ਕਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੀ ਕਾਂਗਰਸ ਸਰਕਾਰ ਨੇ ਬਿਜਲੀ ਸਮਝੌਤੇ ਤੇ ਖੇਤੀ ਕਾਨੂੰਨ ਮੁੱਢੋਂ ਰੱਦ ਕਰਨ ਦਾ ਮਨ ਬਣਾ ਲਿਆ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਕਿਹਾ ਹੈ ਕਿ ਪੰਜਾਬ ਦੀ ਆਰਥਿਕਤਾ ਦਾ ਲੱਕ ਤੋੜਨ ਵਾਲੇ ਬਿਜਲੀ ਸਮਝੌਤੇ ਤੇ ਕਾਲੇ ਖੇਤੀ ਕਾਨੂੰਨ ਵਿਧਾਨ ਸਭਾ ਸੈਸ਼ਨ ਦੌਰਾਨ ਮੁੱਢੋਂ ਰੱਦ ਕਰ ਦਿੱਤੇ ਜਾਣਗੇ।

ਸਿੱਧੂ ਨੇ 'ਪੰਜਾਬ ਮਾਡਲ' ਦੀ ਲੋੜ ਉਤੇ ਜੋਰ ਦਿੰਦਿਆਂ ਕਿਹਾ, 'ਲੋਕ ਹਿੱਤਾਂ ਤੇ ਵਿਕਾਸ ਤੋਂ ਬਿਨਾਂ ਰਾਜਨੀਤੀ ਮੇਰੇ ਲਈ ਕੋਈ ਮਾਅਨੇ ਨਹੀਂ ਰੱਖਦੀ। ਉਹ ਆਪਣੇ 10 ਸਾਲ ਦੇ ਪਹਿਲਾਂ ਦੇ ਏਜੰਡੇ 'ਤੇ ਕਾਇਮ ਹਨ। ਨੀਤੀ 'ਤੇ ਕੰਮ ਨਾ ਕਰਨ ਵਾਲੀ ਰਾਜਨੀਤੀ ਮਹਿਜ਼ ਨਕਾਰਾਤਮਿਕ ਪ੍ਰਚਾਰ ਹੈ ਤੇ ਲੋਕਪੱਖੀ ਏਜੰਡੇ ਤੋਂ ਸੱਖਣੇ ਲੀਡਰ ਰਾਜਨੀਤੀ ਸਿਰਫ ਧੰਦੇ ਲਈ ਹੀ ਕਰਦੇ ਹਨ।' ਉਨ੍ਹਾਂ ਦਾਅਵਾ ਕੀਤਾ ਕਿ 2022 ਦੀਆਂ ਚੋਣਾਂ ਮਗਰੋਂ ਕਾਂਗਰਸ ਸਰਕਾਰ ਬਣੇਗੀ ਤੇ ਸੂਬੇ 'ਚ ਮਾਫੀਆ ਰਾਜ ਖਤਮ ਕਰ ਦਿੱਤਾ ਜਾਵੇਗਾ।

ਸ੍ਰੀ ਸਿੱਧੂ ਨੇ ਠੇਕਾ ਮੁਲਾਜ਼ਮਾਂ, ਸਿਹਤ ਕਾਮਿਆਂ, ਕਿਸਾਨਾਂ, ਈ.ਟੀ.ਟੀ. ਅਧਿਆਪਕਾਂ ਨੂੰ ਕਲਾਵੇ ਵਿਚ ਲੈਂਦਿਆਂ ਕਿਹਾ, 'ਅੱਜ, ਮੈਂ ਮੁੜ ਜ਼ੋਰ ਦੇ ਕੇ ਕਹਿ ਰਿਹਾ ਹਾਂ ਕਿ ਸਾਨੂੰ ਪੰਜਾਬ ਦੇ ਵਿਕਾਸ ਲਈ 'ਪੰਜਾਬ ਮਾਡਲ' ਦੀ ਲੋੜ ਹੈ। ਜਿਥੇ ਲੋਕਾਂ ਦਾ ਪਸੀਨਾ ਡੁੱਲ੍ਹੇਗਾ, ਉੱਥੇ ਸਿੱਧੂ ਦਾ ਖੂਨ ਵਹੇਗਾ ਅਤੇ ਪੰਜਾਬ ਵਿਚ ਇਹ ਕਿਸਾਨ ਮਾਰੂ ਕਾਨੂੰਨ ਲਾਗੂ ਨਹੀਂ ਹੋਣ ਦਿੱਤੇ ਜਾਣਗੇ। ਕਿਸਾਨੀ ਅਤੇ ਸਮੁੱਚੇ ਪੰਜਾਬ ਲਈ ਮਾਰੂ ਸਿੱਧ ਹੋਣ ਵਾਲੇ ਇਹ ਕਾਨੂੰਨ ਪੰਜਾਬ ਵਿਚ ਲਾਗੂ ਨਹੀਂ ਹੋਣ ਦੇਵਾਂਗੇ, ਭਾਵੇਂ ਉਨ੍ਹਾਂ ਨੂੰ ਕੋਈ ਵੀ ਲੜਾਈ ਕਿਉਂ ਨਾ ਲੜਨੀ ਪਵੇ।' ਉਨ੍ਹਾਂ ਕਿਹਾ ਕਿ ਜਿਹੜੇ ਬੇਅਦਬੀ ਦੇ ਦੋਸ਼ੀ ਹਨ, ਉਨ੍ਹਾਂ ਨੂੰ ਮਿਸਾਲੀ ਸਜ਼ਾ ਹੋਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ 3 ਲੱਖ ਕਰੋੜ ਦਾ ਕਰਜ਼ਾਈ ਹੈ। ਪਿਛਲੀ ਸਰਕਾਰ ਨੇ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਰੱਜ ਕੇ ਲੁੱਟ ਕੀਤੀ। ਪੰਜਾਬ ਵਿਚ 1,100 ਕਿਲੋਮੀਟਰ ਦਰਿਆਈ ਖੇਤਰ ਹੈ ਪਰ ਪਿਛਲੀ ਸਰਕਾਰ ਵੱਲੋਂ ਰੇਤੇ ਦੇ ਪ੍ਰਤੀ ਮਹੀਨਾ ਸਿਰਫ 3 ਕਰੋੜ ਰੁਪਏ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਏ ਜਾਂਦੇ ਸਨ, ਜੋ ਕਿ ਹੁਣ ਕਾਂਗਰਸ ਪਾਰਟੀ ਦੀ ਸਰਕਾਰ ਵੱਲੋਂ 300 ਕਰੋੜ ਰੁਪਏ ਕਰਵਾਏ ਜਾ ਰਹੇ ਹਨ। ਪੰਜਾਬ ਵਿਚੋਂ ਕੇਬਲ ਮਾਫੀਆ, ਰੇਤ ਮਾਫੀਆ, ਟਰਾਂਸਪੋਰਟ ਮਾਫੀਆ ਅਤੇ ਹੋਰ ਮਾਫੀਆ ਨੂੰ ਖਤਮ ਕੀਤਾ ਜਾ ਰਿਹਾ ਹੈ।

ਸਿੱਧੂ ਨੇ ਦਾਅਵੇ ਨਾਲ ਕਿਹਾ ਕਿ ਉਨ੍ਹਾਂ ਨੇ ਅੱਜ ਤੱਕ ਕਦੇ ਵੀ ਆਪਣੀ ਕੁਰਸੀ ਦੀ ਪ੍ਰਵਾਹ ਨਹੀਂ ਕੀਤੀ ਅਤੇ ਭਵਿੱਖ ਵਿਚ ਵੀ ਕੁਰਸੀ ਦੀ ਪ੍ਰਵਾਹ ਨਾ ਕਰਦਿਆਂ ਹਰ ਤਰ੍ਹਾਂ ਦੇ ਮਾਫੀਆ ਰਾਜ ਨੂੰ ਖਤਮ ਕਰਕੇ ਹੀ ਸਾਹ ਲੈਣਗੇ। ਇਸੇ ਦੌਰਾਨ ਉਨ੍ਹਾਂ ਬਿਨਾਂ ਨਾਂ ਲਏ 'ਆਪ' ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਦਿੱਲੀ ਆਪਣੀ ਬਿਜਲੀ ਖੁਦ ਪੈਦਾ ਨਹੀਂ ਕਰਦੀ ਅਤੇ ਇਸ ਦੀ ਵੰਡ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਹੈ। ਜਦਕਿ ਪੰਜਾਬ ਬਿਜਲੀ ਆਪ ਪੈਦਾ ਕਰਦਾ ਹੈ ਅਤੇ ਬਿਜਲੀ ਪੂਰਤੀ ਰਾਜ ਦੀ ਕਾਰਪੋਰੇਸ਼ਨ ਰਾਹੀਂ ਕਰਦਿਆਂ ਹਜ਼ਾਰਾਂ ਲੋਕਾਂ ਨੂੰ ਰੁਜ਼ਗਾਰ ਵੀ ਦਿੰਦਾ ਹੈ। ਦਿੱਲੀ ਮਾਡਲ ਦਾ ਮਤਲਬ ਬਾਦਲਾਂ ਤੋਂ ਵੀ ਵੱਡੇ ਮਗਰਮੱਛ ਕਾਰਪੋਰੇਟਾਂ ਨੂੰ ਸੱਦਾ ਦੇਣਾ ਹੈ।

## ਨਵਜੋਤ ਸਿੱਧੂ 'ਤੇ ਸ਼ਰਾਬ ਮਾਫੀਆ ਦੀ ਪੁਸ਼ਤਪਨਾਹੀ ਦੇ ਦੋਸ਼

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ 'ਤੇ ਸ਼ਰਾਬ ਮਾਫੀਆ ਦੀ ਪੁਸ਼ਤਪਨਾਹੀ ਕਰਨ ਦੇ ਦੋਸ਼ ਲਾਏ ਹਨ। ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸੈਂਕੜੇ ਪਿੰਡਾਂ ਦੇ ਕਾਂਗਰਸੀ ਵਰਕਰਾਂ ਵੱਲੋਂ ਘਨੌਰ ਹਲਕੇ ਦੇ ਦਾਗੀ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਵਿਰੋਧ ਦੇ ਬਾਵਜੂਦ ਸਿੱਧੂ, ਜਲਾਲਪੁਰ ਲਈ ਪੂਰਨ ਹਮਾਇਤ ਦਾ ਐਲਾਨ ਕਰ ਕੇ ਰੇਤ ਤੇ ਸ਼ਰਾਬ ਮਾਫੀਆ ਦਾ ਬਚਾਅ ਕਰਨ ਵਿਚ ਸਭ ਤੋਂ ਮੋਹਰੀ ਹੋ ਗਏ ਹਨ। ਡਾ. ਚੀਮਾ ਨੇ ਕਿਹਾ ਕਿ ਅਜਿਹਾ ਕਰ ਕੇ ਨਵਜੋਤ ਸਿੱਧੂ ਨੇ ਆਪਣਾ ਅਸਲ ਕਿਰਦਾਰ ਦਿਖਾ ਦਿੱਤਾ ਹੈ।

## ਨਵਜੋਤ ਸਿੱਧੂ ਦੋਆਬੇ ਦੇ ਦੋ ਡੇਰਿਆਂ 'ਤੇ ਨਤਮਸਤਕ

**ਜਲੰਧਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੋਆਬੇ 'ਚ ਦਲਿਤ ਭਾਈਚਾਰੇ ਦੇ ਦੋ ਵੱਡੇ ਧਾਰਮਿਕ ਡੇਰਿਆਂ 'ਤੇ ਨਤਮਸਤਕ ਹੋਏ। ਉਹ ਪਹਿਲਾਂ ਡੇਰਾ ਸੱਚਖੰਡ ਬੱਲਾਂ ਅਤੇ ਫਿਰ ਡੇਰਾ ਬਾਬਾ ਜੌੜੇ ਪਹੁੰਚੇ।

ਡੇਰਾ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਤੋਂ ਆਸ਼ੀਰਵਾਦ ਲੈਂਦਿਆਂ ਸ੍ਰੀ ਸਿੱਧੂ ਨੇ ਕਿਹਾ ਕਿ ਉਹ ਸੰਤਾਂ ਤੋਂ ਸੇਧ ਲੈ ਕੇ ਕਤਾਰ ਵਿਚ ਖੜ੍ਹੇ ਆਖਰੀ ਦਲਿਤ ਦਾ ਭਲਾ ਕਰਨਾ ਚਾਹੁੰਦੇ ਹਨ। ਉਹ ਇਥੇ ਰਾਜਨੀਤੀ ਕਰਨ ਲਈ ਨਹੀਂ ਆਏ ਸਗੋਂ ਵੱਡੇ ਵਡੇਰਿਆਂ ਦਾ ਆਸ਼ੀਰਵਾਦ ਲੈਣ ਆਏ ਹਨ। ਉਨ੍ਹਾਂ ਸੰਤ ਨਿਰੰਜਣ ਦਾਸ ਦੀ ਪ੍ਰਸੰਸਾ ਕੀਤੀ ਅਤੇ ਕਿਹਾ ਕਿ ਉਹ ਦਲਿਤ ਸਮਾਜ ਦੀ ਮਹਾਨ ਸੇਵਾ ਕਰ ਰਹੇ ਹਨ।


ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ

ਸੇਂਟ ਪੌਲ, ਮਿਨੀਸੋਟਾ ਵਿਚ ਭਾਰਤੀ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਵੇਟਰ ਤੇ ਕਿਚਨ ਹੈਲਪਰ ਦੀ ਲੋੜ ਹੈ।



ਚੰਗੀ ਤਨਖਾਹ, ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ:

ਫੋਨ: 651-353-9584

33-36

ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ; ਖਾਣਾ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961

31-34

# ਮੋਦੀ ਸਰਕਾਰ ਵੱਲੋਂ ਕਿਸਾਨਾਂ ਦੀ ਚੁਫੇਰਿਉਂ ਘੇਰੇਬੰਦੀ ਦੀ ਰਣਨੀਤੀ

**ਚੰਡੀਗੜ੍ਹ:** ਕੌਮਾਂਤਰੀ ਪੱਧਰ ਦੀ ਮੰਡੀ ਦਾ ਮੁਕਾਬਲਾ ਕਰਨ ਦੇ ਨਾਂ ਹੇਠ ਕੇਂਦਰ ਸਰਕਾਰ ਨੇ ਹਾੜ੍ਹੀ ਅਤੇ ਸਾਉਣੀ ਸੀਜ਼ਨ ਦੀਆਂ ਫਸਲਾਂ ਦੀ ਗੁਣਵੱਤਾ 'ਚ ਸੁਧਾਰ ਲਿਆਉਣ ਦੇ ਨਾਂ ਹੇਠ 41 ਸਾਲਾਂ ਤੋਂ ਚੱਲਦੇ ਆ ਰਹੇ ਕਣਕ-ਝੋਨੇ ਅਤੇ ਚੌਲਾਂ ਦੇ ਖਰੀਦ ਮਾਪਦੰਡਾਂ 'ਚ ਤਬਦੀਲੀ ਲਿਆ ਕੇ ਸਖਤੀ ਕਰਨ ਦੀ ਠਾਣ ਲਈ ਹੈ, ਜਿਸ ਦੀ ਸਿਫਾਰਸ਼ ਕੇਂਦਰ ਸਰਕਾਰ ਦੇ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰਾਲੇ ਵੱਲੋਂ ਬਣਾਈ ਗਈ 8 ਮੈਂਬਰੀ ਦੇਸ਼ ਪੱਧਰੀ ਮਾਹਿਰਾਂ ਦੀ ਕਮੇਟੀ ਵੱਲੋਂ ਕੀਤੀ ਗਈ ਹੈ।

ਇਸ ਵਿਚ ਝੋਨੇ ਦੀ ਖਰੀਦ ਸਮੇਂ ਨਮੀ ਅਤੇ ਬਦਰੰਗ ਦਰ ਨੂੰ ਘਟਾਉਣ ਦੇ ਨਾਲ-ਨਾਲ ਸੈਲਰ ਉਦਯੋਗ ਕੋਲੋਂ ਐਫ.ਸੀ.ਆਈ ਵੱਲੋਂ ਚੌਲ ਪ੍ਰਾਪਤੀ ਸਮੇਂ ਨਿਰਧਾਰਿਤ ਤੈਅ ਸ਼ਰਤਾਂ ਵਾਲਾ ਟੋਟਾ, ਬਦਰੰਗ, ਡੈਮੇਜ ਦਰ ਵੀ ਘਟਾਏ ਜਾਣ ਸਬੰਧੀ ਕੇਂਦਰ ਵੱਲੋਂ ਅੰਦਰ ਖਾਤੇ ਲਏ ਫੈਸਲੇ ਨੂੰ ਥੋਪਣ ਦੀ ਪੂਰੀ ਤਿਆਰੀ ਕਰਨ ਦੀਆਂ ਕਨਸੋਆਂ ਹਨ, ਜਿਸ ਦੇ ਲਾਗੂ ਹੋਣ ਨਾਲ ਕਿਸਾਨਾਂ ਦੇ ਨਾਲ-ਨਾਲ ਸੈਲਰ ਉਦਯੋਗ ਨੂੰ ਵੀ ਆਰਥਿਕ ਤੌਰ ਉਤੇ ਵੱਡਾ ਸੇਕ ਲੱਗੇਗਾ। ਕਿਸਾਨ ਅਤੇ ਮਿੱਲਰ ਆਗੂ ਕੇਂਦਰ ਦੇ ਇਸ ਫੈਸਲੇ ਨੂੰ ਬਦਲਾ ਲਊ ਨਜ਼ਰੀਏ ਵਜੋਂ ਦੇਖ ਰਹੇ ਹਨ।

ਪ੍ਰਾਪਤ ਜਾਣਕਾਰੀ ਅਨੁਸਾਰ ਦੇਸ਼ ਅੰਦਰ 1978 ਤੋਂ ਚੱਲਦੇ ਆ ਰਹੇ ਫਸਲ ਖਰੀਦ ਮਾਪਦੰਡਾਂ 'ਚ ਬਦਲਾਅ ਲਿਆਉਣ ਵਾਲਾ ਪੈਂਤੜਾ ਕਣਕ ਝੋਨੇ ਦੀ ਖਰੀਦ ਤੋਂ ਸੌਖੇ ਹੱਥ ਪਿੱਛੇ ਖਿੱਚਣ ਦੀਆਂ ਤਿਆਰੀਆਂ ਕੇਂਦਰ ਸਰਕਾਰ ਵੱਲੋਂ ਚੱਲ ਰਹੀਆਂ ਹਨ, ਜਿਸ ਨੂੰ ਅਮਲੀ ਰੂਪ ਦੇਣ ਲਈ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰਾਲਾ ਭਾਰਤ ਸਰਕਾਰ ਵੱਲੋਂ ਇਕ 8 ਮੈਂਬਰੀ ਕਮੇਟੀ ਬਣਾਈ ਗਈ ਸੀ, ਜਿਸ ਵਿਚ ਭਾਰਤੀ ਖੇਤੀਬਾੜੀ ਖੋਜ ਇੰਸਟੀਚਿਊਟ ਨਵੀਂ ਦਿੱਲੀ, ਆਈ.ਸੀ.ਏ.ਆਰ ਕਰਨਾਲ, ਸੈਂਟਰਲ ਇੰਸਟੀਚਿਊਟ ਆਫ ਪੋਸਟ ਹਾਰਵੈਸਟ ਇੰਜੀ: ਐਂਡ ਤਕਨਾਲੋਜੀ ਲੁਧਿਆਣਾ, ਪਲਾਂਟ ਬਰੀਡਿੰਗ ਇੰਡੀਅਨ ਇੰਸਟੀਚਿਊਟ ਆਫ ਰਾਈਸ ਰਿਸਰਚ ਹੈਦਰਾਬਾਦ ਅਤੇ ਬਿਊਰੋ ਆਫ ਇੰਡੀਅਨ ਸਟੈਂਡਰਡਜ਼ ਆਦਿ ਸੰਸਥਾਵਾਂ ਦੇ ਨੁਮਾਇੰਦੇ ਸ਼ਾਮਲ ਕੀਤੇ ਗਏ ਸਨ, ਜਿਨ੍ਹਾਂ ਨੂੰ ਗੁਣਵੱਤਾ ਲਿਆਉਣ ਦੇ ਨਾਂ ਹੇਠ ਕਣਕ, ਝੋਨੇ ਦੀ ਖਰੀਦ ਅਤੇ ਚੌਲਾਂ ਦੇ ਸਰਕਾਰ ਨੂੰ ਭੁਗਤਾਨ ਵਾਲੇ ਪਿਛਲੇ 41 ਸਾਲਾਂ ਤੋਂ ਲਾਗੂ ਮਾਪਦੰਡਾਂ ਨੂੰ ਵਿਚਾਰਨ ਅਤੇ ਬਦਲਾਅ ਕਰਨ ਦੇ ਸੁਝਾਅ ਦੇਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ।

ਉਕਤ ਕਮੇਟੀ ਵੱਲੋਂ ਤਿਆਰ ਕੀਤੀ ਅੰਤਿਮ ਰਿਪੋਰਟ 16 ਅਪਰੈਲ, 2021 ਨੂੰ ਜੁਆਇੰਟ ਸੈਕਟਰੀ, ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰਾਲਾ ਭਾਰਤ ਸਰਕਾਰ ਨੂੰ ਸੌਂਪ ਦਿੱਤੀ ਗਈ ਸੀ, ਜਿਸ ਵਿਚ ਫਸਲ ਖਰੀਦ ਦੇ ਨਿਰਧਾਰਿਤ ਮਾਪਦੰਡਾਂ ਵਿਚ ਬਦਲਾਅ ਲਿਆਉਣ ਦੀਆਂ ਕੀਤੀਆਂ ਸਿਫਾਰਸ਼ਾਂ 'ਚ ਕਣਕ ਖਰੀਦ ਸਮੇਂ ਨਮੀ ਵਿਚ 2 ਫੀਸਦੀ ਦੀ ਕਮੀ ਕਰ ਕੇ 12 ਫੀਸਦੀ ਤੋਂ ਵੱਧ ਦੀ ਨਮੀ ਵਾਲੀ ਕਣਕ ਨਾ ਖਰੀਦਣ, ਝੋਨੇ ਦੀ ਖਰੀਦ ਜੋ ਪਹਿਲਾਂ 17 ਫੀਸਦੀ ਨਮੀ 'ਤੇ ਹੁੰਦੀ ਸੀ, ਨੂੰ ਘਟਾ ਕੇ ਹੁਣ 16 ਫੀਸਦੀ ਕਰਨ, ਬਦਰੰਗ ਝੋਨੇ ਦੀ ਮਿਕਦਾਰ 5 ਫੀਸਦੀ ਤੋਂ ਘਟਾ ਕੇ 3% ਕਰਨ, ਸੁੰਗੜਿਆ ਦਾਣੇ ਦੀ ਮਿਕਦਾਰ ਵੀ 1 ਫੀਸਦੀ ਘੱਟ ਕਰਨ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ।

ਇਥੇ ਹੀ ਬੱਸ ਨਹੀਂ, ਝੋਨੇ ਦੀ ਖਰੀਦ ਪ੍ਰਭਾਵਿਤ ਕਰਨ ਲਈ ਕੇਂਦਰ ਦੀਆਂ ਪਿਛਲੇ ਸਾਲ ਤੋਂ ਚੱਲ ਰਹੀਆਂ ਸੈਲਰ ਮਾਰੂ ਨੀਤੀਆਂ ਕਾਰਨ ਆਖਰੀ ਸਾਹਾਂ ਉਤੇ ਚੱਲ ਰਹੇ ਸੈਲਰ ਉਦਯੋਗ ਦਾ ਵੀ ਸ਼ਿਕੰਜਾ ਕੱਸਣ ਦੀ ਧਾਰ ਚੌਲ ਦੇ ਮਾਪਦੰਡ ਬਦਲਣ ਦੀ ਵੀ ਸਲਾਹ ਦਿੱਤੀ ਗਈ ਹੈ, ਜਿਸ ਵਿਚ ਪੰਜਾਬ ਸਰਕਾਰ ਦੀਆਂ ਏਜੰਸੀਆਂ ਵੱਲੋਂ ਝੋਨਾ ਖਰੀਦ ਕੇ ਸੈਲਰਾਂ ਵਿਚ ਸਟੋਰ ਕਰਨ ਬਾਅਦ ਛੜਾਈ ਕਰ ਐਫ.ਸੀ.ਆਈ ਨੂੰ ਚੌਲ ਦੇਣ ਦੇ ਤੈਅ ਮਾਪਦੰਡਾਂ ਵਿਚ ਵੀ ਤਬਦੀਲੀ ਲਿਆਉਣ ਦੇ ਪ੍ਰਸਤਾਵ ਰੱਖੇ ਗਏ ਹਨ। ਚੌਲ ਵਿਚ ਹੁੰਦਾ ਟੋਟਾ 25 ਫੀਸਦੀ ਤੋਂ ਘਟਾ ਕੇ 20 ਫੀਸਦੀ ਕਰਨ, ਇਸੇ ਤਰ੍ਹਾਂ ਬਦਰੰਗ 3 ਫੀਸਦੀ ਅਤੇ ਡੈਮੇਜ 3 ਫੀਸਦੀ ਦੀ ਜਗ੍ਹਾ ਹੁਣ ਕੁਲ 4 ਫੀਸਦੀ ਵਾਲੇ ਚੌਲ ਹੀ ਲਏ ਜਾਣ, ਚੌਲ ਦੀ ਨਮੀ 14 ਫੀਸਦੀ ਤੋਂ ਘਟਾ ਕੇ 13 ਫੀਸਦੀ ਕਰਨ ਦੀਆਂ ਸਿਫਾਰਸ਼ਾਂ ਕੀਤੀਆਂ ਗਈਆਂ ਹਨ, ਜਿਸ ਨਾਲ ਮਿੱਲਰ ਨੂੰ ਪ੍ਰਤੀ ਕੁਇੰਟਲ ਝੋਨੇ ਦੇ ਹਿਸਾਬ ਨਾਲ 1 ਕਿੱਲੋ ਚੌਲ ਵੱਧ ਭੁਗਤਾਨ ਕਰਨਾ ਪਵੇਗਾ।

## ਕੇਂਦਰ ਨੇ ਪੰਜਾਬ ਦੇ ਹੱਕਾਂ 'ਤੇ ਦੋਹਰਾ ਡਾਕਾ ਮਾਰਿਆ: ਸਿੱਧੂ

**ਪਟਿਆਲਾ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਪੰਜਾਬ ਖੇਤ ਪ੍ਰਧਾਨ ਸੂਬਾ ਹੈ ਤੇ ਖੇਤੀ ਸਬੰਧੀ ਕਾਨੂੰਨ ਵੀ ਪੰਜਾਬ ਦੇ ਅਧਿਕਾਰ ਖੇਤਰ ਵਿਚ ਹੀ ਆਉਂਦੇ ਹਨ। ਇਸ ਲਈ ਕੇਂਦਰ ਸਰਕਾਰ ਦਾ ਇਸ ਵਿਚ ਦਖਲ ਦੇਣਾ ਨਹੀਂ ਬਣਦਾ। ਕੇਂਦਰ ਸਰਕਾਰ ਨੇ ਖੇਤੀ ਵਿਰੋਧੀ ਕਾਨੂੰਨ ਥੋਪ ਕੇ ਪੰਜਾਬ ਦੇ ਹੱਕਾਂ 'ਤੇ ਦੋਹਰਾ ਡਾਕਾ ਮਾਰਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਸਾਰੇ ਵਰਗਾਂ ਦੇ ਮਸਲੇ ਹੱਲ ਕਰਨ ਲਈ ਵਚਨਬੱਧ ਹੈ, ਪਰ ਕਿਸਾਨਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕੀਤੇ ਜਾਣਗੇ। ਇਸੇ ਤਰਕ ਦੇ ਹਵਾਲੇ ਨਾਲ ਪੰਜਾਬ ਸਰਕਾਰ ਨੂੰ ਸੰਬੋਧਤ ਹੁੰਦਿਆਂ ਉਨ੍ਹਾਂ ਜੋਰ ਦੇ ਕੇ ਕਿਹਾ ਕਿ ਇਨ੍ਹਾਂ ਕਾਨੂੰਨਾਂ ਨੂੰ ਮੁਕੰਮਲ ਰੂਪ ਵਿਚ ਰੱਦ ਕਰਨ ਲਈ ਪੰਜਾਬ ਸਰਕਾਰ ਨੂੰ ਐਸ.ਵਾਈ.ਐਲ. ਦੇ ਮਾਮਲੇ 'ਤੇ ਪਾਣੀਆਂ ਦੇ ਸਮਝੌਤੇ ਰੱਦ ਕਰਨ ਵਰਗੇ ਦਲੇਰਾਨਾ ਕਦਮ ਚੁੱਕਣੇ ਚਾਹੀਦੇ ਹਨ।

## ਪੰਜਾਬ ਸਰਕਾਰ ਵੀ ਕੇਂਦਰ ਵਾਲੇ ਰਾਹ ਤੁਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਫਸਲਾਂ ਦੀ ਖਰੀਦ ਲਈ ਅਪਣਾਈ ਜਾ ਰਹੀ ਨਵੀਂ ਨੀਤੀ ਦਾ ਮਾਮਲਾ ਭਖ ਗਿਆ ਹੈ। ਕਿਸਾਨ ਜਥੇਬੰਦੀਆਂ ਨੇ ਇਸ ਦਾ ਵਿਰੋਧ ਕਰਦਿਆਂ ਕੈਪਟਨ ਸਰਕਾਰ ਨੂੰ ਹੁਕਮ ਵਾਪਸ ਲੈਣ ਤੇ ਸੰਘਰਸ਼ ਦੀ ਚਿਤਾਵਨੀ ਦਿੱਤੀ ਹੈ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਆਉਂਦੇ ਸੀਜ਼ਨ 'ਚ ਝੋਨੇ ਦੀ ਖਰੀਦ ਲਈ ਫਸਲ ਅਧੀਨ ਰਕਬੇ ਦੀ ਫਰਦ ਮੰਡੀ ਬੋਰਡ ਦੇ ਪੋਰਟਲ 'ਤੇ ਅਪਲੋਡ ਕਰਨ ਦਾ ਨਾਦਰਸ਼ਾਹੀ ਫਰਮਾਨ ਜਾਰੀ ਕੀਤਾ ਹੈ। ਆਗੂਆਂ ਨੇ ਕੈਪਟਨ ਸਰਕਾਰ ਦੇ ਨਿਰਦੇਸ਼ਾਂ ਦੇ ਕਿਸਾਨੀ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਸਮੀਖਿਆ ਕੀਤੀ ਅਤੇ ਇਸ ਨੂੰ ਬੇਜ਼ਮੀਨੇ ਕਿਸਾਨਾਂ ਲਈ ਮਾਰੂ ਕਰਾਰ ਦਿੱਤਾ। ਬੁਲਾਰਿਆਂ ਨੇ ਕਿਹਾ ਕਿ ਇਹ ਫਰਮਾਨ ਅੱਗੇ ਚੱਲ ਕੇ ਸਰਕਾਰੀ ਖਰੀਦ ਬੰਦ ਕਰਨ ਦੀ ਸਾਜ਼ਿਸ਼ੀ ਕਵਾਇਦ ਦਾ ਹਿੱਸਾ ਹੈ।

# ਹੁਣ ਨਨਕਾਣਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਮੰਗ ਨੇ ਜ਼ੋਰ ਫੜਿਆ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦੇ ਨਾਲ ਹੀ ਗੁਰਦੁਆਰਾ ਨਨਕਾਣਾ ਸਾਹਿਬ ਦੇ ਖੁੱਲ੍ਹੇ ਦਰਸ਼ਨਾਂ ਲਈ ਪ੍ਰਬੰਧ ਕਰਨ ਦੀ ਅਪੀਲ ਕੀਤੀ ਹੈ। ਇਸ ਦੌਰਾਨ ਉਨ੍ਹਾਂ ਅਫ਼ਗਾਨਿਸਤਾਨ ਦੇ ਗੁਰਦੁਆਰੇ 'ਚੋਂ ਨਿਸ਼ਾਨ ਸਾਹਿਬ ਉਤਾਰਨ ਦੀ ਨਿਖੇਧੀ ਵੀ ਕੀਤੀ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਨੇ ਆਖਿਆ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਮੁੜ ਖੋਲ੍ਹਣ ਦੇ ਨਾਲ-ਨਾਲ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਦੇ ਖੁੱਲ੍ਹੇ ਦਰਸ਼ਨ-ਦੀਦਾਰ ਕਰਨ ਦੀ ਵੀ ਸੰਗਤ ਨੂੰ ਇਜਾਜ਼ਤ ਦੇਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹੁਣ ਕਰੋਨਾ ਦੀਆਂ ਪਾਬੰਦੀਆਂ ਲਗਭਗ ਖਤਮ ਹੋਣ ਵਾਲੀਆਂ ਹਨ। ਵਿੱਦਿਅਕ ਅਦਾਰੇ ਅਤੇ ਬਾਜ਼ਾਰ ਖੋਲ੍ਹਣ ਦੇ ਨਾਲ ਜਨਤਕ ਅਸਥਾਨਾਂ 'ਤੇ ਵੀ ਪਾਬੰਦੀਆਂ ਘਟਾਈਆਂ ਜਾ ਚੁੱਕੀਆਂ ਹਨ। ਇਸ ਲਈ ਹੁਣ ਕਰਤਾਰਪੁਰ ਲਾਂਘਾ ਵੀ ਖੁੱਲ੍ਹਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਰਤਾਰਪੁਰ ਸਾਹਿਬ ਦੀ ਤਰਜ਼ 'ਤੇ ਨਨਕਾਣਾ ਸਾਹਿਬ ਵਿਖੇ ਵੀ ਸਵੇਰੇ ਜਾ ਕੇ ਸ਼ਾਮ ਨੂੰ ਪਰਤਿਆ ਜਾ ਸਕਦਾ ਹੈ।

ਭਾਵੇਂ ਸਰਕਾਰਾਂ ਨੇ ਹਾਲਾਤ ਦੇ ਮੱਦੇਨਜ਼ਰ ਇਸ ਬਾਰੇ ਫੈਸਲਾ ਲੈਣਾ ਹੈ ਪਰ ਫਿਰ ਵੀ ਇਸ 'ਤੇ ਗੌਰ ਕੀਤਾ ਜਾਣਾ ਚਾਹੀਦਾ ਹੈ। ਇਸ ਦੌਰਾਨ ਉਨ੍ਹਾਂ ਅਫ਼ਗਾਨਿਸਤਾਨ ਵਿਚ ਤਾਲਿਬਾਨ ਵੱਲੋਂ ਇਕ ਗੁਰਦੁਆਰੇ 'ਚੋਂ ਨਿਸ਼ਾਨ ਸਾਹਿਬ ਉਤਾਰਨ ਦੀ ਨਿਖੇਧੀ ਕਰਦਿਆਂ ਭਾਰਤ ਸਰਕਾਰ ਨੂੰ ਅਫ਼ਗਾਨਿਸਤਾਨ ਵਿਚਲੇ ਗੁਰਦੁਆਰੇ ਅਤੇ ਉਥੇ ਵੱਸਦੇ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ। ਅਫ਼ਗਾਨਿਸਤਾਨ ਵਿਚ ਸਿੱਖਾਂ ਨੂੰ ਤੰਗ ਕਰਨਾ ਧੱਕਾ ਹੈ।

# ਕਿਸਾਨਾਂ ਨੂੰ ਸਿਆਸਤਦਾਨਾਂ ਤੋਂ ਸੁਚੇਤ ਰਹਿਣ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਸੰਘਰਸ਼ੀ ਅਖਾੜਿਆਂ ਤੋਂ ਕਿਸਾਨ ਬੁਲਾਰਿਆਂ ਨੇ ਚੋਣਾਂ ਨੇੜੇ ਆਉਣ 'ਤੇ ਗਿਰਗਟ ਵਾਂਗ ਰੰਗ ਬਦਲਣ ਵਾਲੇ ਸਿਆਸਤਦਾਨਾਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੱਤਾ ਹੈ। ਸੂਬੇ ਵਿਚ 32 ਕਿਸਾਨ ਜਥੇਬੰਦੀਆਂ ਵੱਲੋਂ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਨੇਤਾਵਾਂ, ਰੇਲਵੇ ਸਟੇਸ਼ਨਾਂ ਦੇ ਪਾਰਕਾਂ, ਟੌਲ ਪਲਾਜ਼ਿਆਂ, ਅੰਬਾਨੀ ਅਤੇ ਅਡਾਨੀ ਟਿਕਾਣਿਆਂ ਅਤੇ ਪੈਟਰੋਲ ਪੰਪਾਂ ਸਮੇਤ ਸਵਾ ਸੌ ਤੋਂ ਵੱਧ ਥਾਵਾਂ 'ਤੇ ਚੱਲ ਰਹੇ ਧਰਨਿਆਂ ਦੌਰਾਨ ਬੁਲਾਰਿਆਂ ਨੇ ਕਿਹਾ ਕਿ ਜਦੋਂ ਵੀ ਵਿਧਾਨ ਸਭਾ ਜਾਂ ਲੋਕ ਸਭਾ ਨੇੜੇ ਚੋਣਾਂ ਹੁੰਦੀਆਂ ਹਨ ਤਾਂ ਸਿਆਸੀ ਪਾਰਟੀਆਂ ਲੋਕਾਂ ਨੂੰ ਵਰਗਲਾਉਣ ਲਈ ਝੂਠ ਤੇ ਫਰੇਬ ਦਾ ਸਹਾਰਾ ਲੈਂਦੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਮੇਤ 5 ਸੂਬਿਆਂ ਦੀਆਂ ਚੋਣਾਂ ਸਿਰ 'ਤੇ ਹਨ, ਇਸ ਲਈ ਸਿਆਸੀ ਪਾਰਟੀਆਂ ਨੇ ਚੋਗਾ ਪਾਉਣਾ ਸ਼ੁਰੂ ਕਰ ਦਿੱਤਾ ਹੈ। ਸੰਘਰਸ਼ੀ ਅਖਾੜਿਆਂ 'ਚ ਬਿਜਲੀ ਸੋਧ ਬਿੱਲ ਬਾਰੇ ਗੱਲ ਕਰਦਿਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਇਸ ਬਿੱਲ ਨੂੰ ਕਾਨੂੰਨ ਦਾ ਰੂਪ ਦੇਣਾ ਚਾਹੁੰਦੀ ਹੈ, ਜਦੋਂਕਿ ਕਿਸਾਨਾਂ ਨਾਲ ਹੋਈ ਗੱਲਬਾਤ ਦੌਰਾਨ ਅਜਿਹਾ ਨਾ ਕਰਨ ਦਾ ਵਾਅਦਾ ਕਰ ਚੁੱਕੀ ਹੈ। ਆਗੂਆਂ ਨੇ ਕਿਹਾ ਕਿ ਕਿਸਾਨ ਇਸ ਬਿੱਲ ਨੂੰ ਕਦੇ ਵੀ ਲਾਗੂ ਨਹੀਂ ਹੋਣ ਦੇਣਗੇ।

# ਕਿਸਾਨ ਮੋਰਚੇ ਵੱਲੋਂ ਖੇਤੀ ਮੰਤਰੀ 'ਤੇ ਗੁੰਮਰਾਹ ਕਰਨ ਦੇ ਦੋਸ਼

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ ਵੱਲੋਂ ਖੇਤੀਬਾੜੀ ਮੰਤਰੀ ਨਰੇਂਦਰ ਸਿੰਘ ਤੋਮਰ ਵੱਲੋਂ ਦਿੱਤੇ ਜਾ ਰਹੇ ਬਿਆਨਾਂ ਦਾ ਨੋਟਿਸ ਲਿਆ ਗਿਆ ਹੈ। ਡਾ. ਦਰਸ਼ਨ ਪਾਲ ਨੇ ਦੁਹਰਾਇਆ ਹੈ ਕਿ ਮੋਰਚਾ ਸਰਕਾਰ ਨਾਲ ਗੱਲਬਾਤ ਕਰਨ ਲਈ ਹਮੇਸ਼ਾ ਤਿਆਰ ਹੈ। ਉਨ੍ਹਾਂ ਕਿਹਾ ਕਿ ਕਿਸਾਨ ਮੋਰਚਾ ਸਾਰੇ ਮੁੱਦਿਆਂ ਨੂੰ ਸੁਲਝਾਉਣ ਲਈ ਨਿਰੰਤਰ ਯਤਨਸ਼ੀਲ ਹੈ, ਸੰਵਾਦ ਤੇ ਸੰਵਿਧਾਨਕ ਪ੍ਰਕਿਰਿਆਵਾਂ ਵਿਚ ਪੱਕਾ ਵਿਸ਼ਵਾਸ ਰੱਖਦਾ ਹੈ ਪਰ ਬਦਕਿਸਮਤੀ ਇਹ ਹੈ ਕਿ ਸਰਕਾਰ ਅਗਾਊਂ ਸ਼ਰਤਾਂ ਲਾ ਕੇ ਘਮੰਡੀ ਵਿਹਾਰ ਕਰ ਰਹੀ ਹੈ। ਇਸ ਲਈ ਗੱਲਬਾਤ ਰੁਕੀ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਦੇ ਜਾਇਜ਼ ਸਰੋਕਾਰਾਂ ਨੂੰ ਸਮਝਣਾ ਚਾਹੀਦਾ ਹੈ ਤੇ ਵਾਰਤਾ ਦੇ ਅੱਗੇ ਨਾ ਚੱਲਣ ਦੇ ਅਸਲ ਕਾਰਨਾਂ ਬਾਰੇ ਦੇਸ਼ ਨੂੰ ਗੁੰਮਰਾਹ ਕਰਨ ਦੀ ਬਜਾਏ ਸਾਰੇ ਮੁੱਦਿਆਂ ਉਤੇ ਸੰਵਾਦ ਰਚਾਉਣ ਲਈ ਤਿਆਰ ਰਹਿਣਾ ਚਾਹੀਦਾ ਹੈ। ਬ

ਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਕੁਝ



ਜਥੇਬੰਦੀਆਂ ਜੋ ਕਿਸਾਨਾਂ ਤੇ ਉਨ੍ਹਾਂ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰ ਰਹੀਆਂ ਹਨ, ਕਿਸਾਨਾਂ ਦੀਆਂ ਮੰਗਾਂ ਬਾਰੇ ਵੱਖਰਾ ਬਿਰਤਾਂਤ ਪੇਸ਼ ਕਰ ਰਹੀਆਂ ਹਨ। ਉਨ੍ਹਾਂ ਦੋਸ਼ ਲਾਇਆ ਕਿ ਇਹ ਸੰਗਠਨ ਬਿੜਕੇ ਤੇ ਸਥਾਨਕ ਪੱਧਰ ਦੇ ਬਦਨਾਮ ਨੇਤਾਵਾਂ ਦੀਆਂ ਨਕਲੀ ਸੰਸਥਾਵਾਂ ਹਨ ਤੇ ਸਰਬ ਭਾਰਤੀ ਪੱਧਰ 'ਤੇ ਕਿਸਾਨਾਂ ਦੇ ਹਿੱਤਾਂ ਦੀ ਪ੍ਰਤੀਨਿਧਤਾ ਨਹੀਂ ਕਰਦੀਆਂ। ਰਾਜੇਵਾਲ ਨੇ ਕਿਹਾ ਕਿ ਮੋਰਚੇ ਨੇ ਸਰਕਾਰ ਦੇ ਨਾਲ-ਨਾਲ ਅਜਿਹੀਆਂ ਜਥੇਬੰਦੀਆਂ ਨੂੰ ਆਪਣੀਆਂ 'ਕਰਤੂਤਾਂ ਤੋਂ ਬਾਜ ਆਉਣ' ਦੀ ਚਿਤਾਵਨੀ ਦਿੱਤੀ ਹੈ।

ਜਗਮੋਹਣ ਸਿੰਘ ਪਟਿਆਲਾ ਨੇ ਕਿਹਾ ਕਿ ਸਰਕਾਰ ਵੱਲੋਂ ਝੂਠੀਆਂ ਅਫਵਾਹਾਂ ਫੈਲਾਈਆਂ ਜਾ ਰਹੀਆਂ ਹਨ ਕਿ 15 ਅਗਸਤ ਨੂੰ ਕਿਸਾਨਾਂ ਦੁਆਰਾ ਆਜ਼ਾਦੀ ਦਿਵਸ ਵਾਲੇ ਦਿਨ ਦਿੱਲੀ ਵਿਚ ਝੰਡਾ ਲਹਿਰਾਇਆ ਜਾਵੇਗਾ।

# ਸਰਕਾਰੀ ਜ਼ਮੀਨ ਦੇ ਕਾਸ਼ਤਕਾਰਾਂ ਨੂੰ ਮਿਲਿਆ ਮਾਲਕੀ ਦਾ ਅਧਿਕਾਰ

**ਚੰਡੀਗੜ੍ਹ:** ਵਧੀਕ ਮੁੱਖ ਸਕੱਤਰ ਮਾਲ, ਪੰਜਾਬ ਰਵਨੀਤ ਕੌਰ ਨੇ ਦੱਸਿਆ ਕਿ ਪਹਿਲੀ ਜਨਵਰੀ, 2020 ਤੱਕ 10 ਸਾਲ ਜਾਂ ਇਸ ਤੋਂ ਵੱਧ ਸਮੇਂ ਲਈ ਸਰਕਾਰੀ ਜ਼ਮੀਨ 'ਤੇ ਕਾਸ਼ਤ ਕਰਨ ਅਤੇ ਕਬਜ਼ਾ ਰੱਖਣ ਵਾਲੇ ਬੇਜ਼ਮੀਨੇ, ਸੀਮਾਂਤ ਜਾਂ ਛੋਟੇ ਕਿਸਾਨ ਸਰਕਾਰੀ ਜ਼ਮੀਨ ਦੀ ਅਲਾਟਮੈਂਟ ਲਈ ਯੋਗ ਹੋਣਗੇ। ਜ਼ਮੀਨ ਦੀ ਅਲਾਟਮੈਂਟ ਲਈ ਸਬੰਧਤ ਉਪ ਮੰਡਲ ਮੈਜਿਸਟਰੇਟ ਕੋਲ ਬਿਨੈ ਕਰਨਾ ਜ਼ਰੂਰੀ ਹੋਵੇਗਾ।

ਯੋਗ ਬਿਨੈਕਾਰ ਨੂੰ ਐਕਟ ਵਿਚ ਨਿਰਧਾਰਤ ਭੁਗਤਾਨ ਮਗਰੋਂ ਜ਼ਮੀਨ ਅਲਾਟ ਕਰ ਦਿੱਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਬੇਜ਼ਮੀਨੇ, ਦਰਮਿਆਨੇ ਅਤੇ ਛੋਟੇ ਕਿਸਾਨਾਂ ਦੀ ਭਲਾਈ ਲਈ 'ਦਿ ਪੰਜਾਬ ਅਲਾਟਮੈਂਟ ਆਫ ਸਟੇਟ ਗਵਰਨਮੈਂਟ ਲੈਂਡ ਐਕਟ, 2021' ਨੂੰ ਲਾਗੂ ਕੀਤਾ ਗਿਆ ਹੈ, ਜਿਸ ਅਨੁਸਾਰ ਅਜਿਹੇ ਕਿਸਾਨ ਜ਼ਮੀਨ ਦੀ ਅਲਾਟਮੈਂਟ ਲਈ ਅਰਜ਼ੀ ਦੇ ਸਕਦੇ ਹਨ। ਬਿਨੈ-ਪੱਤਰ ਨਾਲ ਕਬਜ਼ੇ ਅਤੇ ਜ਼ਮੀਨ ਦੀ ਕਾਸ਼ਤ ਸਬੰਧੀ ਕਬਜ਼ਾ ਦਰਸਾਉਂਦੀਆਂ ਮਾਲ ਰਿਕਾਰਡ ਦੀਆਂ ਕਾਪੀਆਂ ਸਮੇਤ 100 ਰੁਪਏ ਦੀ ਲੋੜੀਂਦੀ ਫੀਸ ਅਦਾ ਕਰ ਕੇ ਸਬੰਧਤ ਐਸ.ਡੀ.ਐਮ. ਨੂੰ ਜਮ੍ਹਾਂ ਕਰਵਾਈ ਜਾ ਸਕਦੀ ਹੈ।

# ਕਿਸਾਨ ਸੰਸਦ: ਵਿਰੋਧੀ ਧਿਰਾਂ ਵੱਲੋਂ ਕਿਸਾਨ ਜਥੇਬੰਦੀਆਂ ਨਾਲ ਇਕਜੁਟਤਾ

**ਨਵੀਂ ਦਿੱਲੀ:** ਭਾਰਤੀ ਸੰਸਦ ਦੇ ਬਰਾਬਰ ਇਥੇ ਜੰਤਰ-ਮੰਤਰ 'ਤੇ ਚੱਲ ਰਹੀ 'ਕਿਸਾਨ ਸੰਸਦ' ਨੇ ਮੋਦੀ ਸਰਕਾਰ ਨੂੰ ਤ੍ਰੇਲੀਆਂ ਲਿਆ ਦਿੱਤੀਆਂ ਹਨ। ਦੇਸ਼ ਦੀਆਂ 14 ਵਿਰੋਧੀ ਪਾਰਟੀਆਂ ਦੇ ਸੰਸਦ ਮੈਂਬਰ ਕਿਸਾਨਾਂ ਦੀਆਂ ਮੰਗਾਂ ਲਈ ਉਨ੍ਹਾਂ ਨੂੰ ਹਮਾਇਤ ਦੇਣ ਇਥੇ ਪਹੁੰਚ ਗਏ। ਇਨ੍ਹਾਂ ਨੂੰ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਮੁਤਾਬਕ ਮੰਚ 'ਤੇ ਨਾ ਤਾਂ ਬਿਠਾਇਆ ਗਿਆ ਅਤੇ ਨਾ ਹੀ ਉਨ੍ਹਾਂ ਨੂੰ ਬੋਲਣ ਦੀ ਇਜਾਜ਼ਤ ਦਿੱਤੀ ਗਈ। ਇਸ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਸਮੇਤ ਸਾਰੇ ਆਗੂ ਪਿੱਛੇ ਕੁਰਸੀਆਂ 'ਤੇ ਬੈਠੇ ਰਹੇ। ਇਹ ਸਾਰੇ ਆਗੂ ਸੰਸਦ ਭਵਨ ਤੋਂ ਇਕ ਬੱਸ ਵਿਚ ਬੈਠ ਕੇ ਜੰਤਰ-ਮੰਤਰ ਪੁੱਜੇ ਸਨ ਜਿਥੇ ਉਨ੍ਹਾਂ 'ਕਿਸਾਨ ਬਚਾਓ, ਭਾਰਤ ਬਚਾਓ' ਦੇ ਨਾਅਰੇ ਵੀ ਲਾਏ।

ਇਸ ਤੋਂ ਪਹਿਲਾਂ ਰਾਹੁਲ ਗਾਂਧੀ ਨੇ ਕਿਹਾ ਕਿ ਵਿਰੋਧੀ ਧਿਰ ਦੇ ਆਗੂ ਅੰਦੋਲਨਕਾਰੀ ਕਿਸਾਨਾਂ ਨੂੰ ਸਮਰਥਨ ਦੇਣ ਲਈ ਇਥੇ ਆਏ ਹਨ ਅਤੇ ਕਾਲੇ ਕਾਨੂੰਨ ਹਰ ਹਾਲਤ ਵਿਚ ਰੱਦ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਕਾਨੂੰਨਾਂ ਉਪਰ ਚਰਚਾ ਦੀ ਕੋਈ ਲੋੜ ਨਹੀਂ ਹੈ ਅਤੇ ਇਹ ਤੁਰਤ



ਵਾਪਸ ਹੋਣ। ਸ੍ਰੀ ਗਾਂਧੀ ਨੇ ਕਿਹਾ,''ਸਾਡੀ ਮਹਾਨ ਧਰਤ ਦੇ ਇਤਿਹਾਸ ਵਿਚ ਇਕ ਗੱਲ ਲਾਜ਼ਮੀ ਹੈ ਕਿ ਕਿਸਾਨਾਂ ਦੀ ਜ਼ੁਲਮ, ਵਿਤਕਰੇ ਅਤੇ ਜਬਰ 'ਤੇ ਜਿੱਤ ਹੁੰਦੀ ਆਈ ਹੈ ਅਤੇ ਇਸ ਵਾਰ ਵੀ ਇਤਿਹਾਸ ਦੁਹਰਾਇਆ ਜਾਵੇਗਾ।'' ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਨੂੰ ਸੰਸਦ ਵਿਚ ਕਿਸਾਨਾਂ ਦੀਆਂ ਮੁਸ਼ਕਲਾਂ ਸਮੇਤ ਹੋਰ ਮੁੱਦੇ ਉਠਾਉਣ ਨਹੀਂ ਦਿੱਤੇ ਜਾ ਰਹੇ ਹਨ। 'ਵਿਰੋਧੀ ਧਿਰ ਪੈਗਾਸਸ 'ਤੇ ਚਰਚਾ ਚਾਹੁੰਦੀ ਹੈ ਪਰ ਸਰਕਾਰ ਚਰਚਾ ਦੀ ਆਗਿਆ ਨਹੀਂ ਦੇ ਰਹੀ ਹੈ।'

ਉਨ੍ਹਾਂ ਦੋਸ਼ ਲਾਇਆ ਕਿ ਨਰਿੰਦਰ ਮੋਦੀ ਪੈਗਾਸਸ ਰਾਹੀਂ ਹਰ ਭਾਰਤੀ ਦੇ ਫੋਨ 'ਚ ਦਾਖਲ ਹੋ ਗਏ ਹਨ। ਇਸ ਮੌਕੇ ਸ਼ਿਵ ਸੈਨਾ ਦੇ ਸੀਨੀਅਰ ਆਗੂ ਸੰਜੇ ਰਾਊਤ, ਐਨ.ਸੀ. ਦੇ ਹਸਨੈਨ ਮਸੂਦੀ, ਸੀ.ਪੀ.ਐਮ. ਦੇ ਇਲਮਾਰਾਮ ਕਰੀਮ, ਸੀ.ਪੀ.ਆਈ. ਦੇ ਬਿਨੌਏ ਵਿਸ਼ਵਮ, ਆਰ.ਐਸ.ਪੀ. ਦੇ ਐਨ.ਕੇ ਪ੍ਰੇਮਚੰਦਰਨ, ਰਾਸ਼ਟਰੀ ਜਨਤਾ ਦਲ ਦੇ ਮਨੋਜ ਝਾਅ, ਡੀ.ਐਮ.ਕੇ. ਦੇ ਟੀ ਸ਼ਿਵਾ ਆਦਿ ਵੀ ਮੌਜੂਦ ਸਨ। ਪੰਜਾਬ ਤੋਂ ਕਾਂਗਰਸ ਦੇ ਸੰਸਦ ਮੈਂਬਰ ਅੰਬਿਕਾ ਸੋਨੀ, ਮਨੀਸ਼ ਤਿਵਾੜੀ, ਗੁਰਜੀਤ ਔਜਲਾ, ਅਮਰ ਸਿੰਘ, ਪ੍ਰਤਾਪ ਸਿੰਘ ਬਾਜਵਾ ਅਤੇ ਹਰਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਦੀਪੇਂਦਰ ਹੁੱਡਾ, ਮਲਿਕਾਰਜੁਨ ਖੜਗੇ, ਗੌਰਵ ਗੋਗੋਈ, ਸੀਨੀਅਰ ਤਰਜਮਾਨ ਰਣਦੀਪ ਸੁਰਜੇਵਾਲਾ ਅਤੇ ਏ.ਆਈ.ਸੀ.ਸੀ. ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਵੀ ਕਿਸਾਨਾਂ ਦਾ ਸਮਰਥਨ ਕਰਨ ਵਾਲਿਆਂ ਵਿਚ ਸ਼ਾਮਲ ਸਨ।

## ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਕਿਸਾਨ ਸੰਸਦ 'ਚ ਸ਼ਿਰਕਤ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਵੱਲੋਂ ਤਿੰਨ ਖੇਤੀ ਕਾਨੂੰਨਾਂ ਅਤੇ ਕਿਸਾਨਾਂ ਦੇ ਮਸਲਿਆਂ ਬਾਰੇ ਪਾਰਲੀਮੈਂਟ ਸੈਸ਼ਨ ਦੇ ਸਮਾਨਾਂਤਰ ਜੰਤਰ-ਮੰਤਰ ਨਵੀਂ ਦਿੱਲੀ ਵਿਖੇ 'ਕਿਸਾਨ ਸੰਸਦ' ਚਲਾਈ ਜਾ ਰਹੀ ਹੈ। ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਸਿਰਸਾ ਦੀ ਅਗਵਾਈ ਹੇਠ ਪੰਜਾਬੀ ਲੇਖਕਾਂ ਨੇ 'ਕਿਸਾਨ ਸੰਸਦ' ਵਿਚ ਭਾਗ ਲਿਆ। ਕੇਂਦਰੀ ਪੰਜਾਬੀ ਲੇਖਕ ਸਭਾ ਦੇ ਵਫਦ ਵਿਚ ਡਾ. ਜੋਗਾ ਸਿੰਘ, ਮੱਖਣ ਕੁਹਾੜ, ਜਸਪਾਲ ਮਾਨਖੇੜਾ, ਪ੍ਰੋ. ਸੁਰਜੀਤ ਜੱਜ, ਡਾ. ਅਰਵਿੰਦਰ ਕੌਰ ਕਾਕੜਾ ਅਤੇ ਸੁਲੱਖਣ ਸਰਹੱਦੀ ਸ਼ਾਮਲ ਸਨ। 'ਕਿਸਾਨ ਸੰਸਦ' ਵਿਚ ਵਿਚਾਰ-ਚਰਚਾ ਦਾ ਵਿਸ਼ਾ 'ਘੱਟੋ-ਘੱਟ ਸਮਰਥਨ ਮੁੱਲ' ਸੀ। ਦਰਸ਼ਨ ਬੁੱਟਰ ਨੇ ਕਿਹਾ ਕਿ ਕੇਂਦਰੀ ਸਭਾ ਕਿਸਾਨਾਂ ਦੀਆਂ ਸਾਰੀਆਂ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਖਰੀਦ ਦੀ ਮੰਗ ਦੀ ਹਮਾਇਤ ਕਰਦੀ ਹੈ।

# ਕਿਸਾਨ ਸੰਸਦ ਵਿਚ ਮੋਦੀ ਸਰਕਾਰ ਖਿਲਾਫ ਬੇਭਰੋਸਗੀ ਮਤਾ



**ਨਵੀਂ ਦਿੱਲੀ:** ਇਥੇ ਜੰਤਰ-ਮੰਤਰ 'ਤੇ ਕਿਸਾਨ ਸੰਸਦ ਵਿਚ ਮੋਦੀ ਸਰਕਾਰ ਖਿਲਾਫ ਬੇਭਰੋਸਗੀ ਮਤਾ ਪਾਸ ਕੀਤਾ ਗਿਆ। ਇਹ ਮਤਾ ਇਸ ਗੱਲ 'ਤੇ ਆਧਾਰਿਤ ਸੀ ਕਿ 8 ਮਹੀਨਿਆਂ ਤੋਂ ਵੱਧ ਸਮੇਂ ਤੋਂ ਦੇਸ਼ ਭਰ ਦੇ ਲੱਖਾਂ ਕਿਸਾਨਾਂ ਦੇ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ ਦੇ ਬਾਵਜੂਦ ਸਰਕਾਰ ਵੱਲੋਂ ਅਨੇਕਾਂ ਕਿਸਾਨ ਵਿਰੋਧੀ ਕਦਮ ਚੁੱਕਣ ਤੋਂ ਇਲਾਵਾ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ।

ਬੇਭਰੋਸਗੀ ਮਤੇ ਵਿਚ ਕਿਹਾ ਗਿਆ ਹੈ ਕਿ ਮੋਦੀ ਸਰਕਾਰ ਨੇ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਰੌਲਾ-ਰੱਪਾ ਪਾਇਆ ਸੀ ਪਰ ਇਸ ਦਿਸ਼ਾ ਵਿਚ ਕੋਈ ਵੀ ਠੋਸ ਕੰਮ ਨਹੀਂ ਕੀਤਾ ਹੈ। ਮਤੇ ਵਿਚ ਇਹ ਵੀ ਦੱਸਿਆ ਗਿਆ ਹੈ ਕਿ ਭਾਜਪਾ ਤੇ ਪ੍ਰਧਾਨ ਮੰਤਰੀ ਸੀ-2+50 ਫੀਸਦ ਐਮ.ਐਸ.ਪੀ. ਦੇਣ ਦੇ ਆਪਣੇ ਵਾਅਦਿਆਂ ਤੋਂ ਵਾਰ-ਵਾਰ ਭਗੌੜੇ ਸਾਬਤ ਹੋਏ ਹਨ। ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਵਿਚ ਵੀ ਕਿਸਾਨਾਂ ਨੂੰ ਧੋਖਾ ਦਿੱਤਾ ਗਿਆ ਹੈ ਜਿਥੇ ਸਰਕਾਰ ਦਾ ਖਰਚਾ ਵਧਿਆ, ਕਿਸਾਨਾਂ ਦੀ ਕਵਰੇਜ ਘਟੀ ਤੇ ਕਾਰਪੋਰੇਸ਼ਨਾਂ ਨੂੰ ਲਾਭ ਹੋਇਆ ਹੈ।

ਮਤੇ 'ਚ ਇਹ ਵੀ ਕਿਹਾ ਹੈ ਕਿ ਭਾਰਤ ਦੀ ਬਰਾਮਦ 'ਚ ਗਿਰਾਵਟ ਦਰਜ ਹੋਈ ਹੈ ਜਦਕਿ ਦਰਾਮਦ ਵਿਚ ਵਾਧਾ ਹੋਇਆ ਹੈ। ਇਸ ਨਾਲ ਦੋਵਾਂ ਵਿਚ ਹੀ ਪਾੜਾ ਵਧ ਰਿਹਾ ਹੈ। ਮਤੇ ਮੁਤਾਬਕ ਜਦੋਂ ਵੀ ਕੁਦਰਤੀ ਆਫਤਾਂ ਦੌਰਾਨ ਕਿਸਾਨਾਂ ਨੂੰ ਸਰਕਾਰੀ ਸਹਾਇਤਾ ਦੇਣ ਦੀ ਗੱਲ ਤੁਰਦੀ ਹੈ, ਤਾਂ ਇਹ ਇਕ ਵੱਡੀ ਅਸਫਲਤਾ ਸਾਬਤ ਹੁੰਦੀ ਹੈ। ਮੋਦੀ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਉਹ ਕਾਰਪੋਰੇਟ ਪੱਖੀ, ਕਿਸਾਨ ਵਿਰੋਧੀ ਕਾਨੂੰਨ ਨਾ ਲਿਆਵੇ ਅਤੇ ਕਿਸਾਨਾਂ ਦੀਆਂ ਮੰਗਾਂ ਮੰਨ ਕੇ ਸਾਰੇ ਕਿਸਾਨਾਂ ਨੂੰ ਸਾਰੀਆਂ ਜਿਣਸਾਂ ਦੇ ਲਾਭਕਾਰੀ ਐਮ.ਐਸ.ਪੀ. ਦੀ ਗਾਰੰਟੀ ਦੇਣ ਵਾਲਾ ਕਾਨੂੰਨ ਲਾਗੂ ਕਰੇ। ਬਹਿਸ 'ਚ ਹਿੱਸਾ ਲੈਂਦਿਆਂ ਕਿਸਾਨ ਮੈਂਬਰਾਂ ਨੇ ਰੋਜ਼ੀ-ਰੋਟੀ, ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਬੁਨਿਆਦੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਾਲ ਜੁੜੇ ਬਹੁਤ ਸਾਰੇ ਮੁੱਦੇ ਉਠਾਏ।

## ਕਿਸਾਨਾਂ ਨਾਲ ਵਾਰਤਾ ਲਈ ਸਰਕਾਰ ਹਮੇਸ਼ਾ ਤਿਆਰ: ਤੋਮਰ

**ਨਵੀਂ ਦਿੱਲੀ:** ਖੇਤੀ ਕਾਨੂੰਨਾਂ ਖਿਲਾਫ ਇਥੇ ਜੰਤਰ-ਮੰਤਰ 'ਤੇ ਜਾਰੀ 'ਕਿਸਾਨ ਸੰਸਦ' ਦੌਰਾਨ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਕਿਹਾ ਕਿ ਸਰਕਾਰ ਇਸ ਮਸਲੇ ਦੇ ਹੱਲ ਲਈ ਕਿਸਾਨਾਂ ਨਾਲ ਵਾਰਤਾ ਲਈ ਹਮੇਸ਼ਾ ਤਿਆਰ ਹੈ। ਰਾਜ ਸਭਾ 'ਚ ਇਕ ਸਵਾਲ ਦੇ ਲਿਖਤੀ ਜਵਾਬ 'ਚ ਸ੍ਰੀ ਤੋਮਰ ਨੇ ਦੱਸਿਆ ਕਿ ਕਿਸਾਨਾਂ ਦੇ ਪ੍ਰਦਰਸ਼ਨ ਨੂੰ ਖਤਮ ਕਰਨ ਲਈ ਸਰਕਾਰ ਨੇ ਸਰਗਰਮੀ ਨਾਲ ਅਤੇ ਲਗਾਤਾਰ ਕਿਸਾਨ ਯੂਨੀਅਨਾਂ ਨਾਲ ਕੰਮ ਕੀਤਾ ਹੈ ਅਤੇ ਮਸਲਿਆਂ ਦੇ ਹੱਲ ਲਈ ਉਨ੍ਹਾਂ ਨਾਲ 11 ਗੇੜ ਦੀ ਗੱਲਬਾਤ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਬਾਵਜੂਦ ਕਿਸਾਨ ਜਥੇਬੰਦੀਆਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਤੋਂ ਇਲਾਵਾ ਕਦੇ ਵੀ ਕਾਨੂੰਨਾਂ ਦੀਆਂ ਮੱਦਾਂ 'ਤੇ ਵਾਰਤਾ ਲਈ ਰਾਜ਼ੀ ਨਹੀਂ ਹੋਈਆਂ।

# ਬੁੱਧੀਜੀਵੀਆਂ ਨੇ ਖੇਤੀ ਕਾਨੂੰਨਾਂ ਖਿਲਾਫ ਚੁੱਕੀ ਆਵਾਜ਼

**ਅੰਮ੍ਰਿਤਸਰ:** ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ, ਹਿੰਦ-ਪਾਕਿ ਦੋਸਤੀ ਮੰਚ ਅਤੇ ਸਾਫਮਾ ਵੱਲੋਂ ਇਥੇ 26ਵੇਂ ਹਿੰਦ-ਪਾਕਿ ਦੋਸਤੀ ਮੇਲੇ ਮੌਕੇ ਕਰਵਾਏ ਗਏ ਸੈਮੀਨਾਰ ਵਿਚ ਪਾਸ ਕੀਤੇ ਗਏ ਮਤਿਆਂ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨ ਰੱਦ ਕੀਤੇ ਜਾਣ ਅਤੇ ਅੰਦੋਲਨ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਿਵਾਰਾਂ ਨੂੰ ਆਰਥਿਕ ਮਦਦ ਅਤੇ ਇਕ ਜੀਅ ਨੂੰ ਨੌਕਰੀ ਦਿੱਤੀ ਜਾਵੇ। ਇਹ ਵੀ ਮੰਗ ਕੀਤੀ ਗਈ ਕਿ ਭਾਰਤ ਪਾਕਿਸਤਾਨ ਦੀਆਂ ਸਰਕਾਰਾਂ ਦੁਵੱਲਾ ਵਪਾਰ ਖੋਲ੍ਹਣ ਅਤੇ ਸਿੱਖ ਸੰਗਤ ਦੀ ਮੰਗ ਦੇ ਮੱਦੇਨਜ਼ਰ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਜਾਵੇ।

ਇਸ ਤੋਂ ਇਲਾਵਾ ਕੇਂਦਰ ਸਰਕਾਰ ਪੈਗਾਸਿਸ ਸਪਾਈਵੇਅਰ ਦੀ ਨਿਰਪੱਖ ਜਾਂਚ ਕਰਵਾਏ। ਕਿਸਾਨ ਅੰਦੋਲਨ ਨੂੰ ਸਮਰਪਿਤ ਇਸ ਸੈਮੀਨਾਰ ਦੀ ਸ਼ੁਰੂਆਤ 'ਚ ਸ਼ਹੀਦ ਹੋਏ ਕਿਸਾਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਸਮਾਗਮ ਨੂੰ ਸੰਬੋਧਨ ਕਰਦਿਆਂ ਪੱਤਰਕਾਰ ਸਤਨਾਮ ਸਿੰਘ ਮਾਣਕ ਨੇ ਕਿਹਾ ਕਿ ਕੇਂਦਰ ਦੇ ਪੂੰਜੀਪਤੀਆਂ ਪੱਖੀ ਬਣਾਏ ਗਏ ਕਾਨੂੰਨ ਗਰੀਬਾਂ, ਕਿਸਾਨਾਂ ਤੇ ਕਾਰੋਬਾਰੀਆਂ ਨੂੰ ਬਰਬਾਦ ਕਰ ਦੇਣਗੇ। ਉਨ੍ਹਾਂ ਲੋਕ ਪੱਖੀ ਜਥੇਬੰਦੀਆਂ ਨੂੰ ਦੇਸ਼ ਬਚਾਉਣ ਲਈ ਸੰਘਰਸ਼ਸ਼ੀਲ ਹੋਣ ਦਾ ਸੱਦਾ ਦਿੱਤਾ। ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਪ੍ਰੋ. ਬਾਵਾ ਸਿੰਘ ਨੇ ਕਿਹਾ ਕਿਸਾਨੀ ਅੰਦੋਲਨ ਨੇ ਕੇਂਦਰ ਤੇ ਪੂੰਜੀਪਤੀ ਅਦਾਰਿਆਂ ਨੂੰ ਵੱਡੀ ਚੁਣੌਤੀ ਦਿੱਤੀ ਹੈ ਤੇ ਅੰਦੋਲਨ ਨੇ ਦੇਸ਼ ਅੰਦਰ ਰਾਜਸੀ ਚੇਤਨਾ ਵੀ ਲਿਆਂਦੀ ਹੈ।

# ਕੌਮਾਂਤਰੀ ਉਡਾਣਾਂ 'ਚ ਇਕਾਨਮੀ ਕਲਾਸ ਦੀ ਟਿਕਟ ਹੋਈ ਮਹਿੰਗੀ

**ਨਵੀਂ ਦਿੱਲੀ:** ਈਜ਼ ਮਾਈ ਟ੍ਰਿਪ ਡਾਟ ਕੌਮ ਤੋਂ ਪ੍ਰਾਪਤ ਹੋਏ ਅੰਕੜਿਆਂ ਅਨੁਸਾਰ ਭਾਰਤ ਤੋਂ ਹੋ ਕੇ ਜਾਣ ਵਾਲੀਆਂ ਕੌਮਾਂਤਰੀ ਉਡਾਣਾਂ 'ਚ ਇਕਾਨਮੀ ਕਲਾਸ ਦੇ ਮੁੱਲ ਵਿਚ ਪਿਛਲੇ ਇਕ ਮਹੀਨੇ ਦੌਰਾਨ ਵੱਡੇ ਪੱਧਰ 'ਤੇ ਵਾਧਾ ਦਰਜ ਕੀਤਾ ਗਿਆ ਹੈ। ਯਾਤਰਾ ਨਾਲ ਸਬੰਧਤ ਇਸ ਵੈੱਬਸਾਈਟ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਦਿੱਲੀ ਤੋਂ ਨਿਊ ਯਾਰਕ ਜਾਣ ਵਾਲੀਆਂ ਕੌਮਾਂਤਰੀ ਉਡਾਣਾਂ ਵਿਚ ਇਕਾਨਮੀ ਕਲਾਸ ਦੀ ਟਿਕਟ ਦਾ ਮੁੱਲ ਜੁਲਾਈ ਮਹੀਨੇ ਵਿਚ 69,034 ਸੀ, ਜੋ ਅਗਸਤ ਮਹੀਨੇ ਵਿਚ ਵਧ ਕੇ 87,384 ਰੁਪਏ ਹੋ ਗਿਆ ਹੈ। ਇਸੇ ਤਰ੍ਹਾਂ ਮੁੰਬਈ ਤੋਂ ਮਾਸਕੋ ਜਾਂ ਮੁੰਬਈ ਤੋਂ ਦੋਹਾ ਜਾਣ ਵਾਲੀਆਂ ਉਡਾਣਾਂ 'ਚ ਇਕਾਨਮੀ ਕਲਾਸ ਦੀਆਂ ਟਿਕਟਾਂ ਦੀ ਕੀਮਤ ਜੁਲਾਈ ਵਿਚ ਕ੍ਰਮਵਾਰ 43,132 ਅਤੇ 11,719 ਰੁਪਏ ਸੀ। ਜੋ ਤਾਜ਼ਾ ਜਾਰੀ ਹੋਏ ਅੰਕੜਿਆਂ ਅਨੁਸਾਰ ਅਗਸਤ ਮਹੀਨੇ 'ਚ ਵਧ ਕੇ 85,024 ਅਤੇ 18,384 ਹੋ ਗਿਆ ਹੈ। ਵੈੱਬਸਾਈਟ ਦੇ ਸੀ.ਈ.ਓ. ਨਿਸ਼ਾਂਤ ਪਿੱਟੀ ਨੇ ਕਿਹਾ ਕਿ ਕੌਮਾਂਤਰੀ ਉਡਾਣਾਂ ਵਿਚ ਜੁਲਾਈ ਮਹੀਨੇ ਨਾਲੋਂ ਅਗਸਤ ਮਹੀਨੇ ਵਿਚ ਇਕਾਨਮੀ ਕਲਾਸ ਦੀਆਂ ਟਿਕਟਾਂ ਦੇ ਮੁੱਲ ਵਿਚ ਕਾਫੀ ਵਾਧਾ ਦਰਜ ਕੀਤਾ ਗਿਆ ਹੈ।

# ਬੇਬੇ ਮਾਨ ਕੌਰ ਦੇ ਸ਼ਰਧਾਂਜਲੀ ਸਮਾਗਮ 'ਚ ਨਾ ਪੁੱਜਿਆ ਕੋਈ ਸਰਕਾਰੀ ਅਫਸਰ

**ਚੰਡੀਗੜ੍ਹ:** ਸੈਕਟਰ-40 ਸਥਿਤ ਗੁਰਦੁਆਰਾ ਸਾਹਿਬ ਵਿਖੇ ਮਰਹੂਮ ਅਥਲੀਟ ਬੇਬੇ ਮਾਨ ਕੌਰ ਨਮਿਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਭਾਰਤ ਦਾ ਨਾਮ ਦੁਨੀਆਂ ਭਰ ਵਿਚ ਚਮਕਾਉਣ ਵਾਲੀ ਅਤੇ ਰਾਸ਼ਟਰਪਤੀ ਵੱਲੋਂ ਨਾਰੀ ਸ਼ਕਤੀ ਐਵਾਰਡ ਨਾਲ ਸਨਮਾਨਿਤ 105 ਸਾਲਾ ਮਾਤਾ ਦੀ ਅੰਤਿਮ ਅਰਦਾਸ ਮੌਕੇ ਕੇਂਦਰ ਤੇ ਪੰਜਾਬ ਸਰਕਾਰ ਸ਼ਰਧਾਂਜਲੀ ਦੇਣਾ ਭੁੱਲ ਗਈ। ਸਰਕਾਰ ਦਾ ਨਾ ਤਾਂ ਕੋਈ ਮੰਤਰੀ ਅਤੇ ਨਾ ਹੀ ਸਥਾਨਕ ਅਧਿਕਾਰੀ ਸ਼ਰਧਾਂਜਲੀ ਦੇਣ ਪੁੱਜਿਆ, ਜਿਸ ਕਾਰਨ ਖੇਡ ਪ੍ਰੇਮੀਆਂ ਵਿਚ ਭਾਰੀ ਰੋਸ ਹੈ। ਬੇਬੇ ਮਾਨ ਕੌਰ ਦੇ ਪੁੱਤਰ ਗੁਰਦੇਵ ਸਿੰਘ, ਮਨਜੀਤ ਸਿੰਘ, ਧੀ ਅੰਮ੍ਰਿਤ ਕੌਰ ਅਤੇ ਹੋਰ ਪਰਿਵਾਰਕ ਮੈਂਬਰਾਂ ਸਣੇ ਖੇਡ ਜਗਤ ਨਾਲ ਜੁੜੀਆਂ ਸ਼ਖ਼ਸੀਅਤਾਂ ਅਤੇ ਸਮਾਜ ਸੇਵੀਆਂ ਨੇ ਬੇਬੇ ਮਾਨ ਕੌਰ ਨੂੰ ਸ਼ਰਧਾਂਜਲੀ ਦਿੱਤੀ। ਕੌਮਾਂਤਰੀ ਖੇਡ ਪ੍ਰਮੋਟਰ ਨਰਿੰਦਰ ਸਿੰਘ ਕੰਗ ਨੇ ਬੇਬੇ ਮਾਨ ਕੌਰ ਦੇ ਅੰਤਿਮ ਅਰਦਾਸ ਮੌਕੇ ਕਿਸੇ ਸਰਕਾਰੀ ਅਧਿਕਾਰੀ ਦੇ ਨਾ ਪੁੱਜਣ ਦੀ ਨਿਖੇਧੀ ਕੀਤੀ।




ਬਿਰਧ ਅਥਲੀਟ ਬੇਬੇ ਮਾਨ ਕੌਰ ਦੀ ਅੰਤਿਮ ਅਰਦਾਸ ਮੌਕੇ ਪਹੁੰਚੇ ਹਰਤੇਗਬੀਰ ਸਿੰਘ ਤੇਗੀ ਨੇ ਦੱਸਿਆ ਕਿ ਸਾਲ 2018 ਵਿਚ ਬੇਬੇ ਮਾਨ ਕੌਰ ਨੂੰ ਕੈਨੇਡਾ ਨੇ ਰਹਿਣ ਲਈ ਸਪਾਂਸਰਸ਼ਿਪ ਦਿੱਤੀ ਸੀ ਪਰ ਬੀਬੀ ਮਾਨ ਕੌਰ ਨੇ ਆਪਣੇ ਦੇਸ਼ ਲਈ ਕੈਨੇਡਾ ਦੀ ਸਪਾਂਸਰਸ਼ਿਪ ਨੂੰ ਲੱਤ ਮਾਰ ਦਿੱਤੀ ਸੀ।

# ਮਿਸ਼ਨ 2022: ਚੜੂਨੀ ਨੇ ਸਰਗਰਮੀਆਂ ਵਧਾਈਆਂ

**ਜਲੰਧਰ:** ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਕੌਮੀ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਨੇ ਦੋਆਬੇ ਵਿਚ ਪੰਜ ਮੀਟਿੰਗਾਂ ਕੀਤੀਆਂ, ਜਿਸ ਵਿਚ ਕਿਸਾਨ, ਮਜ਼ਦੂਰ ਤੇ ਬਹੁਜਨ ਸਮਾਜ ਦੇ ਲੋਕਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਗੁਰਨਾਮ ਸਿੰਘ ਚੜੂਨੀ ਨੇ ਇਥੇ ਡਾ. ਅੰਬੇਡਕਰ ਭਵਨ ਬੂਟਾ ਮੰਡੀ ਵਿਚ ਵੱਖ-ਵੱਖ ਦੇਸ਼ਾਂ ਤੋਂ ਆਏ ਪਰਵਾਸੀ ਪੰਜਾਬੀਆਂ ਨਾਲ ਚਾਰ ਘੰਟੇ ਤੱਕ ਗੱਲਬਾਤ ਕੀਤੀ।

ਇਨ੍ਹਾਂ ਮੀਟਿੰਗਾਂ ਵਿਚ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਸੂਬਾਈ ਪ੍ਰਧਾਨ ਰਸ਼ਪਾਲ ਸਿੰਘ ਰਾਜੂ ਤੇ ਪੱਛੜੀਆਂ ਸ਼੍ਰੇਣੀਆਂ ਦੇ ਆਗੂ ਸੁਖਬੀਰ ਸਿੰਘ ਸ਼ਾਲੀਮਾਰ ਉਚੇਚੇ ਤੌਰ 'ਤੇ ਸ਼ਾਮਲ ਹੋਏ। ਗੁਰਨਾਮ ਸਿੰਘ ਚੜੂਨੀ ਨੇ ਕਿਹਾ ਕਿ 'ਮਿਸ਼ਨ ਪੰਜਾਬ' ਦੀ ਰਸਮੀ ਸ਼ੁਰੂਆਤ ਦੋਆਬਾ ਖਿੱਤੇ 'ਚੋਂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਜੇਕਰ ਕਿਸਾਨ, ਮਜ਼ਦੂਰ ਤੇ ਬਹੁਜਨ ਸਮਾਜ ਇਕਜੁੱਟ ਹੋ ਜਾਵੇ ਤਾਂ ਉਨ੍ਹਾਂ ਦੀ ਆਪਣੀ ਸਰਕਾਰ ਬਣ ਸਕਦੀ ਹੈ ਤੇ ਮਸਲੇ ਹੱਲ ਹੋ ਸਕਦੇ ਹਨ। ਪੰਜਾਬ 'ਚ ਚੋਣਾਂ ਲੜਨ ਬਾਰੇ ਪੁੱਛੇ ਸੁਆਲ ਦੇ ਜੁਆਬ ਵਿਚ ਚੜੂਨੀ ਨੇ ਕਿਹਾ ਕਿ ਉਹ 'ਮਿਸ਼ਨ ਪੰਜਾਬ'



ਤਹਿਤ ਸਾਰੇ ਵਰਗਾਂ ਦੀ ਰਾਇ ਲੈ ਰਹੇ ਹਨ।

ਕਿਸਾਨਾਂ, ਮਜ਼ਦੂਰਾਂ, ਬਹੁਜਨ ਸਮਾਜ, ਸਾਬਕਾ ਫੌਜੀਆਂ, ਮੁਲਾਜ਼ਮਾਂ, ਵਪਾਰੀਆਂ ਅਤੇ ਨੌਜਵਾਨਾਂ ਦੇ ਇਕੱਠ ਕਰਕੇ ਉਨ੍ਹਾਂ ਦੀ ਸਲਾਹ ਲੈ ਰਹੇ ਹਨ ਤੇ ਜਿਹੜੀ ਵੀ ਰਾਏ ਬਣੇਗੀ, ਉਸ ਮੁਤਾਬਕ ਫੈਸਲਾ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਰਾਜਨੀਤੀ ਨੂੰ ਹੱਥ ਪਾਇਆ ਤਾਂ ਫਿਰ ਪੱਕੇ ਪੈਰੀਂ ਹੋ ਕੇ ਪਾਇਆ ਜਾਵੇਗਾ। ਗੁਰਨਾਮ ਸਿੰਘ ਚੜੂਨੀ ਨੇ ਦੋਆਬੇ 'ਚ ਦੋ ਦਿਨਾਂ ਦੇ ਦੌਰੇ ਦੌਰਾਨ ਗੜ੍ਹਸ਼ੰਕਰ, ਨਵਾਂਸ਼ਹਿਰ, ਖਟਕੜ ਕਲਾਂ, ਟਰੱਕ ਯੂਨੀਅਨ ਬੰਗਾ, ਉੜਾਪੜ ਤੇ ਜਲੰਧਰ ਵਿਚ ਮੀਟਿੰਗਾਂ ਕੀਤੀਆਂ।

## ਖਰੀਦ 'ਚ ਬੇਨੇਮੀਆਂ ਹੋਈਆਂ: ਟਿਕੈਤ

**ਗਾਜ਼ੀਆਬਾਦ:** ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਨੇ ਉਤਰ ਪ੍ਰਦੇਸ਼ ਵਿਚ ਫਸਲਾਂ ਦੀ ਖਰੀਦ ਵਿਚ ਵੱਡੇ ਪੱਧਰ 'ਤੇ ਬੇਨੇਮੀਆਂ ਹੋਣ ਦੇ ਦੋਸ਼ ਲਾਏ ਹਨ। ਉਨ੍ਹਾਂ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ ਵੀ ਬੇਨਿਯਮੀਆਂ ਹੋਣ ਦੇ ਦੋਸ਼ਾਂ ਤਹਿਤ ਸੀ.ਬੀ.ਆਈ. ਜਾਂਚ ਮੰਗੀ ਹੈ।

# ਪਾਵਰਕੌਮ 'ਤੇ ਭਾਰੂ ਪੈਣ ਲੱਗੇ ਪ੍ਰਾਈਵੇਟ ਥਰਮਲ

**ਚੰਡੀਗੜ੍ਹ:** ਬਿਜਲੀ ਕੇਂਦਰੀ ਅਪੀਲੀ ਟ੍ਰਿਬਿਊਨਲ ਨੇ ਵਿਦੇਸ਼ੀ ਕੋਲੇ ਦੇ ਮਾਮਲੇ 'ਚ ਪਾਵਰਕੌਮ ਨੂੰ ਝਟਕਾ ਦਿੰਦਿਆਂ ਪ੍ਰਾਈਵੇਟ ਥਰਮਲਾਂ ਨੂੰ 550 ਕਰੋੜ ਰੁਪਏ ਦੇਣ ਦੇ ਆਦੇਸ਼ ਦਿੱਤੇ ਹਨ। ਹਾਲਾਂਕਿ ਅਧਿਕਾਰੀ ਇਸ ਸਬੰਧੀ ਭਾਫ ਬਾਹਰ ਨਹੀਂ ਕੱਢ ਰਹੇ। ਥੋੜ੍ਹੇ ਅਰਸੇ ਦੌਰਾਨ ਪਾਵਰਕੌਮ ਨੂੰ ਇਹ ਦੂਜਾ ਵੱਡਾ ਹਲੂਣਾ ਹੈ।

ਪਹਿਲਾਂ ਸੁਪਰੀਮ ਕੋਰਟ ਨੇ ਪਾਵਰਕੌਮ ਨੂੰ ਕੋਲੇ ਦੀ ਧੁਲਾਈ ਅਤੇ ਗੁਣਵੱਤਾ ਨਾਲ ਜੁੜੇ ਮਾਮਲਿਆਂ 'ਤੇ 3400 ਕਰੋੜ ਪ੍ਰਾਈਵੇਟ ਥਰਮਲਾਂ ਨੂੰ ਦੇਣ ਦੀ ਹਦਾਇਤ ਕੀਤੀ ਸੀ। ਕੇਂਦਰੀ ਅਪੀਲੀ ਟ੍ਰਿਬਿਊਨਲ ਨੇ 19 ਜੁਲਾਈ ਦੇ ਫੈਸਲੇ ਅਨੁਸਾਰ ਪਾਵਰਕੌਮ ਨੂੰ ਹਦਾਇਤ ਕੀਤੀ ਹੈ ਕਿ ਤਲਵੰਡੀ ਸਾਬੋ ਥਰਮਲ ਪਲਾਂਟ ਨੂੰ ਵਿਦੇਸ਼ੀ ਕੋਲੇ ਦੇ ਭਾਅ ਦੇ ਹਿਸਾਬ ਨਾਲ ਕਰੀਬ 472 ਕਰੋੜ ਦਿੱਤੇ ਜਾਣ। ਟ੍ਰਿਬਿਊਨਲ ਨੇ 'ਲੇਟ ਪੇਮੈਂਟ ਸਰਚਾਰਜ' ਦੇਣ ਲਈ ਵੀ ਕਿਹਾ ਹੈ ਜੋ ਲਗਭਗ 80 ਕਰੋੜ ਰੁਪਏ ਬਣਦਾ ਹੈ। ਇਸ ਤਰ੍ਹਾਂ ਪਾਵਰਕੌਮ ਨੂੰ ਲਗਭਗ 550 ਕਰੋੜ ਰੁਪਏ ਦਾ ਬੋਝ ਫੌਰੀ ਚੁੱਕਣਾ ਪਵੇਗਾ। ਇਹ ਮਾਮਲਾ ਸਤੰਬਰ 2016 ਤੋਂ ਅਕਤੂਬਰ 2017 ਤੱਕ ਤਲਵੰਡੀ ਸਾਬੋ ਥਰਮਲ ਪਲਾਂਟ ਵੱਲੋਂ ਵਰਤੇ ਵਿਦੇਸ਼ੀ ਕੋਲੇ ਨਾਲ ਸਬੰਧਤ ਹੈ।

ਪਾਵਰਕੌਮ ਨੇ ਇਨ੍ਹਾਂ 13 ਮਹੀਨਿਆਂ ਦੌਰਾਨ ਵਰਤੇ ਕੋਲੇ ਦੀ ਅਦਾਇਗੀ ਸਥਾਨਕ ਕੋਲੇ ਦੀ ਕੀਮਤ ਦੇ ਹਿਸਾਬ ਨਾਲ ਕੀਤੀ ਸੀ, ਪਰ ਤਲਵੰਡੀ ਸਾਬੋ ਥਰਮਲ ਪਲਾਂਟ ਵਾਲੀ ਕੰਪਨੀ ਵੇਦਾਂਤਾ ਨੇ ਇਸ ਸਮੇਂ ਦੌਰਾਨ ਵਿਦੇਸ਼ੀ ਕੋਲਾ ਵਰਤੇ ਜਾਣ ਦੀ ਗੱਲ ਆਖ ਕੇ ਹੋਰ ਪੈਸੇ ਦੀ ਮੰਗ ਕੀਤੀ ਸੀ। ਪ੍ਰਾਈਵੇਟ ਕੰਪਨੀ ਨੇ ਇਸ ਸਬੰਧੀ ਪਹਿਲਾਂ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਕੋਲ ਪਟੀਸ਼ਨ ਪਾਈ ਸੀ। ਰੈਗੂਲੇਟਰੀ ਕਮਿਸ਼ਨ ਨੇ 11 ਅਪਰੈਲ 2019 ਅਤੇ 30 ਅਗਸਤ 2019 ਨੂੰ ਫੈਸਲੇ ਸੁਣਾ ਕੇ ਵੇਦਾਂਤਾ ਗਰੁੱਪ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਉਸ ਨੇ ਇਸ ਫੈਸਲੇ ਨੂੰ ਕੇਂਦਰੀ ਟ੍ਰਿਬਿਊਨਲ ਕੋਲ ਚੁਣੌਤੀ ਦਿੱਤੀ ਸੀ। ਜਾਣਕਾਰੀ ਮੁਤਾਬਕ, ਤਲਵੰਡੀ ਸਾਬੋ ਥਰਮਲ ਨੂੰ 'ਕੋਲ ਇੰਡੀਆ' ਕੰਪਨੀ ਕੋਲਾ ਸਪਲਾਈ ਕਰਦੀ ਹੈ। ਇਸ ਕੋਲੇ ਦੀ ਗੁਣਵੱਤਾ ਅਤੇ ਮਾਤਰਾ 'ਤੇ ਉਂਗਲ ਉਠਾਉਂਦਿਆਂ ਵੇਦਾਂਤਾ ਗਰੁੱਪ ਨੇ ਪੰਜਾਬ ਰਾਜ ਰੈਗੂਲੇਟਰੀ ਕਮਿਸ਼ਨ ਕੋਲ ਪਟੀਸ਼ਨ ਪਾਈ ਸੀ ਕਿ ਉਨ੍ਹਾਂ ਨੂੰ ਵਿਦੇਸ਼ੀ ਕੋਲਾ ਵਰਤਣ ਦੀ ਪ੍ਰਵਾਨਗੀ ਦਿੱਤੀ ਜਾਵੇ।

# ਕਿਸਾਨ ਮੋਰਚੇ ਦੇ ਅੰਦਰੂਨੀ ਮਾਮਲਿਆਂ ਲਈ ਕਮੇਟੀਆਂ ਕਾਇਮ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚੇ ਦਾ ਹਰਿਆਣਾ ਸੂਬੇ ਤੋਂ ਹਿੱਸਾ ਬਣੀ ਜਥੇਬੰਦੀ ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਵੱਲੋਂ ਪਿਛਲੇ ਕੁਝ ਦਿਨਾਂ ਤੋਂ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ 'ਤੇ ਲਾਏ ਦੋਸ਼ਾਂ, ਪੰਜਾਬ ਤੋਂ ਚਾਰ ਹੋਰ ਗੁੱਟਾਂ ਦੇ ਮੋਰਚੇ ਦੀ ਮੀਟਿੰਗ ਵਿਚ ਸ਼ਾਮਲ ਹੋਣ ਸਮੇਤ ਕਿਸਾਨ ਮੋਰਚੇ ਦੇ ਅੰਦਰੂਨੀ ਮਾਮਲਿਆਂ ਲਈ ਪੰਜ-ਪੰਜ ਮੈਂਬਰਾਂ ਦੀਆਂ ਦੋ ਕਮੇਟੀਆਂ ਬਣਾਈਆਂ ਗਈਆਂ ਹਨ।

ਇਨ੍ਹਾਂ ਕਮੇਟੀਆਂ ਵਿਚੋਂ ਇਕ ਕਮੇਟੀ ਹਰਿਆਣਾ ਦੀਆਂ ਹੋਰਨਾਂ ਯੂਨੀਅਨਾਂ/ਖਾਪਾਂ ਨਾਲ ਤਾਲਮੇਲ ਮਜ਼ਬੂਤ ਕਰੇਗੀ ਤੇ ਇਕ ਕਮੇਟੀ ਕੌਮੀ ਪੱਧਰ ਦੇ ਮਾਮਲੇ ਦੇਖੇਗੀ। ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਦੇ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਦੀ ਅਗਵਾਈ ਹੇਠ ਮੋਰਚੇ ਦੀ ਹੋਈ ਇਕ ਬੈਠਕ ਵਿਚ ਗੁਰਨਾਮ ਸਿੰਘ ਚੜੂਨੀ ਦਾ ਮਾਮਲਾ ਵਿਚਾਰਿਆ ਗਿਆ। ਬੂਟਾ ਸਿੰਘ ਨੇ ਦੱਸਿਆ ਕਿ ਹਰਿਆਣਾ ਦੇ ਮਾਮਲਿਆਂ ਦੀ ਕਮੇਟੀ ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਵਾਂਗ ਇਸ ਸੂਬੇ ਦੀਆਂ ਯੂਨੀਅਨਾਂ/ਖਾਪਾਂ ਵਿਚਾਲੇ ਤਾਲਮੇਲ ਬਿਠਾਉਣ ਦਾ ਕੰਮ ਕਰੇਗੀ। ਜ਼ਿਕਰਯੋਗ ਹੈ ਕਿ ਪੰਜਾਬ ਤੋਂ 'ਪਗੜੀ ਸੰਭਾਲ ਲਹਿਰ' ਦੇ ਸਤਨਾਮ ਸਿੰਘ, ਮਾਝਾ ਕਿਸਾਨ ਸੰਘਰਸ਼ ਕਮੇਟੀ ਦੇ ਗੁਰਪ੍ਰੀਤ ਸਿੰਘ, ਪੰਜਾਬ ਫੈਡਰੇਸ਼ਨ ਗੁਰਦਾਸਪੁਰ ਦੇ ਇੰਦਰਪਾਲ ਸਿੰਘ, ਕਿਸਾਨ ਯੂਨੀਅਨ ਮਾਝਾ ਦੇ ਗੁਰਮੁਖ ਸਿੰਘ ਅਤੇ ਸੁਖਜੀਤ ਸਿੰਘ ਆਦਿ ਮੋਰਚੇ ਦੀ ਬੈਠਕ ਵਿਚ ਜਾ ਬੈਠੇ ਸਨ। ਇਹ ਗੁੱਟ ਮੋਰਚੇ ਦਾ ਹਿੱਸਾ ਨਹੀਂ ਹਨ ਜਿਸ ਕਰਕੇ ਮੀਟਿੰਗ 'ਚੋਂ ਉਨ੍ਹਾਂ ਨੂੰ ਬਾਹਰ ਜਾਣ ਲਈ ਆਖ ਦਿੱਤਾ ਗਿਆ ਸੀ। ਇਸ ਤੋਂ ਬਾਅਦ ਚੜੂਨੀ ਨੇ ਪੰਜਾਬ ਦੀਆਂ 32 ਯੂਨੀਅਨਾਂ 'ਤੇ ਦੋਸ਼ ਲਾਏ ਸਨ। ਸੂਤਰਾਂ ਮੁਤਾਬਕ ਹਰਿਆਣਾ ਵਾਲੀ ਕਮੇਟੀ ਟਿਕਰੀ, ਸਿੰਘੂ ਮੋਰਚਿਆਂ 'ਤੇ ਬੈਠੀਆਂ ਖਾਪਾਂ ਤੇ ਯੂਨੀਅਨਾਂ, ਪੰਜਾਬ ਦੀਆਂ ਜਥੇਬੰਦੀਆਂ ਵੱਲੋਂ ਚੜੂਨੀ ਦੇ 'ਪੰਜਾਬ ਮਿਸ਼ਨ' ਬਾਰੇ ਕੀਤੇ ਸਖਤ ਇਤਰਾਜ਼ਾਂ, ਨਵੀਆਂ ਜਥੇਬੰਦੀਆਂ ਨੂੰ ਮੋਰਚੇ ਵਿਚ ਸ਼ਾਮਲ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਪਿਛੋਕੜ ਜਾਂ ਸਿਆਸੀ ਸਬੰਧਾਂ ਦੀ ਜਾਂਚ ਕਰਕੇ ਅੱਗੋਂ ਸ਼ਾਮਲ ਕਰਨ ਜਾਂ ਨਾ ਕਰਨ ਬਾਰੇ ਸੁਝਾਅ ਦੇਵੇਗੀ। ਇਸ ਕਮੇਟੀ 'ਚ ਅਭਿਮੰਨਿਊ, ਜਰਨੈਲ ਸਿੰਘ ਰਤੀਆ, ਜੋਗਿੰਦਰ ਨੈਨ, ਗੁਰਨਾਮ ਸਿੰਘ ਜੱਬਰ ਤੇ ਜਸਬੀਰ ਭੱਟੀ ਸ਼ਾਮਲ ਹਨ।

ਕੌਮੀ ਪੱਧਰ ਦੇ ਮਾਮਲੇ ਦੇਖਣ ਲਈ ਬਣਾਈ ਕਮੇਟੀ 'ਚ ਇੰਦਰਜੀਤ ਸਿੰਘ, ਦਿੱਲੀ ਤੋਂ ਵਰਿੰਦਰ ਸਿੰਘ, ਰਾਜੀਵ ਰਾਜੂ, ਆਤਮਜੀਤ ਤੇ ਬਲਬੀਰ ਸਿੰਘ ਰਾਜੇਵਾਲ ਸ਼ਾਮਲ ਹਨ। ਇਹ ਕਮੇਟੀ ਚੜੂਨੀ ਨਾਲ ਜੁੜੇ ਕੌਮੀ ਪੱਧਰ ਦੇ ਮਾਮਲੇ ਤੇ ਮੋਰਚੇ ਦੀ ਅਗਲੀ ਰਣਨੀਤੀ ਸਮੇਤ ਬਾਕੀ ਮਾਮਲੇ ਵਿਚਾਰੇਗੀ। ਸੂਤਰਾਂ ਮੁਤਾਬਕ ਮੋਰਚੇ ਦੀ ਕੋਸ਼ਿਸ਼ ਗੁਰਨਾਮ ਸਿੰਘ ਚੜੂਨੀ ਨਾਲ ਮੱਤਭੇਦ ਖਤਮ ਕਰਨ ਤੇ ਸ਼ਾਂਤਮਈ ਤਰੀਕੇ ਨਾਲ ਹੱਲ ਲੱਭਣ ਦੀ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਰਕਾਰ ਵੱਲੋਂ ਮੁਫਤ ਬਿਜਲੀ ਦੇ 137 ਕਰੋੜ ਦੇਣ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਦਲਿਤਾਂ ਦੇ ਬਿਜਲੀ ਮੁਆਫੀ ਵਾਲੇ 200 ਯੂਨਿਟਾਂ ਦੇ ਪੁਰਾਣੇ 137 ਕਰੋੜ ਰੁਪਏ ਤੋਂ ਵੱਧ ਦੇ ਬਕਾਏ ਦੇਣ ਤੋਂ ਅਸਮਰੱਥਾ ਪ੍ਰਗਟਾਈ ਹੈ ਜਿਸ ਨਾਲ ਕਰੀਬ 4.37 ਲੱਖ ਖਪਤਕਾਰ ਮੁੜ ਮੁਸ਼ਕਲ ਸਥਿਤੀ 'ਚ ਫਸ ਗਏ ਹਨ।

ਪ੍ਰਾਪਤ ਵੇਰਵਿਆਂ ਅਨੁਸਾਰ 31 ਮਾਰਚ 2016 ਤੱਕ ਦਾ ਇਨ੍ਹਾਂ ਗਰੀਬ ਪਰਿਵਾਰਾਂ ਵੱਲ ਮੁਫਤ ਬਿਜਲੀ ਯੂਨਿਟਾਂ ਦਾ ਕਰੀਬ 137.56 ਕਰੋੜ ਦਾ ਬਕਾਇਆ ਬਣ ਗਿਆ ਹੈ। ਪੰਜਾਬ ਸਰਕਾਰ ਨੇ ਪਾਵਰਕੌਮ ਨੂੰ ਲਿਖਿਆ ਹੈ ਕਿ ਪੁਰਾਣੇ ਬਕਾਇਆਂ ਦੀ ਵਸੂਲੀ ਕਿਸ਼ਤਾਂ ਵਿਚ ਖਪਤਕਾਰਾਂ ਤੋਂ ਕਰ ਲਈ ਜਾਵੇ ਜਾਂ ਫਿਰ ਪਾਵਰਕੌਮ ਆਪਣੇ 'ਬੋਰਡ ਆਫ ਡਾਇਰੈਕਟਰਜ਼' ਦੀ ਮੀਟਿੰਗ ਵਿਚ ਮਤਾ ਪਾਸ ਕਰਕੇ ਇਸ ਪੁਰਾਣੇ 137 ਕਰੋੜ ਦੇ ਬਕਾਏ ਨੂੰ ਵੱਟੇ ਖਾਤੇ ਪਾ ਦੇਵੇ। ਪਾਵਰਕੌਮ ਨੇ ਜਵਾਬ 'ਚ ਪੰਜਾਬ ਸਰਕਾਰ ਨੂੰ 8 ਜੁਲਾਈ ਨੂੰ ਪੱਤਰ ਲਿਖ ਕੇ ਇਸ ਤੋਂ ਅਸਮਰੱਥਾ ਜ਼ਾਹਿਰ ਕੀਤੀ ਹੈ ਅਤੇ ਨਾਲ ਹੀ ਤਜਵੀਜ਼ ਦਿੱਤੀ ਹੈ ਕਿ 137 ਕਰੋੜ ਦੇ ਬਕਾਏ 'ਚੋਂ ਪੰਜਾਹ ਫੀਸਦੀ ਬੋਝ ਪਾਵਰਕੌਮ ਚੁੱਕ ਲਵੇਗਾ ਅਤੇ 25 ਫੀਸਦੀ ਭਾਰ ਪੰਜਾਬ ਸਰਕਾਰ ਚੁੱਕ ਲਵੇ, ਬਾਕੀ 25 ਫੀਸਦੀ ਬਕਾਏ ਖਪਤਕਾਰਾਂ ਤੋਂ ਵਸੂਲ ਲਏ ਜਾਣਗੇ।

# ਮਿਸ਼ਨ 2022: ਸਨਅਤਕਾਰਾਂ ਨੇ ਬਣਾਈ ਪਾਰਟੀ, ਚੜੂਨੀ ਹੋਣਗੇ ਮੁੱਖ ਮੰਤਰੀ ਦਾ ਚਿਹਰਾ

**ਲੁਧਿਆਣਾ:** ਸਨਅਤੀ ਸ਼ਹਿਰ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਪੁੱਜੇ ਸਨਅਤਕਾਰਾਂ ਨੇ ਪੰਜਾਬ ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ 'ਭਾਰਤੀ ਆਰਥਿਕ ਪਾਰਟੀ' ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਦੀ ਅਗਵਾਈ ਵਿਚ ਪੰਜਾਬ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣਾਂ ਲੜਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਦਾ ਚਿਹਰਾ ਵੀ ਚੜੂਨੀ ਨੂੰ ਚੁਣਿਆ ਗਿਆ ਹੈ। ਸਨਅਤਕਾਰ ਤਰੁਣ ਜੈਨ ਬਾਵਾ ਨੂੰ ਕੌਮੀ ਪ੍ਰਧਾਨ ਬਣਾਇਆ ਗਿਆ ਹੈ।

ਪਾਰਟੀ ਬਣਦੇ ਸਾਰ ਹੀ ਕਈ ਸਨਅਤਕਾਰ ਸਮਰਥਕਾਂ ਨੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਰਤੀ ਆਰਥਿਕ ਪਾਰਟੀ ਵਿਚ ਆਉਣ ਦਾ ਐਲਾਨ ਕਰ ਦਿੱਤਾ ਹੈ। ਇਸ ਮੌਕੇ ਚੜੂਨੀ ਨੇ ਕਿਹਾ ਕਿ ਮਿਸ਼ਨ 2022 ਦਾ ਮਤਲਬ ਲੰਮੇ ਸਮੇਂ ਤੋਂ ਰਾਜ ਕਰ ਰਹੀਆਂ ਪਾਰਟੀਆਂ ਤੋਂ ਰਾਜ ਖੋਹਣਾ ਹੈ ਤਾਂ ਕਿ ਆਮ ਲੋਕ ਰਾਜਨੀਤੀ 'ਚ ਅੱਗੇ ਆ ਸਕਣ। ਆਜ਼ਾਦੀ ਤੋਂ ਪਹਿਲਾਂ ਅੰਗਰੇਜ਼ ਇਸ ਦੇਸ਼ ਦਾ ਕਾਨੂੰਨ ਬਣਾਉਂਦੇ ਸਨ, ਹੁਣ ਵੱਡੇ ਘਰਾਣਿਆਂ ਦੇ ਇਸ਼ਾਰੇ 'ਤੇ ਕਾਨੂੰਨ ਬਣਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਹਾਲੇ ਉਨ੍ਹਾਂ ਕੋਈ ਸਿਆਸੀ ਪਾਰਟੀ ਨਹੀਂ ਬਣਾਈ। ਉਹ ਆਉਣ ਵਾਲੇ ਦਿਨਾਂ ਵਿਚ ਇਸ ਬਾਰੇ ਸੋਚਣਗੇ। ਇਕ ਗੱਲ ਸਾਫ ਹੈ ਕਿ ਜੋ ਸਿਆਸੀ ਆਗੂਆਂ ਨੂੰ ਟੱਕਰ ਦੇਣੀ ਹੈ ਤਾਂ ਚੋਣਾਂ ਲੜਨੀਆਂ ਹੀ ਪੈਣਗੀਆਂ।

# ਵਿਗਿਆਨੀਆਂ ਨੇ ਆਲਮੀ ਤਪਸ਼ ਦੇ ਮਾਰੂ ਪ੍ਰਭਾਵਾਂ ਬਾਰੇ ਸੁਚੇਤ ਕੀਤਾ

**ਨਵੀਂ ਦਿੱਲੀ:** ਹਿੰਦ ਮਹਾਸਾਗਰ ਹੋਰ ਮਹਾਸਾਗਰਾਂ ਦੇ ਮੁਕਾਬਲੇ ਵੱਧ ਦਰ ਨਾਲ ਗਰਮ ਹੋ ਰਿਹਾ ਹੈ ਜਿਸ ਕਾਰਨ ਭਾਰਤ ਵਿਚ ਗਰਮ ਹਵਾਵਾਂ ਤੇ ਹੜ੍ਹ ਵਧਣ ਦਾ ਖਦਸ਼ਾ ਹੈ। ਵਿਗਿਆਨੀਆਂ ਨੇ ਆਲਮੀ ਤਪਸ਼ ਦੇ ਮਾਰੂ ਪ੍ਰਭਾਵਾਂ ਬਾਰੇ ਸੁਚੇਤ ਕੀਤਾ ਹੈ। ਇੰਟਰ ਗਵਰਨਮੈਂਟਲ ਪੈਨਲ ਆਨ ਕਲਾਈਮੇਟ ਚੇਂਜ ਦੀ ਛੇਵੀਂ ਮੁਲਾਂਕਣ ਰਿਪੋਰਟ ਵਿਚ ਕਿਹਾ ਗਿਆ ਹੈ ਤਪਸ਼ ਵਧਣ ਕਾਰਨ ਮਹਾਸਾਗਰ ਵਿਚ ਪਾਣੀ ਦਾ ਪੱਧਰ ਵਧੇਗਾ ਜਿਸ ਕਾਰਨ ਤੱਟੀ ਤੇ ਹੋਰ ਖੇਤਰਾਂ ਵਿਚ ਹੜ੍ਹ ਆਉਣਗੇ।

ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਮਨੁੱਖ ਵੱਲੋਂ ਕੁਦਰਤ ਨਾਲ ਛੇੜਛਾੜ ਕਾਰਨ ਸਾਲ 1970 ਤੋਂ ਆਲਮੀ ਤਪਸ਼ ਵਧ ਰਹੀ ਹੈ। ਜਲਵਾਯੂ ਤਬਦੀਲੀ ਬਾਰੇ ਸੰਯੁਕਤ ਰਾਸ਼ਟਰ ਦੀ ਇਕ ਕਮੇਟੀ ਨੇ ਗੰਭੀਰ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਸੰਸਾਰ ਬੇਕਾਬੂ ਤਪਸ਼ ਦੇ ਮੋੜ 'ਤੇ ਖੜ੍ਹਾ ਹੈ ਜਿਸ ਲਈ ਮਨੁੱਖ ਜਿੰਮੇਵਾਰ ਹਨ। ਗ੍ਰੀਨਹਾਊਸ ਗੈਸਾਂ ਦਾ ਪੱਧਰ ਵਾਤਾਵਰਨ ਵਿਚ ਇਸ ਪੱਧਰ ਤੱਕ ਵੱਧ ਚੁੱਕਾ ਹੈ ਕਿ ਇਹ ਦਹਾਕਿਆਂ ਤੱਕ ਜਲਵਾਯੂ ਵਿਚ ਤਬਦੀਲੀਆਂ ਲਿਆਉਣ ਲਈ ਕਾਫੀ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਐਂਟੋਨੀਓ ਗੁਟੇਰੇਜ਼ ਨੇ ਇਸ ਰਿਪੋਰਟ ਨੂੰ ਮਨੁੱਖਤਾ ਲਈ 'ਕੋਡ ਰੈੱਡ' ਕਰਾਰ ਦਿੱਤਾ ਹੈ।

# ਭਗਵੰਤ ਮਾਨ ਨੇ ਦਸਵੀਂ ਵਾਰ ਪੇਸ਼ ਕੀਤਾ ਕੰਮ ਰੋਕੂ ਮਤਾ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਖੇਤੀ ਕਾਨੂੰਨ ਰੱਦ ਕਰਵਾਉਣ ਲਈ ਸੰਸਦ ਵਿਚ ਦਸਵੀਂ ਵਾਰ 'ਕੰਮ ਰੋਕੂ' ਮਤਾ ਪੇਸ਼ ਕੀਤਾ। ਇਸ ਦੌਰਾਨ ਉਨ੍ਹਾਂ ਮੰਗ ਕੀਤੀ ਕਿ ਸੰਸਦ ਦੇ ਸੂਚੀਬੱਧ ਮੁੱਦਿਆਂ ਨੂੰ ਰੱਦ ਕੀਤਾ ਜਾਵੇ ਅਤੇ ਕਿਸਾਨਾਂ ਨਾਲ ਸਬੰਧਤ ਮੁੱਦੇ 'ਤੇ ਪਹਿਲ ਦੇ ਆਧਾਰ ਉਤੇ ਚਰਚਾ ਕੀਤੀ ਜਾਵੇ ਤਾਂ ਜੋ ਕਾਲੇ ਕਾਨੂੰਨ ਰੱਦ ਕੀਤੇ ਜਾ ਸਕਣ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨ ਬਾਰੇ ਕੇਂਦਰ ਸਰਕਾਰ ਨੂੰ ਆਪਣੀ ਜਿੱਦ ਛੱਡਣੀ ਚਾਹੀਦੀ ਹੈ।

ਸ੍ਰੀ ਮਾਨ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਨਰਿੰਦਰ ਮੋਦੀ ਕਿਸਾਨਾਂ ਨੂੰ ਜਿੰਨਾ ਨਜ਼ਰ-ਅੰਦਾਜ਼ ਕਰਨਗੇ, ਉਨਾ ਹੀ ਕਿਸਾਨ ਅੰਦੋਲਨ ਮਜ਼ਬੂਤ ਹੋਵੇਗਾ। ਉਨ੍ਹਾਂ ਕਿਹਾ ਕਿ ਕਿਸਾਨੀ ਘੋਲ ਦੌਰਾਨ ਸੈਂਕੜੇ ਕਿਸਾਨ ਸ਼ਹੀਦ ਹੋ ਚੁੱਕੇ ਹਨ, ਇਸੇ ਲਈ ਜ਼ਰੂਰੀ ਹੈ ਕਿ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸੰਸਦ ਵਿਚ ਚਰਚਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ 'ਆਪ' ਸ਼ੁਰੂ ਤੋਂ ਹੀ ਕਿਸਾਨਾਂ ਨਾਲ ਖੜ੍ਹੀ ਹੈ।

# ਗੈਂਗਸਟਰਾਂ ਦੀਆਂ ਸਰਗਰਮੀਆਂ ਨਾਲ ਸਿਆਸਤ ਡਾਵਾਂਡੋਲ

(ਸਫਾ ਇਕ ਦੀ ਬਾਕੀ)

ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਹਨ ਅਤੇ ਬਾਕੀ ਕੁਝ ਵਿਦੇਸ਼ਾਂ ਵਿਚ ਹਨ। ਪੁਲਿਸ ਭਾਵੇਂ ਪਿਛਲੇ ਲੰਮੇ ਸਮੇਂ ਤੋਂ ਸੂਬੇ ਵਿਚ ਗੈਂਗਸਟਰਾਂ ਦੇ ਸਫਾਏ ਬਾਰੇ ਫੜ੍ਹਾਂ ਮਾਰ ਰਹੀ ਹੈ ਪਰ ਤਾਜ਼ਾ ਵਾਰਦਾਤਾਂ ਕੁਝ ਹੋਰ ਹੀ ਇਸ਼ਾਰਾ ਕਰ ਰਹੀਆਂ ਹਨ। ਜ਼ਿਕਰਯੋਗ ਹੈ ਕਿ ਸਿਆਸੀ ਆਗੂਆਂ ਉਤੇ ਗੈਂਗਸਟਰਾਂ ਦੀ ਪੁਸ਼ਤਪਨਾਹੀ ਦੇ ਦੋਸ਼ ਅਕਸਰ ਲੱਗਦੇ ਰਹਿੰਦੇ ਹਨ। ਇਸ ਲਈ ਪੁਲਿਸ ਵਿਚ ਵੀ ਗੈਂਗਸਟਰਾਂ ਦੀ ਰਹਿੰਦੀ ਹੈ।

ਇੰਦਾਂ ਦੇ ਹਾਲਾਤ 'ਚ ਕਈ ਜੇਲ੍ਹ ਅਫਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਤੋਂ ਤੌਬਾ ਕਰ ਲਈ ਹੈ। ਲੰਘੇ ਦਸ ਵਰ੍ਹਿਆਂ ਦੌਰਾਨ ਕਰੀਬ ਸਵਾ ਸੌ ਜੇਲ੍ਹ ਅਫਸਰਾਂ ਤੇ ਮੁਲਾਜ਼ਮਾਂ ਨੇ ਨੌਕਰੀ ਛੱਡ ਦਿੱਤੀ ਹੈ। ਇਨ੍ਹਾਂ 'ਚੋਂ ਬਹੁਤੇ ਸਵੈ-ਇੱਛਾ ਨਾਲ ਸੇਵਾਮੁਕਤੀ ਲੈ ਗਏ ਅਤੇ ਕਈਆਂ ਨੇ ਅਸਤੀਫੇ ਦੇ ਦਿੱਤੇ ਹਨ। ਗੱਠਜੋੜ ਵਜ਼ਾਰਤ ਦੇ ਸਮੇਂ ਤੋਂ ਜੇਲ੍ਹਾਂ 'ਚ ਦਹਿਸ਼ਤ ਦੇ ਦੌਰ ਦਾ ਮੁੱਢ ਬੱਝਿਆ ਸੀ ਜਿਸ ਤੋਂ ਹਾਲੇ ਤੱਕ ਜੇਲ੍ਹਾਂ ਮੁਕਤ ਨਹੀਂ ਹੋਈਆਂ।

ਗੈਂਗਸਟਰ ਥੋੜ੍ਹੀ ਜਿਹੀ ਸਖਤੀ 'ਤੇ ਅੱਖਾਂ ਦਿਖਾਉਣ ਲੱਗੇ ਜਾਂਦੇ ਹਨ। ਜੇਲ੍ਹਾਂ 'ਚ ਲੜਾਈ ਝਗੜੇ ਵੀ ਪਹਿਲਾਂ ਨਾਲੋਂ ਵਧੇ ਹਨ। ਪੰਜਾਬ ਦੀਆਂ ਜੇਲ੍ਹਾਂ ਵਿਚ ਇਸ ਵੇਲੇ ਕਰੀਬ ਸਵਾ ਦੋ ਸੌ ਗੈਂਗਸਟਰ ਬੰਦ ਹਨ ਜਿਨ੍ਹਾਂ 'ਚੋਂ 35 ਖਤਰਨਾਕ ਗੈਂਗਸਟਰ ਹਨ। ਸਿਆਸੀ ਧਿਰਾਂ ਦੇ ਆਗੂ ਇਕ ਦੂਜੇ ਉਤੇ ਗੈਂਗਸਟਰਾਂ ਦੀ ਪੁਸ਼ਤਪਨਾਹੀ ਦੇ ਦੋਸ਼ ਲਾਉਂਦੇ ਰਹੇ ਹਨ।

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਤੇ ਮੌਜੂਦਾ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਕਈ ਵਾਰ ਨਾਮੀ ਗੈਂਗਸਟਰਾਂ ਨਾਲ ਇਕ-ਦੂਜੇ ਦੀਆਂ ਫੋਟੋਆਂ ਦਿਖਾ ਕੇ ਇਹੀ ਦਾਅਵੇ ਕਰਦੇ ਰਹੇ ਹਨ। ਹੁਣ ਚੋਣਾਂ ਤੋਂ 6-7 ਮਹੀਨੇ ਪਹਿਲਾਂ ਗੈਂਗਸਟਰਾਂ ਦੀਆਂ ਇਕਦਮ ਵਧੀਆਂ ਸਰਗਰਮੀਆਂ ਇਨ੍ਹਾਂ ਦਾਅਵਿਆਂ ਨੂੰ ਪੁਖਤਾ ਕਰ ਰਹੀਆਂ ਹਨ।

# ਟੋਕੀਓ ਓਲੰਪਿਕ: ਇਤਿਹਾਸ ਰਚ ਆਏ ਭਾਰਤੀ ਯੋਧੇ

(ਸਫਾ ਇਕ ਦੀ ਬਾਕੀ)

ਸੈਮੀਫਾਈਨਲ ਤੱਕ ਪਹੁੰਚ ਕੇ ਇਤਿਹਾਸ ਸਿਰਜ ਦਿੱਤਾ।

ਭਾਰਤ ਨੇ ਇਕ ਪਾਸੇ ਜਿਥੇ ਪੁਰਸ਼ ਹਾਕੀ 'ਚ ਕਾਂਸੀ ਦਾ ਤਗਮਾ ਜਿੱਤ ਕੇ 41 ਸਾਲ ਦੇ ਓਲੰਪਿਕ ਤਗਮੇ ਦੇ ਸੋਕੇ ਨੂੰ ਪੂਰਾ ਕੀਤਾ, ਉਥੇ ਨੀਰਜ ਚੋਪੜਾ ਅਥਲੈਟਿਕ (ਨੇਜ਼ਾਬਾਜ਼ੀ) 'ਚ ਸੋਨ ਤਗਮਾ ਜਿੱਤਣ ਵਾਲੇ ਪਹਿਲੇ ਭਾਰਤੀ ਬਣੇ। ਮੀਰਾਬਾਈ ਚਾਨੂ ਨੇ ਭਾਰ ਤੋਲਣ ਅਤੇ ਰਵੀ ਦਹੀਆ ਨੇ ਕੁਸ਼ਤੀ 'ਚ ਚਾਂਦੀ ਦਾ ਤਗਮਾ ਭਾਰਤ ਦੀ ਝੋਲੀ ਪਾਇਆ। ਪੀ.ਵੀ. ਸਿੰਧੂ ਵੱਲੋਂ ਬੈਡਮਿੰਟਨ, ਲਵਲੀਨਾ ਬੋਰਗੋਹੇਨ ਵੱਲੋਂ ਮੁੱਕੇਬਾਜ਼ੀ ਤੇ ਬਜਰੰਗ ਪੂਨੀਆ ਵੱਲੋਂ ਦੇਸ਼ ਲਈ ਕਾਂਸੀ ਦਾ ਤਗਮਾ ਪ੍ਰਾਪਤ ਕੀਤਾ ਗਿਆ।

ਜੈਵਲਿਨ ਥਰੋ ਵਿਚ ਸੋਨੇ ਦਾ ਤਗਮਾ ਜਿੱਤਣ ਵਾਲਾ ਨੀਰਜ ਚੋਪੜਾ ਅਥਲੈਟਿਕਸ ਵਿਚ ਸੋਨੇ ਦਾ ਤਗਮਾ ਜਿੱਤਣ ਵਾਲਾ ਪਹਿਲਾ ਭਾਰਤੀ ਖਿਡਾਰੀ ਹੈ। ਪੀਵੀ ਸਿੰਧੂ ਜਿਸ ਨੇ ਪਿਛਲੀਆਂ ਓਲੰਪਿਕ ਖੇਡਾਂ ਵਿਚ ਚਾਂਦੀ ਦਾ ਤਗਮਾ ਜਿੱਤਿਆ ਸੀ, ਇਸ ਵਾਰ ਕਾਂਸੀ ਦਾ ਤਗਮਾ ਜਿੱਤ ਕੇ ਦੋ ਓਲੰਪਿਕ ਖੇਡਾਂ ਵਿਚ ਲਗਾਤਾਰ ਮੈਡਲ ਜਿੱਤਣ ਵਾਲੀ ਪਹਿਲੀ ਮਹਿਲਾ ਖਿਡਾਰੀ ਬਣੀ ਹੈ। ਮੀਰਾਬਾਈ ਚਾਨੂ ਨੇ ਭਾਰ ਚੁੱਕਣ ਵਿਚ ਚਾਂਦੀ ਦਾ ਤਗਮਾ, ਲਵਲੀਨਾ ਬੋਰਗੋਹੇਨ ਨੇ ਬਾਕਸਿੰਗ ਵਿਚ ਕਾਂਸੀ ਦਾ ਅਤੇ ਘੋਲਾਂ ਵਿਚ ਰਵੀ ਕੁਮਾਰ ਦਹੀਆ ਨੇ ਚਾਂਦੀ ਦਾ ਅਤੇ ਬਜਰੰਗ ਪੂਨੀਆ ਨੇ ਕਾਂਸੀ ਦਾ ਤਗਮਾ ਜਿੱਤਿਆ ਹੈ।

ਤਗਮੇ ਜਿੱਤਣ ਵਾਲਿਆਂ ਦੇ ਨਾਲ ਨਾਲ ਜਿੱਤਣ ਤੋਂ ਖੁੰਝ ਗਏ ਖਿਡਾਰੀਆਂ ਦੀਆਂ ਪ੍ਰਾਪਤੀਆਂ ਵੀ ਕੁਝ ਘੱਟ ਨਹੀਂ; ਉਦਾਹਰਨ ਦੇ ਤੌਰ 'ਤੇ ਪੰਜਾਬ ਦੀ ਕਮਲਪ੍ਰੀਤ ਕੌਰ ਦਾ ਡਿਸਕਸ ਥਰੋ ਵਿਚ ਓਲੰਪਿਕ ਵਿਚ 6ਵੇਂ ਸਥਾਨ 'ਤੇ ਰਹਿਣਾ ਸਾਰੇ ਦੇਸ਼ ਵਾਸੀਆਂ ਅਤੇ ਪੰਜਾਬੀਆਂ ਲਈ ਬੜੀ ਮਾਣ ਵਾਲੀ ਗੱਲ ਹੈ। ਕੁੱਲ ਮਿਲਾ ਕੇ ਭਾਰਤੀ ਖਿਡਾਰੀਆਂ ਨੇ ਜਿਥੇ ਆਪਣੇ ਸੀਮਤ ਸਾਧਨਾਂ ਦੇ ਬਾਵਜੂਦ ਟੋਕੀਓ ਓਲੰਪਿਕ ਵਿਚ ਚੰਗਾ ਪ੍ਰਦਰਸ਼ਨ ਕਰਕੇ ਲੋਕਾਂ ਦੇ ਦਿਲ ਜਿੱਤ ਲਏ ਹਨ, ਉਥੇ ਸੁਨੇਹਾ ਵੀ ਲੈ ਕੇ ਆਏ ਹਨ ਕਿ ਜੇ ਸਰਕਾਰਾਂ ਉਨ੍ਹਾਂ ਦਾ ਸਾਥ ਦੇਣ ਤਾਂ ਉਹ ਕਿਸੇ ਤੋਂ ਘੱਟ ਨਹੀਂ।

# ਪੰਜਾਬ ਭਾਜਪਾ ਨੇ ਅਮਨਜੋਤ ਰਾਮੂਵਾਲੀਆ ਨੂੰ ਬਣਾਇਆ ਸੂਬਾ ਬੁਲਾਰਾ

**ਅੰਮ੍ਰਿਤਸਰ:** ਭਾਰਤੀ ਜਨਤਾ ਪਾਰਟੀ ਪੰਜਾਬ ਨੇ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਧਿਆਨ 'ਚ ਰੱਖਦੇ ਹੋਏ ਆਪਣੇ ਜਥੇਬੰਧਕ ਢਾਂਚੇ ਨੂੰ ਮਜ਼ਬੂਤੀ ਦੇਣ ਲਈ ਨਵੀਆਂ ਨਿਯੁਕਤੀਆਂ ਕੀਤੀਆਂ ਹਨ।

ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਸੂਬਾ ਬੁਲਾਰੇ ਤੋਂ ਇਲਾਵਾ ਟੀ.ਵੀ. ਬਹਿਸ ਲਈ ਪੈਨਲਿਸਟ, ਸੂਬਾ ਸਾਬਕਾ ਸਰਵਿਸਮੈਨ ਸੈਲ ਕਨਵੀਨਰ ਅਤੇ ਜ਼ਿਲ੍ਹਾ ਪ੍ਰਧਾਨਾਂ ਦੀ ਨਿਯੁਕਤੀ ਕੀਤੀ ਹੈ।

ਭਾਜਪਾ ਦੇ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਨੇ ਦੱਸਿਆ ਕਿ ਪੰਜਾਬ 'ਚ ਭਾਜਪਾ ਦੀ ਸਥਿਤੀ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਸ੍ਰੀਮਤੀ ਅਮਨਜੋਤ ਕੌਰ ਰਾਮੂਵਾਲੀਆ ਨੂੰ ਪੰਜਾਬ ਬੁਲਾਰਾ ਨਿਯੁਕਤ ਕੀਤਾ ਗਿਆ ਹੈ।

ਇਸ ਦੌਰਾਨ ਟੀ.ਵੀ. ਬਹਿਸ 'ਤੇ ਲਈ ਪੈਨਲਿਸਟ ਦੇ ਅਹੁਦੇ ਲਈ ਚੇਤਨ ਮੋਹਨ ਜੋਸ਼ੀ, ਸੂਬਾ ਸਾਬਕਾ ਸਰਵਿਸਮੈਨ ਸੈਲ ਦੇ ਕਨਵੀਨਰ ਵਜੋਂ ਸੁਭਾਸ਼ ਕੁਮਾਰ ਦਦੇਵਾਲ, ਮਜੀਠਾ ਦੇ ਜ਼ਿਲ੍ਹਾ ਪ੍ਰਧਾਨ ਵਜੋਂ ਸਤਿੰਦਰ ਸਿੰਘ ਮਕੋਵਾਲ, ਖੰਨਾ ਦੇ ਜ਼ਿਲ੍ਹਾ ਪ੍ਰਧਾਨ ਲਈ ਰਜਨੀਸ਼ ਬੇਦੀ ਅਤੇ ਪਟਿਆਲਾ ਦਿਹਾਤੀ ਦੱਖਣੀ ਦੇ ਕਾਰਜਕਾਰੀ ਜ਼ਿਲ੍ਹਾ ਪ੍ਰਧਾਨ ਦੇ ਰੂਪ 'ਚ ਪਵਿੰਦਰ ਸਿੰਘ ਨੂੰ ਨਿਯੁਕਤ ਕੀਤਾ ਗਿਆ ਹੈ।

**-ਨਸ਼ਾ ਤਸਕਰੀ-**

# ਸਿੱਧੂ ਵੱਲੋਂ ਆਪਣੀ ਸਰਕਾਰ ਨੂੰ ਚਿਤਾਵਨੀ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੇ ਨਸ਼ਾ ਤਸਕਰੀ ਮਾਮਲੇ 'ਤੇ ਆਪਣੀ ਹੀ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ। ਉਨ੍ਹਾਂ ਉਪਰੋਥਲੀ ਕਈ ਟਵੀਟ ਕਰ ਕੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਅਹਿਮ ਸਿਆਸੀ ਹਸਤੀ ਨਾਲ ਜੁੜੇ ਨਸ਼ਾ ਤਸਕਰੀ ਵਾਲੇ ਕੇਸ 'ਚ ਹੋਰ ਦੇਰੀ ਕੀਤੀ ਤਾਂ ਉਹ ਇਸ ਕੇਸ ਦੀਆਂ ਰਿਪੋਰਟਾਂ ਜਨਤਕ ਕਰਨ ਲਈ ਪੰਜਾਬ ਵਿਧਾਨ ਸਭਾ ਵਿਚ ਮਤੇ ਲੈ ਕੇ ਆਉਣਗੇ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਸਜ਼ਾ ਦਿਵਾਉਣਾ ਕਾਂਗਰਸ ਦੇ 18 ਨੁਕਾਤੀ ਏਜੰਡੇ ਦੀ ਮੁੱਖ ਪਹਿਲ ਹੈ।

ਸ੍ਰੀ ਸਿੱਧੂ ਨੇ ਕਿਹਾ ਕਿ ਏ.ਡੀ.ਜੀ.ਪੀ. ਹਰਪ੍ਰੀਤ ਸਿੱਧੂ ਦੀ ਅਗਵਾਈ ਵਾਲੀ ਸਪੈਸ਼ਲ ਟਾਸਕ ਫੋਰਸ ਵੱਲੋਂ ਫਰਵਰੀ, 2018 ਵਿਚ ਨਸ਼ਾ ਤਸਕਰੀ ਦੇ ਅਹਿਮ ਕੇਸ 'ਚ ਅਦਾਲਤ ਵਿਚ 'ਸਟੇਟਸ ਰਿਪੋਰਟ' ਜਮ੍ਹਾਂ ਕਰਵਾਈ ਸੀ ਅਤੇ ਅਦਾਲਤ ਨੇ ਇਸ ਰਿਪੋਰਟ 'ਤੇ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰਨ ਲਈ ਪੰਜਾਬ ਸਰਕਾਰ ਨੂੰ ਕਿਹਾ ਸੀ।

ਪੰਜਾਬ ਸਰਕਾਰ ਨੇ 2 ਮਈ, 2018 ਨੂੰ ਅਦਾਲਤ ਵਿਚ ਓਪੀਨੀਅਨ-ਕਮ-ਸਟੇਟਸ ਰਿਪੋਰਟ ਜਮ੍ਹਾਂ ਕਰਵਾਈ, ਜੋ ਅੱਜ ਸੀਲਬੰਦ ਲਿਫਾਫੇ ਵਿਚ ਪਈ ਹੈ। ਉਨ੍ਹਾਂ ਟਵੀਟ ਕਰ ਕੇ ਸੁਆਲ ਕੀਤੇ ਕਿ ਪੰਜਾਬ ਪੁਲਿਸ ਨੇ ਕਿਹੜੀ ਜਾਂਚ ਕੀਤੀ ਹੈ? ਪੰਜਾਬ ਸਰਕਾਰ ਨੇ ਕੀ ਕਦਮ ਚੁੱਕੇ ਹਨ? ਰਿਪੋਰਟਾਂ ਜਮ੍ਹਾਂ ਹੋਣ ਤੋਂ ਬਾਅਦ ਰਾਜ ਨੇ ਢਾਈ ਸਾਲਾਂ ਵਿਚ ਅੱਗੇ ਕੀ ਕਾਰਵਾਈ ਕੀਤੀ ਹੈ?

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਢਿੱਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸਿੱਖ ਰਿਲੀਜੀਅਸ ਸੁਸਾਇਟੀ ਨੇ 5 ਕਿਲੋਮੀਟਰ ਏਕਤਾ ਦੌੜ ਕਰਵਾਈ

**ਸ਼ਿਕਾਗੋ:** ਸਿੱਖ ਰਿਲੀਜੀਅਸ ਸੁਸਾਇਟੀ (ਐਸ. ਆਰ. ਐਸ.) ਨੇ ਇਥੇ ਡੀਅਰ ਗਰੋਵ ਈਸਟ ਫੌਰੈਸਟ ਪ੍ਰੀਜ਼ਰਵ ਵਿਖੇ 5 ਕਿਲੋਮੀਟਰ ਦੌੜ/ਫੇਰੀ ਕਰਵਾਈ, ਜਿਸ ਦਾ ਮੁੱਖ ਮਕਸਦ ਏਕਤਾ ਸੀ। ਇਸ ਦੌੜ ਲਈ 300 ਤੋਂ ਵੱਧ ਲੋਕਾਂ ਨੇ ਰਜਿਸਟਰੇਸ਼ਨ ਕਰਵਾਈ, ਜਿਸ ਵਿਚੋਂ ਵੱਖ-ਵੱਖ ਉਮਰ ਵਰਗ ਦੇ ਕਰੀਬ 200 ਮਰਦਾਂ-ਔਰਤਾਂ ਨੇ ਹਿੱਸਾ ਲਿਆ ਅਤੇ ਬਾਕੀ ਲੋਕਾਂ ਨੇ ਆਪੋ-ਆਪਣੇ ਨੇੜਲੇ ਪਾਰਕਾਂ ਤੋਂ ਵਰਚੂਅਲ ਢੰਗ ਨਾਲ ਇਸ ਵਿਚ ਸ਼ਿਰਕਤ ਕੀਤੀ।

ਇਸ ਏਕਤਾ ਦੌੜ ਦਾ ਮੰਤਵ ਹਰ ਇਕ ਨੂੰ ਇਕ-ਦੂਜੇ ਦੇ ਨੇੜੇ ਲਿਆਉਣਾ ਸੀ। ਵੱਖ-ਵੱਖ ਧਰਮਾਂ ਨਾਲ ਸਬੰਧਤ ਅਤੇ ਸਥਾਨਕ ਲੋਕਾਂ ਨੇ ਇਸ ਦੌੜ ਵਿਚ ਹਿੱਸਾ ਲਿਆ ਤੇ ਸਿੱਖ-ਅਮਰੀਕੀ ਭਾਈਚਾਰੇ ਨਾਲ ਇਕਮੁੱਠਤਾ ਦਿਖਾਈ। ਇਸ ਮੌਕੇ ਗੈਸਟ ਆਫ ਆਨਰ ਇਲੀਨਾਇ ਦੇ ਸਟੇਟ ਸੈਨੇਟਰ ਐਨ ਗਿਲੈਸਪੀ ਸਨ, ਜਿਨ੍ਹਾਂ ਨੇ ਇਸ ਦੌੜ ਵਿਚ ਹਿੱਸਾ ਲੈਣ ਵਾਲਿਆਂ ਨੂੰ ਸੰਬੋਧਨ ਕੀਤਾ ਅਤੇ ਦੌੜ ਦੀ ਸ਼ੁਰੂਆਤ ਕਰਵਾਈ। ਇਸ ਦੌੜ ਦੇ ਜੇਤੂਆਂ ਅਤੇ ਹਿੱਸਾ ਲੈਣ ਵਾਲਿਆਂ ਨੂੰ ਮੈਡਲ ਵੀ ਵੰਡੇ ਗਏ।

ਇਸ ਦੌੜ ਵਿਚ ਪਹਿਲੇ ਨੰਬਰ 'ਤੇ ਗੁਰਸ਼ਾਨ ਸਿੰਘ ਸੋਹੀ ਆਏ, ਜਿਨ੍ਹਾਂ ਨੇ ਇਹ ਦੌੜ 23.08 ਮਿੰਟਾਂ ਵਿਚ ਮੁਕੰਮਲ ਕੀਤੀ। 23.14 ਮਿੰਟ ਸਮੇਂ ਨਾਲ ਡਾ. ਸਤਪਾਲ ਸਿੰਘ ਦੂਜੇ ਅਤੇ 23.25 ਮਿੰਟ ਨਾਲ ਜੋਹਾਨ ਆਕਰੇ ਤੀਜੇ ਸਥਾਨ 'ਤੇ ਰਹੇ।

ਇਹ ਦੌੜ ਸਿਹਤਮੰਦ ਜੀਵਨ ਜਾਚ ਨੂੰ ਹੁਲਾਰਾ ਦੇਣ ਦੇ ਇਰਾਦੇ ਨਾਲ ਕਰਵਾਈ ਗਈ। ਇਸ ਦਾ ਮਕਸਦ ਗੁਆਂਢੀਆਂ ਅਤੇ ਹੋਰ ਧਰਮਾਂ ਨੂੰ ਮੰਨਣ ਵਾਲਿਆਂ ਨਾਲ ਇਕਜੁੱਟਤਾ ਕਾਇਮ ਕਰਨਾ ਅਤੇ ਸਾਂਝ ਵਧਾਉਣਾ ਵੀ ਸੀ। ਜੰਗਲ ਦੇ ਖੁੱਲ੍ਹੇ ਅਹਾਤੇ ਵਿਚ ਸਾਫ ਹਵਾ ਵਿਚ ਸਭ ਖੁਸ਼ੀ ਮਹਿਸੂਸ ਕਰ ਰਹੇ ਸਨ।

ਕੋਵਿਡ-19 ਨੂੰ ਧਿਆਨ ਵਿਚ ਰੱਖਦਿਆਂ ਇਸ ਦੌੜ ਲਈ ਉਨ੍ਹਾਂ ਨੂੰ ਹੀ ਸ਼ਾਮਿਲ ਕੀਤਾ ਗਿਆ, ਜਿਨ੍ਹਾਂ ਦੇ ਵੈਕਸੀਨ ਲੱਗ ਚੁਕੀ ਹੈ। ਆਪਸੀ ਦੂਰੀ (ਸੋਸ਼ਲ ਡਿਸਟੈਂਸਿੰਗ) ਅਤੇ ਮਾਸਕ ਵਗੈਰਾ ਦਾ ਵੀ ਧਿਆਨ ਰੱਖਿਆ ਗਿਆ। ਸ਼ੈਲਟਰਾਂ 'ਤੇ ਵਰਤਾਈਆਂ ਖਾਣ ਵਾਲੀਆਂ ਚੀਜ਼ਾਂ ਪੂਰੀ ਤਰ੍ਹਾਂ ਲਪੇਟੀਆਂ ਹੋਈਆਂ ਸਨ। ਸੈਨੇਟਾਈਜ਼ਰ ਅਤੇ ਮੈਡੀਕਲ ਸਹਾਇਤਾ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਸੀ।

ਇਸ ਸਮੁੱਚੇ ਪ੍ਰੋਗਰਾਮ ਦੀ ਅਗਵਾਈ ਸਿੱਖ ਰਿਲੀਜੀਅਸ ਸੁਸਾਇਟੀ ਬੋਰਡ ਦੇ ਮੈਂਬਰ ਪ੍ਰੇਮਪਾਲ ਸਿੰਘ ਨੇ ਕੀਤੀ। ਸੁਪਰੀਤਾ ਕਪੂਰ ਨੇ ਵੀ ਅਹਿਮ ਭੂਮਿਕਾ ਨਿਭਾਈ। ਦਰਜਨ ਤੋਂ ਵੀ ਵੱਧ ਨੌਜਵਾਨ ਵਾਲੰਟੀਅਰਾਂ ਨੇ ਪ੍ਰੋਗਰਾਮ ਨੂੰ ਸਿਰੇ ਚਾੜ੍ਹਨ ਲਈ ਯੋਗਦਾਨ ਪਾਇਆ। ਮਹੇਸ਼ਵਰ ਸਿੰਘ ਅਤੇ ਮਨੇਸ਼ਵਰ ਸਿੰਘ ਨੇ ਮਨੋਰੰਜਨ ਲਈ ਗੀਤ-ਸੰਗੀਤ ਦਾ ਪ੍ਰਬੰਧ ਕੀਤਾ। ਇਸ ਦੌੜ ਵਿਚ ਹਿੱਸਾ ਲੈਣ ਵਾਲਿਆਂ ਨੂੰ ਵਿਸ਼ੇਸ਼ ਟੀ-ਸ਼ਰਟਾਂ ਅਤੇ ਸਨੈਕ ਬੈਗ ਦਿੱਤੇ ਗਏ। ਦੌੜ ਵਾਲੇ ਰੂਟ 'ਤੇ ਪਾਣੀ ਦਾ ਬਾਕਾਇਦਾ ਪ੍ਰਬੰਧ ਕੀਤਾ ਗਿਆ। ਹਿੱਸਾ ਲੈਣ ਵਾਲਿਆਂ ਨੂੰ ਏਕਤਾ ਦੇ ਅਰਥਾਂ ਬਾਰੇ ਕੁਝ ਨਾ ਕੁਝ ਲਿਖਣ ਲਈ ਪ੍ਰੇਰਿਆ ਅਤੇ ਅਗਲੇ ਸਾਲ ਲਈ ਸੁਝਾਅ ਵੀ ਮੰਗੇ ਗਏ।







*(ਖੱਬਿਓਂ): ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਥਾਂ ਰਹੇ ਦੌੜਾਕ; (ਸੱਜੇ) ਦੌੜ ਵਿਚ ਸ਼ਾਮਲ ਲੋਕ ਅਤੇ (ਹੇਠਾਂ) ਪ੍ਰਬੰਧਕ ਤੇ ਹੋਰ ਸੱਜਣ*





# ਚਾਰ ਸਾਲਾਂ 'ਚ 91 ਹਜ਼ਾਰ ਕਰੋੜ ਨਿਵੇਸ਼ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ 'ਚ ਪਿਛਲੇ ਚਾਰ ਸਾਲਾਂ ਦੌਰਾਨ ਪ੍ਰਾਪਤ ਹੋਏ 2900 ਤੋਂ ਵੱਧ ਪ੍ਰੋਜੈਕਟਾਂ ਦੀਆਂ ਤਜਵੀਜ਼ਾਂ ਤੋਂ ਸੂਬੇ ਨੂੰ 91,000 ਕਰੋੜ ਰੁਪਏ ਦਾ ਵੱਡਾ ਨਿਵੇਸ਼ ਹਾਸਲ ਹੋਇਆ ਹੈ। ਇਨ੍ਹਾਂ 'ਚੋਂ ਕਰੀਬ 50% ਨੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚ ਪਹਿਲਾਂ ਹੀ ਵਪਾਰਕ ਉਤਪਾਦਨ ਸ਼ੁਰੂ ਕਰ ਦਿੱਤਾ ਹੈ। ਇਹ ਜਾਣਕਾਰੀ ਮੁੱਖ ਸਕੱਤਰ ਵਿਨੀ ਮਹਾਜਨ ਨੇ ਜੇ.ਕੇ. ਪੇਪਰ ਲਿਮਟਿਡ ਕੰਪਨੀ ਦੇ ਉਪ-ਚੇਅਰਮੈਨ ਅਤੇ ਪ੍ਰਬੰਧਕੀ ਨਿਰਦੇਸ਼ਕ ਹਰਸ਼ ਪਤੀ ਸਿੰਘਾਨੀਆ ਦੀ ਅਗਵਾਈ ਹੇਠ ਕੰਪਨੀ ਦੇ ਵਫਦ ਨਾਲ ਹੋਈ ਮੀਟਿੰਗ ਦੌਰਾਨ ਸਾਂਝੀ ਕੀਤੀ।

ਮੁੱਖ ਸਕੱਤਰ ਨੇ ਦੱਸਿਆ ਕਿ ਲੁਧਿਆਣਾ ਦੀ ਹਾਈ-ਟੈਕ ਵੈਲੀ ਨੇ ਹੀਰੋ ਸਾਈਕਲਜ, ਆਦਿੱਤਿਆ ਬਿਰਲਾ ਗਰੁੱਪ ਵਰਗੇ ਵੱਡੇ ਸਨਅਤੀ ਘਰਾਣਿਆਂ ਨੂੰ ਨਿਵੇਸ਼ ਲਈ ਆਕਰਸ਼ਿਤ ਕੀਤਾ ਹੈ ਤੇ ਹੁਣ ਜੇ.ਕੇ. ਪੇਪਰ ਲਿਮ. ਕੰਪਨੀ ਵੀ ਹਾਈ ਟੈਕ ਵੈਲੀ ਦੇ ਨਿਵੇਸ਼ਕਾਂ ਦੀ ਸੂਚੀ 'ਚ ਸ਼ਾਮਲ ਹੋ ਗਈ ਹੈ। ਹੀਰੋ ਸਾਈਕਲਜ ਲਿਮਟਿਡ ਪਹਿਲਾਂ ਹੀ ਇਥੇ ਆਪਣਾ ਵੱਡਾ ਯੂਨਿਟ ਸਥਾਪਤ ਕਰ ਚੁੱਕੀ ਹੈ। ਆਦਿੱਤਿਆ ਬਿਰਲਾ ਗਰੁੱਪ ਦਾ ਕਰੀਬ 1,000 ਕਰੋੜ ਰੁਪਏ ਦੇ ਨਿਵੇਸ਼ ਦਾ ਪ੍ਰਸਤਾਵ ਹੈ, ਜਿਥੇ ਇਸ ਗਰੁੱਪ ਨੇ 147 ਕਰੋੜ ਰੁਪਏ ਦੀ ਲਾਗਤ ਨਾਲ 61 ਏਕੜ ਜਮੀਨ ਖਰੀਦੀ ਹੈ।

ਉਨ੍ਹਾਂ ਉਮੀਦ ਜਤਾਈ ਕਿ ਜੇ.ਕੇ. ਪੇਪਰ ਲਿਮਟਿਡ ਬਿਨਾਂ ਕਿਸੇ ਦੇਰੀ ਦੇ ਆਪਣੇ ਪ੍ਰਸਤਾਵਿਤ ਪਲਾਂਟ ਦਾ ਨਿਰਮਾਣ ਸ਼ੁਰੂ ਕਰ ਦੇਵੇਗੀ ਤੇ 2022 ਦੇ ਅੰਤ ਤੱਕ ਵਪਾਰਕ ਉਤਪਾਦਨ ਸ਼ੁਰੂ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਨਿਵੇਸ਼ਕਾਂ ਨੂੰ ਉਸਾਰੂ ਬੁਨਿਆਦੀ ਢਾਂਚਾ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜੋ ਸੂਬੇ ਵਿਚ ਨਿਵੇਸ਼ ਨੂੰ ਆਕਰਸ਼ਿਤ ਕਰਨ ਵਿਚ ਅਹਿਮ ਭੂਮਿਕਾ ਨਿਭਾਅ ਰਹੀਆਂ ਹਨ।

## ਹੁਣ ਹਾਈਡਰੋਜਨ ਰੇਲਾਂ...

**ਨਵੀਂ ਦਿੱਲੀ:** ਭਾਰਤੀ ਰੇਲਵੇ ਨੇ ਵਾਤਾਵਰਣ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਦੇਸ਼ ਵਿਚ ਪਹਿਲੀ ਵਾਰ ਹਾਈਡਰੋਜਨ ਈਂਧਣ 'ਤੇ ਆਧਾਰਿਤ ਤਕਨੀਕ ਨਾਲ ਰੇਲ ਗੱਡੀਆਂ ਚਲਾਉਣ ਦਾ ਫੈਸਲਾ ਕੀਤਾ ਹੈ। ਇਸ ਮੁਹਿੰਮ ਦੇ ਸ਼ੁਰੂਆਤੀ ਦੌਰ ਵਿਚ ਸੋਨੀਪਤ-ਜੀਂਦ 89 ਕਿਲੋਮੀਟਰ ਲੰਬੇ ਰੇਲਵੇ ਰੂਟ 'ਤੇ ਰੇਲ ਗੱਡੀ ਚਲਾਈ ਜਾਵੇਗੀ। ਇਸੇ ਦੌਰਾਨ ਰੇਲਵੇ ਵਿਭਾਗ ਨੇ ਮੌਜੂਦਾ ਸੋਲਰ-ਡੀਜਲ ਇੰਜਨਾਂ ਨੂੰ ਹਾਈਡਰੋਜਨ ਈਂਧਣ ਨਾਲ ਚਲਾਉਣ ਲਈ ਇਨ੍ਹਾਂ ਇੰਜਨਾਂ ਵਿਚ ਲੋੜੀਂਦੀਆਂ ਤਬਦੀਲੀਆਂ ਕਰਨ ਲਈ ਟੈਂਡਰ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।


SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways




Etihad, Air India, KLM, Lufthansa, Delta, Qatar Airlines.
For Emergency Call anytime at
847-673-3825
EARLY BIRD SALE!!!!
Domestic fares available

KULJEET (KJ) SINGH
Managing Broker Realtor
GAYA Realty
Interested in:
■Buying ■Selling
■Investing ■Renting
Gas Stations, Motels & Shopping Malls
ਜਾਇਦਾਦ ਖਰੀਦਣੀ ਹੋਵੇ, ਵੇਚਣੀ ਜਾਂ ਕਿਰਾਏ 'ਤੇ ਦੇਣੀ, ਜਾਇਦਾਦ 'ਤੇ ਪੈਸਾ ਲਾਉਣਾ ਹੋਵੇ, ਯਾਦ ਰੱਖੋ



Kuljeet Singh
Over 20 Years of Experience
Contact Information:
Cell: 224-305-3250
Email: ksingh4622@gmail.com
MLS REALTOR
Serving All Chicagoland & Surrounding Suburbs
Looking for new agents.

Sistar Mortgage
Minimizing Cost, Maximizing Investment
www.SistarMortgage.com



Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਕਾਂਗਰਸੀ ਵਿਧਾਇਕ ਦਾ ਭਾਣਜਾ ਕਰੋੜਾਂ ਦੀ ਕਣਕ ਖੁਰਦ-ਬੁਰਦ ਕਰਕੇ 'ਗਾਇਬ'

**ਚੰਡੀਗੜ੍ਹ:** ਖੁਰਾਕ ਤੇ ਸਪਲਾਈ ਵਿਭਾਗ ਦੇ ਸਿਆਸੀ ਰਸੂਖ ਵਾਲੇ ਫੂਡ ਇੰਸਪੈਕਟਰ ਵੱਲੋਂ ਕਰੋੜਾਂ ਰੁਪਏ ਦਾ ਖੁਰਾਕ ਸਕੈਂਡਲ ਸਾਹਮਣੇ ਆਇਆ ਹੈ। ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਕੇਂਦਰ ਦੇ ਫੂਡ ਇੰਸਪੈਕਟਰ ਜਸਦੇਵ ਸਿੰਘ ਵੱਲੋਂ ਤਕਰੀਬਨ 16 ਕਰੋੜ ਦੀ ਕਣਕ ਖੁਰਦ ਬੁਰਦ ਕੀਤੀ ਗਈ ਹੈ, ਜਿਸ ਸਬੰਧੀ ਮਹਿਕਮੇ ਨੂੰ ਹੱਥਾਂ-ਪੈਰਾਂ ਦੀ ਪਈ ਹੈ। ਇਹ ਖੁਰਾਕ ਇੰਸਪੈਕਟਰ ਹਲਕਾ ਘਨੌਰ ਤੋਂ ਕਾਂਗਰਸੀ ਵਿਧਾਇਕ ਮਦਨ ਲਾਲ ਜਲਾਲਪੁਰ ਦਾ ਭਾਣਜਾ ਹੈ।

ਪੰਜਾਬ ਪੁਲਿਸ ਨੇ 'ਖੁਰਾਕ ਸਕੈਂਡਲ' ਦੇ ਸਬੰਧ 'ਚ ਸਿਆਸੀ ਰਸੂਖ ਵਾਲੇ ਫੂਡ ਇੰਸਪੈਕਟਰ ਜਸਦੇਵ ਸਿੰਘ ਖ਼ਿਲਾਫ਼ ਧੋਖਾਧੜੀ ਦਾ ਕੇਸ ਦਰਜ ਕਰ ਲਿਆ ਹੈ। ਜੰਡਿਆਲਾ ਪੁਲਿਸ ਨੇ ਫੂਡ ਇੰਸਪੈਕਟਰ ਖ਼ਿਲਾਫ਼ ਧਾਰਾ 409, 420, 120 ਤਹਿਤ ਐਫ.ਆਈ.ਆਰ. (ਨੰਬਰ 239) ਦਰਜ ਕਰ ਲਈ ਹੈ। ਵੇਰਵਿਆਂ ਅਨੁਸਾਰ ਜੰਡਿਆਲਾ ਗੁਰੂ ਕੇਂਦਰ ਵਿਚ ਕਰੀਬ ਅੱਠ ਗੁਦਾਮਾਂ ਦੇ ਭੰਡਾਰਨ ਦੀ ਦੇਖ-ਰੇਖ ਫੂਡ ਇੰਸਪੈਕਟਰ ਜਸਦੇਵ ਸਿੰਘ ਹਵਾਲੇ ਸੀ। ਕੁਝ ਦਿਨਾਂ ਤੋਂ ਇੰਸਪੈਕਟਰ ਜਸਦੇਵ ਡਿਊਟੀ ਤੋਂ ਗੈਰਹਾਜ਼ਰ ਚੱਲ ਰਿਹਾ ਸੀ। ਮਹਿਕਮੇ ਨੂੰ ਜਦੋਂ ਉਸ ਦੇ ਘਰ ਤਾਲਾ ਲੱਗਾ ਮਿਲਿਆ ਤਾਂ ਸ਼ੱਕ ਵਧ ਗਿਆ। ਇਹ ਖੁਰਾਕ ਇੰਸਪੈਕਟਰ ਫਰਾਰ ਹੋ ਗਿਆ ਹੈ।

ਜ਼ਿਲ੍ਹਾ ਖੁਰਾਕ ਤੇ ਸਪਲਾਈਜ਼ ਕੰਟਰੋਲਰ ਅੰਮ੍ਰਿਤਸਰ ਨੇ ਫੌਰੀ ਮਹਿਕਮੇ ਦੇ ਮੁੱਖ ਦਫਤਰ ਨੂੰ ਪੱਤਰ ਲਿਖਿਆ ਕਿ ਫੂਡ ਇੰਸਪੈਕਟਰ ਜਸਦੇਵ ਸਿੰਘ ਡਿਊਟੀ ਤੋਂ ਗੈਰਹਾਜ਼ਰ ਹੈ ਅਤੇ ਗੁਦਾਮਾਂ 'ਚੋਂ ਕਣਕ ਗਾਇਬ ਹੋਣ ਦਾ ਸ਼ੱਕ ਜ਼ਾਹਿਰ ਕੀਤਾ ਗਿਆ। ਉਸ ਮਗਰੋਂ ਖੁਰਾਕ ਤੇ ਸਪਲਾਈ ਮੰਤਰੀ ਪੰਜਾਬ ਨੇ ਇਸ ਮਾਮਲੇ ਦੀ ਪੜਤਾਲ ਦੇ ਹੁਕਮ ਦੇ ਦਿੱਤੇ। ਮਹਿਕਮੇ ਦੀ ਅੰਦਰੂਨੀ ਵਿਜੀਲੈਂਸ ਕਮੇਟੀ ਦੇ ਮੁਖੀ ਰਾਕੇਸ਼ ਸਿੰਗਲਾ ਦੀ ਅਗਵਾਈ ਵਿਚ ਅੱਠ ਟੀਮਾਂ ਦਾ ਗਠਨ ਕੀਤਾ ਗਿਆ। ਵੇਰਵਿਆਂ ਅਨੁਸਾਰ ਇਸ ਟੀਮ ਵੱਲੋਂ ਜੰਡਿਆਲਾ ਗੁਰੂ ਦੇ ਅੱਠ ਗੁਦਾਮਾਂ ਦੀ ਜਾਂਚ ਕੀਤੀ ਗਈ ਹੈ, ਜਿਨ੍ਹਾਂ ਵਿਚੋਂ ਕਰੀਬ 75 ਹਜ਼ਾਰ ਕੁਇੰਟਲ ਕਣਕ ਘੱਟ ਮਿਲੀ ਹੈ। ਖੁਰਦ ਬੁਰਦ ਹੋਈ ਕਣਕ ਵਿਚ ਗਰੀਬ ਲੋਕਾਂ ਲਈ ਰਾਖਵੀਂ ਪਈ ਕਣਕ ਵੀ ਸ਼ਾਮਲ ਹੈ। ਸੂਤਰਾਂ ਅਨੁਸਾਰ, ਅਜੇਪਾਲ ਢਿੱਲੋਂ ਗੁਦਾਮ 'ਚ 2700 ਗੱਟੇ, ਜਸਵੰਤ ਸਿੰਘ ਕੋਚਰ ਗੁਦਾਮ 'ਚ 13 ਹਜ਼ਾਰ ਗੱਟੇ, ਸੰਜੇ ਪਲੰਥ 'ਤੇ 1900 ਗੱਟੇ, ਇੰਡੋ ਜਰਮਨ ਪਲੰਥ 'ਤੇ 10 ਹਜ਼ਾਰ ਗੱਟੇ, ਰਾਜਪਾਲ ਓਪਨ ਪਲੰਥ 'ਚ 77 ਹਜ਼ਾਰ, ਕ੍ਰਿਸ਼ਨਾ ਪਲੰਥ 'ਤੇ 37 ਹਜ਼ਾਰ ਗੱਟੇ, ਧਾਨੀ 'ਤੇ 12 ਹਜ਼ਾਰ ਤੇ ਪੇਪਰ ਮਿੱਲ 'ਤੇ 38 ਹਜ਼ਾਰ ਗੱਟਿਆਂ ਤੋਂ ਇਲਾਵਾ ਰਾਜਪਾਲ ਓਪਨ ਪਲੰਥ 'ਤੇ ਗਰੀਬਾਂ ਵਾਲੀ ਕਣਕ ਦੇ 19 ਹਜ਼ਾਰ ਗੱਟੇ ਗਾਇਬ ਹਨ। ਇਸ ਕਣਕ ਦੀ ਕੀਮਤ ਬਿਨਾਂ ਸਰਕਾਰੀ ਖ਼ਰਚਿਆਂ ਤੋਂ ਕਰੀਬ 16.18 ਕਰੋੜ ਰੁਪਏ ਬਣਦੀ ਹੈ। ਖੁਰਾਕ ਤੇ ਸਪਲਾਈ ਵਿਭਾਗ ਦੀ ਅੰਦਰੂਨੀ ਵਿਜੀਲੈਂਸ ਦੇ ਮੁਖੀ ਡਾ. ਰਾਕੇਸ਼ ਸਿੰਗਲਾ ਨੇ ਕਿਹਾ ਕਿ ਅੱਠ ਟੀਮਾਂ ਨੇ ਜਾਂਚ ਕੀਤੀ ਹੈ ਅਤੇ ਮੁਢਲੀ ਪੜਤਾਲ ਵਿਚ ਕਰੀਬ 15-16 ਕਰੋੜ ਦੀ ਕਣਕ ਖੁਰਦ ਬੁਰਦ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਪਤਾ ਲੱਗਾ ਹੈ ਕਿ ਮਹਿਕਮੇ ਨੂੰ ਹੁਣ ਜਸਦੇਵ ਸਿੰਘ ਨੇ ਈਮੇਲ ਭੇਜੀ ਹੈ ਕਿ ਉਹ ਬਾਹਰ ਘੁੰਮਣ ਗਿਆ ਸੀ ਅਤੇ ਹਵਾਈ ਅੱਡੇ ਤੋਂ ਉਨ੍ਹਾਂ ਨੂੰ ਇਕਾਂਤਵਾਸ ਕੀਤਾ ਗਿਆ ਹੈ। ਜਸਦੇਵ ਸਿੰਘ ਨੇ ਲਿਖਿਆ ਹੈ ਕਿ ਉਸ ਦੀ ਗੈਰਹਾਜ਼ਰੀ ਵਿਚ ਕੋਈ ਚੈਕਿੰਗ ਨਾ ਕੀਤੀ ਜਾਵੇ। ਸੂਤਰ ਦਾ ਕਹਿਣਾ ਹੈ ਕਿ ਇਸ ਇੰਸਪੈਕਟਰ ਦੀ ਮਹਿਕਮੇ ਵਿਚ ਤੂਤੀ ਬੋਲਦੀ ਰਹੀ ਹੈ, ਜੋ ਆਪਣੇ ਵਿਧਾਇਕ ਮਾਮੇ ਦਾ ਫਾਇਦਾ ਚੁੱਕਦਾ ਰਿਹਾ ਹੈ।

ਵਿਧਾਇਕ ਜਲਾਲਪੁਰ ਨੇ ਕਿਹਾ ਕਿ ਖੁਰਾਕ ਇੰਸਪੈਕਟਰ ਜਸਦੇਵ ਸਿੰਘ ਉਨ੍ਹਾਂ ਦਾ ਸਕਾ ਭਾਣਜਾ ਹੈ। ਉਹ ਕਾਫੀ ਲੰਬੇ ਸਮੇਂ ਤੋਂ ਬਿਮਾਰ ਰਹਿਣ ਕਾਰਨ ਮਾਨਸਿਕ ਤੌਰ 'ਤੇ ਠੀਕ ਨਹੀਂ ਹਨ। ਇਸ ਲਈ ਕੋਈ ਗਲਤੀ ਹੋਈ ਹੋਵੇਗੀ। ਵਿਧਾਇਕ ਨੇ ਕਿਹਾ ਕਿ ਇਸ ਮਾਮਲੇ ਨਾਲ ਉਨ੍ਹਾਂ ਦਾ ਕੋਈ ਤੁਆਲਕ ਨਹੀਂ ਹੈ। ਉਨ੍ਹਾਂ ਨੇ ਕਦੇ ਆਪਣੇ ਭਾਣਜੇ ਦੀ ਸਿਫਾਰਸ਼ ਨਹੀਂ ਕੀਤੀ।



## ਕੋਈ ਬਖਸ਼ਿਆ ਨਹੀਂ ਜਾਵੇਗਾ: ਭਾਰਤ ਭੂਸ਼ਨ ਆਸ਼ੂ

**ਚੰਡੀਗੜ੍ਹ:** ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਨ ਆਸ਼ੂ ਨੇ ਕਿਹਾ ਕਿ ਪੁਲਿਸ ਕੇਸ ਦਰਜ ਕਰਾਉਣ ਮਗਰੋਂ ਹੁਣ ਫੂਡ ਇੰਸਪੈਕਟਰ ਦੀ ਮੁਅੱਤਲੀ ਸਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਅਧਿਕਾਰੀਆਂ ਦੀ ਭੂਮਿਕਾ ਵੀ ਵੇਖੀ ਜਾਵੇਗੀ, ਜਿਨ੍ਹਾਂ ਦੀ ਡਿਊਟੀ ਬਣਦੀ ਸੀ ਕਿ ਉਹ ਸਮੇਂ-ਸਮੇਂ 'ਤੇ ਚੈਕਿੰਗ ਕਰਦੇ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ।

## ਮਾਮੇ-ਭਾਣਜੇ ਦੀ ਸੀ.ਬੀ.ਆਈ. ਜਾਂਚ ਹੋਵੇ: ਚੀਮਾ

**ਪਟਿਆਲਾ:** ਆਮ ਆਦਮੀ ਪਾਰਟੀ ਨੇ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਖ਼ਿਲਾਫ਼ ਮੋਰਚਾ ਖੋਲ੍ਹਦਿਆਂ ਮੰਗ ਕੀਤੀ ਕਿ ਉਸ ਦੇ ਭਾਣਜੇ ਜਸਦੇਵ ਸਿੰਘ ਵੱਲੋਂ 16 ਕਰੋੜ ਤੋਂ ਵੱਧ ਦੀ ਕੀਤੀ ਠੱਗੀ ਦੇ ਮਾਮਲੇ ਵਿਚ ਜਲਾਲਪੁਰ ਦੇ ਸਬੰਧਾਂ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਚੀਮਾ ਨੇ ਕਿਹਾ ਕਿ ਜੰਡਿਆਲਾ ਗੁਰੂ ਵਿਚ ਫੂਡ ਇੰਸਪੈਕਟਰ ਵਜੋਂ ਤਾਇਨਾਤ ਕਾਂਗਰਸੀ ਵਿਧਾਇਕ ਦਾ ਭਾਣਜਾ ਜਸਦੇਵ ਸਿੰਘ ਉਥੋਂ ਕਣਕ ਦੇ ਗੋਦਾਮ ਖਾਲੀ ਕਰਕੇ ਅਤੇ ਸਾਰਾ ਸਰਕਾਰੀ ਰਿਕਾਰਡ ਲੈ ਕੇ ਭੱਜ ਗਿਆ। ਹੁਣ ਜਸਦੇਵ ਸਿੰਘ ਆਪਣੇ ਅਧਿਕਾਰੀਆਂ ਨੂੰ ਈ-ਮੇਲ ਕਰਕੇ ਦੱਸ ਰਿਹਾ ਹੈ ਕਿ ਉਹ ਵਿਦੇਸ਼ ਹੈ ਅਤੇ ਖੁਦ ਨੂੰ ਇਕਾਂਤਵਾਸ ਕੀਤਾ ਹੋਇਆ ਹੈ।

## ਮੁਲਜ਼ਮਾਂ ਖਿਲਾਫ ਕਾਰਵਾਈ ਹੋਵੇ: ਢੀਂਡਸਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਦੇ ਸੀਨੀਅਰ ਆਗੂ, ਵਿਧਾਇਕ ਅਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਸਰਪ੍ਰਸਤੀ ਹਾਸਲ ਕਾਂਗਰਸ ਵਿਧਾਇਕ ਮਦਨ ਲਾਲ ਜਲਾਲਪੁਰ ਦੇ ਭਾਣਜੇ ਤੇ ਖੁਰਾਕ ਤੇ ਸਪਲਾਈ ਵਿਭਾਗ ਦੇ ਫੂਡ ਇੰਸਪੈਕਟਰ ਜਸਦੇਵ ਸਿੰਘ 'ਤੇ 16 ਕਰੋੜ ਰੁਪਏ ਦੀ ਕਣਕ ਖੁਰਦ-ਬੁਰਦ ਕਰਨ ਦੇ ਲੱਗੇ ਦੋਸ਼ਾਂ ਤਹਿਤ ਕੈਪਟਨ ਸਰਕਾਰ ਨੂੰ ਆੜੇ ਹੱਥੀ ਲੈਂਦਿਆਂ ਘਪਲੇ ਦੀ ਨਿਰਪੱਖ ਜਾਂਚ ਅਤੇ ਮੁਲਜ਼ਮਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਹੈ।

# ਚੁਰਾਸੀ ਦੇ ਪੀੜਤਾਂ ਨੂੰ ਭੁਗਤਾਨ ਲਈ ਸਾਢੇ 4 ਕਰੋੜ ਰੱਖਣ ਦਾ ਦਾਅਵਾ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸਾਲ 2021-22 'ਚ '84 ਦੰਗਿਆਂ ਦੇ ਪੀੜਤਾਂ ਨੂੰ ਵਧੇ ਹੋਏ ਮੁਆਵਜ਼ੇ ਦਾ ਭੁਗਤਾਨ ਕਰਨ ਲਈ ਸਾਢੇ 4 ਕਰੋੜ ਰੁਪਏ ਦੀ ਵਿਵਸਥਾ ਕੀਤੀ ਹੈ।




ਇਹ ਜਾਣਕਾਰੀ ਘੱਟ ਗਿਣਤੀ ਬਾਰੇ ਮੰਤਰਾਲੇ ਵੱਲੋਂ ਲੋਕ ਸਭਾ 'ਚ ਦਿੱਤੀ ਗਈ। ਘੱਟ ਗਿਣਤੀ ਮੰਤਰੀ ਮੁਖਤਾਰ ਅੱਬਾਸ ਨਕਵੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਹਿਲਾਂ 1984 ਦੇ ਦੰਗਿਆਂ ਦੇ ਪੀੜਤਾਂ ਲਈ ਮੁੜ ਵਸੇਬਾ ਪੈਕਜ ਸਕੀਮ ਸ਼ੁਰੂ ਕੀਤੀ ਗਈ ਸੀ ਜਿਸ ਤਹਿਤ ਹਰ ਮ੍ਰਿਤਕ ਦੇ ਪਰਿਵਾਰ ਨੂੰ ਸਾਢੇ 3 ਲੱਖ ਰੁਪਏ ਅਤੇ ਹਰ ਜ਼ਖਮੀ ਨੂੰ ਸਵਾ ਲੱਖ ਰੁਪਏ ਦੇਣ ਦੀ ਵਿਵਸਥਾ ਕੀਤੀ ਗਈ ਸੀ ਪਰ 2014 'ਚ ਮੋਦੀ ਸਰਕਾਰ ਵੱਲੋਂ ਮੁਆਵਜ਼ੇ ਦੀ ਰਕਮ ਸਾਢੇ ਤਿੰਨ ਲੱਖ ਰੁਪਏ ਤੋਂ 5 ਲੱਖ ਰੁਪਏ ਕਰ ਦਿੱਤੀ ਗਈ।

ਘੱਟ ਗਿਣਤੀ ਮੰਤਰਾਲੇ ਵੱਲੋਂ ਅੱਗੇ ਕਿਹਾ ਕਿ '84 ਦੇ ਦੰਗਿਆਂ ਦੇ ਮ੍ਰਿਤਕਾਂ ਦੇ ਵਾਰਸਾਂ ਨੂੰ ਵਧੇ ਹੋਏ ਮੁਆਵਜ਼ੇ ਲਈ ਸਾਲ 2021-22 ਦੇ ਕੇਂਦਰੀ ਬਜਟ 'ਚ ਸਾਢੇ 4 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਸਕੀਮ ਤਹਿਤ ਸੂਬਾ ਸਰਕਾਰ ਵੱਲੋਂ ਮ੍ਰਿਤਕਾਂ ਦੀਆਂ ਵਿਧਵਾਵਾਂ ਅਤੇ ਬਜ਼ੁਰਗ ਮਾਂ-ਬਾਪ ਲਈ ਸਾਰੀ ਉਮਰ ਲਈ ਢਾਈ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੀ ਦਰ 'ਤੇ ਪੈਨਸ਼ਨ ਵੀ ਅਦਾ ਕੀਤੀ ਜਾਵੇਗੀ। ਮੰਤਰਾਲੇ ਨੇ ਕਿਹਾ ਕਿ ਪੈਨਸ਼ਨ ਦੀ ਅਦਾਇਗੀ ਦਾ ਭਾਰ ਸੂਬਾ ਸਰਕਾਰ ਵੱਲੋਂ ਆਪਣੇ ਫੰਡਾਂ ਰਾਹੀਂ ਕੀਤਾ ਜਾਵੇਗਾ। ਮੰਤਰਾਲੇ ਵੱਲੋਂ ਆਪਣੇ ਤਫਸੀਲੀ ਬਿਆਨ 'ਚ ਕਿਹਾ ਗਿਆ ਕਿ ਸੂਬਾ ਅਤੇ ਕੇਂਦਰੀ ਪ੍ਰਬੰਧਤ ਸਰਕਾਰਾਂ ਵਧੇ ਹੋਏ ਮੁਆਵਜ਼ੇ ਦੀ ਅਦਾਇਗੀ ਆਪਣੇ ਫੰਡ ਦੇ ਵਰਤੇ ਜਾਣ ਦੇ ਸਰਟੀਫਿਕੇਟ ਮਿਲਣ 'ਤੇ ਗ੍ਰਹਿ ਮੰਤਰਾਲੇ ਵੱਲੋਂ ਉਨ੍ਹਾਂ ਨੂੰ ਅਦਾਇਗੀ ਕੀਤੀ ਜਾਵੇਗੀ।

# ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਤਕੜਾ ਝਟਕਾ

**ਮੁਹਾਲੀ:** ਇਥੋਂ ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਨੂੰ ਵੱਡਾ ਝਟਕਾ ਦਿੰਦਿਆਂ ਉਸ ਦੀ ਅਗਾਊਂ ਜ਼ਮਾਨਤ ਅਰਜ਼ੀ ਮੁੱਢੋਂ ਰੱਦ ਕਰ ਦਿੱਤੀ ਹੈ। ਜ਼ਮਾਨਤ ਦੀ ਅਪੀਲ ਰੱਦ ਹੋਣ ਤੋਂ ਬਾਅਦ ਵਿਜੀਲੈਂਸ ਬਿਊਰੋ ਨੇ ਸੈਣੀ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਸਾਬਕਾ ਡੀ.ਜੀ.ਪੀ. ਦੀ ਜ਼ਮਾਨਤ ਰੱਦ ਕਰਵਾਉਣ ਵਿਚ ਪੰਜਾਬ ਸਰਕਾਰ ਵੱਲੋਂ ਨਿਯੁਕਤ ਕੀਤੇ ਗਏ ਸੀਨੀਅਰ ਵਕੀਲ ਸਰਤੇਜ ਸਿੰਘ ਨਰੂਲਾ ਦੀ ਅਹਿਮ ਭੂਮਿਕਾ ਰਹੀ ਹੈ। ਸੈਣੀ ਦੇ ਵਕੀਲਾਂ ਏ.ਪੀ.ਐਸ. ਦਿਉਲ ਅਤੇ ਐਚ.ਐਸ. ਧਨੋਆ ਨੇ ਅਦਾਲਤ ਨੂੰ ਦੱਸਿਆ ਕਿ ਇਸ ਕੇਸ ਨਾਲ ਸੁਮੇਧ ਸੈਣੀ ਦਾ ਕੋਈ ਲੈਣਾ-ਦੇਣਾ ਨਹੀਂ ਹੈ ਅਤੇ ਵਿਜੀਲੈਂਸ ਜਾਣਬੁਝ ਕੇ ਝੂਠੇ ਕੇਸ ਵਿਚ ਉਨ੍ਹਾਂ ਦੇ ਮੁਵੱਕਿਲ ਨੂੰ ਫਸਾ ਰਹੀ ਹੈ।



ਉਧਰ, ਸਰਕਾਰੀ ਵਕੀਲ ਸਰਤੇਜ ਸਿੰਘ ਨਰੂਲਾ ਨੇ ਸੈਣੀ ਦੀ ਚੰਡੀਗੜ੍ਹ ਵਾਲੀ ਵਿਵਾਦਿਤ ਕੋਠੀ ਦੀ ਰੈਂਟ ਡੀਡ ਅਤੇ ਬਿਨਾਂ ਰਸੀਦਾਂ ਤੋਂ ਕਰੋੜਾਂ ਰੁਪਏ ਇਕ-ਦੂਜੇ ਦੇ ਖਾਤਿਆਂ ਵਿਚ ਟਰਾਂਸਫਰ ਕਰਨ ਦੀ ਦਲੀਲ ਪੇਸ਼ ਕੀਤੀ। ਉਨ੍ਹਾਂ ਮੰਗ ਕੀਤੀ ਕਿ ਉਕਤ ਸਾਰੇ ਪਹਿਲੂਆਂ ਦੀ ਹੋਰ ਡੂੰਘਾਈ ਨਾਲ ਜਾਂਚ ਕਰਨ ਲਈ ਮੁਲਜ਼ਮਾਂ ਦੀ ਗ੍ਰਿਫਤਾਰੀ ਬਹੁਤ ਜ਼ਰੂਰੀ ਹੈ। ਮੁਹਾਲੀ ਦੇ ਜੁਡੀਸ਼ਲ ਮੈਜਿਸਟਰੇਟ ਪਰਮਿੰਦਰ ਸਿੰਘ ਗਰੇਵਾਲ ਨੇ ਸਰਕਾਰੀ ਵਕੀਲ ਦੀਆਂ ਦਲੀਲਾਂ ਨਾਲ ਸਹਿਮਤ ਹੁੰਦਿਆਂ ਸਾਬਕਾ ਪੁਲਿਸ ਅਫਸਰ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿੱਤੀ।

ਜਾਣਕਾਰੀ ਅਨੁਸਾਰ ਸਾਬਕਾ ਡੀ.ਜੀ.ਪੀ. ਚੰਡੀਗੜ੍ਹ ਵਾਲੀ ਕੋਠੀ ਵਿਚ ਪਹਿਲਾਂ ਕਿਰਾਏ 'ਤੇ ਰਹਿੰਦੇ ਸਨ ਅਤੇ ਬਾਅਦ ਵਿਚ ਉਨ੍ਹਾਂ ਇਹ ਕੋਠੀ ਖਰੀਦ ਲਈ ਸੀ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਸੈਣੀ, ਨਿਮਰਤ ਦੀਪ ਸਿੰਘ ਅਤੇ ਉਸ ਦੇ ਪਿਤਾ ਨੂੰ ਮਹਿਜ ਦੋ ਵਾਰ ਮਿਲੇ ਹਨ। ਪਹਿਲੀ ਵਾਰ ਰੈਂਟ ਡੀਡ ਬਣਾਉਣ ਸਮੇਂ ਅਤੇ ਦੂਜੀ ਵਾਰ ਕੋਠੀ ਖਰੀਦਣ ਸਮੇਂ।

ਸਰਕਾਰੀ ਵਕੀਲ ਨੇ ਕਿਹਾ ਕਿ ਜੇਕਰ ਪੈਸਿਆਂ ਦੇ ਲੈਣ-ਦੇਣ, ਰੈਂਟ ਡੀਡ ਅਤੇ ਕੋਠੀ ਖਰੀਦ-ਵੇਚ ਦਸਤਾਵੇਜ਼ਾਂ 'ਤੇ ਨਜ਼ਰ ਮਾਰੀਏ ਤਾਂ ਇਹ ਦਲੀਲਾਂ ਝੂਠੀਆਂ ਤੇ ਫ਼ਰਜ਼ੀ ਜਾਪਦੀਆਂ ਹਨ।

# ਭਾਜਪਾ ਨੇ ਨਰਿੰਦਰ ਮੋਦੀ ਨੂੰ ਸਿੱਖ ਹਿਤੈਸ਼ੀ ਸਾਬਤ ਕਰਨ ਲਈ ਲਾਇਆ ਟਿੱਲ

**ਲੁਧਿਆਣਾ:** ਤਿੰਨ ਖੇਤੀ ਕਾਨੂੰਨਾਂ ਕਾਰਨ ਸੂਬੇ ਵਿਚ ਵਿਰੋਧ ਝੱਲ ਰਹੀ ਭਾਰਤੀ ਜਨਤਾ ਪਾਰਟੀ ਦੇ ਆਗੂ ਹੁਣ ਕੇਂਦਰ ਸਰਕਾਰ ਵੱਲੋਂ ਛਾਪੀ 'ਪ੍ਰਧਾਨ ਮੰਤਰੀ ਮੋਦੀ ਤੇ ਉਨ੍ਹਾਂ ਦੀ ਸਰਕਾਰ ਦਾ ਸਿੱਖਾਂ ਨਾਲ ਖਾਸ ਰਿਸ਼ਤਾ' ਕਿਤਾਬ ਗਲੀ-ਗਲੀ ਵੰਡ ਕੇ ਭਾਜਪਾ ਨੂੰ ਸਿੱਖਾਂ ਦੀ ਹਿਤੈਸ਼ੀ ਪਾਰਟੀ ਸਾਬਤ ਕਰਨ ਵਿਚ ਲੱਗੇ ਹੋਏ ਹਨ।

ਭਾਜਪਾ ਆਗੂ ਇਹ ਕਿਤਾਬ ਸਵੇਰੇ ਸ਼ਾਮ ਲੋਕਾਂ ਨਾਲ ਮੀਟਿੰਗਾਂ ਵਿਚ ਵੰਡ ਰਹੇ ਹਨ ਤੇ ਪੂਰਾ ਪ੍ਰਚਾਰ ਕਰ ਰਹੇ ਹਨ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਸਿੱਖਾਂ ਨਾਲ ਖਾਸ ਰਿਸ਼ਤਾ ਹੈ ਤੇ ਉਨ੍ਹਾਂ ਨੇ ਸਿੱਖ ਕੌਮ ਲਈ ਕਈ ਇਤਿਹਾਸਕ ਕੰਮ ਕੀਤੇ ਹਨ। ਇਸ ਕਿਤਾਬ, ਜਿਸ ਦੇ 61 ਪੰਨੇ ਹਨ, ਵਿਚ 19 ਅਜਿਹੇ ਕੰਮਾਂ ਦਾ ਜ਼ਿਕਰ ਹੈ, ਜਿਨ੍ਹਾਂ ਬਾਰੇ ਭਾਜਪਾ ਕਹਿ ਰਹੀ ਹੈ ਕਿ ਸਿੱਖਾਂ ਦੇ ਇਤਿਹਾਸਕ ਕੰਮ ਭਾਜਪਾ ਸਰਕਾਰ ਨੇ ਕੀਤੇ ਹਨ। ਦੂਜੇ ਪਾਸੇ ਵਿਧਾਨ ਸਭਾ ਚੋਣਾਂ ਨੇੜੇ ਹਨ ਤੇ ਸਿਆਸੀ ਪੰਡਿਤਾਂ ਮੁਤਾਬਕ ਭਾਜਪਾ ਇਸ ਕਿਤਾਬ ਜਰੀਏ ਹੀ ਪੰਜਾਬ ਵਿਚ ਆਪਣੀ




ਸਿਆਸੀ ਜ਼ਮੀਨ ਤਿਆਰ ਕਰਨ ਵਿਚ ਲੱਗੀ ਹੈ।

ਕੇਂਦਰ ਸਰਕਾਰ ਵੱਲੋਂ ਛਾਪੀ ਗਈ ਕਿਤਾਬ ਵਿਚ ਸਭ ਤੋਂ ਪਹਿਲਾ ਵਿਸ਼ਾ ਲਿਖਿਆ ਗਿਆ ਹੈ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਲਈ ਐਫ.ਸੀ.ਆਰ.ਏ. ਰਜਿਸਟ੍ਰੇਸ਼ਨ, ਲੰਗਰ ਤੋਂ ਜੀ.ਐਸ.ਟੀ. ਹਟਾਇਆ ਗਿਆ, ਸ੍ਰੀ ਕਰਤਾਰਪੁਰ ਸਾਹਿਬ ਵਿਚ ਕੌਰੀਡੋਰ ਬਣਾਇਆ ਗਿਆ, ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਤੋਂ ਇਲਾਵਾ ਭਾਜਪਾ ਦਾ ਦਾਅਵਾ ਹੈ ਕਿ ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਕੀਤਾ। ਦੁਨੀਆਂ ਭਰ ਵਿਚ 550ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ, ਗੁਰੂ ਗੋਬਿੰਦ ਸਿੰਘ ਜੀ ਦੇ 350ਵੇਂ ਪ੍ਰਕਾਸ਼ ਪੁਰਬ ਮੌਕੇ ਅਤੇ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਮੌਕੇ ਦੇਸ਼ ਪੱਧਰੀ ਸਮਾਗਮ ਕੀਤੇ, ਬਲੈਕ ਲਿਸਟ 'ਚੋਂ ਨਾਂ ਹਟਾਏ ਗਏ, ਤਿੰਨ ਦਹਾਕਿਆਂ ਮਗਰੋਂ 1984 ਸਿੱਖ ਕਤਲੇਆਮ ਦੀ ਜਾਂਚ ਸਿੱਟ ਕਾਇਮ ਕੀਤੀ ਗਈ, 300 ਮਾਮਲੇ ਅਗਲੇਰੀ ਜਾਂਚ ਲਈ ਮੁੜ ਖੋਲ੍ਹੇ ਤੇ ਉਨ੍ਹਾਂ ਵਿਚੋਂ ਬਹੁਤਿਆਂ ਵਿਰੁੱਧ ਦੋਸ਼ ਪੱਤਰ ਦਾਇਰ ਕੀਤੇ ਗਏ। ਸਿੱਖ ਵਿਰਾਸਤ ਦਾ ਮਾਣ ਵਧਾਇਆ ਗਿਆ, ਜਿਸ ਤਹਿਤ ਬਾਹਰਲੇ ਮੁਲਕਾਂ ਵਿਚ ਕੇਸ ਤੇ ਦਾੜ੍ਹੀ ਰੱਖਣਾ ਸਿੱਖਾਂ ਲਈ ਧਾਰਮਿਕ ਰਹਿਤ ਮਰਿਆਦਾ ਹੈ, ਬਾਰੇ ਲਿਖਿਆ ਤੇ ਕੁਝ ਖਾਸ ਦੇਸ਼ਾਂ ਵਿਚ ਅਜਿਹੀ ਛੋਟ ਦਿਵਾਉਣ ਵਿਚ ਮਦਦ ਕੀਤੀ, ਜਿਥੇ ਕੇਸ ਤੇ ਦਾੜ੍ਹੀ ਵਧਾ ਕੇ ਨੌਕਰੀ ਕਰਨ ਦੀ ਇਜਾਜ਼ਤ ਨਹੀਂ ਹੈ। ਇਸ ਤੋਂ ਇਲਾਵਾ ਜਲ੍ਹਿਆਂਵਾਲਾ ਬਾਗ ਯਾਦਗਾਰ ਬਣਾਈ, ਮੁਸ਼ਕਲ ਸਮੇਂ ਵਿਚ ਮਦਦ ਦਾ ਹੱਥ, ਪਾਕਿਸਤਾਨ ਦੇ ਸਿੱਖਾਂ ਦੇ ਨਾਲ ਇਕਜੁਟਤਾ ਕੀਤੀ ਗਈ, ਜੰਮੂ ਕਸ਼ਮੀਰ ਵਿਚ ਸਿੱਖਾਂ ਦੇ ਅਧਿਕਾਰ ਯਕੀਨੀ ਬਣਾਏ ਗਏ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਚੋਣਾਂ ਬਾਰੇ ਸੁਧਾਰ ਕਰਵਾਏ, ਵਿਦੇਸ਼ਾਂ ਵਿਚੋਂ ਪੰਜਾਬ ਨਾਲ ਕੁਨੈਕਟੀਵਿਟੀ ਤੇ ਕੁਨੈਕਸ਼ਨ, ਅੰਮ੍ਰਿਤਸਰ ਤੋਂ ਲੰਦਨ ਤੇ ਅੰਮ੍ਰਿਤਸਰ ਤੋਂ ਦਿੱਲੀ ਤੋਂ ਬਰਮਿੰਘਮ ਦੇ ਲਈ ਏਅਰ ਇੰਡੀਆ ਦੀਆਂ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ, ਸਿੱਖ ਨੌਜਵਾਨਾਂ ਨੂੰ ਸਮਰੱਥ ਬਣਾਉਣ ਲਈ ਰੁਜ਼ਗਾਰ ਦੇਣ ਆਦਿ ਦੇ ਕਈ ਕੰਮ ਕੀਤੇ।

ਲੁਧਿਆਣਾ ਦੇ ਕਿਦਵਈ ਨਗਰ ਇਲਾਕੇ ਵਿਚ ਕੇਂਦਰ ਸਰਕਾਰ ਵੱਲੋਂ ਭੇਜੀ ਗਈ ਕਿਤਾਬ ਨੂੰ ਵੰਡੇ ਰਹੇ ਭਾਜਪਾ ਦੇ ਸੂਬਾ ਉਪ ਪ੍ਰਧਾਨ ਪ੍ਰਵੀਨ ਬਾਂਸਲ ਨੇ ਦੱਸਿਆ ਕਿ ਇਹ ਕਿਤਾਬ ਕਾਫੀ ਸਮਾਂ ਪਹਿਲਾਂ ਛਾਪੀ ਗਈ ਸੀ, ਉਹ ਹੁਣ ਇਸ ਕਿਤਾਬ ਨੂੰ ਘਰ-ਘਰ ਵੰਡ ਰਹੇ ਹਨ ਤਾਂ ਕਿ ਲੋਕਾਂ ਨੂੰ ਦੱਸਿਆ ਜਾ ਸਕੇ ਕਿ ਕੇਂਦਰ ਦੀ ਮੋਦੀ ਸਰਕਾਰ ਨੇ ਹੁਣ ਤੱਕ ਸਿੱਖ ਕੌਮ ਲਈ ਕੀ-ਕੀ ਕੀਤਾ ਹੈ।

# ਪੈਨਸ਼ਨ ਵਾਧੇ ਨੂੰ ਸਿਆਸੀ ਨਜ਼ਰਾਨੇ ਦਾ ਰੰਗ ਦੇਣ 'ਚ ਜੁਟੀ ਕੈਪਟਨ ਸਰਕਾਰ

**ਚੰਡੀਗੜ੍ਹ:** ਕੈਪਟਨ ਸਰਕਾਰ ਪੈਨਸ਼ਨ ਵਾਧੇ ਨੂੰ ਸਿਆਸੀ ਨਜ਼ਰਾਨੇ ਦਾ ਰੰਗ ਦੇਣ 'ਚ ਜੁਟ ਗਈ ਹੈ। ਕੈਪਟਨ ਸਰਕਾਰ ਹੁਣ ਬੁਢਾਪਾ ਪੈਨਸ਼ਨ ਦੇ ਚੈੱਕ ਵੰਡੇਗੀ। ਪਹਿਲਾਂ ਬੁਢਾਪਾ ਪੈਨਸ਼ਨ ਦੀ ਰਾਸ਼ੀ ਬਜ਼ੁਰਗਾਂ ਦੇ ਬੈਂਕ ਖਾਤੇ 'ਚ ਸਿੱਧੀ ਪੈਂਦੀ ਸੀ। ਪਹਿਲੀ ਜੁਲਾਈ ਤੋਂ 1500 ਰੁਪਏ ਪ੍ਰਤੀ ਲਾਭਪਾਤਰੀ ਪੈਨਸ਼ਨ ਦਿੱਤੀ ਜਾਣੀ ਹੈ।



ਬੁਢਾਪਾ ਪੈਨਸ਼ਨ ਦੀ ਪ੍ਰਕਿਰਿਆ ਹੁਣ ਅੱਧ ਵਿਚਾਲੇ ਰੁਕ ਗਈ ਹੈ ਕਿਉਂਕਿ ਸਰਕਾਰ ਸੋਚ ਰਹੀ ਹੈ ਕਿ ਵਧੀ ਹੋਈ ਪੈਨਸ਼ਨ ਬੈਂਕ ਖਾਤਿਆਂ ਵਿਚ ਪਾਉਣ ਦੀ ਥਾਂ ਚੈੱਕਾਂ ਜ਼ਰੀਏ ਦਿੱਤੀ ਜਾਵੇ। ਆਖਰੀ ਫੈਸਲਾ ਮੁੱਖ ਮੰਤਰੀ ਪੱਧਰ 'ਤੇ ਹੋਣਾ ਹੈ ਜਿਸ ਕਰਕੇ ਬਜ਼ੁਰਗਾਂ ਦੀ ਉਡੀਕ ਹੋਰ ਲੰਮੀ ਹੋ ਗਈ ਹੈ।

ਸੂਤਰਾਂ ਅਨੁਸਾਰ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਤਰਫੋਂ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰਾਂ ਨੂੰ ਮੋਬਾਈਲ ਸੁਨੇਹੇ ਜ਼ਰੀਏ ਹਦਾਇਤ ਕੀਤੀ ਗਈ ਹੈ ਕਿ ਐਤਕੀਂ ਲਾਭਪਾਤਰੀਆਂ ਨੂੰ ਪੈਨਸ਼ਨ ਸ਼ਾਇਦ ਚੈੱਕਾਂ ਜ਼ਰੀਏ ਦਿੱਤੀ ਜਾਵੇਗੀ ਜਿਸ ਕਰਕੇ ਪਿੰਡ ਵਾਰ ਲਾਭਪਾਤਰੀਆਂ ਦੀਆਂ ਸੂਚੀਆਂ ਤਿਆਰ ਰੱਖੀਆਂ ਜਾਣ। ਸੂਤਰ ਦੱਸਦੇ ਹਨ ਕਿ ਸਰਕਾਰੀ ਖਜ਼ਾਨੇ 'ਚੋਂ ਵਧੀ ਹੋਈ ਪੈਨਸ਼ਨ ਦਾ ਪੈਸਾ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰਾਂ ਦੇ ਖਾਤਿਆਂ ਵਿਚ ਤਬਦੀਲ ਹੋ ਚੁੱਕਾ ਹੈ।

ਪਤਾ ਲੱਗਾ ਹੈ ਕਿ ਚੈੱਕ ਦਿੱਤੇ ਜਾਣ ਦੀ ਸੂਰਤ ਵਿਚ ਇਹ ਪੈਸਾ ਅੱਗੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੂੰ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਅੱਗੇ ਪੰਚਾਇਤ ਵਿਭਾਗ ਲਾਭਪਾਤਰੀਆਂ ਤੱਕ ਚੈੱਕ ਪੁੱਜਦੇ ਕਰੇਗਾ। ਪੰਜਾਬ ਸਰਕਾਰ ਨੇ ਪਹਿਲੀ ਜੁਲਾਈ ਤੋਂ ਪੈਨਸ਼ਨ 750 ਤੋਂ ਵਧਾ ਕੇ 1500 ਰੁਪਏ ਕਰਨ ਦਾ ਫੈਸਲਾ ਲਾਗੂ ਕਰ ਦਿੱਤਾ ਹੈ। ਇਸ ਪੈਨਸ਼ਨ ਦਾ ਲਾਭ ਕੁੱਲ 26.21 ਲੱਖ ਲਾਭਪਾਤਰੀਆਂ ਨੂੰ ਮਿਲਣਾ ਹੈ, ਜਿਸ ਵਿਚ 17.64 ਲੱਖ ਬਜ਼ੁਰਗ ਵੀ ਸ਼ਾਮਲ ਹਨ। ਜੁਲਾਈ ਮਹੀਨੇ ਦੀ ਪੈਨਸ਼ਨ ਦੀ ਕੁੱਲ 393 ਕਰੋੜ ਦੀ ਰਾਸ਼ੀ ਵੰਡੀ ਜਾਣੀ ਹੈ।

ਚਰਚੇ ਛਿੜੇ ਹਨ ਕਿ ਜੇਕਰ ਸਰਕਾਰ ਨੇ ਚੈੱਕਾਂ ਜ਼ਰੀਏ ਪੈਨਸ਼ਨ ਵੰਡਣ ਦਾ ਫੈਸਲਾ ਕੀਤਾ ਤਾਂ ਕਰੀਬ 26 ਲੱਖ ਚੈੱਕ ਤਿਆਰ ਕਰਨੇ ਪੈਣਗੇ ਜਿਸ ਨਾਲ ਬਜ਼ੁਰਗ ਅਤੇ ਅਪਾਹਜ ਲਾਭਪਾਤਰੀਆਂ ਦੀ ਖੱਜਲ ਖੁਆਰੀ ਵੀ ਵਧੇਗੀ। ਦੂਸਰੀ ਤਰਫ ਸਰਕਾਰ ਅੰਦਰੋਂ ਇਹ ਸੋਚ ਰਹੀ ਹੈ ਕਿ ਲਾਭਪਾਤਰੀ ਹਵਾਲੇ ਚੈੱਕ ਕਰਕੇ ਇਸ ਦੀ ਸਿਆਸੀ ਭੱਲ ਖੱਟੀ ਜਾਵੇ।

ਬੁਢਾਪਾ ਪੈਨਸ਼ਨ ਪਹਿਲਾਂ ਸਰਪੰਚਾਂ ਰਾਹੀਂ ਵੀ ਵੰਡੀ ਜਾਂਦੀ ਰਹੀ ਹੈ। ਮੌਜੂਦਾ ਪ੍ਰਬੰਧਾਂ ਅਨੁਸਾਰ ਪੈਨਸ਼ਨ ਲਾਭਪਾਤਰੀਆਂ ਦੇ ਸਿੱਧੀ ਬੈਂਕ ਖਾਤਿਆਂ ਵਿਚ ਪਾਈ ਜਾਂਦੀ ਰਹੀ ਹੈ ਜਿਸ ਨਾਲ ਲਾਭਪਾਤਰੀ ਨੂੰ ਵੀ ਸੌਖ ਰਹਿੰਦੀ ਹੈ। ਮੁੱਖ ਮੰਤਰੀ ਵੱਲੋਂ ਹਾਲੇ ਕੋਈ ਫੈਸਲਾ ਨਾ ਲਏ ਜਾਣ ਕਰਕੇ ਜੁਲਾਈ ਮਹੀਨੇ ਦੀ ਪੈਨਸ਼ਨ ਦੀ ਵੰਡ ਦਾ ਕੰਮ ਰੁਕਿਆ ਪਿਆ ਹੈ। ਉਧਰ, ਬਜ਼ੁਰਗ ਬੁਢਾਪਾ ਪੈਨਸ਼ਨ ਉਡੀਕ ਰਹੇ ਹਨ।

ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਅਰੁਣਾ ਚੌਧਰੀ ਦਾ ਕਹਿਣਾ ਸੀ ਕਿ ਵਿਧਾਇਕਾਂ ਤੇ ਮੰਤਰੀਆਂ ਦੀ ਇੱਛਾ ਹੈ ਕਿ ਪਹਿਲੀ ਵਧੀ ਹੋਈ ਪੈਨਸ਼ਨ ਸੰਕੇਤਕ ਤੌਰ 'ਤੇ ਚੈੱਕਾਂ ਜ਼ਰੀਏ ਵੰਡੀ ਜਾਵੇ ਜਿਸ ਬਾਰੇ ਉਹ ਹਾਲੇ ਵਿਚਾਰ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਬਾਕੀ ਮਹੀਨਿਆਂ ਵਿਚ ਪੈਨਸ਼ਨ ਪਹਿਲਾਂ ਦੀ ਤਰ੍ਹਾਂ ਸਿੱਧੀ ਖਾਤਿਆਂ ਵਿਚ ਹੀ ਤਬਦੀਲ ਹੋਇਆ ਕਰੇਗੀ।

# ਥਾਣਿਆਂ 'ਚ ਮਨੁੱਖੀ ਹੱਕਾਂ ਨੂੰ ਵੱਧ ਖਤਰਾ: ਚੀਫ ਜਸਟਿਸ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਐਨ.ਵੀ. ਰਾਮੰਨਾ ਨੇ ਕਿਹਾ ਹੈ ਕਿ ਪੁਲਿਸ ਥਾਣਿਆਂ ਵਿਚ ਨਾ ਤਾਂ ਮਨੁੱਖੀ ਹੱਕ ਸੁਰੱਖਿਅਤ ਹਨ ਤੇ ਨਾ ਹੀ ਸਰੀਰਕ ਤੌਰ 'ਤੇ ਵਿਅਕਤੀ ਸੁਰੱਖਿਅਤ ਰਹਿ ਸਕਦਾ ਹੈ। ਇਨ੍ਹਾਂ ਦੋਵਾਂ ਨੂੰ ਥਾਣਿਆਂ ਵਿਚ ਖਤਰਾ ਸਭ ਤੋਂ ਵੱਧ ਹੈ।



ਚੀਫ ਜਸਟਿਸ ਨੇ ਕਿਹਾ ਕਿ ਕਈ ਵਾਰ ਤਾਂ ਰੱਜੇ-ਪੁੱਜਿਆਂ ਨੂੰ ਵੀ ਨਹੀਂ ਬਖਸ਼ਿਆ ਜਾਂਦਾ ਤੇ ਥਰਡ-ਡਿਗਰੀ ਵਿਹਾਰ ਕੀਤਾ ਜਾਂਦਾ ਹੈ। ਜਸਟਿਸ ਰਾਮੰਨਾ ਕੌਮੀ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਇਕ ਸਮਾਗਮ ਵਿਚ ਮੁੱਖ ਭਾਸ਼ਣ ਦੇ ਰਹੇ ਸਨ। ਇਸ ਮੌਕੇ 'ਵਿਜ਼ਨ ਐਂਡ ਮਿਸ਼ਨ ਸਟੇਟਮੈਂਟ' ਤੇ ਅਥਾਰਿਟੀ ਦੀ ਮੋਬਾਈਲ ਐਪ ਲਾਂਚ ਕੀਤੀ ਗਈ। ਚੀਫ ਜਸਟਿਸ ਨੇ ਜ਼ੋਰ ਦੇ ਕੇ ਕਿਹਾ ਕਿ ਮਨੁੱਖੀ ਹੱਕ ਤੇ ਇੱਜ਼ਤ ਪਵਿੱਤਰ ਹਨ। ਉਨ੍ਹਾਂ ਕਿਹਾ ਕਿ ਹਿਰਾਸਤੀ ਤਸ਼ੱਦਦ ਤੇ ਹੋਰ ਕਈ ਤਰ੍ਹਾਂ ਦਾ ਪੁਲਿਸ ਤਸ਼ੱਦਦ ਅਜਿਹੀਆਂ ਸਮੱਸਿਆਵਾਂ ਹਨ ਜੋ ਅੱਜ ਵੀ ਸਾਡੇ ਸਮਾਜ ਵਿਚ ਮੌਜੂਦ ਹਨ। ਜਸਟਿਸ ਰਾਮੰਨਾ ਨੇ ਕਿਹਾ ਕਿ ਸੰਵਿਧਾਨਕ ਐਲਾਨਨਾਮਿਆਂ ਤੇ ਗਾਰੰਟੀਆਂ ਦੇ ਬਾਵਜੂਦ, ਪੁਲਿਸ ਥਾਣਿਆਂ ਵਿਚ ਪ੍ਰਭਾਵੀ ਕਾਨੂੰਨੀ ਨੁਮਾਇੰਦਗੀ ਦੀ ਘਾਟ ਹੋਣਾ ਗ੍ਰਿਫਤਾਰ ਕੀਤੇ ਗਏ ਜਾਂ ਹਿਰਾਸਤ ਵਿਚ ਲਏ ਗਏ ਵਿਅਕਤੀ ਦੀ ਵੱਡੀ ਹਾਨੀ ਕਰਨ ਦੇ ਬਰਾਬਰ ਹੈ।

ਚੀਫ ਜਸਟਿਸ ਨੇ ਜ਼ੋਰ ਦੇ ਕੇ ਕਿਹਾ ਕਿ ਜਿਹੜੇ ਫੈਸਲੇ ਸ਼ੁਰੂਆਤੀ ਪਲਾਂ ਵਿਚ ਲਏ ਜਾਂਦੇ ਹਨ, ਉਹੀ ਅੱਗੇ ਜਾ ਕੇ ਮੁਲਜ਼ਮ ਦੀ ਆਪਣਾ ਬਚਾਅ ਕਰਨ ਦੀ ਸਮਰੱਥਾ ਨੂੰ ਤੈਅ ਕਰਦੇ ਹਨ। ਉਨ੍ਹਾਂ ਕਿਹਾ ਕਿ ਪੁਲਿਸ ਦੀਆਂ ਜ਼ਿਆਦਤੀਆਂ 'ਤੇ ਨਜ਼ਰ ਰੱਖਣ ਲਈ ਕਾਨੂੰਨੀ ਸਹਾਇਤਾ ਦੇ ਸੰਵਿਧਾਨਕ ਹੱਕ ਬਾਰੇ ਲੋਕਾਂ ਤੱਕ ਜਾਣਕਾਰੀ ਪਹੁੰਚਾਉਣਾ ਬਹੁਤ ਜ਼ਰੂਰੀ ਹੈ। ਇਸ ਤੋਂ ਇਲਾਵਾ ਮੁਫਤ ਕਾਨੂੰਨੀ ਸਹਾਇਤਾ ਬਾਰੇ ਵੀ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ। ਇਸ ਬਾਰੇ ਹਰੇਕ ਪੁਲਿਸ ਥਾਣੇ/ਜੇਲ੍ਹ ਦੇ ਬਾਹਰ ਜਾਣਕਾਰੀ ਲਿਖੀ ਜਾਣੀ ਚਾਹੀਦੀ ਹੈ। ਚੀਫ ਜਸਟਿਸ ਨੇ ਕਿਹਾ ਕਿ ਜੇਕਰ ਸਮਾਜ ਨੂੰ ਕਾਨੂੰਨ ਦੇ ਦਾਇਰੇ 'ਚ ਚਲਾਉਣਾ ਹੈ ਤਾਂ ਅਮੀਰਾਂ ਤੇ ਗਰੀਬਾਂ ਵਿਚਾਲੇ ਨਿਆਂ ਤੱਕ ਪਹੁੰਚ ਦਾ ਖੱਪਾ ਪੂਰਨਾ ਹੋਵੇਗਾ।

# ਗਾਖਲ ਭਰਾ ਮੁੰਡੇ-ਕੁੜੀਆਂ ਦੀਆਂ ਭਾਰਤੀ ਹਾਕੀ ਟੀਮਾਂ ਦਾ 5-5 ਲੱਖ ਰੁਪਏ ਨਾਲ ਕਰਨਗੇ ਸਨਮਾਨ

**ਜਲੰਧਰ:** ਗਾਖਲ ਗਰੁੱਪ ਦੇ ਚੇਅਰਮੈਨ ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ ਨੇ ਟੋਕੀਓ ਓਲੰਪਿਕਸ ਸ਼ੁਰੂ ਹੁੰਦਿਆਂ ਹੀ ਐਲਾਨ ਕੀਤਾ ਸੀ ਕਿ ਜੇ ਭਾਰਤ ਦੀ ਹਾਕੀ ਟੀਮ ਓਲੰਪਿਕ 'ਚ ਗੋਲਡ ਮੈਡਲ



ਜਿੱਤਦੀ ਹੈ ਤਾਂ ਉਹ ਆਪਣੀ ਦਾਦੀ ਸਵਰਗੀ ਗੁਰਭਾਗ ਕੌਰ ਤੇ ਮਾਤਾ ਸਵਰਗੀ ਗੁਰਦੇਵ ਕੌਰ ਦੀ ਯਾਦ 'ਚ 11 ਲੱਖ ਰੁਪਏ ਦੇ ਕੇ ਸਨਮਾਨਿਤ ਕਰਨਗੇ। ਜ਼ਿਕਰਯੋਗ ਹੈ ਕਿ ਅਮਰੀਕਾ 'ਚ ਗਾਖਲ ਭਰਾਵਾਂ ਦਾ ਟਰੱਕਿੰਗ ਦਾ ਕਾਰੋਬਾਰ ਹੈ ਅਤੇ ਉਥੇ ਇਨ੍ਹਾਂ ਦੇ ਹੋਟਲ ਵੀ ਹਨ। ਭਾਰਤ ਵਿਚ ਇਹ ਫਿਲਮ ਇੰਡਸਟਰੀ ਨਾਲ ਜੁੜੇ ਹੋਏ ਹਨ ਤੇ ਕਈ ਫਿਲਮਾਂ ਦਾ ਨਿਰਮਾਣ ਕਰ ਚੁੱਕੇ ਹਨ।

ਗਾਖਲ ਭਰਾਵਾਂ ਅਨੁਸਾਰ ਭਾਵੇਂ ਸਾਡੀਆਂ ਟੀਮਾਂ ਗੋਲਡ ਨਹੀਂ ਜਿੱਤ ਸਕੀਆਂ, ਫਿਰ ਵੀ ਸਾਡਾ ਪਰਿਵਾਰ ਇਨ੍ਹਾਂ ਟੀਮਾਂ ਵਲੋਂ ਕੀਤੀ ਗਈ ਸਖਤ ਮਿਹਨਤ ਦਾ ਸਤਿਕਾਰ ਕਰਦਾ ਹੈ। ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਅਸੀਂ ਸਲਾਹ ਕੀਤੀ ਹੈ ਕਿ ਇਹ ਇਨਾਮ ਹੁਣ ਕਾਂਸੇ ਦਾ ਤਮਗਾ ਜੇਤੂ ਲੜਕਿਆਂ ਦੀ ਹਾਕੀ ਟੀਮ ਅਤੇ ਚੌਥੇ ਸਥਾਨ 'ਤੇ ਆਈ ਲੜਕੀਆਂ ਦੀ ਹਾਕੀ ਟੀਮ ਨੂੰ ਸਾਂਝੇ ਤੌਰ 'ਤੇ ਸਾਵੇ 5-5 ਲੱਖ ਰੁਪਏ ਦੇ ਕੇ ਦੇਵਾਂਗੇ। ਜਲੰਧਰ ਵਿਖੇ ਨੱਥਾ ਸਿੰਘ ਗਾਖਲ ਤੇ ਨਿਰਮਲ ਸਿੰਘ ਗਾਖਲ ਨੇ ਦੱਸਿਆ ਕਿ ਗਾਖਲ ਪਰਿਵਾਰ ਖੇਡਾਂ ਨੂੰ ਸਮੇਂ-ਸਮੇਂ 'ਤੇ ਸਪਾਂਸਰ ਕਰਦਾ ਆ ਰਿਹਾ ਹੈ। ਹਾਕੀ ਖੇਡ ਦੀ ਤਰੱਕੀ ਲਈ ਸੁਰਜੀਤ ਹਾਕੀ ਸੁਸਾਇਟੀ ਵੱਲੋਂ ਕਰਵਾਏ ਜਾਂਦੇ ਸੁਰਜੀਤ ਹਾਕੀ ਕੱਪ ਦਾ ਹਰ ਸਾਲ ਪਹਿਲਾ ਇਨਾਮ 6 ਲੱਖ ਰੁਪਏ ਵੀ ਗਾਖਲ ਪਰਿਵਾਰ ਵੱਲੋਂ ਦਿੱਤਾ ਜਾਂਦਾ ਹੈ। ਸੁਰਜੀਤ ਹਾਕੀ ਸੁਸਾਇਟੀ ਵੱਲੋਂ ਜੋ ਬੱਚਿਆਂ ਦਾ ਕੈਂਪ ਚੱਲ ਰਿਹਾ ਹੈ, ਉਸ ਨੂੰ ਵੀ ਗਾਖਲ ਭਰਾਵਾਂ ਨੇ ਸਪਾਂਸਰ ਕੀਤਾ। ਬੀਜਿੰਗ 2008 ਵਿਚ ਜੋ ਓਲੰਪਿਕਸ ਹੋਈਆਂ ਸਨ, ਉਸ ਵਿਚ ਸੋਨੇ ਦਾ ਤਮਗਾ ਜੇਤੂ ਅਭਿਨਵ ਬਿੰਦਰਾ ਦਾ ਵੀ ਗਾਖਲ ਭਰਾਵਾਂ ਨੇ 10 ਲੱਖ ਰੁਪਏ ਨਾਲ ਸਨਮਾਨ ਕੀਤਾ ਸੀ। ਉਨ੍ਹਾਂ ਕਿਹਾ ਕਿ ਹਾਕੀ ਦੀਆਂ ਟੀਮਾਂ ਨੂੰ ਗਾਖਲ ਪਿੰਡ 'ਚ ਅਕਤੂਬਰ ਮਹੀਨੇ ਵਿਚ ਸਮਾਗਮ ਕਰਕੇ 11 ਲੱਖ ਰੁਪਏ ਦੇ ਇਨਾਮ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਮੌਕੇ ਨੱਥਾ ਸਿੰਘ ਗਾਖਲ, ਨਿਰਮਲ ਸਿੰਘ ਗਾਖਲ, ਜਸਵੀਰ ਸਿੰਘ ਪੰਚ ਤੇ ਜਸਵੰਤ ਸਿੰਘ ਪੰਚ ਹਾਜ਼ਰ ਸਨ।

# ਗੁੱਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਵਲੋਂ ਅਮਰੀਕਨ-ਕੈਨੇਡੀਅਨ ਪੰਜਾਬੀ ਕਵੀ ਦਰਬਾਰ

**ਸਰੀ, ਕੈਨੇਡਾ:** ਗੁੱਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ ਲੁਧਿਆਣਾ ਦੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਪੰਜਾਬੀ ਕਲਮਾਂ ਦਾ ਕਾਫਲਾ (ਟੋਰਾਂਟੋ) ਦੇ ਸਹਿਯੋਗ ਨਾਲ ਅਮਰੀਕਨ-ਕੈਨੇਡੀਅਨ ਪੰਜਾਬੀ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਪ੍ਰੋ. ਗੁਰਭਜਨ ਸਿੰਘ ਗਿੱਲ (ਪ੍ਰਧਾਨ ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ) ਨੇ ਕੀਤੀ।

ਪ੍ਰੋਗਰਾਮ ਦੇ ਅਰੰਭ ਵਿਚ ਡਾ. ਸ. ਪ. ਸਿੰਘ (ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ) ਅਤੇ ਪ੍ਰਧਾਨ ਗੁੱਜਰਾਂਵਾਲਾ ਖਾਲਸਾ ਐਜੂਕੇਸ਼ਨਲ ਕੌਂਸਲ ਲੁਧਿਆਣਾ ਨੇ ਜੀ ਆਇਆਂ ਕਿਹਾ। ਉਨ੍ਹਾਂ ਇਸ ਗੱਲ 'ਤੇ ਵਿਸ਼ੇਸ਼ ਜ਼ੋਰ ਦਿੰਦਿਆਂ ਕਿਹਾ ਕਿ ਜੇ ਪਰਵਾਸੀ ਪੰਜਾਬੀ ਸਾਹਿਤ ਨੂੰ ਸਮਝਣਾ ਹੈ ਤਾਂ ਉਸ ਨੂੰ ਵੱਖ ਵੱਖ ਭੂਗੋਲਿਕ ਖਿੱਤਿਆਂ ਵਿਚ ਰੱਖ ਕੇ ਵਿਚਾਰਨਾ ਪਵੇਗਾ, ਕਿਉਂਕਿ ਹਰ ਖਿੱਤੇ ਦੀਆਂ ਆਪਣੀਆਂ ਭੂਗੋਲਿਕ, ਸਮਾਜਿਕ, ਸੱਭਿਆਚਾਰਕ ਬਣਤਰਾਂ ਹਨ। ਉਪਰੰਤ ਪੰਜਾਬੀ ਕਲਮਾਂ ਦਾ ਕਾਫਲਾ ਟੋਰਾਂਟੋ ਦੇ ਕੋਆਰਡੀਨੇਟਰ ਕੁਲਵਿੰਦਰ ਖਹਿਰਾ ਨੇ ਵੀ ਆਪਣੇ ਸਵਾਗਤੀ ਸ਼ਬਦਾਂ ਰਾਹੀਂ ਕਿਹਾ ਕਿ ਸਾਡੀ ਸੰਸਥਾ ਭਵਿੱਖ ਵਿਚ ਪਰਵਾਸੀ ਕੇਂਦਰ ਨਾਲ ਮਿਲ ਕੇ ਅਜਿਹੀਆਂ ਸਾਹਿਤਕ ਸਰਗਰਮੀਆਂ ਉਲੀਕਦੀ ਰਹੇਗੀ।

ਡਾ. ਭੁਪਿੰਦਰ ਸਿੰਘ (ਮੁਖੀ ਪੰਜਾਬੀ ਵਿਭਾਗ) ਨੇ ਕਾਲਜ ਦੇ ਮਾਣਮੱਤੇ ਇਤਿਹਾਸ ਤੇ ਪਰਵਾਸੀ ਸਾਹਿਤ ਅਧਿਐਨ ਕੇਂਦਰ ਵੱਲੋਂ ਕਰਵਾਈਆਂ ਜਾਂਦੀਆਂ ਸਾਹਿਤਕ ਸਰਗਰਮੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਪੰਜਾਬ ਆਰਟਸ ਕੌਂਸਲ ਦੇ ਸਕੱਤਰ ਜਨਰਲ ਡਾ. ਲਖਵਿੰਦਰ ਸਿੰਘ ਜੌਹਲ ਨੇ ਆਪਣੇ ਵਿਸ਼ੇਸ਼ ਭਾਸ਼ਣ ਰਾਹੀਂ ਕਿਹਾ ਕਿ ਅੱਜ ਪਰਵਾਸ ਅਤੇ ਪਰਵਾਸੀ ਪੰਜਾਬੀ ਸਾਹਿਤ ਵਿਚ ਵਿਸ਼ਵ ਵਿਆਪੀ ਪੱਧਰ 'ਤੇ ਬਦਲਾਅ ਹੋ ਰਹੇ ਹਨ ਤੇ ਪਰਵਾਸੀ ਪੰਜਾਬੀ ਸਾਹਿਤ ਨੂੰ ਵੀ ਇਨ੍ਹਾਂ ਬਦਲੀਆਂ ਹੋਈਆਂ ਪ੍ਰਸਥਿਤੀਆਂ ਅਨੁਸਾਰ ਹੀ ਸਮਝਣਾ ਪਵੇਗਾ।

ਅਮਰੀਕਾ ਤੋਂ ਪੰਜਾਬੀ ਕਵੀ ਤੇ ਚਿੰਤਕ ਰਵਿੰਦਰ ਸਹਿਰਾਅ ਤੇ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰ ਕੇ ਪਰਵਾਸੀ ਪੰਜਾਬੀ ਸਾਹਿਤ ਅਤੇ ਖਾਸ ਕਰਕੇ ਪਰਵਾਸੀ ਪੰਜਾਬੀ ਕਵਿਤਾ ਦੀ ਸਥਿਤੀ ਤੇ ਸੰਭਾਵਨਾਵਾਂ ਬਾਰੇ ਵਿਚਾਰ ਚਰਚਾ ਕੀਤੀ।

ਇਸ ਤੋਂ ਬਾਅਦ ਕਵੀ ਦਰਬਾਰ ਦਾ ਆਗਾਜ਼ ਹੋਇਆ, ਜਿਸ ਵਿਚ ਡਾ. ਸ਼ਸ਼ੀਕਾਂਤ ਉੱਪਲ (ਨਿਊ ਯਾਰਕ), ਨਕਸ਼ਦੀਪ ਪੰਜਕੋਹਾ ਕੈਲੀਫੋਰਨੀਆ,




ਕੈਨੇਡਾ ਤੋਂ ਸੁਰਜੀਤ ਕੌਰ, ਪ੍ਰੋ. ਜਗੀਰ ਸਿੰਘ ਕਾਹਲੋਂ, ਪਰਮਜੀਤ ਕੌਰ ਦਿਓਲ, ਭੁਪਿੰਦਰ ਦੂਲੇ, ਪਿਆਰਾ ਸਿੰਘ ਕੁੱਦੋਵਾਲ, ਸੁਰਿੰਦਰ ਸਿੰਘ ਸੁੰਨੜ (ਕੈਲੀਫੋਰਨੀਆ), ਕੈਨੇਡਾ ਤੋਂ ਬਮਲਜੀਤ ਕੌਰ ਮਾਨ, ਪਰਵਿੰਦਰ ਗੋਗੀ, ਲਵੀਨ ਗਿੱਲ (ਮਿਸੀਸਾਗਾ), ਹਰਪ੍ਰੀਤ ਕੌਰ ਧੂਤ (ਸਟਾਕਟਨ) ਅਤੇ ਰੋਮੀ ਬੈਂਸ (ਰਿਚਮੰਡ) ਨੇ ਆਪਣੀਆਂ ਕਾਵਿ-ਰਚਨਾਵਾਂ ਪੇਸ਼ ਕੀਤੀਆਂ।

ਪ੍ਰੋ. ਗੁਰਭਜਨ ਗਿੱਲ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਬਰਤਾਨੀਆ ਮਗਰੋਂ ਅਮਰੀਕਾ ਤੇ ਕੈਨੇਡਾ ਪੰਜਾਬੀ ਸਾਹਿਤ ਸਿਰਜਣਾ ਦੇ ਪ੍ਰਮੁੱਖ ਕੇਂਦਰ ਵਜੋਂ ਵਿਕਸਿਤ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪਰਵਾਸੀ ਸਾਹਿਤ ਅਧਿਐਨ ਕੇਂਦਰ ਦੀਆਂ ਸਾਹਿਤਕ ਸਰਗਰਮੀਆਂ, ਜਿਨ੍ਹਾਂ ਵਿਚ ਕਰਵਾਏ ਜਾ ਰਹੇ ਲੜੀਵਾਰ ਵੈਬੀਨਾਰ ਤੇ ਤ੍ਰੈ-ਮਾਸਿਕ ਪੱਤ੍ਰਿਕਾ "ਪਰਵਾਸ" ਵੀ ਹੈ, ਇਹ ਤਾਂ ਹੀ ਸਫਲਤਾ ਪੂਰਵਕ ਚੱਲ ਸਕਦੇ ਹਨ, ਜੇ ਵੱਖ ਵੱਖ ਮੁਲਕਾਂ ਦੀਆਂ ਸਾਹਿਤਕ ਸਭਾਵਾਂ ਤੇ ਪਰਵਾਸੀ ਲੇਖਕ ਸਾਨੂੰ ਸਹਿਯੋਗ ਦੇਣ। ਉਨ੍ਹਾਂ ਨੇ ਪਰਵਾਸੀ ਪੰਜਾਬੀ ਲੇਖਕਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀਆਂ ਨਵ ਪ੍ਰਕਾਸ਼ਿਤ ਪੁਸਤਕਾਂ ਕੇਂਦਰ ਨੂੰ ਭੇਜਣ। ਉਨ੍ਹਾਂ ਨੇ ਹਰੇਕ ਕਵੀ ਦੀ ਕਵਿਤਾ ਬਾਰੇ ਵੀ ਆਪਣੇ ਵਿਚਾਰ ਪੇਸ਼ ਕੀਤੇ।

ਪ੍ਰੋ. ਸ਼ਰਨਜੀਤ ਕੌਰ ਨੇ ਇਸ ਸੈਮੀਨਾਰ ਦਾ ਸੰਚਾਲਨ ਬਹੁਤ ਹੀ ਖੂਬਸੂਰਤ ਢੰਗ ਨਾਲ ਕੀਤਾ। ਇਸ ਮੌਕੇ ਪੰਜਾਬੀ ਵਿਭਾਗ ਦੇ ਅਧਿਆਪਕ ਡਾ. ਭੁਪਿੰਦਰ ਸਿੰਘ (ਮੁਖੀ ਪੋਸਟ ਗਰੈਜੂਏਟ ਪੰਜਾਬੀ ਵਿਭਾਗ), ਡਾ. ਗੁਰਪ੍ਰੀਤ ਸਿੰਘ, ਡਾ. ਹਰਪ੍ਰੀਤ ਸਿੰਘ ਦੂਆ ਤੇ ਡਾ. ਤਜਿੰਦਰ ਕੌਰ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

# ਪੰਜਾਬ ਦੇ 8.5 ਲੱਖ ਕਿਸਾਨਾਂ ਨੂੰ ਸਿਹਤ ਬੀਮਾ ਯੋਜਨਾ ਹੇਠ ਲਿਆਉਣ ਦਾ ਫੈਸਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੂਬੇ ਦੇ ਤਕਰੀਬਨ 8.5 ਲੱਖ ਕਿਸਾਨਾਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਾਲ 2021-22 ਲਈ ਸਿਹਤ ਬੀਮਾ ਯੋਜਨਾ ਦੇ ਘੇਰੇ ਵਿਚ ਲਿਆਉਣ ਦਾ ਫੈਸਲਾ ਕੀਤਾ ਹੈ। 'ਜੇ' ਫਾਰਮ ਅਤੇ 'ਗੰਨਾ ਤੋਲ ਪਰਚੀ' ਵਾਲੇ ਸਾਰੇ ਕਿਸਾਨ ਸਿਹਤ ਬੀਮਾ ਯੋਜਨਾ ਲਈ ਯੋਗ ਹੋਣਗੇ। ਵਿੱਤ, ਸਬਸਿਡੀ ਦਾਅਵਿਆਂ ਅਤੇ ਟੈਕਸ ਛੋਟ ਦਾ ਲਾਭ ਲੈਣ ਲਈ 'ਜੇ' ਫਾਰਮ ਦੀ ਲੋੜ ਹੁੰਦੀ ਹੈ। ਕਿਸਾਨਾਂ ਲਈ ਅਪਲਾਈ ਕਰਨ ਦੀ ਪ੍ਰਕਿਰਿਆ ਸੁਖਾਲੀ ਬਣਾਉਣ ਦੇ ਉਦੇਸ਼ ਤਹਿਤ ਪੰਜਾਬ ਮੰਡੀ ਬੋਰਡ ਨੇ ਇਸ ਵਰ੍ਹੇ ਇਕ ਵਿਸ਼ੇਸ਼ ਪੋਰਟਲ ਸ਼ੁਰੂ ਕੀਤਾ ਹੈ। ਹੁਣ ਕਿਸਾਨਾਂ ਨੂੰ ਪਹਿਲਾਂ ਦੀ ਤਰ੍ਹਾਂ ਖੁਦ ਅਪਲਾਈ ਕਰਨ ਲਈ ਬਾਜ਼ਾਰ ਸਮਿਤੀ ਦੇ ਦਫਤਰ ਜਾਣ ਦੀ ਲੋੜ ਨਹੀਂ ਹੋਵੇਗੀ। ਪੰਜਾਬ ਮੰਡੀ ਬੋਰਡ ਦੇ ਪ੍ਰਧਾਨ ਲਾਲ ਸਿੰਘ ਨੇ ਕਿਹਾ ਕਿ ਬੋਰਡ ਸਭਨਾਂ ਕਿਸਾਨਾਂ ਦੇ ਬੀਮੇ ਦੀ ਰਾਸ਼ੀ ਅਦਾ ਕਰੇਗਾ। ਇਸ ਯੋਜਨਾ ਤਹਿਤ ਕਿਸਾਨਾਂ ਨੂੰ ਹਰ ਵਰ੍ਹੇ ਪੰਜ ਲੱਖ ਤਕ ਦੇ ਕੈਸ਼ਲੈੱਸ ਇਲਾਜ ਦੀ ਸਹੂਲਤ ਮਿਲੇਗੀ।

# ਯੂਥ ਅਕਾਲੀ ਆਗੂ ਵਿੱਕੀ ਮਿੱਡੂਖੇੜਾ ਦਾ ਦਿਨ ਦਿਹਾੜੇ ਕਤਲ



**ਮੁਹਾਲੀ:** ਯੂਥ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਵਿਦਿਆਰਥੀ ਜਥੇਬੰਦੀ ਐਸ.ਓ.ਆਈ. ਦੇ ਸਾਬਕਾ ਪ੍ਰਧਾਨ ਵਿਕਰਮਜੀਤ ਸਿੰਘ ਉਰਫ ਵਿੱਕੀ ਮਿੱਡੂਖੇੜਾ ਨੂੰ ਮੁਹਾਲੀ ਵਿਚ ਦਿਨ ਦਿਹਾੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਉਹ ਇਥੇ ਆਪਣੇ ਪਰਿਵਾਰ ਅਤੇ ਵੱਡੇ ਭਰਾ ਤੇ ਅਕਾਲੀ ਆਗੂ ਅਜੈਪਾਲ ਸਿੰਘ ਮਿੱਡੂਖੇੜਾ ਨਾਲ ਰਹਿ ਰਿਹਾ ਸੀ। ਇਹ ਘਟਨਾ ਇਥੋਂ ਦੇ ਸੈਕਟਰ-71 ਸਥਿਤ ਕਮਿਊਨਿਟੀ ਸੈਂਟਰ ਨੇੜਲੀ ਮਾਰਕੀਟ ਵਿਚ ਸਮੀਰ ਪ੍ਰਾਪਰਟੀ ਡੀਲਰ ਦੇ ਦਫਤਰ ਦੇ ਬਾਹਰ ਵਾਪਰੀ।

ਪੀੜਤ ਪਰਿਵਾਰ ਦੇ ਜਾਣਕਾਰਾਂ ਨੇ ਦੱਸਿਆ ਕਿ ਜਦੋਂ ਇਹ ਘਟਨਾ ਵਾਪਰੀ ਤਾਂ ਉਸ ਸਮੇਂ ਉਥੇ ਮਾਰਕੀਟ ਨੇੜੇ ਪੀ.ਸੀ.ਆਰ. ਦੀ ਗੱਡੀ ਖੜ੍ਹੀ ਸੀ ਪਰ ਪੁਲਿਸ ਦੇ ਤੁਰਤ ਹਰਕਤ ਵਿਚ ਨਾ ਆਉਣ ਕਾਰਨ ਇਹ ਦੁਖਾਂਤ ਵਾਪਰਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਵਿੱਕੀ ਪ੍ਰਾਪਰਟੀ ਦੀ ਖਰੀਦ-ਵੇਚ ਦੇ ਸਿਲਸਿਲੇ 'ਚ ਸੈਕਟਰ-71 ਦੀ ਮਾਰਕੀਟ ਵਿਚ ਸਮੀਰ ਪ੍ਰਾਪਰਟੀ ਡੀਲਰ ਨੂੰ ਮਿਲ ਕੇ ਜਿਵੇਂ ਹੀ ਵਾਪਸ ਜਾਣ ਲਈ ਆਪਣੀ ਫਾਰਚੂਨਰ ਗੱਡੀ 'ਚ ਬੈਠਣ ਲੱਗਾ ਤਾਂ ਐਨੇ ਵਿਚ ਦੋ ਹਥਿਆਰਬੰਦ ਨੌਜਵਾਨਾਂ ਨੇ ਉਸ 'ਤੇ ਗੋਲੀ ਚਲਾਉਣੀ ਸ਼ੁਰੂ ਕਰ ਦਿੱਤੀ। ਵਿੱਕੀ ਨੇ ਉਥੋਂ ਭੱਜ ਕੇ ਆਪਣੀ ਜਾਨ ਬਚਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਹਮਲਾਵਰਾਂ ਨੇ ਉਸ ਨੂੰ ਘੇਰ ਕੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ।

ਪਿੰਡ ਮਟੌਰ ਦੇ ਵਸਨੀਕ ਮਨਦੀਪ ਸਿੰਘ ਨੇ ਆਪਣੇ ਸਾਥੀਆਂ ਦੀ ਮਦਦ ਨਾਲ ਵਿੱਕੀ ਨੂੰ ਤੁਰਤ ਨੇੜਲੇ ਹਸਪਤਾਲ ਵਿਚ ਲਿਆਂਦਾ ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਹਮਲਾਵਰ ਆਈ-20 ਕਾਰ ਵਿਚ ਆਏ ਸੀ। ਦੋਵੇਂ ਹਮਲਾਵਰਾਂ ਸਿਰ ਤੋਂ ਮੋਨੇ ਸੀ ਤੇ ਉਨ੍ਹਾਂ ਨੇ ਆਪਣੇ ਮੂੰਹ 'ਤੇ ਮਾਸਕ ਪਾਇਆ ਸੀ। ਹਮਲਾਵਰਾਂ ਨੇ ਕਰੀਬ 10 ਤੋਂ 12 ਗੋਲੀਆਂ ਚਲਾਈਆਂ ਹਨ ਜਿਨ੍ਹਾਂ 'ਚੋਂ 6-7 ਗੋਲੀਆਂ ਵਿੱਕੀ ਨੂੰ ਲੱਗੀਆਂ ਦੱਸੀਆਂ ਜਾ ਰਹੀਆਂ ਹਨ। ਹਮਲਾਵਰ ਚਾਰ ਦੱਸੇ ਜਾ ਰਹੇ ਹਨ। ਘਟਨਾ ਤੋਂ ਬਾਅਦ ਉਹ ਮੌਕੇ ਤੋਂ ਫਰਾਰ ਹੋ ਗਏ।

ਵਿੱਕੀ ਮਿੱਡੂਖੇੜਾ, ਬਾਦਲ ਪਰਿਵਾਰ ਤੇ ਸਾਬਕਾ ਮੰਤਰੀ ਬਿਕਰਮ ਮਜੀਠੀਆ ਦੇ ਕਾਫੀ ਨਜ਼ਦੀਕੀ ਸਮਝਿਆ ਜਾਂਦਾ ਸੀ। ਉਹ ਪਾਰਟੀ ਗਤੀਵਿਧੀਆਂ ਤੇ ਵਿਦਿਆਰਥੀ ਚੋਣਾਂ ਵਿਚ ਹਮੇਸ਼ਾ ਸਰਗਰਮ ਭੂਮਿਕਾ ਨਿਭਾਉਂਦਾ ਆ ਰਿਹਾ ਸੀ।

### ਦੋ ਗੈਂਗਸਟਰ ਧੜੇ ਆਹਮੋ-ਸਾਹਮਣੇ

**ਮੁਹਾਲੀ:** ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਵਿਦਿਆਰਥੀ ਜਥੇਬੰਦੀ ਐਸ.ਓ.ਆਈ. ਦੇ ਸਾਬਕਾ ਪ੍ਰਧਾਨ ਵਿਕਰਮਜੀਤ ਸਿੰਘ ਉਰਫ ਵਿੱਕੀ ਮਿੱਡੂਖੇੜਾ ਦੇ ਕਤਲ ਸਬੰਧੀ ਦੋ ਗੈਂਗਸਟਰ ਧੜੇ ਆਹਮੋ-ਸਾਹਮਣੇ ਆ ਗਏ ਹਨ। ਗੈਂਗਸਟਰ ਦਵਿੰਦਰ ਬੰਬੀਹਾ ਗਰੁੱਪ ਨੇ ਮਿੱਡੂਖੇੜਾ ਨੂੰ ਮਾਰਨ ਦੀ ਜ਼ਿੰਮੇਵਾਰੀ ਲਈ ਸੀ ਪਰ ਹੁਣ ਗੈਂਗਸਟਰ ਲਾਰੈਂਸ ਬਿਸ਼ਨੋਈ ਗਰੁੱਪ ਨੇ ਮਿੱਡੂਖੇੜਾ ਦੇ ਕਾਤਲਾਂ ਨੂੰ ਸਬਕ ਸਿਖਾਉਣ ਬਾਰੇ ਫੇਸਬੁੱਕ 'ਤੇ ਪੋਸਟ ਸਾਂਝੀ ਕੀਤੀ ਹੈ। ਉਨ੍ਹਾਂ ਲਿਖਿਆ ਕਿ ਵਿੱਕੀ ਦੀ ਹੱਤਿਆ ਦਾ ਛੇਤੀ ਬਦਲਾ ਲਿਆ ਜਾਵੇਗਾ। ਉਸ ਦੀ ਘਾਟ ਕਦੇ ਪੂਰੀ ਨਹੀਂ ਹੋਵੇਗੀ। ਬਿਸ਼ਨੋਈ ਗਰੁੱਪ ਨੇ ਇਹ ਵੀ ਸਪੱਸ਼ਟ ਕੀਤਾ ਕਿ ਵਿੱਕੀ ਦਾ ਉਨ੍ਹਾਂ ਦੇ ਅਪਰਾਧਾਂ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਉਨ੍ਹਾਂ ਕਿਹਾ ਕਿ ਉਹ ਜ਼ਿਆਦਾ ਕੁਝ ਬੋਲਣਗੇ ਨਹੀਂ, ਸਗੋਂ ਕਰ ਕੇ ਦਿਖਾਉਣਗੇ। ਗੈਂਗਸਟਰਾਂ ਵੱਲੋਂ ਇਕ-ਦੂਜੇ ਨੂੰ ਦਿੱਤੀਆਂ ਜਾ ਰਹੀਆਂ ਧਮਕੀਆਂ ਨੇ ਪੁਲਿਸ ਦੀ ਚਿੰਤਾ ਵਧਾ ਦਿੱਤੀ ਹੈ।

### ਹਤਿਆਰਿਆਂ ਨੂੰ ਭੱਜਣ ਨਹੀਂ ਦਿਆਂਗੇ: ਸੁਖਬੀਰ

**ਲੰਬੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਸੀਨੀਅਰ ਯੂਥ ਅਕਾਲੀ ਆਗੂ ਵਿੱਕੀ ਮਿੱਡੂਖੇੜਾ ਦੇ ਕਾਤਲਾਂ ਨੂੰ ਭੱਜਣ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਯੂਥ ਆਗੂ ਦੀ ਹੱਤਿਆ ਗੈਂਗਸਟਰਾਂ ਦੀ ਬੁਰਛਾਗਰਦੀ ਦਾ ਨਤੀਜਾ ਹੈ। ਉਨ੍ਹਾਂ ਵਿੱਕੀ ਮਿੱਡੂਖੇੜਾ ਦੇ ਬੇਰਹਿਮੀ ਨਾਲ ਕੀਤੇ ਕਤਲ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਕਾਤਲਾਂ ਨੂੰ ਕਿਸੇ ਵੀ ਕੀਮਤ 'ਤੇ ਭੱਜਣ ਨਹੀਂ ਦਿਆਂਗੇ। ਸ੍ਰੀ ਬਾਦਲ ਨੇ ਕਿਹਾ ਕਿ ਵਿੱਕੀ ਦੇ ਕਤਲ ਵਿਚ ਭਗਵਾਨਪੁਰੀਆ ਦਾ ਹੱਥ ਲਗਦਾ ਹੈ। ਉਹ ਜੇਲ੍ਹ ਵਿਚ ਪੰਜਾਬ ਸਰਕਾਰ ਦੇ ਮਹਿਮਾਨ ਵਾਂਗ ਵਿਚਰ ਰਿਹਾ ਹੈ।

## ਸੁਖਬੀਰ ਨੇ 12 ਸੀਟਾਂ ਲਈ ਹਲਕਾ ਮੁੱਖ ਸੇਵਾਦਾਰ ਐਲਾਨੇ



**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ 7 ਨਵੇਂ ਚਿਹਰਿਆਂ ਸਮੇਤ 12 ਵਿਧਾਨ ਸਭਾ ਸੀਟਾਂ ਲਈ ਪਾਰਟੀ ਦੇ ਹਲਕਾ ਮੁੱਖ ਸੇਵਾਦਾਰਾਂ ਦਾ ਐਲਾਨ ਕਰ ਦਿੱਤਾ ਹੈ। ਸੁਖਬੀਰ ਨੇ ਸਾਰੇ 12 ਹਲਕਾ ਮੁੱਖ ਸੇਵਾਦਾਰਾਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਮੁੱਖ ਸੇਵਾਦਾਰਾਂ ਨੂੰ ਅਪੀਲ ਕੀਤੀ ਕਿ ਉਹ ਅਕਾਲੀ ਦਲ ਤੇ ਬਸਪਾ ਗਠਜੋੜ ਵੱਲੋਂ ਐਲਾਨੇ 13 ਨੁਕਾਤੀ ਏਜੰਡੇ ਪ੍ਰਤੀ ਲੋਕਾਂ 'ਚ ਜਾਗਰੂਕਤਾ ਲਿਆਉਣ ਅਤੇ ਸੂਬੇ 'ਚ ਗੱਠਜੋੜ ਸਰਕਾਰ ਬਣਨ ਮਗਰੋਂ ਇਹ ਏਜੰਡਾ ਇਨ ਬਿਨ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸੇਵਾਦਾਰ ਜਿਲ੍ਹਾ ਤੇ ਸਰਕਲ ਜਥੇਬੰਦੀਆਂ ਨਾਲ ਮਿਲ ਕੇ ਕੰਮ ਕਰਨ ਤਾਂ ਜੋ ਪਾਰਟੀ ਦੇ ਸਾਰੇ ਮੈਂਬਰਾਂ 'ਚ ਚੰਗਾ ਤਾਲਮੇਲ ਹੋ ਸਕੇ। ਹਲਕਾ ਮੁੱਖ ਸੇਵਾਦਾਰਾਂ 'ਚ ਹਰਮੀਤ ਸਿੰਘ ਸੰਧੂ ਹਲਕਾ ਤਰਨਤਾਰਨ, ਦਰਸ਼ਨ ਸਿੰਘ ਸ਼ਿਵਾਲਿਕ ਹਲਕਾ ਗਿੱਲ, ਹਰਪਾਨ ਜੁਨੇਜਾ ਪਟਿਆਲਾ ਸ਼ਹਿਰੀ, ਚੰਦਨ ਗਰੇਵਾਲ ਜਲੰਧਰ ਸੈਂਟਰਲ, ਐਸ.ਆਰ. ਕਲੇਰ ਜਗਰਾਓਂ, ਚਰਨਜੀਤ ਸਿੰਘ ਬਰਾੜ ਰਾਜਪੁਰਾ, ਰੋਹਿਤ ਮੋਂਟੂ ਵੋਹਰਾ ਫਿਰੋਜ਼ਪੁਰ ਸ਼ਹਿਰ, ਕੁਲਵੰਤ ਸਿੰਘ ਕੀਤੂ ਬਰਨਾਲਾ, ਮਲਕੀਤ ਸਿੰਘ ਏ.ਆਰ. ਜੰਡਿਆਲਾ, ਸਤਨਾਮ ਰਾਹੀ ਭਦੌੜ, ਤਲਬੀਰ ਸਿੰਘ ਅੰਮ੍ਰਿਤਸਰ ਦੱਖਣੀ ਤੇ ਕਬੀਰ ਦਾਸ ਹਲਕਾ ਨਾਭਾ ਸ਼ਾਮਲ ਹਨ।

# ਲੱਦਾਖ ਮਸਲਾ: 15 ਮਹੀਨੇ ਮਗਰੋਂ ਪਿੱਛੇ ਹਟੀਆਂ ਫੌਜਾਂ

**ਨਵੀਂ ਦਿੱਲੀ:** ਪੰਦਰਾਂ ਮਹੀਨਿਆਂ ਦੇ ਟਕਰਾਅ ਤੋਂ ਬਾਅਦ ਭਾਰਤ ਤੇ ਚੀਨ ਦੀਆਂ ਫੌਜਾਂ ਨੇ ਪੂਰਬੀ ਲੱਦਾਖ ਦੇ ਵਿਵਾਦਤ ਇਲਾਕੇ ਗੋਗਰਾ ਤੋਂ ਆਪਣੀ ਵਾਧੂ ਫੌਜ ਨੂੰ ਵਾਪਸ ਸੱਦ ਲਿਆ ਹੈ, ਪਿਛਲੇ ਸਾਲ ਹੋਏ ਹਿੰਸਕ ਟਕਰਾਅ ਤੋਂ ਪਹਿਲਾਂ ਵਰਗੀ ਸਥਿਤੀ ਬਹਾਲ ਕਰ ਦਿੱਤੀ ਗਈ ਹੈ। ਇਲਾਕੇ 'ਚ ਸਥਿਤੀ ਸੁਧਾਰਨ ਲਈ ਚੁੱਕਿਆ ਗਿਆ ਇਹ ਅਹਿਮ ਕਦਮ ਹੈ।



ਇਸ ਕਦਮ ਬਾਰੇ ਦੱਸਦਿਆਂ ਭਾਰਤੀ ਫੌਜ ਨੇ ਕਿਹਾ ਕਿ ਫੌਜ ਨੂੰ ਸੱਦਣ ਦਾ ਕੰਮ ਚਾਰ ਤੇ 5 ਅਗਸਤ ਨੂੰ ਨੇਪਰੇ ਚਾੜ੍ਹਿਆ ਗਿਆ ਹੈ। ਸਾਰੇ ਆਰਜ਼ੀ ਢਾਂਚੇ ਤੇ ਹੋਰ ਸਾਜੋ-ਸਾਮਾਨ ਹਟਾ ਲਿਆ ਗਿਆ ਹੈ। ਚੀਨ ਨੇ ਵੀ ਅਜਿਹਾ ਹੀ ਕੀਤਾ ਹੈ। ਪੈਟਰੋਲਿੰਗ ਪੁਆਇੰਟ-17ਏ ਜਾਂ ਗੋਗਰਾ ਤੋਂ ਫੌਜ ਨੂੰ ਹਟਾਉਣ ਦਾ ਕੰਮ 12ਵੇਂ ਗੇੜ ਦੀ ਫੌਜੀ ਵਾਰਤਾ ਤਹਿਤ ਸਿਰੇ ਚਾੜ੍ਹਿਆ ਗਿਆ ਹੈ। ਇਹ ਵਾਰਤਾ 31 ਜੁਲਾਈ ਨੂੰ ਚੁਸੂਲ-ਮੋਲਡੋ (ਪੂਰਬੀ ਲੱਦਾਖ) ਸਰਹੱਦੀ ਚੌਕੀ ਉਤੇ ਹੋਈ ਸੀ। ਫੌਜੀ ਕਮਾਂਡਰ ਪੱਧਰ ਦੀ ਵਾਰਤਾ ਵਿਚ ਦੋਵੇਂ ਧਿਰਾਂ ਗੋਗਰਾ ਤੋਂ ਵਾਧੂ ਫੌਜ ਵਾਪਸ ਸੱਦਣ ਲਈ ਸਹਿਮਤ ਹੋਈਆਂ ਸਨ। ਇਸ ਇਲਾਕੇ ਵਿਚ ਭਾਰਤ ਤੇ ਚੀਨ ਦੀ ਫੌਜ ਪਿਛਲੇ ਸਾਲ ਮਈ ਤੋਂ ਇਕ-ਦੂਜੇ ਦੇ ਆਹਮੋ-ਸਾਹਮਣੇ ਸੀ।

ਸਮਝੌਤੇ ਤਹਿਤ ਦੋਵਾਂ ਧਿਰਾਂ ਨੇ ਪੜਾਅਵਾਰ ਪੁਸ਼ਟੀ ਕਰ ਕੇ ਤਾਲਮੇਲ ਨਾਲ ਫੌਜ ਘਟਾਉਣੀ ਸੀ। ਭਾਰਤੀ ਫੌਜ ਨੇ ਦੱਸਿਆ ਕਿ ਦੋਵਾਂ ਦੇਸ਼ਾਂ ਦੀ ਫੌਜ ਹੁਣ ਆਪਣੇ ਸਥਾਈ ਟਿਕਾਣਿਆਂ ਉਤੇ ਹੀ ਮੌਜੂਦ ਹੈ। ਫੌਜ ਨੇ ਕਿਹਾ ਕਿ ਦੋਵੇਂ ਧਿਰਾਂ ਹੁਣ ਇਲਾਕੇ ਵਿਚ ਐਲ.ਏ.ਸੀ. ਦੀ ਪਾਲਣਾ ਕਰਨਗੀਆਂ ਤੇ ਸਰਹੱਦ ਦੇ ਦਰਜੇ ਵਿਚ ਇਕਪਾਸੜ ਕੋਈ ਬਦਲਾਅ ਨਹੀਂ ਹੋਵੇਗਾ। ਸੂਤਰਾਂ ਮੁਤਾਬਕ ਦੋਵਾਂ ਧਿਰਾਂ ਨੇ ਇਕ ਬਫਰ ਜੋਨ ਪੀਪੀ-17 ਬਣਾਇਆ ਹੈ ਤੇ ਉਥੇ ਕੋਈ ਗਸ਼ਤ ਨਹੀਂ ਹੋਵੇਗੀ। ਜ਼ਿਕਰਯੋਗ ਹੈ ਕਿ 12ਵੇਂ ਗੇੜ ਦੀ ਵਾਰਤਾ ਵਿਚ ਦੋਵੇਂ ਧਿਰਾਂ ਬਕਾਇਆ ਮੁੱਦਿਆਂ ਨੂੰ ਤੇਜੀ ਨਾਲ ਸੁਲਝਾਉਣ ਲਈ ਸਹਿਮਤ ਹੋਈਆਂ ਸਨ। ਫੌਜ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਸਿੱਧੇ ਟਕਰਾਅ ਦਾ ਕੇਂਦਰ ਬਣੇ ਇਕ ਹੋਰ ਸੰਵੇਦਨਸ਼ੀਲ ਖੇਤਰ ਨੂੰ ਖਾਲੀ ਕਰ ਕੇ ਮਸਲਾ ਹੱਲ ਕਰ ਦਿੱਤਾ ਗਿਆ ਹੈ। ਦੋਵੇਂ ਧਿਰਾਂ ਪੱਛਮੀ ਸੈਕਟਰ ਬਾਰੇ ਵਾਰਤਾ ਨੂੰ ਜਾਰੀ ਰੱਖਣ ਤੇ ਐਲ.ਏ.ਸੀ. ਨਾਲ ਜੁੜੇ ਬਾਕੀ ਮੁੱਦੇ ਵੀ ਸੁਲਝਾਉਣ ਲਈ ਵਚਨਬੱਧਤਾ ਜ਼ਾਹਿਰ ਕਰ ਚੁੱਕੀਆਂ ਹਨ। ਦੱਸਣਯੋਗ ਹੈ ਕਿ ਸਰਕਾਰ ਪੂਰਬੀ ਲੱਦਾਖ ਨੂੰ ਪੱਛਮੀ ਸੈਕਟਰ ਕਹਿੰਦੀ ਹੈ। ਭਾਰਤ ਤੇ ਚੀਨ ਨੇ ਪਿਛਲੇ ਸਾਲ ਵੀ ਅੰਸ਼ਕ ਤੌਰ 'ਤੇ ਫੌਜਾਂ ਕੱਢੀਆਂ ਸਨ ਪਰ ਪੈਂਗੌਂਗ ਖੇਤਰ ਵਿਚ ਮੁੜ ਤਣਾਅ ਬਣਨ 'ਤੇ ਇਹ ਪ੍ਰਕਿਰਿਆ ਵਿਚਾਲੇ ਹੀ ਰਹਿ ਗਈ ਸੀ। ਫੌਜ ਦਾ ਧਿਆਨ ਹੁਣ ਹੌਟ ਸਪਰਿੰਗਜ, ਦੇਪਸਾਂਗ ਤੇ ਡੇਮਚੋਕ ਖੇਤਰਾਂ ਵਿਚ ਫੌਜਾਂ ਵਾਪਸ ਸੱਦਣ ਦਾ ਕੰਮ ਪੂਰੀ ਤਰ੍ਹਾਂ ਨੇਪਰੇ ਚਾੜ੍ਹਨ ਉਤੇ ਹੈ।

# ਭਾਰਤ ਨੂੰ 5ਵੀਂ ਕਰੋਨਾ ਵੈਕਸੀਨ ਮਿਲੀ

**ਨਵੀਂ ਦਿੱਲੀ:** ਕਰੋਨਾ ਤੋਂ ਬਚਾਅ ਲਈ ਅਮਰੀਕੀ ਕੰਪਨੀ ਜੌਹਨਸਨ ਐਂਡ ਜੌਹਨਸਨ ਦੇ ਇਕੋ ਟੀਕੇ ਨੂੰ ਭਾਰਤ 'ਚ ਹੰਗਾਮੀ ਵਰਤੋਂ ਲਈ ਮਨਜ਼ੂਰੀ ਦੇ ਦਿੱਤੀ ਗਈ ਹੈ। ਕੇਂਦਰੀ ਸਿਹਤ ਮੰਤਰੀ ਮਨਸੁਖ ਮਾਂਡਵੀਆ ਨੇ ਕਿਹਾ ਕਿ ਇਸ ਨਾਲ ਕਰੋਨਾ ਲਾਗ ਖਿਲਾਫ ਜੰਗ 'ਚ ਹੋਰ ਤਾਕਤ ਮਿਲੇਗੀ।

ਦੇਸ਼ 'ਚ ਹੁਣ ਤੱਕ ਪੰਜ ਟੀਕਿਆਂ ਨੂੰ ਹੰਗਾਮੀ ਵਰਤੋਂ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ। ਇਨ੍ਹਾਂ 'ਚ ਭਾਰਤ ਦੇ ਸੀਰਮ ਇੰਸਟੀਚਿਊਟ ਦੀ ਕੋਵੀਸ਼ੀਲਡ, ਭਾਰਤ ਬਾਇਓਟੈੱਕ ਦੀ ਕੋਵੈਕਸੀਨ, ਰੂਸ ਦੀ ਸਪੂਤਨਿਕ ਵੀ, ਮੋਡਰਨਾ ਅਤੇ ਹੁਣ ਜੌਹਨਸਨ ਐਂਡ ਜੌਹਨਸਨ ਸ਼ਾਮਲ ਹਨ। ਜੌਹਨਸਨ ਐਂਡ ਜੌਹਨਸਨ ਦੇ ਤਰਜਮਾਨ ਨੇ ਕਿਹਾ ਹੈ ਕਿ ਗੰਭੀਰ ਤੋਂ ਗੰਭੀਰ ਲਾਗ ਨੂੰ ਰੋਕਣ ਲਈ ਉਨ੍ਹਾਂ ਦੇ ਟੀਕੇ ਦੀ ਇਕੋ ਖੁਰਾਕ 85 ਫੀਸਦ ਤੱਕ ਅਸਰਦਾਰ ਹੈ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਅਮਰੀਕਾ ਆਧਾਰਿਤ ਕੰਪਨੀ ਨੇ ਹੰਗਾਮੀ ਵਰਤੋਂ ਦੀ ਮਨਜ਼ੂਰੀ ਮੰਗੀ ਸੀ ਜਿਸ ਨੂੰ ਭਾਰਤੀ ਡਰੱਗਜ ਕੰਟਰੋਲਰ ਜਨਰਲ ਆਫ ਇੰਡੀਆ ਨੇ ਉਸੇ ਦਿਨ ਪ੍ਰਵਾਨਗੀ ਦੇ ਦਿੱਤੀ ਸੀ।

ਜੌਹਨਸਨ ਐਂਡ ਜੌਹਨਸਨ ਇੰਡੀਆ ਨੇ ਬਿਆਨ 'ਚ ਕਿਹਾ ਕਿ ਮਹਾਮਾਰੀ ਦੇ ਖਾਤਮੇ ਲਈ ਕੋਵਿਡ-19 ਵੈਕਸੀਨ ਦੀ ਉਪਲੱਬਧਤਾ ਨੂੰ ਰਫਤਾਰ ਦੇਣ ਲਈ ਇਹ ਅਹਿਮ ਕਦਮ ਹੈ। ਇਸ ਤੋਂ ਪਹਿਲਾਂ ਜੇ ਐਂਡ ਜੇ ਨੇ 600 ਵਿਅਕਤੀਆਂ 'ਤੇ ਆਪਣੀ ਵੈਕਸੀਨ ਦੇ ਤੀਜੇ ਪੜਾਅ ਦੇ ਪ੍ਰੀਖਣ ਦੀ ਪ੍ਰਵਾਨਗੀ ਮੰਗੀ ਸੀ ਪਰ ਕੰਪਨੀ ਨੇ 29 ਜੁਲਾਈ ਨੂੰ ਇਹ ਤਜਵੀਜ਼ ਵਾਪਸ ਲੈ ਲਈ ਸੀ।

# ਆਰ.ਬੀ.ਆਈ. ਨੇ ਵਿਆਜ ਦਰਾਂ 'ਚ ਕੋਈ ਤਬਦੀਲੀ ਨਾ ਕੀਤੀ

**ਨਵੀਂ ਦਿੱਲੀ:** ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਉਮੀਦ ਮੁਤਾਬਕ ਵਿਆਜ ਦਰਾਂ 'ਚ ਕੋਈ ਬਦਲਾਅ ਨਾ ਕਰਦਿਆਂ ਇਸ ਨੂੰ ਰਿਕਾਰਡ ਹੇਠਲੇ ਪੱਧਰ 'ਤੇ ਕਾਇਮ ਰੱਖਿਆ ਹੈ। ਕੇਂਦਰੀ ਬੈਂਕ ਨੇ ਅਰਥਚਾਰੇ ਦੇ ਹਾਲੇ ਤੱਕ ਪੂਰੀ ਤਰ੍ਹਾਂ ਨਾਲ ਕੋਵਿਡ-19 ਸੰਕਟ ਤੋਂ ਨਾ ਉਭਰ ਸਕਣ ਕਾਰਨ ਮੁਦਰਾ ਨੀਤੀ ਦੇ ਰੁਖ ਨੂੰ ਨਰਮ ਬਣਾਈ ਰੱਖਣ ਦਾ ਫੈਸਲਾ ਲਿਆ ਹੈ। ਛੇ ਮੈਂਬਰੀ ਮੁਦਰਾ ਨੀਤੀ ਕਮੇਟੀ ਨੇ ਸਰਬਸੰਮਤੀ ਨਾਲ ਰੈਪੋ ਦਰ 4 ਫੀਸਦ ਰੱਖਣ ਦਾ ਫੈਸਲਾ ਲਿਆ। ਭਾਵੇਂ ਨਰਮ ਰੁਖ ਦੇ ਮਾਮਲੇ 'ਚ ਵੋਟ ਵੰਡੇ ਗਏ ਅਤੇ ਛੇ 'ਚੋਂ ਇਕ ਮੈਂਬਰ ਇਸ ਦੇ ਪੱਖ 'ਚ ਨਹੀਂ ਸੀ। ਇਹ ਲਗਾਤਾਰ ਸਤਵਾਂ ਮੌਕਾ ਹੈ ਜਦੋਂ ਰੈਪੋ ਦਰ ਨਹੀਂ ਬਦਲੀ ਗਈ ਹੈ।



ਇਸ ਤੋਂ ਪਹਿਲਾਂ ਆਰ.ਬੀ.ਆਈ. ਨੇ ਮੰਗ ਵਧਾਉਣ ਦੇ ਇਰਾਦੇ ਨਾਲ 22 ਮਈ, 2020 ਨੂੰ ਨੀਤੀਗਤ ਦਰ 'ਚ ਬਦਲਾਅ ਕੀਤਾ ਸੀ। ਆਰ.ਬੀ.ਆਈ. ਦੇ ਗਵਰਨਰ ਸ਼ਕਤੀਕਾਂਤ ਦਾਸ ਨੇ ਡਿਜੀਟਲੀ ਮੁਦਰਾ ਨੀਤੀ ਸਮੀਖਿਆ ਬਾਰੇ ਹੋਈ ਬੈਠਕ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦਾ ਵਿੱਤੀ ਵਰ੍ਹੇ 2021-22 ਲਈ ਜੀ.ਡੀ.ਪੀ. ਵਿਕਾਸ ਦਰ ਸਾਢੇ 9 ਫੀਸਦ ਰਹਿਣ ਦਾ ਅਨੁਮਾਨ ਲਾਇਆ ਗਿਆ ਹੈ। ਇਹ ਫੈਸਲਾ ਉਸ ਸਮੇਂ ਲਿਆ ਗਿਆ ਹੈ ਜਦੋਂ ਮਹਿੰਗਾਈ ਦਰ ਪਿਛਲੇ ਦੋ ਮਹੀਨਿਆਂ 'ਚ ਟੀਚੇ ਤਹਿਤ ਨਿਰਧਾਰਤ ਹੱਦ 6 ਫੀਸਦ ਤੋਂ ਉਪਰ ਚਲੀ ਗਈ ਹੈ। ਆਰ.ਬੀ.ਆਈ. ਨੇ ਪਰਚੂਨ ਮਹਿੰਗਾਈ ਦਰ 5.7 ਫੀਸਦ ਰਹਿਣ ਦੀ ਪੇਸ਼ੀਨਗੋਈ ਕੀਤੀ ਹੈ ਜੋ ਪਹਿਲਾਂ 5.1 ਫੀਸਦ ਰਹੀ ਸੀ। ਸ੍ਰੀ ਦਾਸ ਨੇ ਕਿਹਾ ਕਿ ਸਪਲਾਈ ਨੂੰ ਲੈ ਕੇ ਜਿਹੜੀਆਂ ਮੁਸ਼ਕਲਾਂ ਹਨ, ਉਹ ਅਸਥਾਈ ਹੋ ਸਕਦੀਆਂ ਹਨ ਜਦਕਿ ਅਰਥਚਾਰੇ 'ਚ ਸੁਸਤੀ ਨੂੰ ਦੇਖਦਿਆਂ ਮੰਗ ਦੇ ਮਾਮਲੇ 'ਚ ਅਜੇ ਦਬਾਅ ਘੱਟ ਹੈ। ਉਨ੍ਹਾਂ ਅਗਲੇ ਵਿੱਤੇ ਵਰ੍ਹੇ ਦੀ ਪਹਿਲੀ ਤਿਮਾਹੀ 'ਚ ਵਿਕਾਸ ਦਰ 17.2 ਫੀਸਦ ਰਹਿਣ ਦੀ ਸੰਭਾਵਨਾ ਜਤਾਈ ਹੈ। ਆਰ.ਬੀ.ਆਈ. ਨੇ ਟੀ.ਐਲ.ਟੀ.ਆਰ.ਓ. ਤਿੰਨ ਮਹੀਨੇ 31 ਦਸੰਬਰ ਤੱਕ ਵਧਾਉਣ ਦਾ ਫੈਸਲਾ ਲਿਆ ਹੈ।

# ਪ੍ਰਸ਼ਾਂਤ ਕਿਸ਼ੋਰ ਵੱਲੋਂ ਅਮਰਿੰਦਰ ਨਾਲੋਂ ਤੋੜ-ਵਿਛੋੜਾ


**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪ੍ਰਮੁੱਖ ਸਲਾਹਕਾਰ ਪ੍ਰਸ਼ਾਂਤ ਕਿਸ਼ੋਰ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਸੁਪਰੀਮ ਕੋਰਟ 'ਚ ਸੁਣਵਾਈ ਤੋਂ ਪਹਿਲਾਂ ਚੋਣ ਰਣਨੀਤੀ ਘਾੜੇ ਪ੍ਰਸ਼ਾਂਤ ਕਿਸ਼ੋਰ ਨੇ ਮੁੱਖ ਮੰਤਰੀ ਨੂੰ ਲਿਖਤੀ ਸੁਨੇਹਾ ਭੇਜ ਕੇ ਜ਼ਿੰਮੇਵਾਰੀ ਨਿਭਾਉਣ ਤੋਂ ਅਸਮਰੱਥਾ ਜ਼ਾਹਿਰ ਕੀਤੀ ਹੈ।



ਪੰਜਾਬ ਸਰਕਾਰ ਨੇ ਇਹ ਅਸਤੀਫਾ ਪ੍ਰਵਾਨ ਕਰ ਲਿਆ ਹੈ। ਪੰਜਾਬ ਸਰਕਾਰ ਨੇ 1 ਮਾਰਚ 2021 ਨੂੰ ਪ੍ਰਸ਼ਾਂਤ ਕਿਸ਼ੋਰ ਨੂੰ ਬਤੌਰ ਪ੍ਰਮੁੱਖ ਸਲਾਹਕਾਰ ਕੈਬਨਿਟ ਮੰਤਰੀ ਦਾ ਰੁਤਬਾ ਦੇਣ ਤੋਂ ਇਲਾਵਾ ਬਕਾਇਦਾ ਇਥੇ ਸਿਵਲ ਸਕੱਤਰੇਤ ਵਿਚ ਦਫਤਰ ਵੀ ਦਿੱਤਾ ਹੋਇਆ ਸੀ। ਉਂਜ, ਪ੍ਰਸ਼ਾਂਤ ਕਿਸ਼ੋਰ ਨੇ ਕਦੇ ਆਪਣੇ ਇਸ ਦਫਤਰ 'ਚ ਪੈਰ ਨਹੀਂ ਪਾਇਆ ਸੀ ਪਰ ਪੰਜਾਬ ਸਰਕਾਰ ਵੱਲੋਂ ਅਮਲਾ ਫੈਲਾ ਇਸ ਦਫਤਰ 'ਚ ਤਾਇਨਾਤ ਕੀਤਾ ਹੋਇਆ ਸੀ, ਜਿਸ 'ਚ ਇਕ ਪੀਏ, ਇਕ ਪੀਐਸ, ਇਕ ਕਲਰਕ, ਇਕ ਅਪਰੇਟਰ ਅਤੇ ਦੋ ਚਪੜਾਸੀ ਸ਼ਾਮਲ ਹਨ। ਪ੍ਰਸ਼ਾਂਤ ਕਿਸ਼ੋਰ ਨੇ ਮੁੱਖ ਮੰਤਰੀ ਪੰਜਾਬ ਨੂੰ ਲਿਖਤੀ ਸੁਨੇਹਾ ਭੇਜਿਆ ਹੈ ਜਿਸ ਵਿਚ ਜ਼ਿਕਰ ਕੀਤਾ ਗਿਆ ਹੈ ਕਿ ਉਹ (ਪ੍ਰਸ਼ਾਂਤ) ਜਨਤਕ ਜੀਵਨ ਵਿਚ ਸਰਗਰਮ ਭੂਮਿਕਾ ਤੋਂ ਆਰਜ਼ੀ ਬਰੇਕ ਲੈਣਾ ਚਾਹੁੰਦਾ ਹੈ, ਜਿਸ ਕਰਕੇ ਉਹ ਬਤੌਰ ਪ੍ਰਮੁੱਖ ਸਲਾਹਕਾਰ ਜ਼ਿੰਮੇਵਾਰੀਆਂ ਨਹੀਂ ਨਿਭਾਅ ਸਕਦਾ। ਉਸ ਨੂੰ ਬਤੌਰ ਪ੍ਰਮੁੱਖ ਸਲਾਹਕਾਰ ਦੀ ਜ਼ਿੰਮੇਵਾਰੀ ਤੋਂ ਮੁਕਤ ਕੀਤਾ ਜਾਵੇ। ਉਨ੍ਹਾਂ ਨੇ ਆਪਣੇ ਭਵਿੱਖ ਬਾਰੇ ਫਿਲਹਾਲ ਕੋਈ ਫੈਸਲਾ ਨਾ ਕੀਤੇ ਹੋਣ ਦੀ ਗੱਲ ਵੀ ਆਖੀ ਹੈ। ਚੇਤੇ ਰਹੇ ਕਿ ਪੱਛਮੀ ਬੰਗਾਲ ਦੀਆਂ ਚੋਣਾਂ ਮਗਰੋਂ ਪ੍ਰਸ਼ਾਂਤ ਕਿਸ਼ੋਰ ਨੇ ਇਹ ਇਸ਼ਾਰਾ ਕਰ ਦਿੱਤਾ ਸੀ। ਇਸੇ ਦੌਰਾਨ ਪੰਜਾਬ ਸਰਕਾਰ ਨੇ ਪ੍ਰਸ਼ਾਂਤ ਕਿਸ਼ੋਰ ਦਾ ਅਸਤੀਫਾ ਮਨਜ਼ੂਰ ਕਰ ਲਿਆ ਹੈ। ਸਿਆਸੀ ਹਲਕਿਆਂ 'ਚ ਇਸ ਅਸਤੀਫੇ ਤੋਂ ਘੁਸਰ ਮੁਸਰ ਸ਼ੁਰੂ ਹੋ ਗਈ ਹੈ ਅਤੇ ਇਸ ਨੂੰ ਅਮਰਿੰਦਰ-ਨਵਜੋਤ ਸਿੱਧੂ ਦੇ ਆਪਸੀ ਅੰਦਰੂਨੀ ਵਿਵਾਦ ਨਾਲ ਵੀ ਜੋੜ ਕੇ ਦੇਖਿਆ ਜਾ ਰਿਹਾ ਹੈ। ਸੂਤਰ ਆਖਦੇ ਹਨ ਕਿ ਪ੍ਰਸ਼ਾਂਤ ਕਿਸ਼ੋਰ ਹੁਣ ਕੌਮੀ ਸਿਆਸਤ ਵਿਚ ਦਿਲਚਸਪੀ ਰੱਖ ਰਹੇ ਹਨ ਅਤੇ ਉਹ ਗਾਂਧੀ ਪਰਿਵਾਰ ਨਾਲ ਕੰਮ ਕਰਨ ਦੇ ਇੱਛੁਕ ਹਨ। ਇਸੇ ਦੌਰਾਨ ਸਾਬਕਾ ਬਾਕਸਿੰਗ ਕੋਚ ਲਾਭ ਸਿੰਘ ਨੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਪ੍ਰਸ਼ਾਂਤ ਕਿਸ਼ੋਰ ਦੀ ਬਤੌਰ ਪ੍ਰਮੁੱਖ ਸਲਾਹਕਾਰ ਨਿਯੁਕਤੀ ਨੂੰ ਚੁਣੌਤੀ ਦੇ ਦਿੱਤੀ ਸੀ ਪਰ ਹਾਈਕੋਰਟ ਨੇ ਇਹ ਪਟੀਸ਼ਨ ਖਾਰਜ ਕਰ ਦਿੱਤੀ ਸੀ।

# ਬਾਇਡਨ ਨੇ ਗੁਰਦੁਆਰਾ ਓਕ ਕਰੀਕ 'ਚ ਵਾਪਰੀ ਘਟਨਾ ਨੂੰ ਯਾਦ ਕੀਤਾ

**ਵਾਸ਼ਿੰਗਟਨ:** ਨੌਂ ਸਾਲ ਪਹਿਲਾਂ (ਸੰਨ 2012) ਅਮਰੀਕਾ ਦੇ ਵਿਸਕੌਂਸਿਨ ਸੂਬੇ ਦੇ ਗੁਰਦੁਆਰੇ 'ਚ ਹੋਈ ਗੋਲੀਬਾਰੀ ਦੀ ਘਟਨਾ ਨੂੰ ਯਾਦ ਕਰਦਿਆਂ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਮੰਨਿਆ ਕਿ ਮਹਾਮਾਰੀ ਦੌਰਾਨ ਏਸ਼ਿਆਈ-ਅਮਰੀਕੀ ਮੂਲ ਦੇ ਲੋਕਾਂ ਵਿਰੁੱਧ ਨਫਰਤੀ ਅਪਰਾਧ ਵਧੇ ਹਨ।



ਉਨ੍ਹਾਂ ਅਹਿਦ ਕੀਤਾ ਕਿ ਉਹ ਭਾਈਚਾਰੇ ਦੇ ਮੈਂਬਰਾਂ ਦੇ ਸਹਿਯੋਗ ਨਾਲ ਇਸ ਸਮੱਸਿਆ ਦਾ ਟਾਕਰਾ ਕਰਨਗੇ। ਜ਼ਿਕਰਯੋਗ ਹੈ ਕਿ 5 ਅਗਸਤ, 2012 ਨੂੰ ਇਕ ਗੋਰੇ ਕੱਟੜਵਾਦੀ ਨੇ ਓਕ ਕ੍ਰੀਕ ਗੁਰਦੁਆਰੇ ਵਿਚ ਗੋਲੀਬਾਰੀ ਕੀਤੀ ਸੀ ਤੇ ਸੱਤ ਜਣੇ ਮਾਰੇ ਗਏ ਸਨ। ਬਾਇਡਨ ਨੇ ਵਾਈਟ ਹਾਊਸ ਵਿਚ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ 'ਇਸ ਦਿਨ 2012 ਵਿਚ, ਮੈਂ ਇਕ ਸਿੱਖ ਮਿੱਤਰ ਨਾਲ ਸੀ, ਤੇ ਅਸੀਂ ਓਕ ਕ੍ਰੀਕ ਦੇ ਇਕ ਗੁਰਦੁਆਰੇ ਵਿਚ ਗੋਲੀਬਾਰੀ ਦੀ ਘਟਨਾ ਨਾਲ ਨਜਿੱਠ ਰਹੇ ਸੀ, ਕੱਟੜਤਾ 'ਚੋਂ ਉਪਜੀ ਇਸ ਨਫਰਤੀ ਕਾਰਵਾਈ ਨੇ ਸੱਤ ਲੋਕਾਂ ਦੀ ਜਾਨ ਲੈ ਲਈ। ਅੱਜ ਅਸੀਂ ਉਸ ਤ੍ਰਾਸਦੀ ਦੀ ਮਾਰ ਹੇਠ ਆਉਣ ਵਾਲਿਆਂ ਨੂੰ ਸਤਿਕਾਰ ਨਾਲ ਯਾਦ ਕਰਦੇ ਹਾਂ।' ਇਸ ਤੋਂ ਪਹਿਲਾਂ ਬਾਇਡਨ ਨੇ ਏਸ਼ਿਆਈ-ਅਮਰੀਕੀਆਂ ਤੇ ਕਈ ਮਨੁੱਖੀ ਹੱਕ ਕਾਰਕੁਨਾਂ ਨਾਲ ਮੁਲਾਕਾਤ ਕੀਤੀ।

ਬਾਇਡਨ ਨੇ ਕਿਹਾ ਕਿ ਨਫਰਤੀ ਅਪਰਾਧ, ਤੰਗ-ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਤੇ ਕੁੱਟਮਾਰ ਵਧੀ ਹੈ ਤੇ ਰੁਕ ਨਹੀਂ ਰਹੀ। ਵਾਈਟ ਹਾਊਸ ਵਿਚ ਕਈ ਭਾਰਤੀ-ਅਮਰੀਕੀਆਂ ਨੂੰ ਬਾਇਡਨ ਨਾਲ ਮੁਲਾਕਾਤ ਲਈ ਸੱਦਿਆ ਗਿਆ ਸੀ। ਵਾਈਟ ਹਾਊਸ ਨੇ ਬਿਆਨ ਜਾਰੀ ਕਰ ਕੇ ਕਿਹਾ ਕਿ ਰਾਸ਼ਟਰਪਤੀ ਬਾਇਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਇਨ੍ਹਾਂ ਆਗੂਆਂ ਨਾਲ ਮੁਲਾਕਾਤ ਕਰ ਕੇ ਕਈ ਮੁੱਦਿਆਂ ਉਤੇ ਗੱਲਬਾਤ ਕੀਤੀ। ਇਕ ਵੱਖਰੇ ਬਿਆਨ ਵਿਚ ਧਰਮ ਤੇ ਸਿੱਖਿਆ ਬਾਰੇ ਸਿੱਖ ਕੌਂਸਲ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਬਾਇਡਨ ਦਾ ਉਨ੍ਹਾਂ ਦੇ 'ਹਮਦਰਦੀ ਭਰੇ ਰਵੱਈਏ' ਤੇ ਨਫਰਤ-ਹਿੰਸਾ ਖਿਲਾਫ ਸਖਤ ਰੁਖ ਅਖਤਿਆਰ ਕਰਨ ਲਈ ਧੰਨਵਾਦ ਕੀਤਾ ਹੈ। ਕਾਂਗਰਸ ਮੈਂਬਰ ਜੂਡੀ ਚੂ ਜੋ ਕਿ ਏਸ਼ੀਆ ਪੈਸੇਫਿਕ ਕਾਕਸ ਦੀ ਚੇਅਰਮੈਨ ਵੀ ਹੈ, ਨੇ ਵੀ ਓਕ ਕ੍ਰੀਕ ਗੁਰਦੁਆਰੇ ਦੀ ਘਟਨਾ ਨੂੰ ਯਾਦ ਕਰਦਿਆਂ ਕਿਹਾ ਕਿ 'ਸਾਨੂੰ ਹਰ ਹਾਲ 'ਚ ਇਸ ਕੱਟੜਵਾਦ ਨੂੰ ਨਕਾਰਨਾ ਹੋਵੇਗਾ।'

### ਰਾਸ਼ਟਰਪਤੀ ਵੱਲੋਂ ਭਾਰਤੀ-ਅਮਰੀਕੀਆਂ ਨਾਲ ਮੁਲਾਕਾਤ

ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨਾਲ ਬੈਠਕ ਲਈ ਵੱਖ-ਵੱਖ ਸੰਗਠਨਾਂ ਦੇ ਨੁਮਾਇੰਦਿਆਂ ਨੂੰ ਸੱਦਾ ਭੇਜਿਆ ਗਿਆ ਸੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸੀਮਾ ਅਗਨਾਨੀ, ਸਤਜੀਤ ਕੌਰ, ਕਿਰਨ ਕੌਰ ਗਿੱਲ ਤੇ ਨੀਲ ਮਖੀਜਾ ਹਾਜਰ ਸਨ। ਇਸ ਮੌਕੇ ਹੋਈ ਗੱਲਬਾਤ ਏਸ਼ਿਆਈ ਮੂਲ ਦੇ ਲੋਕਾਂ ਖਿਲਾਫ ਹੁੰਦੀ ਹਿੰਸਾ ਦਾ ਟਾਕਰਾ ਕਰਨ ਉਤੇ ਕੇਂਦਰਿਤ ਸੀ। ਇਸ ਤੋਂ ਇਲਾਵਾ ਆਰਥਿਕ ਮੌਕਿਆਂ, ਬਰਾਬਰੀ ਪ੍ਰਤੀ ਵਚਨਬੱਧਤਾ, ਵੋਟ ਪਾਉਣ ਦੇ ਹੱਕ ਦੀ ਰਾਖੀ ਤੇ ਆਵਾਸ ਸੁਧਾਰਾਂ ਬਾਰੇ ਵੀ ਗੱਲਬਾਤ ਹੋਈ। ਇਸ ਤੋਂ ਪਹਿਲਾਂ ਬਾਇਡਨ ਨੇ ਅਮਰੀਕੀਆਂ ਨੂੰ ਬੇਨਤੀ ਕੀਤੀ ਸੀ ਕਿ ਉਹ ਨਫਰਤ ਤੇ ਕੱਟੜਤਾ ਦੇ ਖਿਲਾਫ ਖੜ੍ਹੇ ਹੋਣ ਤੇ ਯਕੀਨੀ ਬਣਾਉਣ ਕਿ ਸਾਰਿਆਂ ਨੂੰ ਆਪਣਾ ਧਰਮ ਨਿਭਾਉਣ ਦੀ ਖੁੱਲ੍ਹ ਮਿਲੇ।

# ਬਰਤਾਨੀਆ ਨੇ ਭਾਰਤੀਆਂ ਨੂੰ ਯਾਤਰਾ ਪਾਬੰਦੀਆਂ ਵਿਚ ਢਿੱਲ ਦਿੱਤੀ

**ਲੰਡਨ:** ਯੂਕੇ ਨੇ ਭਾਰਤ ਤੋਂ ਆਉਣ ਵਾਲੇ ਯਾਤਰੀਆਂ 'ਤੇ ਕਰੋਨਾ ਮਹਾਮਾਰੀ ਦੇ ਮੱਦੇਨਜ਼ਰ ਲਾਈਆਂ ਪਾਬੰਦੀਆਂ ਵਿਚ ਢਿੱਲ ਦੇ ਦਿੱਤੀ ਹੈ। ਯਾਤਰਾ ਪਾਬੰਦੀਆਂ ਦੀ 'ਲਾਲ ਸੂਚੀ' ਵਿਚੋਂ ਭਾਰਤ ਨੂੰ ਕੱਢ ਦਿੱਤਾ ਗਿਆ ਹੈ। ਇਸ ਦਾ ਮਤਲਬ ਇਹ ਹੋਵੇਗਾ ਕਿ ਹੁਣ ਮੁਕੰਮਲ ਵੈਕਸੀਨ ਡੋਜ਼ ਲੈਣ



ਵਾਲਿਆਂ ਨੂੰ ਬਰਤਾਨੀਆ ਪਹੁੰਚਣ 'ਤੇ ਦਸ ਦਿਨ ਲਈ ਇਕਾਂਤਵਾਸ ਨਹੀਂ ਹੋਣਾ ਪਵੇਗਾ। ਪਹਿਲਾਂ ਇਹ ਇਕਾਂਤਵਾਸ ਲਾਜ਼ਮੀ ਕੀਤਾ ਗਿਆ ਸੀ।

ਬਰਤਾਨੀਆ ਦੇ ਸਿਹਤ ਤੇ ਸਮਾਜ ਭਲਾਈ ਵਿਭਾਗ ਮੁਤਾਬਕ ਭਾਰਤ ਤੋਂ ਟੀਕਾ ਲਗਵਾ ਕੇ ਆਉਣ ਵਾਲੇ ਲੋਕ ਹੁਣ ਘਰ ਜਾਂ ਲੋਕੇਟਰ ਫਾਰਮ ਵਿਚ ਦੱਸੀ ਥਾਂ ਉਤੇ ਜਾ ਕੇ ਵੱਖ ਹੋ ਕੇ ਰਹਿ ਸਕਦੇ ਹਨ। ਇਸ ਤੋਂ ਪਹਿਲਾਂ ਯਾਤਰੀ ਨੂੰ ਸਰਕਾਰ ਵੱਲੋਂ ਮਨਜ਼ੂਰਸ਼ੁਦਾ ਕੇਂਦਰ ਵਿਚ ਇਕਾਂਤਵਾਸ ਹੋਣਾ ਪੈਂਦਾ ਸੀ। ਇਸ ਲਈ ਵੱਖਰੇ ਤੌਰ 'ਤੇ 1750 ਪਾਊਂਡ ਖਰਚਣੇ ਪੈਂਦੇ ਸਨ। ਟੀਕੇ ਦੀਆਂ ਦੋਵੇਂ ਖੁਰਾਕਾਂ ਲੈਣ ਵਾਲਿਆਂ 'ਤੇ ਹੁਣ ਇਹ ਸ਼ਰਤ ਲਾਗੂ ਨਹੀਂ ਹੋਵੇਗੀ। ਇਸ ਤੋਂ ਇਲਾਵਾ ਜਿਹੜੇ ਯਾਤਰੀਆਂ ਦੇ ਟੀਕਾ ਯੂਕੇ ਜਾਂ ਯੂਰਪ ਵਿਚ ਲੱਗਾ ਹੈ, ਉਨ੍ਹਾਂ ਨੂੰ ਘਰੇ ਇਕਾਂਤਵਾਸ ਤੋਂ ਵੀ ਛੋਟ ਦਿੱਤੀ ਗਈ ਹੈ। ਬਰਤਾਨੀਆ ਨੇ ਕਿਹਾ ਕਿ ਪੂਰੇ ਵਿਸ਼ਵ ਵਿਚ ਕਈ ਤਰ੍ਹਾਂ ਦੇ ਕੋਵਿਡ ਵੈਕਸੀਨ ਲਾਏ ਜਾ ਰਹੇ ਹਨ ਤੇ ਸਰਕਾਰ ਤੈਅ ਕਰ ਰਹੀ ਹੈ ਕਿ ਕਿਹੜੇ ਗੈਰ-ਯੂਕੇ ਵੈਕਸੀਨਾਂ ਨੂੰ ਮਾਨਤਾ ਦਿੱਤੀ ਜਾਵੇ। ਆਕਸਫੋਰਡ/ਐਸਟਰਾਜੈਨੇਕਾ ਦਾ ਕੋਵੀਸ਼ੀਲਡ ਜਿਸ ਨੂੰ ਕਿ ਭਾਰਤ ਵਿਚ ਸੀਰਮ ਇੰਸਟੀਚਿਊਟ ਬਣਾ ਰਿਹਾ ਹੈ, ਦੇ ਯੂਕੇ ਵੱਲੋਂ ਮਨਜ਼ੂਰ ਵੈਕਸੀਨਾਂ ਦੇ ਘੇਰੇ ਵਿਚ ਆਉਣ ਦੀ ਕਾਫੀ ਸੰਭਾਵਨਾ ਹੈ। ਲਾਗੂ ਨੇਮਾਂ ਮੁਤਾਬਕ ਭਾਰਤ ਤੋਂ ਯੂਕੇ ਆਉਣ ਵਾਲਾ ਯਾਤਰੀ ਉਡਾਣ ਤੋਂ ਤਿੰਨ ਦਿਨ ਪਹਿਲਾਂ ਕੋਵਿਡ ਟੈਸਟ ਕਰਵਾਉਂਦਾ ਹੈ। ਇੰਗਲੈਂਡ ਪਹੁੰਚਣ 'ਤੇ ਦੋ ਕੋਵਿਡ ਟੈਸਟ ਅਗਾਊਂ ਬੁੱਕ ਕਰਦਾ ਹੈ। ਪਹੁੰਚਣ 'ਤੇ ਆਪਣੇ ਰਹਿਣ ਵਾਲੀ ਥਾਂ ਬਾਰੇ ਇਕ ਫਾਰਮ ਵਿਚ ਜਾਣਕਾਰੀ ਦਿੰਦਾ ਹੈ। ਜ਼ਿਕਰਯੋਗ ਹੈ ਕਿ ਫਿਲਹਾਲ ਸੂਚੀਬੱਧ ਸਾਰੀਆਂ ਕੌਮਾਂਤਰੀ ਉਡਾਣਾਂ ਬੰਦ ਹਨ ਪਰ ਦੁਵੱਲੇ ਸਮਝੌਤੇ ਤਹਿਤ ਕੁਝ ਵਿਸ਼ੇਸ਼ ਉਡਾਣਾਂ ਭਾਰਤ ਤੇ ਯੂਕੇ ਵਿਚਾਲੇ ਚੱਲ ਰਹੀਆਂ ਹਨ।

## ਭਾਰਤ 'ਚ ਹੁਣ ਅਮਰੀਕੀ ਤਰਜ਼ 'ਤੇ ਹਾਈਵੇਅ ਬਣਨਗੇ

**ਗਾਂਧੀਨਗਰ:** ਕੇਂਦਰੀ ਸੜਕ ਤੇ ਆਵਾਜਾਈ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਵਿਸ਼ਵਾਸ ਹੈ ਕਿ ਆਉਣ ਵਾਲੇ ਤਿੰਨ ਸਾਲਾਂ ਵਿਚ ਭਾਰਤ ਵਿਚ ਅਮਰੀਕਾ ਦੀਆਂ ਸੜਕਾਂ ਦੇ ਤਰਜ਼ 'ਤੇ ਹਾਈਵੇਅ ਬਣਾ ਦਿੱਤੇ ਜਾਣਗੇ। ਉਹ ਗੁਜਰਾਤ ਦੇ ਮੁੱਖ ਮੰਤਰੀ ਵਿਜੈ ਰੁਪਾਨੀ ਦੇ ਪੰਜ ਸਾਲਾਂ ਦਾ ਕਾਰਜਕਾਲ ਪੂਰਾ ਹੋਣ 'ਤੇ ਮਨਾਏ ਜਾ ਰਹੇ ਗੁਜਰਾਤ ਵਿਕਾਸ ਦਿਵਸ ਸਮਾਗਮ ਵਿਚ ਵਰਚੂਅਲ ਤੌਰ 'ਤੇ ਸ਼ਮੂਲੀਅਤ ਕਰ ਰਹੇ ਸਨ।

ਉਨ੍ਹਾਂ ਕਿਹਾ ਕਿ ਇਕ ਸਮਾਂ ਸੀ ਜਦੋਂ ਦੇਸ਼ ਵਿਚ ਹਰ ਰੋਜ਼ ਸਿਰਫ 2 ਕਿਲੋਮੀਟਰ ਨਵੀਂ ਸੜਕ ਹੀ ਬਣਦੀ ਸੀ ਜਦੋਂ ਕਿ ਹੁਣ ਹਰ ਰੋਜ਼ 38 ਕਿਲੋਮੀਟਰ ਨਵੀਂਆਂ ਸੜਕਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਗੁਜਰਾਤ ਦੇ ਵਡੋਦਰਾ ਤੇ ਕਿਮ ਵਿਚਕਾਰ 125 ਕਿਲੋਮੀਟਰ ਲੰਬਾ ਹਾਈਵੇਅ 8711 ਕਰੋੜ ਰੁਪਏ ਨਾਲ ਤਿਆਰ ਕੀਤਾ ਜਾ ਰਿਹਾ ਹੈ ਜੋ ਕਿ ਦਸੰਬਰ ਤੱਕ ਬਣ ਕੇ ਤਿਆਰ ਹੋ ਜਾਵੇਗਾ।

ਇਹ ਸੜਕ ਦਿੱਲੀ-ਮੁੰਬਈ ਐਕਸਪ੍ਰੈਸਵੇਅ ਦਾ ਹਿੱਸਾ ਹੈ। ਉਨ੍ਹਾਂ ਕਿਹਾ ਕਿ ਦਿੱਲੀ-ਮੁੰਬਈ ਐਕਸਪ੍ਰੈਸਵੇਅ 'ਤੇ ਥਾਂਡਲਾ ਕੋਲ 85 ਕਿਲੋਮੀਟਰ ਲੰਬੇ 8-ਲੇਨ ਹਾਈਵੇਅ 'ਤੇ ਗਰੀਨਫੀਲਡ ਪ੍ਰੋਜੈਕਟ ਅਕਤੂਬਰ ਮਹੀਨੇ ਤੱਕ ਪੂਰਾ ਕਰ ਦਿੱਤਾ ਜਾਵੇਗਾ।

# ਹਰਦੀਪ ਗਰੇਵਾਲ ਦੀ 'ਤੁਣਕਾ ਤੁਣਕਾ' ਫਿਲਮ ਨੇ ਪਾਈ ਪੰਜਾਬੀ ਦਰਸ਼ਕਾਂ ਨੂੰ ਪਾਈ ਖਿੱਚ

**ਕੈਲੀਫੋਰਨੀਆ:** 'ਤੁਣਕਾ ਤੁਣਕਾ' ਫਿਲਮ ਪੰਜਾਬੀ ਗਾਇਕੀ 'ਚ ਚੰਗਾ ਨਾਮ ਬਣਾਉਣ ਵਾਲੇ ਗਾਇਕ ਤੇ ਅਦਾਕਾਰ ਹਰਦੀਪ ਗਰੇਵਾਲ ਦੀ ਪਹਿਲੀ ਫਿਲਮ ਹੈ ਤੇ ਇਸ ਫਿਲਮ ਨੂੰ ਪਹਿਲੀ ਫਿਲਮ ਏਦਾਂ ਵੀ ਕਿਹਾ ਜਾ ਸਕਦਾ ਹੈ ਕਿ ਪਿਛਲੇ ਤਿੰਨ ਦਹਾਕਿਆਂ 'ਚ ਬਣੀਆਂ ਫਿਲਮਾਂ ਤੋਂ ਇਹ ਬਿਲਕੁਲ ਹਟ ਕੇ ਬਣੀ ਭਾਵੁਕ ਫਿਲਮ ਹੈ। ਕਈ ਥਾਂ ਫਿਲਮ ਵਿਚ ਕਮੀਆਂ ਪੇਸ਼ੀਆਂ ਹੋ ਸਕਦੀਆਂ ਹਨ, ਪਰ ਜਿਸ ਤਰ੍ਹਾਂ ਅਜਿਹੀ ਫਿਲਮ ਬਣਾਉਣ ਦਾ ਹੌਸਲਾ ਕੀਤਾ ਗਿਆ ਹੈ ਤੇ ਜਿਸ ਤਰ੍ਹਾਂ ਦਾ ਪੰਜਾਬੀ ਦਰਸ਼ਕਾਂ ਵਲੋਂ ਇਸ ਫਿਲਮ ਨੂੰ ਹੁੰਗਾਰਾ ਮਿਲਿਆ ਹੈ, ਇਸ ਨਾਲ ਪੰਜਾਬੀ ਫਿਲਮਾਂ ਦੇ ਦੌਰ 'ਚ ਨਿਵੇਕਲੀ ਕਿਸਮ ਦਾ ਮੋੜ ਵੀ ਆ ਸਕਦਾ ਹੈ।




ਭਾਵੇਂ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਅਜੇ ਸਿਨੇਮਾ ਘਰਾਂ ਵਿਚ ਕਈ ਤਰ੍ਹਾਂ ਦੀਆਂ ਪਾਬੰਦੀ ਰੂਪੀ ਹਦਾਇਤਾਂ ਹਨ, ਪਰ ਫਿਰ ਵੀ ਪੰਜਾਬੀ ਦਰਸ਼ਕ ਵੱਡੇ ਪੱਧਰ 'ਤੇ ਫਿਲਮ ਦੇਖਣ ਜਾ ਰਹੇ ਹਨ। ਜਿੱਥੇ ਜਿੱਥੇ ਵੀ ਫਿਲਮ ਰਿਲੀਜ਼ ਹੋਈ ਹੈ, ਉੱਥੇ ਹੀ ਦਰਸ਼ਕਾਂ ਵਿਚ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਗਾਇਕ ਤੇ ਅਦਾਕਾਰ ਹਰਦੀਪ ਗਰੇਵਾਲ ਦੀ ਟੀਮ ਨੇ ਇਸ ਫਿਲਮ ਨੂੰ ਬਣਾਉਣ ਵਿਚ ਅੰਤਾਂ ਦੀ ਮਿਹਨਤ ਕੀਤੀ ਹੈ। ਹਰਦੀਪ ਗਰੇਵਾਲ ਦੀ ਇਸ ਫਿਲਮ ਨੂੰ ਵੇਖਣ ਜਾਣਾ ਚਾਹੀਦਾ ਹੈ ਤੇ ਚੰਗੇ ਫਿਲਮ ਨਿਰਮਾਣ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਨਾ ਚਾਹੀਦਾ ਹੈ।


# ਕਾਕੋਰੀ ਕਾਂਡ ਦੇ ਸ਼ਹੀਦਾਂ ਦੀ ਯਾਦ...

ਹਿੰਦੋਸਤਾਨ ਦੀ ਜੰਗ-ਏ-ਆਜ਼ਾਦੀ ਲਈ ਵੱਖ-ਵੱਖ ਜਥੇਬੰਦੀਆਂ, ਲਹਿਰਾਂ, ਐਸੋਸੀਏਸ਼ਨਾਂ, ਵਿਦਿਆਰਥੀਆਂ, ਨੌਜਵਾਨਾਂ ਅਤੇ ਅਗਾਂਹ-ਵਧੂ ਸੋਚ ਰੱਖਣ ਵਾਲੇ ਸੰਗਰਾਮੀਆਂ ਨੇ ਹਿੱਸਾ ਪਾਇਆ ਅਤੇ ਲੱਖਾਂ ਦੀ ਗਿਣਤੀ ਵਿਚ ਹਿੰਦੋਸਤਾਨੀਆਂ ਨੇ ਆਪਣੇ ਜੀਵਨ ਦੀਆਂ ਆਹੂਤੀਆਂ ਪਾ ਕੇ ਅੰਗਰੇਜ਼ ਸਾਮਰਾਜ ਵਿਰੁੱਧ ਆਜ਼ਾਦੀ ਦੇ ਹਵਨ-ਕੁੰਡ ਨੂੰ ਮਘਦੇ ਰੱਖਿਆ।

ਹਿੰਦੋਸਤਾਨ ਰੀਪਬਲਿਕ ਐਸੋਸੀਏਸ਼ਨ (H. R. A.) ਦੇ ਸੰਗਰਾਮੀਆਂ ਨੇ 9 ਅਗਸਤ 1925 ਨੂੰ ਯੂ. ਪੀ. ਪ੍ਰਾਂਤ ਦੇ ਸ਼ਹਿਰ ਸਹਾਰਨਪੁਰ ਤੋਂ ਲਖਨਊ ਜਾ ਰਹੀ ਯਾਤਰੀ ਰੇਲ ਗੱਡੀ ਨੂੰ ਕਾਕੋਰੀ ਪਿੰਡ ਕੋਲ ਗੱਡੀ ਦੀ ਚੇਨ ਖਿੱਚ ਕੇ ਰੋਕ ਲਿਆ ਅਤੇ 8,000 ਰੁਪਏ, ਜੋ ਸਰਕਾਰੀ ਖਜਾਨੇ ਵਿਚ ਜਮ੍ਹਾਂ ਕਰਾਉਣ ਲਈ ਲੈ ਕੇ ਜਾ ਰਹੀ ਸੀ, ਨੂੰ ਲੁੱਟ ਲਿਆ ਤੇ ਆਪ ਲਖਨਊ ਵੱਲ ਚਲੇ ਗਏ। ਇਹ ਵਾਰਦਾਤ ਕਰਨ ਤੋਂ ਪਹਿਲਾਂ ਸੰਗਰਾਮੀਆਂ ਨੇ ਯਾਤਰੀਆਂ ਨੂੰ ਅਗਾਊਂ ਹੀ ਦੱਸ ਦਿੱਤਾ ਸੀ ਕਿ ਅਸੀਂ ਯਾਤਰੀਆਂ ਨੂੰ ਕੁਝ ਨਹੀਂ ਕਹਾਂਗੇ, ਪਰ ਇੱਕ ਯਾਤਰੀ ਅਹਿਮਦ ਅਲੀ ਅਨਜਾਣੇ (ਸ਼ੱਕੀ ਹਾਲਤ) 'ਚ ਮਾਰਿਆ ਗਿਆ।

ਸਹਾਰਨਪੁਰ ਤੋਂ ਲਖਨਊ ਦੇ ਇਲਾਕੇ ਵਿਚ ਪੁਲਿਸ ਨੂੰ ਸੀ. ਆਈ. ਡੀ. ਅਫਸਰ ਹਾਰਟਨ ਕੋਲੋਂ ਪਤਾ ਲੱਗ ਗਿਆ ਸੀ ਕਿ ਇਹ ਖਜਾਨਾ ਲੁੱਟਣ ਵਾਲੇ ਅੰਗਰੇਜ਼ ਸਾਮਰਾਜ ਵਿਰੋਧੀ ਐਚ. ਆਰ. ਏ. ਦੇ ਮੈਂਬਰ ਸਨ, ਪਰ 25 ਸਤੰਬਰ 1925 ਨੂੰ ਰਾਮ ਪ੍ਰਸ਼ਾਦ ਬਿਸਮਲ ਨੂੰ ਸਹਾਰਨਪੁਰ ਤੋਂ ਗ੍ਰਿਫਤਾਰ ਕਰ ਲਿਆ ਅਤੇ ਦਸ ਮਹੀਨੇ ਬਾਅਦ ਦਿੱਲੀ ਤੋਂ ਅਸ਼ਫਾਕ ਉਲ੍ਹਾ ਨੂੰ ਗ੍ਰਿਫਤਾਰ ਕੀਤਾ। ਇਸ ਸਰਕਾਰੀ ਖਜਾਨਾ ਲੁੱਟਣ ਨੂੰ 'ਕਾਕੋਰੀ ਕਾਂਡ' ਦੇ ਨਾਮ ਨਾਲ ਜਾਣਿਆ ਜਾਂਦਾ ਹੈ ਅਤੇ ਇਸ ਕਾਂਡ ਕਰਕੇ ਅੰਗਰੇਜ਼ੀ ਸਰਕਾਰ ਨੇ ਹੋਰ ਵੀ ਹੇਠ ਲਿਖੀਆਂ ਗ੍ਰਿਫਤਾਰੀਆਂ ਕੀਤੀਆਂ:

ਰਾਮ ਪ੍ਰਸਾਦ ਬਿਸਮਿਲ (ਗੋਰਖਪੁਰ ਜੇਲ੍ਹ




'ਚ ਫਾਂਸੀ), ਬਨਾਰਸੀ ਦਾਸ, ਲਾਲਾ ਹਰਗੋਬਿੰਦ, ਪ੍ਰੇਮ ਕ੍ਰਿਸ਼ਨ ਖੰਨਾ (ਪੰਜ ਸਾਲ ਕੈਦ), ਇੰਦੂ ਭੂਸ਼ਨ ਮਿੱਤਰਾ, ਠਾਕਰ ਰੌਸ਼ਨ ਸਿੰਘ (ਫਾਂਸੀ), ਰਾਮਦੱਤ ਸ਼ੁਕਲਾ, ਅਸ਼ਫਾਕ ਉਲ੍ਹਾ ਖਾਨ (ਫਾਂਸੀ), ਚੰਦਰ ਦੱਤ ਜੌਹਰੀ, ਚੰਦਰ ਭੱਲ ਜੌਹਰੀ, ਸ਼ੀਤਲਾ ਸਹਾਏ, ਜੋਤੀ ਸ਼ੰਕਰ ਦੀਖਸ਼ਤ, ਭੁਪਿੰਦਰ ਨਾਥ ਸਨਿਆਲ (5 ਸਾਲ ਕੈਦ), ਮਨਮਾਥਨ ਗੁਪਤਾ (14 ਸਾਲ ਕੈਦ), ਫਨਿੰਦਰਾ ਨਾਥ ਬੈਨਰਜੀ, ਦਮੋਦਰ ਸਨਰੂਪ ਸੇਠ, ਰਾਮ ਨਾਥ ਪਾਂਡੇ (ਗਿਆਰਾਂ ਦਿਨ ਭੁੱਖ ਹੜਤਾਲ), ਦੇਵਦੱਤ ਭੱਟਾਚਾਰੀਆ, ਇੰਦਰਾ ਵਿਕਰਮ ਸਿੰਘ, ਮੁਕੰਦੀ ਲਾਲ (10 ਸਾਲ ਕੈਦ), ਸਚਿੰਦਰ ਨਾਥ ਸਨਿਆਲ (ਉਮਰ ਕੈਦ), ਯੁਗੇਸ਼ ਚੰਦਰ ਚੈਟਰਜੀ (10 ਸਾਲ ਕੈਦ), ਰਜਿੰਦਰ ਲਾਲ ਲਹਿਰੀ (ਫਾਂਸੀ), ਸ਼ਰਤ ਚੰਦਰ ਗੁਪਤਾ, ਕਾਲੀ ਦਾਸ ਬੋਸ, ਬਾਬੂ ਰਾਮ ਵਰਮਾ, ਭੈਰੋਂ ਸਿੰਘ, ਰਾਮ ਦੁਲਾਰੀ ਤ੍ਰਿਵੇਦੀ (41 ਦਿਨ ਭੁੱਖ ਹੜਤਾਲ), ਗੋਪੀ ਮੋਹਨ, ਰਾਜ ਕੁਮਾਰ ਸਿਨਹਾ (10 ਸਾਲ ਕੈਦ), ਸੁਰੇਸ਼ ਭੱਟਾਚਾਰੀਆ (ਸੱਤ ਸਾਲ ਕੈਦ), ਮੋਹਨ ਲਾਲਾ, ਹਰਨਾਮ ਸੁੰਦਰ ਲਾਲ, ਗੋਬਿੰਦ ਚਰਨਕਰ (ਦਸ ਸਾਲ ਕੈਦ), ਸਚਿੰਦਰ ਨਾਥ ਵਿਸ਼ਵਾਸ, ਸ਼ਿਵ ਚਰਨ ਲਾਲਾ, ਵਿਸ਼ਨੂੰ ਚਰਨ ਦੁਬਲਿਸ਼ (ਸੱਤ ਸਾਲ ਕੈਦ), ਵੀਰ ਭੱਦਰ ਤਿਵਾੜੀ, ਰਾਮ ਕ੍ਰਿਸ਼ਨ ਖੱਤਰੀ (10 ਸਾਲ ਕੈਦ), ਬਨਵਾਰੀ ਲਾਲ, ਸਚਿੰਦਰ ਬਖਸ਼ੀ (ਉਮਰ ਕੈਦ); ਨੋਟ: ਜਿਹੜੇ ਆਜ਼ਾਦੀ ਘੁਲਾਟੀਆਂ ਪਿੱਛੇ ਵੇਰਵਾ ਨਹੀਂ ਹੈ, ਉਹ ਰਿਹਾਅ ਹੋ ਗਏ ਸਨ ਅਤੇ ਗ੍ਰਿਫਤਾਰ ਕੀਤੇ ਗਏ ਸੰਗਰਾਮੀ ਸਹਾਰਨਪੁਰ, ਦੇਹਰਾਦੂਨ, ਗੋਰਖਪੁਰ, ਅਲਾਹਾਬਾਦ, ਰਾਏਬਰੇਲੀ, ਬਰੇਲੀ, ਪੋਰਟ ਬਲੇਅਰ, ਫਤਿਹਗੜ੍ਹ ਅਤੇ ਆਗਰਾ ਦੀਆਂ ਜੇਲ੍ਹਾਂ ਵਿਚ ਰੱਖੇ ਗਏ ਸਨ।

ਸਰਫਰੋਸ਼ੀ ਕੀ ਤਮੰਨਾ
ਅਬ ਹਮਾਰੇ ਦਿਲ ਮੇਂ ਹੈ
ਦੇਖਨਾ ਹੈ ਜ਼ੋਰ ਕਿਤਨਾ
ਬਾਜ਼ੂ-ਏ ਕਾਤਿਲ ਮੇਂ ਹੈ।

ਇਹ ਇਨਕਲਾਬੀ ਹਿੰਦੋਸਤਾਨ ਦੀ ਆਜ਼ਾਦੀ ਲਈ ਮੌਤ ਨੂੰ ਟਿੱਚਰਾਂ ਕਰਦੇ ਜੇਲ੍ਹ ਅੰਦਰ ਰਾਮ ਪ੍ਰਸਾਦ ਬਿਸਮਿਲ ਦਾ ਲਿਖਿਆ ਗੀਤ ਗਾਉਂਦੇ ਅਤੇ ਦੇਸ਼ ਨਾਲ ਪਿਆਰ ਪ੍ਰਤੀ ਆਪਣੇ ਆਜ਼ਾਦੀ ਦੇ ਦ੍ਰਿਸ਼ਟੀਕੋਨ ਨੂੰ ਦੁਹਰਾਉਂਦੇ।

ਸਰਕਾਰੀ ਖਜਾਨੇ ਦੀ ਲੁੱਟ (ਕਾਕੋਰੀ ਕਾਂਡ) ਕਰਨ ਦਾ ਉਦੇਸ਼ ਆਜ਼ਾਦੀ ਸੰਗਰਾਮੀਆਂ ਲਈ ਹਥਿਆਰਾਂ ਦੀ ਲੋੜ ਨੂੰ ਪੂਰਾ ਕਰਨਾ ਸੀ। ਲੋਕ ਅੰਗਰੇਜ਼ਾਂ ਦੇ ਜ਼ਾਲਮਪੁਣੇ ਤੋਂ ਡਰਦੇ ਮਦਦ ਨਹੀਂ ਕਰਦੇ ਸਨ। ਸੰਗਰਾਮੀਆਂ ਮਜਬੂਰ ਹੋ ਕੇ ਸਰਕਾਰੀ ਖਜਾਨਾ ਲੁੱਟ ਲਿਆ।

ਜ਼ਾਲਮਾਂ ਜਾਂ ਗੁਨਾਹਗਾਰਾਂ ਨੂੰ ਸ਼ੱਰੇਆਮ ਸਬਕ ਸਿਖਾਉਣ ਵਾਲੇ ਕਸੂਰਵਾਰ, ਪਾਪੀ ਨਹੀਂ ਹੁੰਦੇ, ਪਰ ਅੰਗਰੇਜ਼ਾਂ ਦੇ ਲੁਟੇਰੇ ਪ੍ਰਬੰਧ ਨੇ ਸੰਗਰਾਮੀਆਂ ਨੂੰ ਕਸੂਰਵਾਰ ਗਰਦਾਨ ਕੇ ਸਖਤ ਸਜ਼ਾਵਾਂ ਦਿੱਤੀਆਂ ਸਨ।

ਗਦਰੀ ਬਾਬਿਆਂ, ਵੱਖ ਵੱਖ ਜਥੇਬੰਦੀਆਂ, ਸੰਸਥਾਵਾਂ ਅਤੇ ਵੱਖ ਵੱਖ ਲਹਿਰਾਂ ਦੀਆਂ ਘਾਲਣਾ ਨਾਲ ਅੰਗਰੇਜ਼ ਸਾਮਰਾਜ ਨੂੰ ਹਿੰਦੋਸਤਾਨ 'ਚੋਂ ਕੱਢਿਆ। ਅਗਾਂਹ-ਵਧੂ ਵਿਚਾਰਾਂ ਦੇ ਸੰਗਰਾਮੀਆਂ ਨੇ ਜੋ ਸੁਪਨੇ ਲਏ ਸਨ ਕਿ ਅੰਗਰੇਜ਼ ਰਾਜ ਦੇ ਖਾਤਮੇ ਤੋਂ ਬਾਅਦ ਰਾਜਸੱਤਾ ਸਾਡੇ ਆਪਣੇ ਆਗੂਆਂ ਦੇ ਹੱਥਾਂ ਵਿਚ ਆਵੇਗੀ ਤੇ ਸਾਰੇ ਹਿੰਦੋਸਤਾਨੀ ਬਰਾਬਰ ਹੋ ਜਾਣਗੇ, ਅਮੀਰ-ਗਰੀਬ, ਊਚ-ਨੀਚ ਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਆਦਿ ਸਭ ਮੁੱਕ ਜਾਣਗੇ, ਪਰ ਇਹ ਸਭ ਕੁਝ ਅਜੇ ਅਧੂਰਾ ਹੈ। ਕਿਸਾਨ ਆਪਣੇ ਹੱਕਾਂ ਨੂੰ ਲੈ ਕੇ ਦਿੱਲੀ ਦੀਆਂ ਬਰੂਹਾਂ ਉੱਤੇ ਬੈਠੇ ਹੋਏ ਹਨ, ਮਜ਼ਦੂਰਾਂ ਲਈ ਪੇਟ ਭਰ ਕੇ ਖਾਣਾ ਨਹੀਂ ਹੈ, ਮੁਲਾਜ਼ਮ ਆਪਣੀਆਂ ਨੌਕਰੀਆਂ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ; ਵਿਦਿਆਰਥੀਆਂ ਦੀਆਂ ਫੀਸਾਂ, ਕਿਤਾਬਾਂ, ਟਿਊਸ਼ਨਾਂ ਦੇ ਮੁੱਲ ਸਿਖਰਾਂ ਛੋਹ ਰਹੇ ਹਨ ਅਤੇ ਆਮ ਆਦਮੀ ਦੇ ਵੱਸ ਤੋਂ ਬਾਹਰ ਹਨ। ਇਹ ਸਭ ਕੁਝ ਗੋਰਿਆਂ ਦੇ ਰਾਜ ਵਿਚ ਵੀ ਸੀ ਤੇ ਜਿਨ੍ਹਾਂ ਨੂੰ ਅਸੀਂ ਆਪਣੇ ਕਹਿ ਕੇ ਮੁਖਾਤਬ ਹੁੰਦੇ ਹਾਂ, ਇਸ ਰਾਜ 'ਚ ਵੀ ਹੋ ਰਿਹਾ ਹੈ। ਇਹ ਸਾਰੇ ਅਨ੍ਹਿਆਂ ਪੂਰਕ ਵਤੀਰੇ ਨੂੰ ਨੱਥ ਪਾਉਣ ਲਈ ਫਿਰ ਮੁੜ ਕੇ ਸੰਘਰਸ਼ ਵਿੱਢਣੇ ਪੈਣਗੇ ਤਾਂ ਕਿ ਇਹ ਲੋਕ ਵਿਰੋਧੀ ਪ੍ਰਬੰਧ ਨੂੰ ਬਦਲ ਕੇ ਲੁੱਟ ਰਹਿਤ ਰਾਜ ਪ੍ਰਬੰਧ ਲਿਆਂਦਾ ਜਾ ਸਕੇ।

ਆਓ, ਕਾਕੋਰੀ ਕਾਂਡ ਦੇ ਸ਼ਹੀਦਾਂ ਨੂੰ ਯਾਦ ਕਰੀਏ ਅਤੇ ਉਨ੍ਹਾਂ ਦੇ ਸੁਪਨਿਆਂ ਦਾ ਸਮਾਜ ਬਣਾਉਣ ਲਈ ਆਪਣੀ ਯਥਾ-ਸ਼ਕਤੀ ਨਾਲ ਹਿੱਸਾ ਪਾਈਏ। ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ।

*ਵਲੋਂ: ਇੰਡੋ-ਅਮੈਰੀਕਨ ਹੈਰੀਟੇਜ ਫਾਊਂਡੇਸ਼ਨ ਨਿਊ ਯਾਰਕ*
*ਮਨਮੋਹਨ ਪੂਨੀ, ਫੋਨ: 1-347-753-5940*

ਪੰਜਾਬ ਟਾਈਮਜ਼

*ਸਨਿਚਰਵਾਰ, 14 ਅਗਸਤ 2021*

## ਇਸ ਵਾਰ ਓਲੰਪਿਕ

ਜਪਾਨ ਦੀ ਰਾਜਧਾਨੀ ਟੋਕੀਓ ਵਿਚ ਐਤਕੀਂ ਹੋਈਆਂ ਓਲੰਪਿਕ ਖੇਡਾਂ ਕਈ ਪੱਖਾਂ ਤੋਂ ਨਿਵੇਕਲੀਆਂ ਅਤੇ ਨਿਆਰੀਆਂ ਸਨ। ਇਹ ਓਲੰਪਿਕ ਖੇਡਾਂ 2020 ਵਿਚ 24 ਜੁਲਾਈ ਤੋਂ 9 ਅਗਸਤ ਤੱਕ ਹੋਣੀਆਂ ਸਨ ਪਰ ਸੰਸਾਰ ਭਰ ਵਿਚ ਕਰੋਨਾ ਵਾਇਰਸ ਦੀ ਮਾਰ ਕਾਰਨ ਸੰਭਵ ਨਹੀਂ ਹੋ ਸਕੀਆਂ। ਹੁਣ ਜਦੋਂ ਕਰੋਨਾ ਨੂੰ ਕੁਝ ਠੱਲ੍ਹ ਪਈ ਤਾਂ 23 ਜੁਲਾਈ 2021 ਤੋਂ 8 ਅਗਸਤ 2021 ਤੱਕ ਇਸ ਕੌਮਾਂਤਰੀ ਖੇਡ ਮੇਲੇ ਦਾ ਜਲੌਅ ਦੇਖਣ ਨੂੰ ਮਿਲਿਆ। ਕਰੋਨਾ ਦੇ ਮੱਦੇਨਜ਼ਰ ਲੱਗੀਆਂ ਬੰਦਿਸ਼ਾਂ ਕਾਰਨ ਓਲੰਪਿਕ ਪਿੰਡ ਵਿਚ ਪੂਰਾ ਰੰਗ ਨਹੀਂ ਬੱਝ ਸਕਿਆ ਅਤੇ ਦਰਸ਼ਕਾਂ ਦੀ ਗਿਣਤੀ ਬਹੁਤ ਸੀਮਤ ਰਹੀ। ਫਿਰ ਵੀ ਮਹਾਮਾਰੀ ਦੇ ਦੌਰ ਵਿਚ ਜਦੋਂ ਇਸ ਨੇ ਜ਼ਿੰਦਗੀ ਦੇ ਹਰ ਪੱਖ ਉਤੇ ਬਹੁਤ ਵੱਡੇ ਅਸਰ ਪਾਏ ਹਨ ਤਾਂ ਓਲੰਪਿਕ ਖੇਡਾਂ ਦਾ ਹੋਣਾ ਹੀ ਵੱਡਾ ਹਾਸਲ ਹੈ। ਪ੍ਰਾਚੀਨ ਓਲੰਪਿਕ ਖੇਡਾਂ ਦਾ ਇਤਿਹਾਸ ਤਾਂ ਸਦੀਆਂ ਪੁਰਾਣਾ ਹੈ ਅਤੇ ਇਹ ਚੌਥੀ ਸਦੀ ਤੱਕ ਜਾ ਪੁੱਜਦਾ ਹੈ। ਉਸ ਵਕਤ ਓਲੰਪਿਕ ਦਾ ਰੰਗ-ਢੰਗ ਵਧੇਰੇ ਕਰਕੇ ਧਾਰਮਿਕ ਸੀ ਪਰ 1896 ਵਿਚ ਜਦੋਂ ਏਥਨਜ਼ (ਯੂਨਾਨ) ਵਿਚ ਪਹਿਲੀਆਂ ਆਧੁਨਿਕ ਓਲੰਪਿਕ ਖੇਡਾਂ ਦਾ ਆਰੰਭ ਹੋਇਆ ਤਾਂ ਇਸ ਦਾ ਘੇਰਾ ਵਾਹਵਾ ਵਿਸ਼ਾਲ ਹੋ ਗਿਆ। 20ਵੀਂ ਅਤੇ 21ਵੀਂ ਸਦੀ ਵਿਚ ਤਾਂ ਬਹੁਤ ਲੰਮੀਆਂ ਪੁਲਾਂਘਾਂ ਪੁੱਟੀਆਂ ਗਈਆਂ ਅਤੇ ਇਸ ਅੰਦਰ ਬਹੁਤ ਸਾਰੀਆਂ ਬੁਨਿਆਦੀ ਅਤੇ ਸਿਫਤੀ ਤਬਦੀਲੀਆਂ ਵੀ ਆਈਆਂ। ਉਂਜ, ਇਨ੍ਹਾਂ ਖੇਡਾਂ ਦੀ ਆਪਸੀ ਰਾਬਤੇ ਦੀ ਤੰਦ ਬਹੁਤ ਮਜ਼ਬੂਤ ਰਹੀ। ਕੁਝ ਕੁ ਅਪਵਾਦਾਂ ਦੇ ਬਾਵਜੂਦ ਬਹੁਤ ਮਾਮਲਿਆਂ ਵਿਚ ਇਹ ਮਿਸਾਲੀ ਵੀ ਹੋ ਨਿਬੜੀ। 1896 ਵਾਲੀਆਂ ਓਲੰਪਿਕ ਖੇਡਾਂ ਵਿਚ 14 ਮੁਲਕਾਂ ਦੇ 241 ਖਿਡਾਰੀਆਂ ਨੇ 43 ਖੇਡ ਵੰਨਗੀਆਂ ਵਿਚ ਸ਼ਿਰਕਤ ਕੀਤੀ ਸੀ। ਐਤਕੀਂ ਟੋਕੀਓ ਓਲੰਪਿਕ ਵਿਚ ਹਿੱਸਾ ਲੈਣ ਵਾਲੇ ਮੁਲਕਾਂ ਦੀ ਗਿਣਤੀ 200 ਤੋਂ ਪਾਰ ਹੋ ਗਈ, ਭਾਵ ਸੰਸਾਰ ਦਾ ਤਕਰੀਬਨ ਹਰ ਮੁਲਕ ਇਸ ਦਾ ਹਿੱਸਾ ਬਣਿਆ ਹੈ ਅਤੇ ਖਿਡਾਰੀਆਂ ਦੀ ਗਿਣਤੀ ਵੀ 11 ਹਜ਼ਾਰ ਤੋਂ ਉਪਰ ਚਲੇ ਗਈ ਹੈ।

ਐਤਕੀਂ ਵਾਲੀਆਂ ਓਲੰਪਿਕ ਖੇਡਾਂ ਭਾਰਤ ਲਈ ਵੀ ਨਿਵੇਕਲੀਆਂ ਸਾਬਤ ਹੋਈਆਂ। ਐਤਕੀਂ ਇਸ ਨੇ ਆਪਣੇ ਰਿਕਾਰਡ ਅਨੁਸਾਰ ਹੁਣ ਤੱਕ ਸਭ ਤੋਂ ਵੱਧ, ਸੱਤ ਤਗਮੇ ਜਿੱਤੇ ਜਿਸ ਵਿਚ ਸੋਨੇ ਦਾ ਇਕ ਤਗਮਾ, ਚਾਂਦੀ ਦੇ ਦੋ ਅਤੇ ਕਾਂਸੀ ਦੇ ਚਾਰ ਤਗਮੇ ਸ਼ਾਮਿਲ ਹਨ। ਇਸ ਵਾਰ ਭਾਰਤੀ ਓਲੰਪਿਕ ਦਲ ਵੀ ਹੁਣ ਤੱਕ ਦਾ ਸਭ ਤੋਂ ਵੱਡਾ ਸੀ ਅਤੇ ਇਸ ਦੇ ਕੁੱਲ ਮੈਂਬਰ 124 ਸਨ। ਭਾਰਤ ਨੇ ਪਹਿਲੀ ਵਾਰ ਸੰਨ 1900 ਵਿਚ ਓਲੰਪਿਕ ਖੇਡਾਂ ਵਿਚ ਹਿੱਸਾ ਲਿਆ ਅਤੇ 1920 ਤੋਂ ਲੈ ਕੇ ਹੁਣ ਤੱਕ ਇਸ ਨੇ ਓਲੰਪਿਕ ਖੇਡਾਂ ਵਿਚ ਬਿਨਾ ਨਾਗਾ ਹਿੱਸਾ ਲਿਆ ਹੈ। ਇਸ ਵਾਰ ਭਾਰਤ ਦੀ ਹਾਜ਼ਰੀ ਭਰਵੀਂ ਸੀ। ਬਹੁਤ ਚਿਰ ਬਾਅਦ ਹਾਕੀ ਦਾ ਜਲੌਅ ਦੇਖਣ ਨੂੰ ਮਿਲਿਆ। ਮੁੰਡਿਆਂ ਦੀ ਹਾਕੀ ਟੀਮ ਨੇ ਚਾਰ ਦਹਾਕਿਆਂ ਬਾਅਦ ਤਗਮਾ ਜਿੱਤਿਆ ਅਤੇ ਕੁੜੀਆਂ ਦੀ ਟੀਮ ਪਹਿਲੀ ਵਾਰ ਸੈਮੀ ਫਾਈਨਲ ਵਿਚ ਪੁੱਜੀ। ਇਨ੍ਹਾਂ ਜਿੱਤਾਂ ਨੂੰ ਭਾਰਤ ਵਿਚ ਹਾਕੀ ਦੇ ਮੁੜ ਉਭਾਰ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਐਤਕੀਂ ਵਾਲਾ ਕਾਂਸੀ ਦਾ ਤਗਮਾ ਮਿਲਾ ਕੇ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿਚ ਹੁਣ ਤੱਕ 12 ਤਗਮੇ ਜਿੱਤ ਚੁੱਕੀ ਹੈ ਜਿਸ ਵਿਚੋਂ ਸੋਨੇ ਦੇ 8, ਚਾਂਦੀ ਦਾ ਇਕ ਅਤੇ ਕਾਂਸੀ ਦੇ ਤਿੰਨ ਤਗਮੇ ਸ਼ਾਮਿਲ ਹਨ। ਇਸ ਉਭਾਰ ਨੂੰ ਖਿਡਾਰੀਆਂ ਲਈ ਕੀਤੇ ਵਧੀਆ ਪ੍ਰਬੰਧਾਂ ਨਾਲ ਜੋੜਿਆ ਜਾ ਰਿਹਾ ਹੈ, ਭਾਵੇਂ ਕੁਝ ਕੱਟੜ ਧਿਰਾਂ ਨੇ ਇਸ ਨੂੰ ਇਸ ਢੰਗ ਨਾਲ ਪੇਸ਼ ਕਰਨ ਦਾ ਯਤਨ ਵੀ ਕੀਤਾ ਕਿ ਹਾਕੀ ਤਾਂ ਹੀ ਅੱਗੇ ਜਾ ਸਕੀ ਹੈ ਕਿਉਂਕਿ ਕੇ.ਪੀ.ਐਸ. ਗਿੱਲ ਵਰਗਿਆਂ ਤੋਂ ਇਸ ਦਾ ਖਹਿੜਾ ਛੁੱਟ ਗਿਆ ਹੈ ਹਾਲਾਂਕਿ ਹਕੀਕਤ ਇਹ ਹੈ ਕਿ ਉੜੀਸਾ ਦੀ ਨਵੀਨ ਪਟਨਾਇਕ ਸਰਕਾਰ ਨੇ 2018 ਤੋਂ 2023 ਤੱਕ ਦੋਹਾਂ ਹਾਕੀ ਟੀਮਾਂ ਦਾ ਜ਼ਿੰਮਾ ਚੁੱਕਿਆ ਹੋਇਆ ਹੈ। ਇਸ ਸਮੇਂ ਦੌਰਾਨ ਸਾਰਾ ਖਰਚਾ ਉੜੀਸਾ ਸਰਕਾਰ ਕਰ ਰਹੀ ਹੈ। ਇਸੇ ਦਾ ਨਤੀਜਾ ਹੈ ਕਿ ਹਾਕੀ ਟੀਮਾਂ ਨੇ ਕਲਾਸਿਕ ਹਾਕੀ ਦਾ ਰੰਗ ਤਾਂ ਦਿਖਾਇਆ ਹੀ ਹੈ, ਸੰਸਾਰ ਦੀਆਂ ਚੋਟੀ ਦੀਆਂ ਟੀਮਾਂ ਦਾ ਮੁਕਾਬਲਾ ਕੀਤਾ ਹੈ। ਅਸਲ ਵਿਚ ਮਸਲਾ ਸਾਰਾ ਖੇਡ ਪ੍ਰਬੰਧਾਂ ਦਾ ਹੈ। ਪਿਛਲੇ ਕੁਝ ਸਮੇਂ ਤੋਂ ਹਰਿਆਣਾ ਖੇਡਾਂ ਦੇ ਖੇਤਰ ਵਿਚ ਮੱਲਾਂ ਮਾਰ ਰਿਹਾ ਹੈ। ਇਸ ਦਾ ਇਕੋ-ਇਕ ਕਾਰਨ ਪੁਖਤਾ ਪ੍ਰਬੰਧ ਹੀ ਹਨ।

ਇਸ ਮਾਮਲੇ ਵਿਚ ਪੰਜਾਬ ਦੀ ਗੱਲ ਕਰੀਏ ਤਾਂ ਇਹ ਖੇਡਾਂ ਦੇ ਖੇਤਰ ਵਿਚ ਬਹੁਤ ਪਛੜ ਰਿਹਾ ਹੈ। ਐਤਕੀਂ ਓਲੰਪਿਕ ਖੇਡਾਂ ਵਿਚ ਪੰਜਾਬ ਦੀ ਖਿਡਾਰਨ ਕਮਲਪ੍ਰੀਤ ਕੌਰ ਨੇ ਵਾਹਵਾ ਮੱਲਾਂ ਮਾਰੀਆਂ ਪਰ ਖੇਡ ਮਾਹਿਰ ਦੱਸਦੇ ਹਨ ਕਿ ਜੇ ਕਿਤੇ ਕਮਲਪ੍ਰੀਤ ਕੌਰ ਨੂੰ ਸੰਸਾਰ ਪੱਧਰੀ ਕੋਚਿੰਗ ਦਿਵਾਈ ਹੁੰਦੀ ਤਾਂ ਇਨ੍ਹਾਂ ਓਲੰਪਿਕ ਖੇਡਾਂ ਵਿਚ ਉਸ ਦਾ ਤਗਮਾ ਪੱਕਾ ਸੀ। ਇਸ ਦੀ ਉਮਦਾ ਮਿਸਾਲ ਹਰਿਆਣੇ ਦੇ ਖਿਡਾਰੀ ਨੀਰਜ ਚੋਪੜਾ ਦੀ ਹੈ। ਉਸ ਨੂੰ ਪ੍ਰਬੰਧਕਾਂ ਦੀ ਯੋਗ ਅਗਵਾਈ ਮਿਲੀ ਅਤੇ ਕੋਚਿੰਗ ਵਾਲੇ ਪਾਸਿਓਂ ਵੀ ਕੋਈ ਕਸਰ ਨਹੀਂ ਛੱਡੀ ਗਈ; ਸਿੱਟੇ ਵਜੋਂ ਉਹ ਜੈਵਲਿਨ ਥ੍ਰੋਅ ਵਿਚ ਸੋਨ ਤਗਮਾ ਜਿੱਤਣ ਵਿਚ ਕਾਮਯਾਬ ਰਿਹਾ। ਅਸਲ ਵਿਚ ਅਸੀਂ ਖੇਡਾਂ ਨੂੰ ਕਰੀਅਰ ਵਜੋਂ ਲੈਣ ਵਿਚ ਬੁਰੀ ਤਰ੍ਹਾਂ ਨਾਕਾਮ ਰਹੇ ਹਾਂ। ਸਾਡੇ ਪ੍ਰਤਿਭਾਸ਼ਾਲੀ ਖਿਡਾਰੀ ਰੁਜ਼ਗਾਰ ਬਾਝੋਂ ਰੁਲ ਰਹੇ ਹਨ। ਅਜਿਹੀਆਂ ਖਬਰਾਂ ਅਕਸਰ ਮੀਡੀਆ ਵਿਚ ਨਸ਼ਰ ਹੁੰਦੀਆਂ ਰਹਿੰਦੀਆਂ ਹਨ। ਫਿਰ ਜਿੰਨਾ ਚਿਰ ਨੌਜਵਾਨਾਂ ਨੂੰ ਕੋਈ ਭਰੋਸਾ ਨਹੀਂ ਬੱਝਦਾ, ਉਹ ਖੇਡਾਂ ਨੂੰ ਕਰੀਅਰ ਵਜੋਂ ਕਿਸ ਤਰ੍ਹਾਂ ਅਪਣਾਉਣਗੇ? ਇਸ ਮਾਮਲੇ 'ਤੇ ਖੇਡਾਂ ਨਾਲ ਜੁੜੀਆਂ ਸੰਸਥਾਵਾਂ ਨੂੰ ਪਹਿਲ ਕਰਨੀ ਚਾਹੀਦੀ ਹੈ ਅਤੇ ਸਰਕਾਰ ਨਾਲ ਰਾਬਤਾ ਬਣਾ ਕੇ ਪ੍ਰਤਿਭਾਸ਼ਾਲੀ ਖਿਡਾਰੀਆਂ ਨੂੰ ਅਗਾਂਹ ਵਧਣ ਦਾ ਮੌਕਾ ਮੁਹੱਈਆ ਕਰਨਾ ਚਾਹੀਦਾ ਹੈ। ਇਹੀ ਇਕ ਰਾਹ ਹੈ ਜਿਸ ਉਤੇ ਚੱਲ ਕੇ ਖੇਡਾਂ ਦੇ ਖੇਤਰ ਵਿਚ ਮੱਲਾਂ ਮਾਰੀਆਂ ਜਾ ਸਕਦੀਆਂ ਹਨ। ਚੀਨ ਦੀ ਮਿਸਾਲ ਸਾਡੇ ਸਭ ਦੇ ਸਾਹਮਣੇ ਹੈ ਜੋ ਖੇਡਾਂ ਉਤੇ ਇੰਨੇ ਪੈਸੇ ਖਰਚ ਕਰ ਰਿਹਾ ਹੈ। ਇਹ ਰਾਹ ਅਪਨਾ ਕੇ ਭਾਰਤ ਵੀ ਖੇਡਾਂ ਦੇ ਖੇਤਰ ਵਿਚ ਛਾ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਗੱਪਾਂ ਦੀ ਓਲੰਪਿਕ ਗੇਮ?*

ਸਿਆਸੀ ਪਿੜ ਵਿਚ ਐਹੋ ਵਰ੍ਹਿਆਂ ਤੋਂ ਨੱਚੀ ਜਾਂਦੇ, 'ਚਾਰੀ ਜਾਂਦੇ' ਆਪਣੇ ਹੀ ਹੈਗਾ ਨਾ ਕੋਈ ਲਾਂਭਲਾ।
ਕਿਹਨੇ ਕਿੰਨੀ ਵਾਰੀ ਲਾਰੇ ਲਾ ਲਾ ਕੇ ਰਾਜ ਕੀਤਾ, ਭੋਲਾ ਹੁਣ ਬਣੀ ਨਾ ਪੰਜਾਬੀਆ 'ਹਿਸਾਬ' ਲਾ।
ਖੜ-ਸੁੱਕ ਹੋਇਆਂ ਨੇ ਹੈ ਦੇਣੀ ਹਰਿਆਲੀ ਕਿੱਥੋਂ, 'ਪਰਖਿਆਂ' ਨੂੰ ਪੁੱਟ ਕੇ ਤੇ ਨਵੀਂ ਕੋਈ 'ਦਾਬ' ਲਾ।
ਲੁੱਟ-ਪੁੱਟ ਹੋਇਆਂ ਹੈਂ ਤੂੰ ਵਾਰ ਵਾਰ ਖਾ ਕੇ ਧੋਖੇ, ਲਾਈਲੱਗ ਬਣੀ ਨਾ 'ਤਾਰੀਖ' ਦਿਆ ਕਾਬਲਾ।
'ਯੂਨਿਟਾਂ' ਮੁਫਤ ਦੇਣੇ ਵਾਲਿਆਂ ਨੂੰ ਪੁੱਛੀਂ ਜ਼ਰਾ, ਤੇਰੇ ਕਿਉਂ ਵਿਦੇਸ਼ੀਂ ਧੀਆਂ ਪੁੱਤਾਂ ਦਿਆ ਬਾਬਲਾ।
ਝੂਠੇ ਆਗੂ ਜਿਦੋ ਜਿਦੀ ਵਾਅਦੇ ਏਦਾਂ ਕਰੀ ਜਾਂਦੇ, ਓਲੰਪਿਕ ਦੇ ਵਿਚ ਹੋਵੇ 'ਗੱਪਾਂ ਦਾ ਮੁਕਾਬਲਾ!'

# ਸਸਤਾ ਭੋਜਨ ਪੈਦਾ ਕਰਨ ਦੀ ਬੇਹੱਦ ਭਾਰੀ ਕੀਮਤ

**ਖੁਰਾਕ ਦੀ ਪੈਦਾਵਾਰ ਵਿਚ ਵਾਧੇ ਨੇ ਜ਼ਮੀਨ ਅਤੇ ਪਾਣੀ ਜਿਹੇ ਕੁਦਰਤੀ ਸਰੋਤਾਂ ਨੂੰ ਬਰਬਾਦ ਕਰ ਕੇ ਨਾ ਕੇਵਲ ਵਾਤਾਵਰਨ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ ਸਗੋਂ ਇਸ ਚੱਕਰ ਵਿਚ ਜਲਵਾਯੂ ਤਬਦੀਲੀ ਦੇ ਅਮਲ ਨੂੰ ਬਹੁਤ ਤੇਜ਼ ਕਰ ਦਿੱਤਾ ਹੈ। ਇਸੇ ਕਰ ਕੇ ਖੁਰਾਕ ਪ੍ਰਣਾਲੀਆਂ ਹੰਢਣਸਾਰ ਨਹੀਂ ਰਹੀਆਂ ਜਿਨ੍ਹਾਂ ਨੂੰ ਪਿਛਲੇ ਕੁਝ ਦਹਾਕਿਆਂ ਦੌਰਾਨ ਕੁਸ਼ਲਤਾ ਅਤੇ ਮੁਕਾਬਲੇਬਾਜ਼ੀ ਦੇ ਨਾਂ 'ਤੇ ਹੱਲਾਸ਼ੇਰੀ ਦਿੱਤੀ ਗਈ ਸੀ।**

ਇੰਗਲੈਂਡ ਦੇ ਸ਼ਹਿਜ਼ਾਦਾ ਚਾਰਲਸ ਨੇ ਹਾਲ ਹੀ ਵਿਚ ਬੀ.ਬੀ.ਸੀ. ਰੇਡੀਓ 'ਤੇ ਮੁਲਾਕਾਤ ਵਿਚ ਆਖਿਆ: "ਅਸੀਂ ਭੋਜਨ ਕਿਵੇਂ ਪੈਦਾ ਕਰਦੇ ਹਾਂ, ਇਸ ਦਾ ਧਰਤੀ ਦੀ ਸਾਨੂੰ ਬਰਦਾਸ਼ਤ ਕਰਨ ਦੀ ਸਮਰੱਥਾ 'ਤੇ ਸਿੱਧਾ ਅਸਰ ਪੈਂਦਾ ਹੈ ਤੇ ਜੋ ਅਗਾਂਹ ਮਨੁੱਖੀ ਸਿਹਤ ਅਤੇ ਆਰਥਿਕ ਖੁਸ਼ਹਾਲੀ 'ਤੇ ਅਸਰ ਪਾਉਂਦੀ ਹੈ।" ਸਸਤਾ ਭੋਜਨ ਪੈਦਾ ਕਰਨ ਦੀ ਕਾਵਾਂ-ਰੌਲੀ ਜੋ ਬੇਰੋਕ ਆਰਥਿਕ ਵਿਕਾਸ ਵੱਲ ਖਬਤੀ ਹੋੜ ਦੀ ਬੁਨਿਆਦ ਹੈ, ਅਸਲ ਵਿਚ ਆਧੁਨਿਕ ਸਨਅਤੀ ਖੇਤੀਬਾੜੀ ਦੀਆਂ ਗੁੱਝੀਆਂ ਲਾਗਤਾਂ ਦੇ ਸਮਾਜੀਕਰਨ 'ਤੇ ਆਧਾਰਿਤ ਹੈ।

ਪ੍ਰਿੰਸ ਚਾਰਲਸ ਨੇ ਆਖਿਆ ਕਿ ਵਾਧੂ ਅਤੇ ਸਸਤਾ ਭੋਜਨ ਪੈਦਾ ਕਰਨ ਨਾਲ ਦੇਸ਼ ਦੀਆਂ ਛੋਟੀਆਂ ਖੇਤੀ ਜੋਤਾਂ ਦੀ ਹੋਂਦ ਹੀ ਖਤਰੇ ਵਿਚ ਪੈ ਗਈ ਹੈ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਜੇ ਇਹ ਛੋਟੀਆਂ ਖੇਤੀ ਜੋਤਾਂ ਖਤਮ



**ਦਵਿੰਦਰ ਸ਼ਰਮਾ**

ਹੋ ਗਈਆਂ ਤਾਂ ਇਸ ਦਾ ਮਤਲਬ ਇਹ ਹੋਵੇਗਾ ਕਿ ਬਰਤਾਨੀਆ ਦੇ ਦੇਹਾਤ ਦਾ ਦਿਲ ਕੱਢ ਦਿੱਤਾ ਗਿਆ। ਉਨ੍ਹਾਂ ਦੀ ਇਹ ਚਿਤਾਵਨੀ ਅਜਿਹੇ ਸਮੇਂ 'ਤੇ ਆਈ ਹੈ ਜਦੋਂ ਆਲਮੀ ਕਾਰੋਬਾਰੀ ਅੰਕੜਾ ਮੰਚ 'ਸਟੈਟਿਸਟਾ' ਨੇ ਅਨੁਮਾਨ ਲਾਇਆ ਹੈ ਕਿ ਬਰਤਾਨੀਆ ਵਿਚ 2020 ਦੇ ਅੰਤ ਤੱਕ ਖੇਤੀਬਾੜੀ ਦੇ ਧੰਦੇ ਵਿਚ ਲੱਗੇ ਕਿਸਾਨਾਂ ਦੀ ਕੁੱਲ ਗਿਣਤੀ ਘਟ ਕੇ ਮਹਿਜ਼ ਇਕ ਲੱਖ ਦੇ ਕਰੀਬ (107000) ਰਹਿ ਗਈ ਹੈ।

ਪ੍ਰਿੰਸ ਚਾਰਲਸ ਦੀ ਚਿਤਾਵਨੀ ਦੀ ਗੂੰਜ ਕਈ ਲਿਹਾਜ਼ ਤੋਂ ਇਸ ਵੇਲੇ ਭਾਰਤ ਵਿਚ ਚੱਲ ਰਹੇ ਬੇਮਿਸਾਲ ਕਿਸਾਨ ਅੰਦੋਲਨ ਵਿਚ ਪੈ ਰਹੀ ਹੈ ਜਿੱਥੇ ਅੰਦੋਲਨਕਾਰੀ ਕਿਸਾਨਾਂ ਨੂੰ ਚਿੰਤਾ ਹੈ ਕਿ ਕੇਂਦਰ ਸਰਕਾਰ ਵਲੋਂ ਬਣਾਏ ਤਿੰਨ ਖੇਤੀ ਕਾਨੂੰਨ ਇਕ ਵਾਰ ਅਮਲ ਵਿਚ ਆ ਗਏ ਤਾਂ ਉਨ੍ਹਾਂ ਦੀ ਰੋਜ਼ੀ-ਰੋਟੀ ਵੱਡੀਆਂ ਖੇਤੀ-ਕਾਰੋਬਾਰੀ ਕੰਪਨੀਆਂ ਨੇ ਹੜੱਪ ਲੈਣੀ ਹੈ। ਇਸ ਤੋਂ ਇਲਾਵਾ, 1960ਵਿਆਂ ਦੇ ਮੱਧ ਵਿਚ ਆਏ ਹਰੇ ਇਨਕਲਾਬ ਨੇ ਭਾਵੇਂ ਫੀ ਏਕੜ ਝਾੜ ਵਧਾਉਣ 'ਤੇ ਜ਼ੋਰ ਦਿੱਤਾ ਸੀ ਪਰ ਇਹ ਵਾਧੇ ਦੀ ਵੀ ਭਾਰੀ ਕੀਮਤ ਤਾਰਨੀ ਪਈ ਹੈ। ਭਾਰਤ ਦੀਆਂ 86 ਫੀਸਦ ਖੇਤੀ ਜੋਤਾਂ ਦਾ ਆਕਾਰ ਦੋ ਹੈਕਟੇਅਰ ਤੋਂ ਘੱਟ ਹੈ, ਭਾਵ ਇਸ ਨਾਲ ਛੋਟੀ ਤੇ ਸੀਮਾਂਤ ਕਿਸਾਨੀ ਦੀ ਰੋਜ਼ੀ ਰੋਟੀ ਜੁੜੀ ਹੋਈ ਹੈ। ਲੰਮੇ ਸਮੇਂ ਤੋਂ ਲੋੜੀਂਦੇ ਦਰੁਸਤੀ ਕਦਮ ਚੁੱਕਣ ਦੀ ਬਜਾਏ ਅਜੇ ਵੀ ਵੱਡੀਆਂ ਖੇਤੀਬਾੜੀ-ਕਾਰੋਬਾਰੀ ਕੰਪਨੀਆਂ ਦੀ ਆਮਦ ਦਾ ਰਾਹ ਸਾਫ ਕਰ ਕੇ ਮੁੜ ਘਿਸ ਉਹੀ ਪੁਰਾਣੇ ਨੁਸਖੇ ਅਜ਼ਮਾਏ ਜਾ ਰਹੇ ਹਨ।

ਇਸ ਤੋਂ ਮੈਨੂੰ 2017 ਵਿਚ ਕਰਵਾਈ ਗਈ 'ਆਰਗੈਨਿਕ ਵਰਲਡ ਕਾਂਗਰਸ' (ਜਿਸ ਦਾ ਵਿਸ਼ਾ ਵਸਤੂ 'ਦੁਨੀਆ ਦੀਆਂ ਖੇਤੀ ਜ਼ਮੀਨਾਂ ਨੂੰ ਜ਼ਹਿਰ ਮੁਕਤ ਕਰਨ ਦੀ ਲੋੜ' ਸੀ) ਦੇ ਸਿਖਰਲੇ ਸੈਸ਼ਨ ਵਿਚ ਹੋਈ ਚਰਚਾ ਦੀ ਯਾਦ ਆ ਗਈ ਜਿਸ ਵਿਚ ਸਨਅਤੀ ਖੇਤੀਬਾੜੀ ਵਲੋਂ ਸਾਡੇ ਗ੍ਰਹਿ 'ਤੇ ਮਚਾਈ ਵਾਤਾਵਰਨ ਦੀ ਤਬਾਹੀ ਦੀ ਭਰਪਾਈ ਕਰਨ ਵਾਸਤੇ ਮੁਕਾਮੀ, ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਛੇ ਨੁਕਾਤੀ ਕਾਰਜਵਿਧੀ ਪੇਸ਼ ਕੀਤੀ ਗਈ ਸੀ। ਖੁਰਾਕ ਦੀ ਪੈਦਾਵਾਰ ਵਿਚ ਵਾਧੇ ਨੇ ਜ਼ਮੀਨ ਅਤੇ ਪਾਣੀ ਜਿਹੇ ਕੁਦਰਤੀ ਸਰੋਤਾਂ ਨੂੰ ਬਰਬਾਦ ਕਰ ਕੇ ਨਾ ਕੇਵਲ ਵਾਤਾਵਰਨ ਨੂੰ ਵੱਡਾ ਨੁਕਸਾਨ ਪਹੁੰਚਾਇਆ ਹੈ ਸਗੋਂ ਇਸ ਚੱਕਰ ਵਿਚ ਜਲਵਾਯੂ ਤਬਦੀਲੀ ਦੇ ਅਮਲ ਨੂੰ ਬਹੁਤ ਤੇਜ਼ ਕਰ ਦਿੱਤਾ ਹੈ ਜਿਸ ਕਰ ਕੇ ਖੁਰਾਕ ਪ੍ਰਣਾਲੀਆਂ ਗੈਰ ਹੰਢਣਸਾਰ ਹੋ ਗਈਆਂ ਹਨ, ਜਿਨ੍ਹਾਂ ਨੂੰ ਪਿਛਲੇ ਕੁਝ ਦਹਾਕਿਆਂ ਦੌਰਾਨ ਕੁਸ਼ਲਤਾ ਤੇ ਮੁਕਾਬਲੇਬਾਜ਼ੀ ਦੇ ਨਾਂ 'ਤੇ ਹੱਲਾਸ਼ੇਰੀ ਦਿੱਤੀ ਗਈ ਸੀ।

ਸਸਤਾ ਭੋਜਨ ਪੈਦਾ ਕਰਨ ਦੀ ਗੁੱਝੀ ਕੀਮਤ ਬਾਰੇ ਕਈ ਵਾਰ ਚਰਚਾ ਹੋ ਚੁੱਕੀ ਹੈ ਜਿਸ ਤਹਿਤ ਕੁਝ ਉੱਘੇ ਮਾਹਿਰਾਂ ਅਤੇ ਸਾਲ 2009 ਵਿਚ ਬਣੀ ਇੰਟਰਨੈਸ਼ਨਲ ਅਸੈਸਮੈਂਟ ਆਫ ਐਗਰੀਕਲਚਰਲ ਨੌਲਿਜ, ਸਾਇੰਸ ਐਂਡ ਟੈਕਨਾਲੋਜੀ ਫਾਰ ਡਿਵੈਲਪਮੈਂਟ (ਆਈ.ਏ.ਏ.ਐਸ.ਟੀ.ਡੀ.) ਸਣੇ ਕੁਝ ਕੌਮਾਂਤਰੀ



ਕਮੇਟੀਆਂ ਤੇ ਹਾਲ ਹੀ ਵਿਚ ਆਈ ਪਾਰਥਾ ਦਾਸਗੁਪਤਾ ਦੀ 'ਦਿ ਇਕਨੌਮਿਕਸ ਆਫ ਬਾਇਓਡਾਇਵਰਸਿਟੀ' ਰਿਪੋਰਟ (2021) ਵਿਚ ਚਿਤਾਵਨੀ ਦਿੱਤੀ ਗਈ ਹੈ ਕਿ 'ਚਲਦਾ ਹੈ' ਵਾਲਾ ਵਤੀਰਾ ਹੁਣ ਹੋਰ ਨਹੀਂ ਚੱਲ ਸਕੇਗਾ, ਆਲਮੀ ਲੀਡਰਸ਼ਿਪ ਨੇ ਇਨ੍ਹਾਂ ਸਰੋਕਾਰਾਂ ਤੋਂ ਬਿਲਕੁਲ ਅੱਖਾਂ ਮੀਟ ਰੱਖੀਆਂ ਹਨ। ਲਿਹਾਜ਼ਾ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਸੰਯੁਕਤ ਰਾਸ਼ਟਰ ਵਲੋਂ ਸਤੰਬਰ 2021 ਵਿਚ ਸੱਦੇ 'ਖੁਰਾਕ ਪ੍ਰਣਾਲੀਆਂ ਦੇ ਸਿਖਰ ਸੰਮੇਲਨ' ਵਿਚ ਖੁਰਾਕ ਦੀ ਪੈਦਾਵਾਰ, ਢੋਆ ਢੁਆਈ ਅਤੇ ਖਪਤ ਦੇ ਢੰਗ ਤਰੀਕਿਆਂ ਦੀ ਕਾਇਆ ਕਲਪ ਕਰਨ ਲਈ ਕੋਈ ਕਾਰਗਰ ਤੇ ਕਾਬਿਲੇ-ਅਮਲ ਯੋਜਨਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ ਜਾਂ ਨਹੀਂ।

ਉਂਜ, ਜਿਵੇਂ ਅਲਬਰਟ ਆਇਨਸਟਾਈਨ ਨੇ ਇਕ ਵਾਰ ਕਿਹਾ ਸੀ ਕਿ ਅਸੀਂ ਸਮੱਸਿਆਵਾਂ ਨੂੰ ਉਸੇ ਤਰ੍ਹਾਂ ਦੀ ਸੋਚ ਨਾਲ ਹੱਲ ਨਹੀਂ ਕਰ ਸਕਦੇ ਜੋ ਸਮੱਸਿਆਵਾਂ ਪੈਦਾ ਹੋਣ ਵੇਲੇ ਸਾਡੀ ਸੋਚ ਸੀ। ਸਿਵਲ ਸੁਸਾਇਟੀ, ਛੋਟੇ ਉਤਪਾਦਕਾਂ, ਮੁਕਾਮੀ ਭਾਈਚਾਰਿਆਂ ਦੀਆਂ 300 ਤੋਂ ਵੱਧ ਜਥੇਬੰਦੀਆਂ ਅਤੇ ਵਿਅਕਤੀਗਤ ਸਾਇੰਸਦਾਨਾਂ/ਮਾਹਿਰਾਂ ਨੇ ਵੀ ਇਹੀ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਸੰਯੁਕਤ ਰਾਸ਼ਟਰ ਦੇ ਖੁਰਾਕ ਪ੍ਰਣਾਲੀਆਂ ਬਾਰੇ ਸੰਮੇਲਨ ਨੂੰ ਵੀ ਇਸ ਵੱਲ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਇਸ ਅਖੌਤੀ 'ਲੋਕ ਸੰਮੇਲਨ' ਦੇ ਬਾਈਕਾਟ ਦਾ ਸੱਦਾ ਦਿੰਦਿਆਂ ਦੋਸ਼ ਲਾਇਆ ਹੈ ਕਿ "ਯੂ.ਐਨ.ਐਫ.ਐਸ.ਐਸ. ਕਾਰਪੋਰੇਟ ਕੰਪਨੀਆਂ ਦਾ ਦਬਦਬਾ ਵਧਾਉਣ, ਗੈਰ ਹੰਢਣਸਾਰ ਆਲਮੀ ਵੈਲਿਊ ਚੇਨਾਂ ਦੀ ਸਰਪ੍ਰਸਤੀ ਕਰਨ ਅਤੇ ਜਨਤਕ ਸੰਸਥਾਵਾਂ 'ਤੇ ਖੇਤੀ ਕਾਰੋਬਾਰੀ ਕੰਪਨੀਆਂ ਦੀ ਦਾਬੇ ਨੂੰ ਮਜ਼ਬੂਤ ਕਰਨ ਦਾ ਮਾਰਗ ਸਾਫ ਕਰੇਗਾ।"

ਇਸ 'ਤੇ ਕਿਸੇ ਨੂੰ ਹੈਰਾਨੀ ਵੀ ਨਹੀਂ ਹੋਣੀ ਚਾਹੀਦੀ। 2009 ਵਿਚ ਹੋਏ ਸੰਸਾਰ ਆਰਥਿਕ ਮੰਚ ਨੇ ਖੇਤੀਬਾੜੀ ਲਈ ਨਵਾਂ ਦ੍ਰਿਸ਼ਟੀਕੋਣ ਸਾਹਮਣੇ ਲਿਆਂਦਾ ਸੀ ਜਿਸ ਨੂੰ 17 ਬਹੁਕੌਮੀ ਖੇਤੀ ਕਾਰੋਬਾਰੀ ਕੰਪਨੀਆਂ ਰਾਹੀਂ ਅਮਲੀ ਜਾਮਾ ਪਹਿਨਾਇਆ ਜਾਣਾ ਸੀ। ਹੁਣ ਜਦੋਂ ਪਤਾ ਚੱਲ ਚੁੱਕਿਆ ਹੈ ਕਿ ਕਾਰਪੋਰੇਟ ਕੰਪਨੀਆਂ ਦੀ ਅਗਵਾਈ ਵਾਲੇ ਬਾਜ਼ਾਰ ਆਧਾਰਿਤ ਨੁਸਖਿਆਂ ਨੇ ਹੀ ਇਹ ਸੰਕਟ ਪੈਦਾ ਕੀਤਾ ਹੈ ਤਾਂ ਖੁੱਲ੍ਹੇ ਬਾਜ਼ਾਰ ਨੂੰ ਹੱਲਾਸ਼ੇਰੀ ਦੇਣ ਦੇ ਤੌਰ-ਤਰੀਕਿਆਂ ਦੀ ਅੱਜ ਦੀ ਦੁਨੀਆ ਨੂੰ ਲੋੜ ਨਹੀਂ ਹੈ। ਦੁਨੀਆ ਦੀ ਅੱਧੀ ਜ਼ਮੀਨ ਖੇਤੀਬਾੜੀ ਲਈ ਵਰਤੀ ਜਾਂਦੀ ਹੈ ਜਿਸ ਦੇ ਪੇਸ਼ੇਨਜ਼ਰ ਖੇਤੀਬਾੜੀ ਬਾਰੇ ਨਵੇਂ ਸਿਰਿਓਂ ਸੋਚਣ ਦੀ ਲੋੜ ਹੈ ਅਤੇ ਸੰਘਣੀ ਖੇਤੀਬਾੜੀ ਪ੍ਰਣਾਲੀਆਂ 'ਤੇ ਜ਼ੋਰ ਦੇਣ ਨਾਲ ਇਹ ਗ੍ਰੀਨਹਾਊਸ ਗੈਸਾਂ ਦਾ ਦੂਜਾ ਸਭ ਤੋਂ ਵੱਡਾ ਸਰੋਤ ਬਣ ਗਈਆਂ ਹਨ।

ਇਹੀ ਨਹੀਂ, ਇਸੇ ਮੌਕੇ 'ਤੇ ਆਈ ਰੌਕਫੈਲਰ ਫਾਊਂਡੇਸ਼ਨ ਦੀ ਇਕ ਹੋਰ ਰਿਪੋਰਟ 'ਖੁਰਾਕ ਦੀ ਅਸਲ ਲਾਗਤ: ਅਮਰੀਕੀ ਖੁਰਾਕ ਪ੍ਰਣਾਲੀ ਨੂੰ ਤਬਦੀਲ ਕਰਨ ਨਾਲ ਜੁੜੇ ਮਾਮਲਿਆਂ ਦਾ ਜਾਇਜ਼ਾ' ਨਾ ਕੇਵਲ ਸਸਤਾ ਭੋਜਨ ਪੈਦਾ ਕਰਨ ਦੀ ਲਾਗਤ ਦਾ ਮਾਪ ਦਿੰਦੀ ਹੈ ਸਗੋਂ ਇਸ ਨਾਲ ਨੱਥੀ ਕੀਤੇ ਮੁੱਲ ਤੋਂ ਇਲਾਵਾ ਜੁੜੀਆਂ ਗੁੱਝੀਆਂ ਲਾਗਤਾਂ ਦੀ ਵੀ ਬਾਤ ਪਾਉਂਦੀ ਹੈ ਜਿਸ ਨਾਲ ਸਾਡੀਆਂ ਅੱਖਾਂ ਖੁੱਲ੍ਹਣੀਆਂ ਚਾਹੀਦੀਆਂ ਹਨ। ਆਰਥਿਕ ਸੁਧਾਰਾਂ ਦੇ ਪ੍ਰੋਗਰਾਮ ਨੂੰ ਹੰਢਣਸਾਰ ਬਣਾਈ ਰੱਖਣ ਲਈ ਸਸਤਾ ਭੋਜਨ ਹਮੇਸ਼ਾ ਜ਼ਰੂਰੀ ਗਿਣਿਆ ਜਾਂਦਾ ਹੈ। ਹੁਣ ਤੱਕ ਇਹ ਇਸ ਲਈ ਕਾਰਆਮਦ ਰਿਹਾ ਹੈ ਕਿਉਂਕਿ ਅਰਥਸ਼ਾਸਤਰੀਆਂ ਤੇ ਨੀਤੀਘਾੜਿਆਂ ਨੇ ਇਸ ਦੀ ਅਸਲ ਕੀਮਤ ਮਾਪਣ ਦੀ ਜ਼ਹਿਮਤ ਹੀ ਨਹੀਂ ਉਠਾਈ ਪਰ ਸਸਤਾ ਭੋਜਨ ਪੈਦਾ ਕਰਨ ਦੇ ਸਿੱਟੇ ਵਜੋਂ ਵਾਤਾਵਰਨ ਦੀ ਬਰਬਾਦੀ ਕਰ ਕੇ ਹੋਣ ਵਾਲੀਆਂ ਮਨੁੱਖੀ ਸਿਹਤ ਦੀਆਂ ਲਾਗਤਾਂ ਤੇ ਰੋਜ਼ੀ ਰੋਟੀ ਦੇ ਮਸਲੇ ਦੀ ਗੰਭੀਰਤਾ ਇੰਨੀ ਜ਼ਿਆਦਾ ਹੈ ਕਿ ਹੁਣ ਇਨ੍ਹਾਂ ਪ੍ਰਸ਼ਾਸਨਕੁਨ ਅੰਕੜਿਆਂ ਨੂੰ ਰਫਾ-ਦਫਾ ਕਰਨਾ ਨਾਮੁਮਕਿਨ ਬਣ ਗਿਆ ਹੈ।


ਅਮਰੀਕੀ ਖਪਤਕਾਰਾਂ ਨੇ ਸਾਲ 2019 ਵਿਚ ਭੋਜਨ 'ਤੇ ਅੰਦਾਜ਼ਨ 1.1 ਖਰਬ (ਟ੍ਰਿਲੀਅਨ) ਡਾਲਰ ਖਰਚ ਕੀਤੇ ਸਨ। ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ "ਭੋਜਨ ਦੇ ਦਰਸਾਏ ਮੁੱਲ ਵਿਚ ਖੁਰਾਕ ਨਾਲ ਜੁੜੀਆਂ ਬਿਮਾਰੀਆਂ ਕਰ ਕੇ ਹੋਣ ਵਾਲੇ ਸਿਹਤ ਸੰਭਾਲ ਦੇ ਖਰਚੇ, ਜ਼ਮੀਨ, ਪਾਣੀ ਅਤੇ ਜੈਵ ਵੰਨ-ਸਵੰਨਤਾ, ਗ੍ਰੀਨ ਹਾਊਸ ਗੈਸਾਂ ਦੀ ਨਿਕਾਸੀ, ਜਲਵਾਯੂ ਤਬਦੀਲੀ ਆਦਿ ਰਾਹੀਂ ਵਾਤਾਵਰਨ ਨੂੰ ਪਹੁੰਚੇ ਨੁਕਸਾਨ, ਖੇਤੀਬਾੜੀ ਮੁਸੀਬਤਾਂ ਆਦਿ ਦੇ ਰੂਪ ਵਿਚ ਹੋਏ ਨੁਕਸਾਨ ਸ਼ਾਮਲ ਨਹੀਂ ਕੀਤੇ ਗਏ। ਇਹ ਸਾਰੇ ਖਰਚੇ ਜੋੜਨ ਤੋਂ ਬਾਅਦ ਅਮਰੀਕੀ ਖੁਰਾਕੀ ਪ੍ਰਣਾਲੀ ਦੀ ਅਸਲ ਕੀਮਤ ਇਸ ਤੋਂ ਘੱਟੋ-ਘੱਟ ਤਿੰਨ ਗੁਣਾ ਜ਼ਿਆਦਾ, ਭਾਵ ਸਾਲਾਨਾ 3.2 ਖਰਬ (ਟ੍ਰਿਲੀਅਨ) ਡਾਲਰ ਬਣ ਜਾਵੇਗੀ। ਹਾਲਾਂਕਿ ਇਹ ਹੱਥ ਘੁੱਟ ਕੇ ਲਾਇਆ ਅਨੁਮਾਨ ਹੀ ਹੋਵੇਗਾ ਅਤੇ ਰਿਪੋਰਟ ਨੇ ਜੋ ਅੰਕੜੇ ਪੇਸ਼ ਕੀਤੇ ਹਨ, ਉਨ੍ਹਾਂ ਰਾਹੀਂ ਜੋ ਗੱਲ ਸਾਹਮਣੇ ਲਿਆਉਣ ਵਿਚ ਮਦਦ ਕੀਤੀ ਹੈ, ਉਹ ਇਹ ਹੈ ਕਿ ਦੁਨੀਆ ਜਿਹੜੀਆਂ ਮੌਜੂਦਾ ਖੁਰਾਕ ਪ੍ਰਣਾਲੀਆਂ ਦੇ ਰਾਹ 'ਤੇ ਚੱਲ ਰਹੀ ਹੈ, ਉਹ ਬੁਰੀ ਤਰ੍ਹਾਂ ਨਕਾਰਾ ਹੋ ਚੁੱਕੀਆਂ ਹਨ।

ਆਲਮੀ ਪੱਧਰ 'ਤੇ ਖੁਰਾਕ ਪੈਦਾ ਕਰਨ ਦੀ ਅਸਲ ਕੀਮਤ ਖਪਤਕਾਰਾਂ ਵਲੋਂ ਅਦਾ ਕੀਤੀ ਜਾਂਦੀ ਕੀਮਤ ਨਾਲੋਂ ਕਰੀਬ ਤਿੰਨ ਗੁਣਾ ਵੱਧ ਹੈ। ਭਾਰਤ ਜਿੱਥੇ ਖੇਤੀਬਾੜੀ ਦੀ ਪੈਦਾਵਾਰ 20.19 ਲੱਖ ਕਰੋੜ ਰੁਪਏ ਬਣਦੀ ਹੈ ਅਤੇ ਖੇਤੀਬਾੜੀ ਨੂੰ ਅਰਥਚਾਰੇ ਦੇ ਸਭ ਤੋਂ ਹੇਠਲੇ ਮੁਕਾਮ 'ਤੇ ਗਿਣਿਆ ਜਾਂਦਾ ਹੈ, ਵਿਚ ਵੀ ਭੋਜਨ ਪੈਦਾ ਕਰਨ ਦੀ ਅਸਲ ਕੀਮਤ ਮਾਪਣ ਦੇ ਅਧਿਐਨ ਕਰਨ ਦੀ ਲੋੜ ਹੈ। ਸਸਤਾ ਭੋਜਨ ਮੁਹੱਈਆ ਕਰਾਉਣ ਕਰ ਕੇ ਖੇਤੀਬਾੜੀ ਮੁਸ਼ਕਿਲਾਂ ਵਿਚ ਫਸੀ ਰਹਿੰਦੀ ਹੈ ਅਤੇ ਉਤਪਾਦਕਾਂ ਨੂੰ ਵਾਜਬ ਮੁੱਲ ਨਹੀਂ ਦਿੱਤਾ ਜਾਂਦਾ। ਇਸ ਰੁਝਾਨ ਨੂੰ ਮੋੜਾ ਦੇਣ ਵਾਸਤੇ ਅਸਲੋਂ ਨਵੀਂ ਸੋਚ ਅਤੇ ਪਹੁੰਚ 'ਤੇ ਆਧਾਰਿਤ ਦਲੇਰਾਨਾ ਫੈਸਲਿਆਂ ਦੀ ਲੋੜ ਹੈ। ਇਸ ਸਬੰਧੀ ਉਸੇ ਪੁਰਾਣੀ ਆਰਥਿਕ ਤੇ ਵਿਗਿਆਨਕ ਸੋਚ ਕਰ ਕੇ ਹੀ ਇਹ ਸੰਕਟ ਪੈਦਾ ਹੋਇਆ ਹੈ ਅਤੇ ਇਸ ਦੇ ਸਹਾਰੇ ਕਿਸੇ ਹਕੀਕੀ ਹੱਲ ਦੀ ਉਮੀਦ ਨਹੀਂ ਰੱਖੀ ਜਾ ਸਕਦੀ।

# ਪੰਜਾਬ ਦੀ ਆਰਥਿਕਤਾ ਤੇ ਆਹਲੂਵਾਲੀਆ ਕਮੇਟੀ ਰਿਪੋਰਟ

ਪੰਜਾਬ ਦੀ ਆਰਥਿਕਤਾ ਵਿਚ ਕੋਵਿਡ-19 ਤੋਂ ਬਾਅਦ ਮੁੜ ਹੁਲਾਰਾ ਲਿਆਉਣ ਵਾਸਤੇ ਪੰਜਾਬ ਸਰਕਾਰ ਵਲੋਂ 2020 ਵਿਚ ਬਣਾਈ ਆਹਲੂਵਾਲੀਆ ਕਮੇਟੀ ਨੇ ਆਪਣੀ ਅੰਤਿਮ ਰਿਪੋਰਟ 30 ਜੂਨ 2021 ਨੂੰ ਪੇਸ਼ ਕਰ ਦਿੱਤੀ। ਸਰਕਾਰ ਨੇ ਇਹ ਰਿਪੋਰਟ ਪਿਛਲੇ ਹਫਤੇ ਜਾਰੀ ਕੀਤੀ। ਇਸ ਨਾਲ ਮੀਡੀਆ ਅਤੇ ਬੌਧਿਕ ਹਲਕਿਆਂ ਵਿਚ ਚਰਚਾ ਸ਼ੁਰੂ ਹੋ ਗਈ ਹੈ।

ਸ਼ੁਰੂ ਵਿਚ ਹੀ ਲਿਖਿਆ ਗਿਆ ਹੈ ਕਿ ਰਿਪੋਰਟ ਦਾ ਮੁੱਖ ਮਕਸਦ ਪੰਜਾਬ ਦੇ ਆਰਥਿਕ ਵਿਕਾਸ ਨੂੰ ਉਸ ਦੇ ਪੁਰਾਣੇ ਸੁਭਾਵਿਕ ਵਿਕਾਸ ਦੇ ਰਸਤੇ ਪਾਉਣਾ ਹੈ। ਇਹ ਰੁਤਬਾ ਪ੍ਰਤੀ ਵਿਅਕਤੀ ਆਮਦਨ ਵਿਚ 1954-55 ਤੋਂ ਲੈ ਕੇ 1992-93 ਤੱਕ ਮੁਲਕ ਦੇ ਵੱਡੇ ਸੂਬਿਆਂ ਵਿਚ ਅੱਵਲ ਨੰਬਰ ਵਾਲਾ ਸੀ। ਇਸ ਤੋਂ ਬਾਅਦ ਇਹ ਰੁਤਬਾ ਖਿਸਕਦਾ ਗਿਆ ਅਤੇ ਹੁਣ ਮੁੱਖ ਰਾਜਾਂ ਵਿਚ ਪੰਜਾਬ ਦਾ ਰੁਤਬਾ 10ਵੇਂ 11ਵੇਂ ਥਾਂ 'ਤੇ ਪਹੁੰਚ ਗਿਆ ਹੈ। ਆਪਣਾ ਖੁੱਸਿਆ ਰੁਤਬਾ ਹਾਸਲ ਕਰਨ ਵਾਸਤੇ ਸੂਬੇ ਨੂੰ ਅਗਲੇ ਦੋ ਦਹਾਕਿਆਂ ਵਾਸਤੇ ਮੌਜੂਦਾ ਆਰਥਿਕ ਵਿਕਾਸ ਦੀ ਸਾਲਾਨਾ ਦਰ 6% ਤੋਂ ਵਧਾ ਕੇ 8% ਕਰਨੀ ਪਵੇਗੀ। ਕਮੇਟੀ ਦਾ ਵਿਚਾਰ ਹੈ ਕਿ ਇਸ ਨਾਲ ਪੰਜਾਬ ਦੋ ਦਹਾਕਿਆਂ ਤੋਂ ਬਾਅਦ ਮੁਲਕ ਦੇ ਸੂਬਿਆਂ ਵਿਚੋਂ ਪ੍ਰਤੀ ਵਿਅਕਤੀ ਆਮਦਨ ਵਿਚ ਪਹਿਲੇ ਸਥਾਨ 'ਤੇ ਪਹੁੰਚ ਜਾਵੇਗਾ।



**ਸੁੱਚਾ ਸਿੰਘ ਗਿੱਲ**
ਫੋਨ: +91-98550-82857

ਉਂਜ, ਕਮੇਟੀ ਨੇ ਅਜਿਹਾ ਕੋਈ ਅੰਦਾਜ਼ਾ ਨਹੀਂ ਲਾਇਆ ਕਿ 8% ਸਾਲਾਨਾ ਵਿਕਾਸ ਦਰ ਵਾਸਤੇ ਸਰਮਾਇਆਕਾਰੀ ਲਈ ਆਮਦਨ ਦਾ ਕਿੰਨਾ ਹਿੱਸਾ ਪੂੰਜੀ ਨਿਵੇਸ਼ ਵਿਚ ਲਾਉਣਾ ਹੋਵੇਗਾ। ਇਹ ਵੀ ਅੰਦਾਜ਼ਾ ਨਹੀਂ ਲਾਇਆ ਕਿ ਇਸ ਵਾਸਤੇ ਮਾਇਕ ਸਾਧਨ ਕਿਥੋਂ ਆਉਣਗੇ। ਇਸ ਬਾਬਤ ਵੀ ਕੋਈ ਜ਼ਿਕਰ ਨਹੀਂ ਕਿ ਇਸ ਵਿਚ ਸਰਕਾਰ ਦਾ ਯੋਗਦਾਨ ਕਿੰਨਾ ਅਤੇ ਪ੍ਰਾਈਵੇਟ ਸੈਕਟਰ ਦਾ ਕਿੰਨਾ ਹੋਵੇਗਾ। ਅਜਿਹੇ ਠੋਸ ਅੰਕੜਿਆਂ ਦੀ ਅਣਹੋਂਦ ਕਾਰਨ ਸੂਬੇ ਦੀ ਵਿਕਾਸ ਦਰ ਵਿਚ 2% ਦਾ ਉਛਾਲ ਨਿਰੀ ਕਲਪਨਾ ਵਾਲੀ ਗੱਲ ਨਜ਼ਰ ਆਉਂਦੀ ਹੈ। ਇਸ ਅੰਦਾਜ਼ੇ ਦਾ ਪੰਜਾਬ ਦੀ ਹਕੀਕੀ ਹਾਲਤ ਨਾਲ ਕੋਈ ਸਬੰਧ ਨਹੀਂ ਹੈ। ਇਹ ਵੀ ਨਹੀਂ ਦੱਸਿਆ ਗਿਆ ਕਿ 8% ਸਾਲਾਨਾ ਵਿਕਾਸ ਦਰ ਦੇ ਅੰਕੜੇ ਜਾਂ ਕਿਆਫੇ ਦਾ ਆਧਾਰ ਕੀ ਹੈ। ਹਰ ਇਕ ਪੰਜਾਬ ਹਿਤੈਸ਼ੀ ਵਿਕਾਸ ਦੀ ਵਧਦੀ ਦਰ ਦੇਖਣਾ ਚਾਹੁੰਦਾ ਹੈ। ਇਸ ਰਿਪੋਰਟ ਵਿਚ ਅਜਿਹੀ ਕੋਈ ਰੂਪ-ਰੇਖਾ ਤਿਆਰ ਨਹੀਂ ਕੀਤੀ ਗਈ ਜਿਸ ਨੂੰ ਆਉਣ ਵਾਲੇ ਦੋ ਦਹਾਕਿਆਂ ਲਈ ਅਪਣਾਇਆ ਜਾ ਸਕੇ। ਇਹ ਰਿਪੋਰਟ ਇਸ ਪੱਖੋਂ ਕਾਫੀ ਕਮਜ਼ੋਰ ਅਤੇ ਅਰਥਹੀਣ ਨਜ਼ਰ ਆਉਂਦੀ ਹੈ। ਇਸ ਤੋਂ ਬਾਅਦ ਵੱਖਰੇ ਵੱਖਰੇ ਸੈਕਟਰਾਂ ਬਾਰੇ ਸੁਝਾਅ ਦਿੱਤੇ ਗਏ ਹਨ।

ਸਿਹਤ ਸੇਵਾਵਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਸਰਕਾਰ ਕਮੇਟੀ ਵੱਲੋਂ 2020-21 ਦੇ ਬਜਟ ਵਾਸਤੇ ਪ੍ਰਵਾਨਤ 4532 ਕਰੋੜ ਰੁਪਏ ਦੀ ਬਜਾਇ ਇਸ ਵਰ੍ਹੇ 5438 ਕਰੋੜ ਰੁਪਏ ਕੋਵਿਡ-19 ਮਹਾਮਾਰੀ ਕਾਰਨ ਖਰਚ ਕਰਨ ਦਾ ਇੰਤਜ਼ਾਮ ਕਰੇ। ਕਮੇਟੀ ਨੇ ਨੋਟ ਕੀਤਾ ਹੈ ਕਿ ਇਸ ਸਾਲ ਸਰਕਾਰ ਵਲੋਂ 4051 ਕਰੋੜ ਰੁਪਏ ਖਰਚਣ ਦਾ ਅਨੁਮਾਨ ਹੈ; ਭਾਵ, ਬਜਟ ਵਾਸਤੇ ਪ੍ਰਵਾਨ ਰਾਸ਼ੀ ਤੋਂ ਵੀ 10.6% ਘੱਟ ਖਰਚਿਆ ਗਿਆ ਸੀ। ਇਹ ਕਮੇਟੀ ਦੇ ਸੁਝਾਏ ਪੱਧਰ ਤੋਂ 25.50% ਘੱਟ ਖਰਚੀ ਰਾਸ਼ੀ ਬਣਦੀ ਹੈ। ਇਹ ਵਰਤਾਰਾ ਪਿਛਲੇ ਕਈ ਸਾਲਾਂ ਤੋਂ ਜਾਰੀ ਹੈ। ਕਮੇਟੀ ਨੇ ਇਸ ਨੂੰ ਸਮਝਣ ਅਤੇ ਇਸ ਦੀ ਵਿਆਖਿਆ ਕਰਨ ਦੀ ਲੋੜ ਹੀ ਨਹੀਂ ਸਮਝੀ ਕਿ ਸਰਕਾਰ ਕਈ ਸਾਲਾਂ ਤੋਂ ਸਿਹਤ ਸੇਵਾਵਾਂ 'ਤੇ ਲੋੜ ਤੋਂ ਘੱਟ ਕਿਉਂ ਖਰਚ ਕਰ ਰਹੀ। ਸਰਕਾਰ ਨੂੰ ਸਭ ਪਤਾ ਹੈ ਕਿ ਡਾਕਟਰਾਂ, ਨਰਸਾਂ ਅਤੇ ਪੈਰਾ-ਮੈਡੀਕਲ ਸਟਾਫ ਦੀਆਂ ਹਜ਼ਾਰਾਂ ਅਸਾਮੀਆਂ ਖਾਲੀ ਹਨ। ਇਹ ਅਸਾਮੀਆਂ ਜਾਣਬੁੱਝ ਕੇ ਭਰੀਆਂ ਨਹੀਂ ਗਈਆਂ। ਪਿੰਡਾਂ ਦੀਆਂ ਡਿਸਪੈਂਸਰੀਆਂ ਅਤੇ ਸਿਹਤ ਕੇਂਦਰਾਂ ਵਿਚ ਕੰਮ ਠੀਕ ਨਹੀਂ ਚੱਲ ਰਿਹਾ। ਇਸ ਪਿੱਛੇ ਇਹ ਸੋਚ ਕੰਮ ਕਰਦੀ ਹੈ ਕਿ ਸਰਕਾਰੀ ਸਿਹਤ ਸੇਵਾਵਾਂ ਦੀ ਬਜਾਏ ਪ੍ਰਾਈਵੇਟ ਸਿਹਤ ਸੇਵਾਵਾਂ ਨੂੰ ਉਤਸ਼ਾਹਿਤ ਕੀਤਾ ਜਾਵੇ। ਇਹ ਤਾਂ ਹੀ ਸੰਭਵ ਹੋ ਸਕਦਾ ਹੈ, ਜੇ ਸਰਕਾਰੀ ਸਿਹਤ ਸੇਵਾਵਾਂ ਨੂੰ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿਚ ਨਾਕਸ ਬਣਾ ਦਿੱਤਾ ਜਾਵੇ। ਇਸ ਕਰਕੇ ਸਿਹਤ ਸੇਵਾਵਾਂ ਸਰਕਾਰ ਦੀ ਤਰਜੀਹ ਵਿਚ ਨਹੀਂ। ਦੂਜਾ ਕਾਰਨ ਇਹ ਕਿ ਸਰਕਾਰ ਦੀ ਵਿੱਤੀ ਹਾਲਤ ਬਹੁਤ ਤਰਸਯੋਗ ਹੈ, ਤੇ ਇਹ ਸਿਹਤ ਅਤੇ ਸਿੱਖਿਆ ਦੇ ਬਜਟਾਂ ਵਿਚ ਲਗਾਤਾਰ ਕਟੌਤੀ ਕਰ ਰਹੀ ਹੈ। ਇਸ ਵਰਤਾਰੇ ਨੂੰ ਸਮਝਣ ਤੋਂ ਬਗੈਰ ਹੀ ਕਮੇਟੀ ਨੇ ਸਰਕਾਰੀ ਸਿਹਤ ਸੇਵਾਵਾਂ ਨੂੰ ਦਰੁਸਤ ਕਰਨੇ ਵਾਸਤੇ ਇਹ ਸਿਫਾਰਸ਼ ਕਰ ਦਿੱਤੀ ਕਿ ਅਗਲੇ ਪੰਜ ਸਾਲਾਂ ਦੌਰਾਨ ਸਿਹਤ ਸੇਵਾਵਾਂ ਦੇ ਬਜਟ ਨੂੰ ਹਰ ਸਾਲ 20% ਵਧਾਇਆ ਜਾਵੇ। ਹਰ ਸਾਲ ਸਿਹਤ ਸੇਵਾਵਾਂ ਦਾ ਬਜਟ 20% ਵਧਾਉਣ ਦਾ ਕਿਆਫਾ ਕਿਸ ਆਧਾਰ 'ਤੇ ਲਾਇਆ ਹੈ, ਰਿਪੋਰਟ ਤੋਂ ਇਸ ਬਾਰੇ ਕੋਈ ਸੁਰਾਗ ਨਹੀਂ ਮਿਲਦਾ। ਕਮੇਟੀ ਦਾ ਸਿਹਤ ਸੇਵਾਵਾਂ ਦੀ ਮੰਦੀ ਹਾਲਤ ਵੱਲ ਧਿਆਨ ਦਿਵਾਉਣਾ ਚੰਗੀ ਗੱਲ ਹੈ ਪਰ ਸੁਝਾਵਾਂ ਦੀ ਪ੍ਰਪੱਕਤਾ ਦੀ ਅਣਹੋਂਦ ਰੜਕਦੀ ਜ਼ਰੂਰ ਹੈ।

**ਆਹਲੂਵਾਲੀਆ ਕਮੇਟੀ ਨੇ ਪੰਜਾਬ ਦੇ ਅਰਥਚਾਰੇ ਨੂੰ ਮੁੜ ਲੀਹ 'ਤੇ ਲਿਆਉਣ ਲਈ ਸੁਝਾਅ ਦੇਣੇ ਸਨ ਪਰ ਇਸ ਕਮੇਟੀ ਦੇ ਮੈਂਬਰਾਂ ਨੇ ਪੰਜਾਬ ਬਾਰੇ ਮੁੱਢਲਾ ਕੰਮ ਵੀ ਨਹੀਂ ਕੀਤਾ। ਇਹ ਸਮਾਜ ਕਿਸੇ ਵਰਗ ਨੂੰ ਨਹੀਂ ਮਿਲੇ ਅਤੇ ਨਾ ਹੀ ਉਨ੍ਹਾਂ ਦੀਆਂ ਮੁਸ਼ਕਿਲਾਂ ਤੇ ਉਮੀਦਾਂ ਬਾਰੇ ਜਾਣਕਾਰੀ ਹਾਸਲ ਕੀਤੀ। ਕਮੇਟੀ ਨੇ ਤਾਂ ਪੰਜਾਬ ਦੀ ਆਰਥਿਕਤਾ ਬਾਰੇ ਮੌਜੂਦ ਸਾਹਿਤ ਅਤੇ ਰਿਪੋਰਟਾਂ ਵੀ ਪੜ੍ਹੀਆਂ ਜਾਂ ਵਿਚਾਰੀਆਂ ਨਹੀਂ।**



ਪੰਜਾਬ ਦੀ ਸਨਅਤ ਦੀ ਪੁਨਰ-ਸੁਰਜੀਤੀ ਵਾਸਤੇ ਕਮੇਟੀ ਨੇ ਕਾਫੀ ਸੁਝਾਅ ਦਿੱਤੇ ਹਨ ਅਤੇ ਸਿਫਾਰਸ਼ਾਂ ਕੀਤੀਆਂ ਹਨ। ਇਨ੍ਹਾਂ ਵਿਚ ਸਨਅਤੀ ਇਕਾਈਆਂ ਨੂੰ ਨਿਯਮਤ ਕਰਨ ਵਾਲੇ ਨਿਯਮਾਂ ਦਾ ਖਾਤਮਾ ਕਰਨਾ ਜਾਂ ਢਿੱਲ ਦੇਣਾ, ਕਿਰਤ ਕਾਨੂੰਨਾਂ ਵਿਚ ਢਿੱਲ ਦੇ ਕੇ ਕਿਰਤੀਆਂ ਦੀਆਂ ਰੁਜ਼ਗਾਰ ਸ਼ਰਤਾਂ ਬਦਲਣਾ ਸ਼ਾਮਿਲ ਹੈ। ਇਸ ਵਿਚ ਇਹ ਸੁਝਾਅ ਨੋਟ ਕਰਨ ਵਾਲਾ ਹੈ ਕਿ ਪੱਕੀ ਨੌਕਰੀ ਦੀ ਬਜਾਇ ਨਿਸ਼ਚਿਤ ਸਮੇਂ ਵਾਸਤੇ ਰੁਜ਼ਗਾਰ ਦੀ ਵਿਵਸਥਾ ਕਰਨਾ, ਕੰਮ ਦੇ ਘੰਟਿਆਂ ਦਾ ਬਦਲਣਾ, ਪ੍ਰਦੂਸ਼ਣ ਬੋਰਡ ਦੇ ਨਿਯਮਾਂ ਵਿਚ ਸਨਅਤੀ ਇਕਾਈਆਂ ਵਾਸਤੇ ਢਿੱਲ ਦੇਣਾ, ਪ੍ਰਦੂਸ਼ਣ ਬੋਰਡ ਵਿਚ ਸਲਾਹਕਾਰ ਕਮੇਟੀਆਂ ਉਪਰ ਸਨਅਤਕਾਰਾਂ ਨੂੰ ਲਗਾਉਣਾ, ਸੂਬੇ ਦੇ ਸਨਅਤੀ ਵਿਭਾਗ ਵਿਚ ਸੈੱਲ ਕਾਇਮ ਕਰਨਾ ਤਾਂ ਕਿ ਸਨਅਤੀ ਇਕਾਈਆਂ ਨੂੰ ਸਰਕਾਰ ਵਲੋਂ ਐਲਾਨੀਆਂ ਕਰਜ਼ੇ ਦੀਆਂ ਰਿਆਇਤਾਂ ਦਾ ਲਾਭ ਪਹੁੰਚਾਇਆ ਜਾ ਸਕੇ, ਸ਼ਹਿਰਾਂ ਤੋਂ ਬਾਹਰ ਸਨਅਤੀ ਐਸਟੇਟਾਂ ਬਣਾਉਣ ਦੀ ਇਜਾਜ਼ਤ ਦੇਣਾ ਜਿਨ੍ਹਾਂ ਦਾ ਪ੍ਰਬੰਧ ਸਨਅਤੀ ਐਸੋਸੀਏਸ਼ਨਾਂ ਵਲੋਂ ਚਲਾਇਆ ਜਾਵੇਗਾ, ਬਿਜਲੀ ਸਪਲਾਈ ਵਾਸਤੇ ਸਬਸਿਡੀ ਦੇਣਾ, ਛੋਟੀਆਂ ਕੁਤਾਹੀਆਂ ਵਾਸਤੇ ਜੁਰਮਾਨੇ ਤੋਂ ਛੋਟ, ਸਰਕਾਰੀ ਥਰਮਲ ਪਲਾਂਟ ਬੰਦ ਕਰਨੇ, ਸਨਅਤੀ ਇਕਾਈਆਂ ਵਲੋਂ ਕਰਜ਼ੇ ਲੈਣ 'ਤੇ ਲਗਾਇਆ 1% ਸੈੱਸ ਮੁਆਫ ਕਰਨਾ, ਪ੍ਰਾਹੁਣਾਚਾਰੀ ਖੇਤਰ ਨੂੰ ਦੋ ਸਾਲਾਂ ਵਾਸਤੇ ਲਾਇਸੈਂਸ ਫੀਸ ਤੋਂ ਮੁਕਤ ਕਰਨਾ, ਜਿਹੜੀਆਂ ਸਬਸਿਡੀਆਂ ਫੂਡ ਇੰਡਸਟਰੀ ਨੂੰ ਦਿਤੀਆਂ ਜਾਂਦੀਆਂ ਹਨ, ਉਹ ਹੋਰ ਸਨਅਤਾਂ ਨੂੰ ਵੀ ਦੇ ਦਿਤੀਆਂ ਜਾਣ। ਇਹ ਸਿਫਾਰਸ਼ਾਂ ਇਸ ਗੱਲ ਵੱਲ ਧਿਆਨ ਦਿਵਾਉਂਦੀਆਂ ਹਨ ਕਿ ਸਰਕਾਰ ਸਨਅਤੀ ਇਕਾਈਆਂ ਨੂੰ ਕੰਟਰੋਲ ਨਾ ਕਰੇ, ਇਨ੍ਹਾਂ ਨੂੰ ਸਬਸਿਡੀਆਂ ਵਧਾਈਆਂ ਜਾਣ ਅਤੇ ਕਿਰਤੀਆਂ ਦੀ ਲੁੱਟ ਦੀ ਖੁੱਲ੍ਹ ਦਿੱਤੀ ਜਾਵੇ। ਕਮੇਟੀ ਨੇ ਪੰਜਾਬ ਵਿਚ ਸਨਅਤੀ ਖੇਤਰ ਦੇ ਪਛੜ ਜਾਣ ਦੇ ਮੁੱਖ ਕਾਰਨਾਂ ਦਾ ਕੋਈ ਅਧਿਐਨ ਨਹੀਂ ਕੀਤਾ ਹੈ। 1991 ਦੀਆਂ ਨਵੀਆਂ ਆਰਥਿਕ ਨੀਤੀਆਂ ਅਪਣਾਉਣ ਤੋਂ ਬਾਅਦ ਰੇਲਵੇ ਵਲੋਂ ਕੱਚੇ ਮਾਲ ਦੇ ਭਾੜੇ ਦੀ ਇਕਸਾਰਤਾ ਦਾ ਪ੍ਰਬੰਧ ਖਤਮ ਕਰ ਦਿੱਤਾ ਗਿਆ ਸੀ। ਇਸ ਨਾਲ ਪੰਜਾਬ ਵਿਚ ਕੱਚੇ ਲੋਹੇ, ਕੋਇਲੇ ਅਤੇ ਹੋਰ ਖਣਿਜ ਪਦਾਰਥਾਂ 'ਤੇ ਆਧਾਰਿਤ ਉਦਯੋਗਾਂ ਦੇ ਖਾਤਮੇ ਦਾ ਮੁੱਢ ਬੰਨ੍ਹਿਆ ਗਿਆ ਸੀ। ਇਸ ਨਾਲ ਬਟਾਲਾ, ਲੁਧਿਆਣਾ, ਅੰਮ੍ਰਿਤਸਰ ਤੇ ਮੰਡੀ ਗੋਬਿੰਦਗੜ੍ਹ ਦੇ ਲੋਹਾ ਆਧਾਰਿਤ ਉਦਯੋਗ ਚਲਾਉਣੇ ਮਹਿੰਗੇ ਹੋ ਗਏ। ਇਸ ਤੋਂ ਇਲਾਵਾ, ਜੰਮੂ ਕਸ਼ਮੀਰ ਤੇ ਹਿਮਾਚਲ ਪ੍ਰਦੇਸ਼ ਵਿਚ ਕੇਂਦਰ ਸਰਕਾਰ ਦੀਆਂ ਟੈਕਸ ਰਿਆਇਤਾਂ ਕਾਰਨ ਪੰਜਾਬ ਵਿਚੋਂ ਸਨਅਤੀ ਇਕਾਈਆਂ ਦਾ ਪਲਾਇਨ ਸ਼ੁਰੂ ਹੋ ਗਿਆ ਸੀ। ਗੁਆਂਢੀ ਮੁਲਕ ਪਾਕਿਸਤਾਨ ਨਾਲ ਵਪਾਰ ਬੰਦ ਕਰਨਾ ਪੰਜਾਬ ਦੀ ਸਨਅਤ ਨੂੰ ਡੂੰਘੀ ਸੱਟ ਮਾਰਦਾ ਹੈ। ਇਸ ਤੋਂ ਇਲਾਵਾ ਪੰਜਾਬ ਦੀਆਂ ਹਾਕਮ ਪਾਰਟੀਆਂ ਦੇ ਲੀਡਰਾਂ ਅਤੇ ਅਫਸਰਾਂ ਦੇ ਕਥਿਤ ਭ੍ਰਿਸ਼ਟਾਚਾਰ ਨੇ ਪੰਜਾਬ ਦੇ ਸਨਅਤਕਾਰਾਂ ਨੂੰ ਸੂਬੇ ਵਿਚੋਂ ਬਾਹਰ ਕਰਨ ਵਿਚ ਯੋਗਦਾਨ ਪਾਇਆ ਹੈ।

ਕਮੇਟੀ ਨੇ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਦੀਆਂ ਰਿਪੋਰਟਾਂ ਵੱਲ ਧਿਆਨ ਦੇਣ ਦੀ ਕੋਸ਼ਿਸ਼ ਨਹੀਂ ਕੀਤੀ। ਇਸੇ ਕਰਕੇ ਕਮੇਟੀ ਦੀਆਂ ਸਿਫਾਰਸ਼ਾਂ ਵਿਚ ਸੂਬੇ ਦੇ ਸਨਅਤੀ ਵਿਕਾਸ ਦੇ ਪਛੜੇਪਣ ਨੂੰ ਦੂਰ ਕਰਨ ਵਾਲੇ ਮੁੱਖ ਕਾਰਨਾਂ ਦਾ ਜ਼ਿਕਰ ਤੱਕ ਨਹੀਂ। ਇਹ ਸਿਫਾਰਸ਼ਾਂ ਨਵ-ਉਦਾਰਵਾਦੀ ਸੋਚ ਦੇ ਆਧਾਰ ਕੀਤੀਆਂ ਗਈਆਂ ਹਨ। ਇਹ ਸਿਫਾਰਸ਼ਾਂ ਪੰਜਾਬ ਦੇ ਆਰਥਿਕ ਧਰਾਤਲ ਨਾਲ ਮੇਲ ਨਹੀਂ ਖਾਂਦੀਆਂ। ਇਨ੍ਹਾਂ ਪਿੱਛੇ ਇਹੀ ਸੋਚ ਹੈ ਕਿ ਪ੍ਰਾਈਵੇਟ ਕਾਰਪੋਰੇਟ ਕੰਪਨੀਆਂ ਨੂੰ ਛੋਟਾਂ ਦਿਉ; ਭਾਵ, ਉਦਾਰੀਕਰਨ ਕਰੋ, ਪਬਲਿਕ ਸੈਕਟਰ ਦਾ ਨਿੱਜੀਕਰਨ ਕੀਤਾ ਜਾਵੇ ਤਾਂ ਆਰਥਿਕ ਵਿਕਾਸ ਆਪਣੇ ਆਪ ਤੇਜ਼ੀ ਨਾਲ ਹੋ ਜਾਵੇਗਾ। ਨੌਜਵਾਨਾਂ ਵਿਚ ਹੁਨਰ ਦਾ ਵਿਕਾਸ ਕਰਨ ਵਾਸਤੇ ਪ੍ਰਾਈਵੇਟ ਸੈਕਟਰ ਦੇ ਰੋਲ ਉੱਤੇ ਲੋੜੋਂ ਵੱਧ ਜ਼ੋਰ ਦਿੱਤਾ ਗਿਆ ਹੈ। ਹੁਨਰ ਵਿਕਾਸ ਪ੍ਰੋਗਰਾਮ ਕੇਂਦਰ ਸਰਕਾਰ ਦਾ ਸਪਾਂਸਰ ਕੀਤਾ ਪ੍ਰੋਗਰਾਮ ਹੈ ਜਿਸ ਨੂੰ ਪੰਜਾਬ ਸਰਕਾਰ ਪ੍ਰਾਈਵੇਟ ਅਦਾਰਿਆਂ ਦੀ ਮਦਦ ਨਾਲ ਚਲਾ ਰਹੀ ਹੈ। ਇਸ ਨੂੰ ਲਾਗੂ ਕਰਨ ਤੋਂ ਬਾਅਦ ਕਾਫੀ ਸਕੈਂਡਲ ਸਾਹਮਣੇ ਆਏ ਹਨ। ਫਰਜ਼ੀ ਸਿਖਲਾਈ ਦਿੱਤੀ ਜਾਂਦੀ ਹੈ। ਇਸ ਨਾਲ ਨਾ ਤਾਂ ਨੌਜਵਾਨਾਂ ਨੂੰ ਸਿਖਲਾਈ ਮਿਲਦੀ ਹੈ ਅਤੇ ਨਾ ਹੀ ਸਿਖਲਾਈ ਪ੍ਰਾਪਤ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਜਾਂਦਾ ਹੈ। ਪੈਸੇ ਜ਼ਰੂਰ ਖਰਚ ਹੋ ਰਹੇ ਹਨ। ਅਜਿਹੇ ਮਾਮਲਿਆਂ ਵਿਚ ਕਈ ਫਰਜ਼ੀ ਕੇਂਦਰ ਸਰਗਰਮ ਹਨ। ਇਸ ਬਾਰੇ ਕੁਝ ਅਧਿਐਨ ਹੋਏ ਹਨ ਪਰ ਇਨ੍ਹਾਂ ਨੂੰ ਅਣਗੌਲਿਆਂ ਕਰਕੇ ਇਹ ਸਿਫਾਰਸ਼ਾਂ ਕੀਤੀਆਂ ਗਈਆਂ ਹਨ।

ਉਂਜ, ਇਸ ਤੋਂ ਵੀ ਅਗਾਂਹ ਜਾ ਕੇ ਇਹ ਸੁਝਾਅ ਦਿੱਤਾ ਗਿਆ ਹੈ ਕਿ ਹੁਨਰ ਵਿਕਾਸ ਲਈ ਵੱਖਰੀ ਟੈਕਨੀਕਲ ਯੂਨੀਵਰਸਿਟੀ ਬਣਾਈ ਜਾਵੇ। ਕਮੇਟੀ ਇਹ ਭੁੱਲ ਗਈ ਕਿ ਸੂਬੇ ਵਿਚ ਪਹਿਲਾਂ ਹੀ ਦੋ ਟੈਕਨੀਕਲ ਯੂਨੀਵਰਸਿਟੀਆਂ ਹਨ। ਇਨ੍ਹਾਂ ਵਿਚੋਂ ਕਿਸੇ ਇਕ ਯੂਨੀਵਰਸਿਟੀ ਨੂੰ ਹੁਨਰ ਵਿਕਾਸ ਦਾ ਪ੍ਰੋਗਰਾਮ ਸੁਚਾਰੂ ਤਰੀਕੇ ਨਾਲ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ। ਵੈਸੇ ਵੀ ਪੁਰਾਣੀਆਂ ਯੂਨੀਵਰਸਿਟੀਆਂ ਚਲਾਉਣ ਵਾਸਤੇ ਸਰਕਾਰ ਕੋਲ ਪੈਸੇ ਨਹੀਂ ਹਨ, ਨਵੇਂ ਕਿਵੇਂ ਬਣੇਗੀ? ਇਹ ਸਿਫਾਰਸ਼ ਇਸ ਕਰਕੇ ਫਾਲਤੂ ਲਗਦੀ ਹੈ ਕਿ ਕਮੇਟੀ ਮੌਜੂਦਾ ਟੈਕਨੀਕਲ ਸਾਧਨ ਵਰਤਣ ਦੇ ਹੱਕ ਵਿਚ ਨਜ਼ਰ ਨਹੀਂ ਆਉਂਦੀ। ਇਵੇਂ ਹੀ ਕਮੇਟੀ ਨਵੇਂ ਕਾਰੋਬਾਰਾਂ ਬਾਰੇ ਕੇਂਦਰੀ ਪ੍ਰੋਗਰਾਮ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਫਿਕਰਮੰਦ ਲਗਦੀ ਹੈ ਪਰ ਪੰਜਾਬ ਵਿਚ ਲੱਖਾਂ ਦੀ ਗਿਣਤੀ ਵਿਚ ਚੱਲ ਰਹੀਆਂ ਲਘੂ ਇਕਾਈਆਂ ਮੁੜ-ਸੁਰਜੀਤ ਕਰਨ ਬਾਰੇ ਕੋਈ ਠੋਸ ਨੀਤੀ ਨਹੀਂ ਸੁਝਾਈ ਗਈ। ਹੁਨਰ ਵਿਕਾਸ ਪ੍ਰੋਗਰਾਮ ਅਤੇ ਨਵੇਂ ਕਾਰੋਬਾਰਾਂ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਠੋਸ ਨਤੀਜਿਆਂ ਦੀ ਪੂਰਤੀ ਲਈ ਕਮੇਟੀ ਨੇ ਸੰਸਾਰ ਬੈਂਕ ਅਤੇ ਏਸ਼ੀਆ ਵਿਕਾਸ ਬੈਂਕ ਦੇ ਏਸ਼ੀਆ ਵਿਚ ਚਲਾਏ ਐਸੇ ਪ੍ਰੋਗਰਾਮਾਂ ਦੇ ਅਧਿਐਨ ਦਾ ਸੁਝਾਅ ਪੰਜਾਬ ਸਰਕਾਰ ਨੂੰ ਦਿੱਤਾ ਹੈ। ਇਸ ਦਾ ਅਰਥ ਹੈ ਕਿ ਕਮੇਟੀ ਇਸ ਕੰਮ ਵਾਸਤੇ ਇਕ ਹੋਰ ਕਮੇਟੀ ਬਣਾਉਣ ਦਾ ਸੁਝਾਅ ਦੇ ਰਹੀ ਹੈ।

ਸਮਾਜਿਕ ਖੇਤਰ ਵਿਚ ਪਹਿਲਕਦਮੀ ਵਾਸਤੇ ਸਿਰਫ ਪੂਰਬੀ ਭਾਰਤ ਤੋਂ ਪੰਜਾਬ ਵਿਚ ਆਉਣ ਵਾਲੇ ਪਰਵਾਸੀ ਮਜ਼ਦੂਰਾਂ ਵਾਸਤੇ ਹੀ ਸਿਫਾਰਸ਼ਾਂ ਹਨ। ਇਨ੍ਹਾਂ ਵਿਚ ਉਨ੍ਹਾਂ ਨੂੰ 50 ਸਮਾਜਿਕ ਸੁਰੱਖਿਆ ਪ੍ਰੋਗਰਾਮਾਂ ਦਾ ਲਾਭ ਦਿਵਾਉਣਾ, ਉਨ੍ਹਾਂ ਬਾਰੇ ਵਿਆਪਕ ਅੰਕੜੇ ਇਕੱਠਾ ਕਰਨਾ ਅਤੇ ਜਿਨ੍ਹਾਂ ਜ਼ਿਲ੍ਹਿਆਂ ਵਿਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਜ਼ਿਆਦਾ ਹੈ, ਉਥੇ ਜ਼ਿਆਦਾ ਫੰਡ ਦੇ ਕੇ ਉਨ੍ਹਾਂ ਵਾਸਤੇ ਸਿਹਤ ਕੇਂਦਰ, ਸਕੂਲ ਅਤੇ ਆਂਗਨਵਾੜੀ ਕੇਂਦਰ ਬਣਾਉਣੇ ਸ਼ਾਮਿਲ ਹਨ। ਇਵੇਂ ਹੀ ਮਰਦ-ਔਰਤ ਦੀ ਬਰਾਬਰੀ ਦਾ ਸੁਝਾਅ ਦਿੱਤਾ ਗਿਆ ਹੈ ਪਰ ਆਮ ਕਿਰਤੀਆਂ, ਖਾਸਕਰ ਖੇਤ ਮਜ਼ਦੂਰਾਂ ਤੇ ਹੋਰ ਪੇਂਡੂ ਕਿਰਤੀਆਂ ਦੀ ਤਰਸਯੋਗ ਹਾਲਤ ਸੁਧਾਰਨ ਲਈ ਕੋਈ ਵੀ ਸੁਝਾਅ ਨਹੀਂ ਦਿੱਤਾ ਸਗੋਂ ਇਹ ਸੁਝਾਅ ਦਿੱਤਾ ਹੈ ਕਿ ਪੱਕੀਆਂ ਨੌਕਰੀਆਂ ਨੂੰ ਨਿਸ਼ਚਿਤ ਸਮੇਂ ਵਾਸਤੇ ਕੀਤਾ ਜਾਵੇ, ਕਿਰਤ ਕਾਨੂੰਨਾਂ ਵਿਚ ਸੋਧਾਂ ਕਰਕੇ ਮਾਲਕਾਂ ਨੂੰ ਵੱਧ ਘੰਟਿਆਂ ਲਈ ਕਿਰਤੀਆਂ ਤੋਂ ਕੰਮ ਕਰਾਉਣ ਦੀ ਖੁੱਲ੍ਹ ਦਿੱਤੀ ਜਾਵੇ। ਇਸ ਤੋਂ ਇਸ ਕਮੇਟੀ ਦਾ ਖਾਸਾ ਕਿਰਤੀ ਵਿਰੋਧੀ ਨਜ਼ਰ ਆਉਂਦਾ ਹੈ। ਇਸੇ ਕਰਕੇ ਹੀ ਕਮੇਟੀ ਨੇ ਉਨ੍ਹਾਂ (ਕਿਰਤੀਆਂ) ਦੀ ਹਾਲਤ ਸੁਧਾਰਨ ਲਈ ਕੋਈ ਸੁਝਾਅ ਨਹੀਂ ਦਿੱਤਾ।

ਪੰਜਾਬ ਸਰਕਾਰ ਦੀ ਵਿੱਤੀ ਹਾਲਤ ਉਪਰ ਇਕ ਪੂਰਾ ਚੈਪਟਰ ਹੈ। ਚੈਪਟਰ ਦੇ ਪਹਿਲੇ ਹਿੱਸੇ ਵਿਚ ਸੂਬੇ ਨੂੰ ਸਾਰੇ ਮੁਲਕ ਵਿਚ ਸਭ ਤੋਂ ਵੱਧ ਵਿੱਤੀ ਸਮੱਸਿਆ ਵਾਲਾ ਸੂਬਾ ਐਲਾਨਿਆ ਹੈ। ਇਸ ਦੇ ਹੱਲ ਵਾਸਤੇ ਸਭ ਤੋਂ ਪਹਿਲਾਂ 15 ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ/ਹਦਾਇਤਾਂ ਦੀ ਪਾਲਣਾ ਕਰਨ ਵਾਸਤੇ ਕਿਹਾ ਹੈ। ਸੂਬੇ ਦੀ ਸਰਕਾਰ ਲਈ ਤਾਂ ਵੈਸੇ ਹੀ ਇਨ੍ਹਾਂ ਦੀ ਪਾਲਣਾ ਜ਼ਰੂਰੀ ਹੁੰਦੀ ਹੈ। ਇਸ ਤੋਂ ਇਲਾਵਾ ਕਮੇਟੀ ਨੇ ਲੰਮੇ ਸਮੇਂ ਲਈ ਵਿੱਤੀ ਅਨੁਕੂਲਤਾ ਵਾਸਤੇ ਕਈ ਸੁਝਾਅ ਦਿੱਤੇ ਗਏ ਹਨ। ਇਨ੍ਹਾਂ ਵਿਚ ਮੁਲਾਜ਼ਮਾਂ ਦੇ ਤਨਖਾਹ ਸਕੇਲਾਂ ਨੂੰ ਕੇਂਦਰ ਸਰਕਾਰ ਦੇ ਮੁਲਾਜ਼ਮਾਂ ਦੇ ਤਨਖਾਹ ਸਕੇਲਾਂ ਦੇ ਬਰਾਬਰ ਕਰਨਾ, ਪੰਜਾਬ ਪੁਲਿਸ ਦੀ ਭਰਤੀ ਅਗਾਂਹ ਤੋਂ ਬੰਦ ਕਰਨੀ, ਘਾਟੇ ਵਾਲੇ ਪਬਲਿਕ ਸੈਕਟਰ ਅਦਾਰੇ ਨੂੰ ਪ੍ਰਾਈਵੇਟ ਖੇਤਰ ਨੂੰ ਵੇਚਣੇ, ਪੈਪਸੂ ਤੇ ਪੰਜਾਬ ਰੋਡਵੇਜ਼ ਨੂੰ ਮਿਲਾ ਕੇ ਇਕ ਕਾਰਪੋਰੇਸ਼ਨ ਵਿਚ ਤਬਦੀਲ ਕਰਨਾ, ਸਰਕਾਰੀ ਥਰਮਲ ਪਲਾਂਟ ਬੰਦ ਕਰਨਾ, ਪਨਗਰੇਨ ਨੂੰ ਅਨਾਜ ਦੀ ਖਰੀਦ ਤੋਂ ਹਟਾ ਕੇ ਬੰਦ ਕਰਨਾ, ਪ੍ਰੋਫੈਸ਼ਨਲ ਟੈਕਸ ਦਾ ਮੌਜੂਦਾ ਸਾਲਾਨਾ ਰੇਟ 2500 ਰੁਪਏ ਤੋਂ ਵਧਾ ਕੇ 18000 ਰੁਪਏ ਕਰਨਾ ਆਦਿ ਸੂਬੇ ਦੇ ਮੁਲਾਜ਼ਮਾਂ ਦੇ ਪੱਖ ਵਿਚ ਨਹੀਂ ਹਨ।

ਇਸ ਤੋਂ ਇਲਾਵਾ ਕਰਨਾਟਕ ਮਾਡਲ ਅਨੁਸਾਰ ਸ਼ਹਿਰੀ ਜਾਇਦਾਦਾਂ ਵੇਚ ਕੇ ਪੈਸੇ ਇਕੱਠੇ ਕਰਨਾ, ਰੇਤਾ-ਬਜਰੀ ਤੇ ਲਘੂ ਖਣਿਜਾਂ 'ਤੇ ਟੈਕਸ ਦੀ ਦਰ ਵਧਾਉਣਾ, ਸ਼ਰਾਬ ਤੇ ਐਕਸਾਈਜ਼ ਡਿਊਟੀ ਦੀ ਦਰ ਵਧਾਉਣਾ, ਸਰਕਾਰ ਵੱਲੋਂ ਚਲਾਈਆਂ ਜਾਂਦੀਆਂ ਸੁਸਾਇਟੀਆਂ ਦੀ ਆਮਦਨ ਨੂੰ ਸਰਕਾਰ ਦੇ ਕੰਸੋਲੀਡੇਟਡ ਫੰਡ ਵਿਚ ਸ਼ਾਮਲ ਕਰਨਾ ਆਦਿ ਸ਼ਾਮਿਲ ਹਨ। ਸੂਬੇ ਸਿਰ ਕਰਜ਼ੇ ਦੀ ਪੰਡ ਬਾਰੇ ਕਿਹਾ ਗਿਆ ਹੈ ਕਿ ਮਹਿੰਗੇ ਵਿਆਜ ਵਾਲੇ ਕਰਜ਼ੇ ਘੱਟ ਵਿਆਜ ਵਾਲੇ ਕਰਜ਼ਿਆਂ ਵਿਚ ਤਬਦੀਲ ਕੀਤੇ ਜਾਣ ਅਤੇ 35000 ਕਰੋੜ ਰੁਪਏ ਵਾਲੇ ਬੈਂਕਾਂ ਤੋਂ ਮਹਿੰਗੇ ਓਵਰ-ਡਰਾਫਟ ਦੀ ਪ੍ਰਥਾ ਖਤਮ ਕੀਤੀ ਜਾਵੇ। ਲਗਭਗ 2.73 ਲੱਖ ਕਰੋੜ ਰੁਪਏ ਦੇ ਸਰਕਾਰੀ ਕਰਜ਼ੇ ਕਿਸ ਤਰ੍ਹਾਂ ਘਟਾਏ ਜਾਂ ਖਤਮ ਕਰਨੇ ਹਨ, ਇਸ ਬਾਰੇ ਸਿਫਾਰਸ਼ ਕੀਤੀ ਹੈ ਕਿ ਪੰਜਾਬ ਦੇ ਵਿੱਤ ਸਕੱਤਰ ਦੀ ਅਗਵਾਈ ਵਿਚ ਸਰਕਾਰ ਕਮੇਟੀ ਬਣਾਵੇ; ਕਮੇਟੀ ਕੋਲ ਇਸ ਬਾਰੇ ਆਪਣੇ ਤੌਰ 'ਤੇ ਕੋਈ ਸੁਝਾਅ ਨਹੀਂ ਹੈ। ਵੈਸੇ ਵੀ ਪਬਲਿਕ ਵਿਚ ਆਮ ਚਰਚਾ ਰਹਿੰਦੀ ਹੈ ਕਿ ਮੰਤਰੀਆਂ ਫਜ਼ੂਲ ਖਰਚੀ ਕਰਦੇ ਹਨ, ਵਿਧਾਇਕ ਕਈ ਕਈ ਪੈਨਸ਼ਨਾਂ ਲੈਂਦੇ ਹਨ। ਉਨ੍ਹਾਂ ਦਾ ਆਮਦਨ ਟੈਕਸ ਵੀ ਸਰਕਾਰ ਭਰਦੀ ਹੈ। ਰੇਤਾ-ਬਜਰੀ ਅਤੇ ਐਕਸਾਈਜ਼ ਦੀ ਵੱਡੀ ਪੱਧਰ 'ਤੇ ਚੋਰੀ ਹੋ ਰਹੀ ਹੈ। ਪ੍ਰਾਪਰਟੀ ਡੀਲਰ ਮਾਫੀਆ, ਖਣਿਜ ਮਾਫੀਆ ਅਤੇ ਸ਼ਰਾਬ ਮਾਫੀਆ ਵਿੱਤੀ ਸਾਧਨਾਂ ਨੂੰ ਸਰਕਾਰੀ ਖਜ਼ਾਨੇ ਵਿਚ ਆਉਣ ਨਹੀਂ ਦਿੰਦੇ। ਇਨ੍ਹਾਂ ਪੱਖਾਂ ਬਾਰੇ ਕਮੇਟੀ ਨੇ ਕੋਈ ਵਿਚਾਰ-ਵਟਾਂਦਰਾ ਨਹੀਂ ਕੀਤਾ, ਕੋਈ ਸੁਝਾਅ ਤਾਂ ਕੀ ਦੇਣਾ ਸੀ! ਇਸ ਕਰਕੇ ਕਮੇਟੀ ਸੂਬੇ ਦੇ ਮਸਲੇ ਠੀਕ ਤਰ੍ਹਾਂ ਸਮਝਣ ਵਿਚ ਕਾਮਯਾਬ ਨਹੀਂ ਹੋਈ ਅਤੇ ਠੀਕ ਸੁਝਾਅ ਦੇਣ ਤੋਂ ਵੀ ਅਸਮਰਥ ਰਹੀ ਹੈ।

ਕਮੇਟੀ ਨੇ ਦੋ ਬਹੁਤ ਹੀ ਮਹੱਤਵਪੂਰਨ ਮਸਲੇ ਅੰਤਿਮ ਰਿਪੋਰਟ ਵਿਚੋਂ ਬਾਹਰ ਰੱਖੇ ਹਨ। ਇਨ੍ਹਾਂ ਵਿਚੋਂ ਇਕ ਦਾ ਸਬੰਧ ਖੇਤੀ ਸੰਕਟ ਬਾਰੇ ਹੈ, ਦੂਜੇ ਦਾ ਸਬੰਧ ਵਿਦਿਆ ਖੇਤਰ ਤੇ ਨੌਜਵਾਨਾਂ ਦੀਆਂ ਸਮੱਸਿਆਵਾਂ ਨਾਲ ਹੈ। ਖੇਤੀਬਾੜੀ ਨੂੰ ਪਹਿਲੀ ਰਿਪੋਰਟ ਵਿਚ ਵਿਚਾਰਿਆ ਗਿਆ ਸੀ ਅਤੇ ਸੁਝਾਅ ਲਗਭਗ ਕੇਂਦਰੀ ਸਰਕਾਰ ਦੇ ਪਾਸ ਕੀਤੇ ਤਿੰਨ ਖੇਤੀ ਕਾਨੂੰਨਾਂ ਨਾਲ ਸਹਿਮਤੀ ਵਾਲੇ ਸਨ। ਅੰਤਿਮ ਰਿਪੋਰਟ ਵਿਚੋਂ ਕਿਸਾਨਾਂ ਦੇ ਅੰਦੋਲਨ ਤੋਂ ਡਰਦਿਆਂ ਇਹ ਚੈਪਟਰ ਇਹ ਕਹਿ ਕੇ ਬਾਹਰ ਕੱਢ ਦਿੱਤਾ ਗਿਆ ਕਿ ਸਰਕਾਰ ਦੀ ਇਸ ਬਾਬਤ ਕੋਈ ਟਿੱਪਣੀ ਨਹੀਂ ਮਿਲ ਸਕੀ। ਉਂਜ, ਵਿਦਿਆ ਅਤੇ ਨੌਜਵਾਨਾਂ ਬਾਰੇ ਕੁਝ ਵੀ ਸੁਝਾਅ ਨਾ ਦੇਣਾ ਬਹੁਤ ਸ਼ੱਕੀ ਗੱਲ ਲਗਦੀ ਹੈ; ਕਿਉਂ ਜੋ ਨੌਜਵਾਨ ਪੰਜਾਬ ਛੱਡ ਕੇ ਹਰ ਸਾਲ ਲੱਖਾਂ ਦੀ ਗਿਣਤੀ ਵਿਚ ਵਿਦੇਸ਼ ਜਾ ਰਹੇ ਹਨ। ਸੂਬੇ ਦੀ ਸਿੱਖਿਆ ਵਿਚ ਕੀ ਕਮੀ ਹੈ ਜਿਹੜੀ ਵਿਦਿਆਰਥੀਆਂ ਨੂੰ ਵਿਦੇਸ਼ ਵੱਲ ਧੱਕ ਰਹੀ ਹੈ? ਪੰਜਾਬ ਵਿਚ ਬੇਰੁਜ਼ਗਾਰੀ ਦੀ ਸਮੱਸਿਆ ਕਿਉਂ ਇੰਨੀ ਗੰਭੀਰ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਤੋਂ ਬਗੈਰ ਪੰਜਾਬ ਦੇ ਆਰਥਿਕ ਵਿਕਾਸ ਨੂੰ ਲੋੜੀਂਦਾ ਹੁਲਾਰਾ ਦੇਣਾ ਸੰਭਵ ਨਹੀਂ।

ਇਸ ਕਮੇਟੀ ਤੋਂ ਉਮੀਦ ਸੀ ਕਿ ਇਹ ਸਮੱਸਿਆਵਾਂ ਬਾਰੇ ਠੋਸ ਅਤੇ ਸਾਰਥਕ ਸੁਝਾਅ ਪੇਸ਼ ਕਰੇਗੀ ਪਰ ਅਜਿਹਾ ਸੰਭਵ ਨਹੀਂ ਹੋ ਸਕਿਆ। ਦਰਅਸਲ, ਪਹਿਲੀ ਗਲਤੀ ਕਮੇਟੀ ਬਣਾਉਣ ਅਤੇ ਇਸ ਦੀ ਬਣਤਰ ਸਮੇਂ ਹੋ ਗਈ। ਕਮੇਟੀ ਵਿਚ ਨਾਮਵਰ ਵਿਦਵਾਨ ਅਤੇ ਨੀਤੀਘਾੜੇ ਸ਼ਾਮਲ ਕਰਨ ਦੇ ਚੱਕਰ ਵਿਚ ਅਜਿਹੀਆਂ ਸ਼ਖਸੀਅਤਾਂ ਲੈ ਲਈਆਂ ਜੋ ਮਸ਼ਹੂਰ ਤਾਂ ਹਨ ਪਰ ਪੰਜਾਬ ਦੇ ਲੋਕਾਂ ਅਤੇ ਧਰਾਤਲ ਨਾਲ ਉਨ੍ਹਾਂ ਦਾ ਬਹੁਤਾ ਜਾਂ ਨੇੜੇ ਦਾ ਸਬੰਧ ਨਹੀਂ। ਬਹੁਤੇ ਕਮੇਟੀ ਮੈਂਬਰ ਨਵ-ਉਦਾਰਵਾਦੀ ਨੀਤੀਆਂ ਦੇ ਧਾਰਨੀ ਹਨ ਜਦੋਂ ਕਿ ਪੰਜਾਬ ਦੇ ਲੋਕ ਇਨ੍ਹਾਂ ਨੀਤੀਆਂ ਖਿਲਾਫ ਕਿਸਾਨ ਅੰਦੋਲਨ ਚਲਾ ਰਹੇ ਹਨ। ਜੋ ਮੈਂਬਰ ਪੰਜਾਬ ਤੋਂ ਸ਼ਾਮਲ ਕੀਤੇ ਗਏ, ਉਹ ਕਾਰਪੋਰੇਟ ਸੈਕਟਰ ਦੀ ਨੁਮਾਇੰਦਗੀ ਕਰਦੇ ਹਨ।

ਇਸ ਕਮੇਟੀ ਦੀਆਂ ਸਿਫਾਰਸ਼ਾਂ ਤੋਂ ਵੀ ਜ਼ਾਹਿਰ ਹੈ ਕਿ ਕਾਰਪੋਰੇਟ ਸੈਕਟਰ ਦੇ ਹੱਕ ਵਿਚ ਹੀ ਰਾਇ ਦਰਜ ਕਰਵਾਈ ਗਈ ਹੈ। ਸਭ ਤੋਂ ਵੱਡੀ ਗਲਤੀ ਕਮੇਟੀ ਦੀ ਕਾਰਜ ਵਿਧੀ ਨਾਲ ਜੁੜੀ ਹੈ। ਕਮੇਟੀ ਮੈਂਬਰ ਪੰਜਾਬ ਦਾ ਦੌਰਾ ਕਰਕੇ ਸਮਾਜ ਦੇ ਵੱਖ-ਵੱਖ ਵਰਗਾਂ ਨੂੰ ਨਹੀਂ ਮਿਲੇ ਅਤੇ ਨਾ ਹੀ ਉਨ੍ਹਾਂ ਦੀਆਂ ਮੁਸ਼ਕਿਲਾਂ ਤੇ ਆਸਾਂ-ਉਮੀਦਾਂ ਬਾਰੇ ਕੋਈ ਜਾਣਕਾਰੀ ਹਾਸਲ ਕੀਤੀ। ਕਮੇਟੀ ਨੇ ਪੰਜਾਬ ਦੀ ਆਰਥਿਕਤਾ ਬਾਰੇ ਮੌਜੂਦ ਸਾਹਿਤ ਅਤੇ ਰਿਪੋਰਟਾਂ ਵੀ ਪੜ੍ਹੀਆਂ ਜਾਂ ਵਿਚਾਰੀਆਂ ਨਹੀਂ। ਇਹ ਸਿਰਫ ਅਫਸਰਸ਼ਾਹੀ ਨਾਲ ਗੱਲਬਾਤ ਅਤੇ ਮੇਲਜੋਲ ਕਰਨ 'ਤੇ ਆਧਾਰਿਤ ਨਵ-ਉਦਾਰਵਾਦੀ ਨਜ਼ਰੀਏ ਦੇ ਅਸਰ ਹੇਠ ਲਿਖੀ ਰਿਪੋਰਟ ਹੈ। ਇਸ ਵਿਚ ਪੰਜਾਬ ਅਤੇ ਲੋਕਾਂ ਦਾ ਪੱਖ ਵਿਚਾਰਿਆ ਨਹੀਂ ਗਿਆ।

# ਦੇਸ਼-ਭਗਤੀ ਦਾ ਸਾਰਾ ਠੇਕਾ ਲੈ ਕੇ ਚੱਲ ਰਹੀ ਹੈ ਭਾਜਪਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਰਾਸ਼ਟਰੀ ਸੋਇਮਸੇਵਕ ਸੰਘ ਵੱਲੋਂ ਪਿੱਛੇ ਬੈਠ ਕੇ ਭਾਜਪਾ ਆਗੂ ਨਰਿੰਦਰ ਮੋਦੀ ਰਾਹੀਂ ਚਲਾਈ ਜਾਂਦੀ ਭਾਰਤ ਦੀ ਸਰਕਾਰ ਨੇ ਦੇਸ਼ ਦੇ ਸਭ ਤੋਂ ਵੱਡੇ ਖੇਡ ਐਵਾਰਡ 'ਰਾਜੀਵ ਗਾਂਧੀ ਖੇਡ ਰਤਨ ਐਵਾਰਡ' ਦਾ ਨਾਂ ਬਦਲ ਕੇ 'ਮੇਜਰ ਧਿਆਨ ਚੰਦ ਖੇਡ ਰਤਨ ਐਵਾਰਡ' ਕਰ ਦਿੱਤਾ ਹੈ। ਇਸ ਦੀ ਹਮਾਇਤ ਅਤੇ ਵਿਰੋਧ ਦੀਆਂ ਦਲੀਲਾਂ ਦੇਣ ਵਾਲਿਆਂ ਦੀ ਲੜੀ ਬਹੁਤ ਲੰਮੀ ਜਾਪਦੀ ਹੈ। ਬਹੁਤਾ ਕਰ ਕੇ ਦੋਵੇਂ ਧਿਰਾਂ ਦੇ ਲੋਕ ਇੱਕ ਜਾਂ ਦੂਸਰੀ ਰਾਜਨੀਤੀ ਨਾਲ ਜੋਤ ਕੇ ਇਸ ਖੇਡ ਐਵਾਰਡ ਦਾ ਮੁੱਦਾ ਚੁੱਕ ਰਹੇ ਹਨ। ਸੱਚਾਈ ਇਹ ਹੈ ਕਿ ਜਦੋਂ ਕਾਂਗਰਸ ਦੀ ਚੜ੍ਹਤ ਸੀ, ਉਨ੍ਹਾਂ ਨੇ ਨਹਿਰੂ-ਗਾਂਧੀ ਪਰਿਵਾਰ ਦੀ ਚਾਪਲੂਸੀ ਵਿਚ ਸਿਖਰ ਛੋਹ ਰੱਖਿਆ ਸੀ ਤੇ ਲਗਭਗ ਹਰ ਨਵੀਂ ਗੱਲ ਨਾਲ ਉਸੇ ਟੱਬਰ ਦਾ ਨਾਂ ਜੋੜਨਾ ਜ਼ਰੂਰੀ ਹੋ ਗਿਆ ਸੀ। ਉਦੋਂ ਦੀਆਂ ਉਸ ਇੱਕੋ ਪਰਿਵਾਰ ਨਾਲ ਜੋੜੀਆਂ ਥਾਂਵਾਂ ਵਿਚੋਂ ਕਿਸੇ ਇੱਕ ਦਾ ਨਾਂ ਬਦਲ ਕੇ ਨਰਿੰਦਰ ਮੋਦੀ ਨੇ ਝਟਕਾ ਦਿੱਤਾ ਹੈ ਤਾਂ ਕਈ ਲੋਕ ਖੁਸ਼ ਹਨ। ਉਂਜ ਹਾਕੀ ਖਿਡਾਰੀ ਧਿਆਨ ਚੰਦ ਦਾ ਸਤਿਕਾਰ ਕਰਨਾ ਸੀ ਤੇ ਕਰਨਾ ਵੀ ਬਣਦਾ ਸੀ ਤਾਂ ਇਸ ਤੋਂ ਵੱਡਾ ਨਵਾਂ ਐਵਾਰਡ ਉਸ ਦੇ ਨਾਂ ਨਾਲ ਚਾਲੂ ਕਰ ਕੇ ਕੀਤਾ ਜਾ ਸਕਦਾ ਸੀ। ਸੋ ਸਪਸ਼ਟ ਹੈ ਕਿ ਇਰਾਦਾ ਧਿਆਨ ਚੰਦ ਦਾ ਸਨਮਾਨ ਕਰਨ ਦਾ ਘੱਟ ਅਤੇ ਨਹਿਰੂ-ਗਾਂਧੀ ਪਰਿਵਾਰ ਦਾ ਅਪਮਾਨ ਕਰਨ ਦਾ ਵੱਧ ਸੀ ਤੇ ਕਰ ਦਿੱਤਾ ਹੈ। ਕੁਝ ਲੋਕ ਇਹ ਕਹਿ ਰਹੇ ਹਨ ਕਿ ਜੇ ਰਾਜੀਵ ਗਾਂਧੀ ਦਾ ਨਾਂ ਖੇਡ ਐਵਾਰਡ ਨਾਲ ਲਾਉਣਾ ਗਲਤ ਸੀ ਤਾਂ ਜਿਉਂਦੇ-ਜਾਗਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਨਾਂ ਸੰਸਾਰ ਭਰ ਦੇ ਸਭ ਤੋਂ ਵੱਡੇ ਕ੍ਰਿਕਟ ਸਟੇਡੀਅਮ ਨਾਲੋਂ ਅਤੇ ਮਰਹੂਮ ਭਾਜਪਾ ਨੇਤਾ ਅਰੁਣ ਜੇਤਲੀ ਦਾ ਨਾਂ ਦਿੱਲੀ ਵਿਚਲੇ ਕ੍ਰਿਕਟ ਸਟੇਡੀਅਮ ਨਾਲੋਂ ਵੀ ਕੱਟ ਦੇਣਾ ਚਾਹੀਦਾ ਹੈ। ਭਾਜਪਾ ਲੀਡਰ ਇਸ ਲਈ ਕਦੀ ਨਹੀਂ ਮੰਨ ਸਕਦੇ।

ਨਰਿੰਦਰ ਮੋਦੀ ਤੇ ਉਸ ਦੇ ਪਿੱਛੇ ਖੜ੍ਹੀ ਢਾਣੀ ਇਹ ਮੰਨ ਕੇ ਚੱਲਦੀ ਹੈ ਕਿ ਜਦੋਂ ਤੱਕ ਕਾਂਗਰਸ ਪਾਰਟੀ ਅਤੇ ਇਸ ਦੇ ਆਗੂਆਂ ਦਾ ਨਾਂ ਲੋਕਾਂ ਦੇ ਮਨਾਂ ਤੋਂ ਕੱਢਿਆ ਨਹੀਂ ਜਾਂਦਾ, ਰਾਜਨੀਤਕ ਪੱਖੋਂ 'ਕਾਂਗਰਸ ਮੁਕਤ ਭਾਰਤ' ਬਣਾਉਣ ਦੀ ਸੋਚ ਸਿਰੇ ਨਹੀਂ ਚੜ੍ਹ ਸਕਦੀ। ਇਸ ਧਾਰਨਾ ਨੂੰ ਸਿਰੇ ਚੜ੍ਹਾਉਣ ਲਈ ਉਹ ਹੌਲੀ-ਹੌਲੀ ਕਾਂਗਰਸੀ ਨੁਸਖਾ ਅਪਨਾਉਣ ਤੇ ਕਾਂਗਰਸੀ ਆਗੂਆਂ ਦੀ ਥਾਂ ਉਸੇ ਤਰ੍ਹਾਂ ਹਰ ਪਾਸੇ ਆਪਣੇ ਮੌਜੂਦਾ ਅਤੇ ਮਰਹੂਮ ਨੇਤਾਵਾਂ ਦੇ ਨਾਂ ਲਿਖਣ ਦੇ ਰਾਹ ਪੈ ਚੁਕੇ ਹਨ। ਇਹ ਕੰਮ ਮੱਠੀ ਚਾਲੇ ਹੋ ਰਿਹਾ ਹੈ ਅਤੇ ਹੁੰਦਾ ਰਹਿਣਾ ਹੈ। ਦੇਸ਼ ਦੇ ਲੋਕਾਂ ਨੂੰ ਨਾ ਹਰ ਪਾਸੇ ਕਾਂਗਰਸੀਆਂ ਦੇ ਮੋਹਰੀ ਪਰਿਵਾਰ ਦੇ ਨਾਂ ਲਿਖੇ ਚੁਭਦੇ ਸਨ ਤੇ ਨਾ ਭਾਜਪਾ ਵਾਲਿਆਂ ਦੇ ਨਾਂ ਕੋਈ ਗਹੁ ਨਾਲ ਪੜ੍ਹਦਾ ਹੈ, ਆਮ ਲੋਕਾਂ ਕੋਲ ਏਦਾਂ ਦੀਆਂ ਗੱਲਾਂ ਬਾਰੇ ਸੋਚਣ ਦਾ ਵਕਤ ਹੀ ਨਹੀਂ ਹੁੰਦਾ, ਕਿਉਂਕਿ ਦੋ ਡੰਗ ਦੀ ਰੋਟੀ ਦੀ ਚਿੰਤਾ ਕਾਂਗਰਸੀ ਰਾਜ ਦੇ ਵਕਤ ਵੀ ਖਹਿੜਾ ਨਹੀਂ ਸੀ ਛੱਡਦੀ ਤੇ ਭਾਜਪਾ ਰਾਜ ਵਿਚ ਵੀ ਨਹੀਂ। ਆਮ ਆਦਮੀ ਲਈ ਰਾਜਨੀਤੀ ਦੀਆਂ ਇਨ੍ਹਾਂ ਤਿਕੜਮਾਂ ਬਾਰੇ ਸੋਚਣ ਦਾ ਕੀ, ਬੀਤੇ ਤਜਰਬੇ ਵਿਚ ਝਾਕਣ ਦਾ ਵੀ ਵਕਤ ਨਹੀਂ ਹੁੰਦਾ, ਵਰਨਾ ਮੌਕੇ ਦੀਆਂ ਸਰਕਾਰਾਂ ਦੇ ਕਿਰਦਾਰ ਬਾਰੇ ਵੀ ਸੌਖਾ ਸਮਝ ਸਕਦੇ।

ਅੱਜ ਜਿਸ ਪੜਾਅ ਵਿਚੋਂ ਭਾਰਤ ਲੰਘ ਰਿਹਾ ਹੈ, ਉਥੇ ਦੇਸ਼-ਭਗਤੀ ਦਾ ਸਭ ਤੋਂ ਵੱਡਾ ਸਰਟੀਫਿਕੇਟ ਭਾਜਪਾ ਜਾਂ ਆਰ. ਐੱਸ. ਐੱਸ. ਨਾਲ ਜੁੜਿਆ ਹੋਣਾ ਮੰਨਿਆ ਜਾਂਦਾ ਹੈ। ਉਹ ਦੇਸ਼ ਦੀ ਆਜ਼ਾਦੀ ਦੀ ਲਹਿਰ ਬਾਰੇ ਵੀ ਉਦੋਂ ਦੇ ਸ਼ਹੀਦਾਂ ਤੇ ਸੰਗਰਾਮੀਆਂ ਨੂੰ ਆਪਣੀ ਸੋਚ ਦੇ ਚੌਖਟੇ ਵਿਚ ਫਿੱਟ ਕਰਨ ਦਾ ਯਤਨ ਕਰਦੇ ਹਨ ਤੇ ਜਿਹੜੇ ਫਿੱਟ ਨਾ ਆਉਂਦੇ ਹੋਣ, ਉਨ੍ਹਾਂ ਦੇ ਖਿਲਾਫ ਭੰਡੀ-ਪ੍ਰਚਾਰ ਸ਼ੁਰੂ ਕਰ ਸਕਦੇ ਹਨ। ਸਰਕਾਰੀ ਸਰਪ੍ਰਸਤੀ ਹੋਣ ਕਾਰਨ ਭਾਜਪਾ ਦੀ ਹਰ ਗੱਲ ਜਾਇਜ਼ ਠਹਿਰਾਉਣ ਵਾਲਿਆਂ ਨੂੰ ਕੋਈ ਇਹ ਵੀ ਯਾਦ ਨਹੀਂ ਕਰਾਉਂਦਾ ਕਿ ਦੇਸ਼ ਨੂੰ ਆਜ਼ਾਦੀ ਮਿਲਣ ਵੇਲੇ ਆਰ. ਐੱਸ. ਐੱਸ. ਨੇ ਉਸ ਤਿਰੰਗੇ ਝੰਡੇ ਨੂੰ ਸਨਮਾਨ ਨਾ ਦੇਣ ਦਾ ਸੱਦਾ ਦਿੱਤਾ ਸੀ, ਜਿਸ ਤਿਰੰਗੇ ਨੂੰ ਅੱਜ ਉਹੋ ਲੋਕ ਸਭ ਤੋਂ ਵੱਧ ਉੱਚਾ ਚੁੱਕਣ ਦੀਆਂ ਗੱਲਾਂ ਕਰਦੇ ਹਨ। ਸੰਘ ਪਰਿਵਾਰ ਦਾ ਬੁਲਾਰਾ ਅੰਗਰੇਜ਼ੀ ਮੈਗਜ਼ੀਨ 'ਆਰਗੇਨਾਈਜ਼ਰ' ਆਜ਼ਾਦੀ ਮਿਲਣ ਦੇ ਸਾਲ 1947 ਵਿਚ ਸ਼ੁਰੂ ਹੋਇਆ ਸੀ ਅਤੇ ਇਸ ਦੇ 17 ਜੁਲਾਈ 1947 ਨੂੰ ਛਪੇ ਤੀਸਰੇ ਅੰਕ ਵਿਚ ਸੰਪਾਦਕੀ ਲੇਖ ਵਿਚ ਹੀ ਤਿਰੰਗੇ ਝੰਡੇ ਨੂੰ ਮਾਨਤਾ ਦੇਣ ਦਾ ਤਿੱਖਾ ਵਿਰੋਧ ਕਰਦੇ ਹੋਏ ਲਿਖ ਦਿੱਤਾ ਗਿਆ ਸੀ ਕਿ ਸਮਾਂ ਆਵੇਗਾ, ਜਦੋਂ ਇਸ ਦੇਸ਼ ਵਿਚ ਤਿਰੰਗਾ ਨਹੀਂ, ਸਿਰਫ ਭਗਵਾ ਝੰਡਾ ਲਹਿਰਾਇਆ ਕਰੇਗਾ। ਉਸ ਤੋਂ ਬਾਅਦ ਕਈ ਸਾਲਾਂ ਤੱਕ ਇਸ ਸੰਗਠਨ ਨੇ ਆਪਣੇ ਨਾਗਪੁਰ ਵਾਲੇ ਮੁੱਖ ਦਫਤਰ ਉੱਤੇ ਤਿਰੰਗਾ ਝੰਡਾ ਨਹੀਂ ਸੀ ਲਾਇਆ, ਪਰ ਭਾਰਤ ਉੱਤੇ ਰਾਜ ਕਰਨ ਦਾ ਸੁਫਨਾ ਸਿਰੇ ਚੜ੍ਹਾਉਣ ਲਈ ਇੱਕ ਮਜਬੂਰੀ ਵਿਚ ਲਾਇਆ ਜਾਣ ਲੱਗਾ ਹੈ। ਆਜ਼ਾਦੀ ਮਿਲਣ ਵੇਲੇ ਆਰ. ਐੱਸ. ਐੱਸ. ਦੇ ਉਦੋਂ ਦੇ ਮੁਖੀ ਗੋਲਵਾਲਕਰ ਨੇ ਆਖਿਆ ਸੀ ਕਿ ਕੁਦਰਤ ਦੀ ਕਿੱਕ ਨਾਲ ਸੱਤਾ ਵਿਚ ਆਏ ਆਗੂ ਸਾਡੇ ਹੱਥ ਤਿਰੰਗਾ ਫੜਾ ਸਕਦੇ ਹਨ, ਪਰ ਇਹ ਝੰਡਾ ਕਦੇ ਵੀ ਹਿੰਦੂਆਂ ਵੱਲੋਂ ਨਾ ਸਤਿਕਾਰਿਆ ਜਾਵੇਗਾ ਅਤੇ ਨਾ ਅਪਨਾਇਆ ਜਾਵੇਗਾ। ਇਸ ਤੋਂ ਅੱਗੇ ਵਧ ਕੇ ਇਹ ਵੀ ਲਿਖਿਆ ਗਿਆ ਕਿ ਤਿੰਨ ਦਾ ਨੰਬਰ ਹੀ ਆਪਣੇ ਆਪ ਵਿਚ ਬੁਰਾਈ ਹੈ ਅਤੇ ਇਹ ਤਿੰਨ ਰੰਗਾਂ ਵਾਲਾ ਝੰਡਾ ਦੇਸ਼ ਦੀ ਮਾਨਸਕਿਤਾ ਉੱਤੇ ਬੁਰਾ ਅਸਰ ਪਾਵੇਗਾ ਤੇ ਉਸ ਨੂੰ ਜ਼ਖਮੀ ਕਰੇਗਾ।

ਸਾਨੂੰ ਇਹ ਗੱਲ ਪਤਾ ਹੈ ਕਿ ਰਾਜ-ਸੁਖ ਦੀ ਭੁੱਖ ਦੀਆਂ ਸਤਾਈਆਂ ਕੁਝ ਧਿਰਾਂ ਦੀ ਮਦਦ ਨਾਲ ਗੱਠਜੋੜ ਬਣਾ ਕੇ ਦੇਸ਼ ਦੀ ਵਾਗ ਇੱਕ ਵਾਰ ਸਾਂਭ ਚੁੱਕੀ ਭਾਜਪਾ ਕੋਲ ਇਸ ਵੇਲੇ ਏਨੀ ਤਾਕਤ ਹੈ ਕਿ ਜੋ ਮਰਜ਼ੀ ਭੰਨ-ਤੋੜ ਕਰੀ ਜਾਵੇ, ਕੋਈ ਰੋਕ ਸਕਣ ਵਾਲੀ ਤਾਕਤ ਸਾਹਮਣੇ ਨਹੀਂ ਦਿੱਸਦੀ, ਪਰ ਹਾਲਾਤ ਸਦਾ ਇੱਕੋ ਰਹਿਣ ਦੀ ਗਾਰੰਟੀ ਨਹੀਂ ਹੁੰਦੀ। ਨਰਿੰਦਰ ਮੋਦੀ ਦੀ ਅਗਵਾਈ ਹੇਠ ਜੋ ਮੁਹਿੰਮ ਇਸ ਵਕਤ ਚੱਲ ਰਹੀ ਹੈ, ਉਹ ਆਪਣੇ ਵਿਰੋਧ ਦੀਆਂ ਧਿਰਾਂ ਖੁਦ ਪੈਦਾ ਕਰਨ ਤੱਕ ਜਾ ਸਕਦੀ ਹੈ। ਘੱਟ-ਗਿਣਤੀਆਂ ਨੂੰ ਸਤਾਉਣ ਅਤੇ ਪੁਰਾਣੇ ਪ੍ਰਤੀਕਾਂ ਨੂੰ ਢਾਹੁਣ ਨਾਲ ਜਿੱਦਾਂ ਦੇ ਹਾਲਾਤ ਬਣ ਸਕਦੇ ਹਨ, ਭਾਜਪਾ ਲੀਡਰਸ਼ਿਪ ਉਨ੍ਹਾਂ ਬਾਰੇ ਨਹੀਂ ਸੋਚ ਰਹੀ। ਸ਼ਾਇਦ ਉਹ ਸੋਚਣਾ ਵੀ ਨਹੀਂ ਚਾਹੁੰਦੀ। ਉਹ ਲੋਕ ਥੋੜ੍ਹੇ ਨਹੀਂ, ਜਿਹੜੇ ਹਰ ਤਰ੍ਹਾਂ ਦੇ ਹਾਲਾਤ ਵਿਚ ਵਿਰੋਧ ਕਰਨ ਦੀ ਹਿੰਮਤ ਕਰ ਸਕਦੇ ਹਨ ਤੇ ਜਦੋਂ ਏਦਾਂ ਦੀ ਹਿੰਮਤ ਦਾ ਕੋਈ ਠੋਸ ਮੁੱਢ ਇੱਕ ਵਾਰੀ ਬੱਝ ਗਿਆ, ਫਿਰ ਰੇਤ ਦੀ ਬੋਰੀ ਵਾਂਗ ਹੀ ਕੇਰਾ ਲੱਗਦਾ ਹੁੰਦਾ ਹੈ ਤੇ ਰੁਕਦਾ ਨਹੀਂ ਹੁੰਦਾ।

# ਰੁਜ਼ਗਾਰ, ਵਿਦਿਆ ਤੇ ਸਿਹਤ ਸੰਭਾਲ

ਕੁਝ ਸੁਹਿਰਦ ਲੋਕ ਅੱਜ ਇਸ ਲੋੜ ਨੂੰ ਬੜਾ ਉਭਾਰ ਕੇ ਪੇਸ਼ ਕਰ ਰਹੇ ਹਨ ਕਿ ਆ ਰਹੀਆਂ ਪੰਜਾਬ ਚੋਣਾਂ ਲੀਡਰਾਂ ਦੀ ਥਾਂ ਮੁੱਦਿਆਂ ਉਤੇ ਕੇਂਦ੍ਰਿਤ ਕੀਤੀਆਂ ਜਾਣ। ਪੰਜਾਬ ਨਾਲ ਸਬੰਧਤ ਕੁਝ ਅਹਿਮ ਮੁੱਦੇ ਉਹ ਉਭਾਰ ਵੀ ਰਹੇ ਹਨ। ਮਸਲਨ ਪੰਜਾਬ ਦੇ ਪਾਣੀਆਂ ਦਾ ਮਸਲਾ, ਪੰਜਾਬ ਦੇ ਆਰਥਿਕ ਵਿਕਾਸ ਦਾ ਮਸਲਾ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦੇ ਵਿਕਾਸ ਦਾ ਮਸਲਾ; ਬੀਤੇ ਵਿਚ ਪੰਜਾਬ ਨਾਲ ਹੋਇਆ ਬੇਇਨਸਾਫੀਆਂ ਦਾ ਮਸਲਾ, ਜਿਸ ਦੇ ਪਿਛੋਕੜ ਵਿਚ ਜੂਨ 1984 ਵਿਚ ਦਰਬਾਰ ਸਾਹਿਬ ਉਤੇ ਹੋਏ ਫੌਜੀ ਹਮਲੇ, ਨਵੰਬਰ 1984 ਦੇ ਸਿੱਖ ਕਤਲੇਆਮ, ਝੂਠੇ ਪੁਲਿਸ ਮੁਕਾਬਲਿਆਂ ਵਿਚ ਹੋਏ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਕਤਲ ਅਤੇ ਕਈ ਦਹਾਕਿਆਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੱਖ ਕੈਦੀਆਂ ਦਾ ਦਰਦ ਮੌਜੂਦ ਹੈ। ਇਥੇ ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਇਹ ਮੁੱਦੇ ਕਿਹੜੀ

ਗੁਰਬਚਨ ਸਿੰਘ
ਫੋਨ: 91-98156-98451

ਰਾਜਨੀਤੀ ਅਧੀਨ ਉਭਾਰੇ ਜਾ ਰਹੇ ਹਨ ਅਤੇ ਇਸ ਰਾਜਨੀਤੀ ਦਾ ਵਿਚਾਰਧਾਰਕ ਆਧਾਰ ਕੀ ਹੈ?

ਮਿਸਾਲ ਦੇ ਤੌਰ ਉਤੇ ਅੱਜ ਰੁਜ਼ਗਾਰ, ਵਿਦਿਆ ਅਤੇ ਸਿਹਤ ਸੰਭਾਲ ਪੰਜਾਬ/ਲੋਕਾਂ ਦੇ ਅਹਿਮ ਮੁੱਦੇ ਹਨ। ਇਨ੍ਹਾਂ ਮੁੱਦਿਆਂ ਬਾਰੇ ਬਣੇ ਕਲਪਿਤ ਮਾਇਆਧਾਰੀ ਸੰਕਲਪਾਂ ਨੇ ਸਮੁੱਚੀ ਮਨੁੱਖ ਜਾਤੀ ਨੂੰ ਉਲਝਾ ਦਿਤਾ ਹੈ। ਬਹੁਗਿਣਤੀ ਲੋਕ ਆਪਣੀ ਜ਼ਿੰਦਗੀ ਦੇ ਰਸ-ਕਸ ਮਾਣਨਾ ਭੁਲ ਕੇ ਰੁਜ਼ਗਾਰ, ਸਿਹਤ ਸੰਭਾਲ ਤੇ ਬਚਿਆਂ ਦੀ ਪੜ੍ਹਾਈ ਦੇ ਜੁਗਾੜ ਕਰਨ ਵਿਚ ਹੀ ਉਲਝ ਗਏ ਹਨ। ਰੁਜ਼ਗਾਰ ਦਾ ਮੰਤਵ ਹੱਥੀਂ ਕਿਰਤ ਕਰਕੇ ਪਦਾਰਥਕ ਲੋੜਾਂ ਦੀ ਪੂਰਤੀ ਲਈ ਲੋੜੀਂਦੇ ਸਾਧਨ ਜੁਟਾਉਣਾ ਹੈ, ਪਰ ਅੰਨੇ ਬੋਲੇ ਮਾਇਆਧਾਰੀ ਰਾਜ ਪ੍ਰਬੰਧ ਨੇ ਆਪਣੀ ਮਨੂੰਵਾਦੀ ਸੋਚ ਅਧੀਨ ਇਸ ਸੰਕਲਪ ਨੂੰ ਭ੍ਰਿਸ਼ਟ ਕਰ ਦਿਤਾ ਹੈ। ਆਪਣੀ ਕੁਦਰਤੀ ਹੋਂਦ ਤੋਂ ਅਣਜਾਣ ਅਤੇ ਸਮੂਹ ਤੋਂ ਟੁੱਟੇ ਹੋਏ ਲੋਕ ਰੁਜਗਾਰਵਾਦੀ ਤੇ ਖੁਦਗਰਜ ਬਿਰਤੀ ਅਧੀਨ ਸਾਰੀ ਉਮਰ ਇਸ ਜੁਗਾੜ ਦੀ ਫਿਕਰ ਕਰਦੇ ਹੀ ਮਰ ਜਾਂਦੇ ਹਨ। ਨਿਜ ਤਕ ਸਿਮਟੀ ਖੁਦਗਰਜ ਮਨੁੱਖ ਦੀ ਜੁਗਤੀ ਬਿਰਤੀ ਲਗਾਤਾਰ ਮੱਕਾਰ ਬਣਦੀ ਜਾਂਦੀ ਹੈ। ਸਮੂਹ ਤੋਂ ਟੁੱਟ ਕੇ ਨਿਜ ਤਕ ਸੁੰਗੜੀ ਹੋਈ ਉਸ ਦੀ ਸੋਚ ਇਕਲਾਪੇ ਦਾ ਸ਼ਿਕਾਰ ਹੋ ਜਾਂਦੀ ਹੈ। ਉਹ ਆਪਣੇ ਮਨੁੱਖੀ ਰਿਸ਼ਤਿਆਂ ਵਿਚੋਂ ਅਨੰਦ ਦਾ ਅਹਿਸਾਸ ਕਰਨ ਦੀ ਥਾਂ ਖਪਤਕਾਰੀ ਚਕਾਚੌਂਧ (ਵਸਤਾਂ ਦੀ ਬਹੁਤਾਤ) ਵਿਚੋਂ ਸੰਤੁਸ਼ਟੀ ਭਾਲਦਾ ਹੈ। ਪਰਾਈ ਕਿਰਤ ਉਤੇ ਪਲਣ ਦੀ ਲਾਲਸਾ ਇਸ ਵਰਗ ਦੇ ਮਨਾਂ ਵਿਚੋਂ ਮਨੁੱਖੀ ਤੇ ਸਮਾਜੀ ਤਤ ਖਤਮ ਕਰਦੀ ਜਾਂਦੀ ਹੈ। "ਕਰਤੂਤਿ ਪਸੂ ਕੀ ਮਾਨਸ ਜਾਤਿ॥ ਲੋਕ ਪਚਾਰਾ ਕਰੈ ਦਿਨੁ ਰਾਤਿ॥" ਦਾ ਧਾਰਨੀ ਇਹ ਮਨੁੱਖ ਅਚੇਤ ਰੂਪ ਵਿਚ ਹੀ ਬੇਲੋੜੀ ਸਾਮਰਾਜੀ ਖਪਤਕਾਰੀ ਦਾ ਸ਼ਿਕਾਰ ਹੋ ਜਾਂਦਾ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਹੁੰਦਾ ਕਿ ਉਸ ਨੇ ਆਪਣੇ ਮਨੁੱਖੀ ਤੱਤ ਗੁਆ ਕੇ ਕਿੰਨੀ ਵੱਡੀ ਕੀਮਤ ਤਾਰੀ ਹੈ। ਜ਼ਿੰਦਗੀ ਦੇ ਸਾਰੇ ਰਸਾਂ-ਕਸਾਂ ਨੂੰ ਭਰਵੇਂ ਰੂਪ ਵਿਚ ਮਾਨਣ ਦੇ ਆਪਣੇ ਅਹਿਸਾਸ ਹੀ ਮਾਰ ਲਏ ਹਨ। ਉਹ ਆਪਣੀ ਜ਼ਿੰਦਗੀ ਕੌਡੀਆਂ ਬਦਲੇ ਭਾਵ ਮਾਇਆ (ਹੋਰ ਹੋਰ ਪੈਸੇ ਅਤੇ ਤ੍ਰਿਸ਼ਨਾ) ਦੇ ਭਰਮਜਾਲ ਵਿਚ ਫਸਿਆ ਹੀ ਗੁਆ ਦਿੰਦਾ ਹੈ; ਜਦੋਂ ਕਿ ਗੁਰਮਤਿ ਦਾ ਰੁਜ਼ਗਾਰ ਬਾਰੇ ਸੰਕਲਪ ਹੈ,



ਘਾਲਿ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਕਾਰਲ ਮਾਰਕਸ ਦਾ ਰੁਜ਼ਗਾਰ ਬਾਰੇ ਕਥਨ ਹੈ, "ਜ਼ਿੰਦਗੀ ਵਿਚ ਜੇ ਅਸੀਂ ਕਿਸੇ ਅਜਿਹੇ ਰੁਜ਼ਗਾਰ ਦੀ ਚੋਣ ਕਰੀਏ, ਜਿਥੇ ਰਹਿ ਕੇ ਅਸੀਂ ਬਹੁਤਾ ਕੰਮ ਮਨੁੱਖਤਾ ਦੀ ਸੇਵਾ ਲਈ ਕਰ ਸਕੀਏ ਤਾਂ ਕੋਈ ਵੀ ਬੋਝ ਸਾਨੂੰ ਝੁਕਾਅ ਨਹੀਂ ਸਕੇਗਾ, ਕਿਉਂਕਿ ਉਹ ਸਾਰਿਆਂ ਦੇ ਭਲੇ ਲਈ ਕੀਤੀ ਕੁਰਬਾਨੀ ਹੋਵੇਗੀ। ਫਿਰ ਅਸੀਂ ਨਿਗੂਣਾ, ਸੀਮਤ, ਸੁਆਰਥੀ ਅਨੰਦ ਨਹੀਂ ਮਾਣਾਂਗੇ ਸਗੋਂ ਸਾਡੀ ਖੁਸ਼ੀ ਦਾ ਸਬੰਧ ਕਰੋੜਾਂ ਲੋਕਾਂ ਦੀ ਖੁਸ਼ੀ ਨਾਲ ਹੋਵੇਗਾ। ਸਾਡੇ ਕੀਤੇ ਕੰਮ ਚੁਪ-ਚੁਪੀਤੇ, ਪਰ ਨਿਰੰਤਰ ਕਾਰਜਸ਼ੀਲ ਰਹਿਣਗੇ। ਸਾਡੇ ਮਰਨ ਤੋਂ ਬਾਅਦ ਸਾਡੀ ਰਾਖ ਉਤੇ ਨੇਕ ਲੋਕਾਂ ਦੇ ਗਰਮ-ਗਰਮ ਹੰਝੂ ਡਿਗਣਗੇ।" ਇਹ ਰੁਜ਼ਗਾਰ ਦਾ ਸਿੱਖ ਅਤੇ ਕਮਿਊਨਿਸਟ ਸੰਕਲਪ ਹੈ।

ਇਹੀ ਹਾਲਤ ਸਿਹਤ ਸੰਭਾਲ ਜਾਂ ਨਰੋਈ ਸਿਹਤ ਦੇ ਸੰਕਲਪ ਬਾਰੇ ਹੈ। ਦੁਨੀਆਂ ਭਰ ਦੇ ਦੇਸ਼ਾਂ ਅੰਦਰ ਜਿੰਨੀ ਮਨੁੱਖ ਜਾਤੀ ਅੱਜ ਬਿਮਾਰ ਨਜ਼ਰ ਆ ਰਹੀ ਹੈ, ਏਨੀ ਪਹਿਲਾਂ ਕਦੇ ਨਹੀਂ ਹੋਈ। ਅੱਜ ਪੰਜਾਬ ਅੰਦਰ ਸਿਹਤ ਸੰਭਾਲ ਦੀ ਹਾਲਤ ਇਹ ਹੈ ਕਿ ਜੋੜਾਂ ਦੀਆਂ ਦਰਦਾਂ, ਸ਼ੂਗਰ, ਬਲਡ ਪ੍ਰੈਸ਼ਰ ਵਧਣਾ-ਘਟਣਾ, ਕੈਂਸਰ, ਗਿਲਟੀਆਂ ਬਣਨੀਆਂ, ਵਾਲ ਸਫੈਦ ਹੋਣੇ ਆਮ ਵਰਤਾਰਾ ਹੈ। ਜਿਹੜੀਆਂ ਬਿਮਾਰੀਆਂ ਪਹਿਲਾਂ ਸਿਰਫ ਵਡੇਰੀ ਉਮਰ ਵਿਚ ਹੀ ਹੁੰਦੀਆਂ ਸਨ, ਅੱਜ 10-12 ਸਾਲ ਦੇ ਬੱਚਿਆਂ ਵਿਚ ਵੀ ਆਮ ਪਾਈਆਂ ਜਾ ਰਹੀਆਂ ਹਨ। ਮਾਸੂਮ ਬੱਚਿਆਂ ਨੂੰ ਨਿਗ੍ਹਾ ਦੀਆਂ ਐਨਕਾਂ, ਨੱਕ ਦਾ ਮਾਸ ਵਧਣਾ, ਸਾਹ ਦੀ ਤਕਲੀਫ, ਮਾਈਗ੍ਰੇਨ ਆਦਿ ਰੋਗ ਅਕਸਰ ਵੇਖਣ ਨੂੰ ਮਿਲ ਰਹੇ ਹਨ। ਜਵਾਨ ਮੁੰਡੇ-ਕੁੜੀਆਂ ਦੇ ਚਿਹਰਿਆਂ ਉਤੇ ਜਵਾਨੀ ਦੀ ਕੋਈ ਰੌਣਕ ਨਹੀਂ। ਹੱਥੀਂ ਕਿਰਤ ਤੇ ਸੰਤੁਲਿਤ ਖੁਰਾਕ ਦੀ ਘਾਟ ਕਾਰਨ ਸੰਤਾਨ ਪੈਦਾ ਕਰਨ ਦੀ ਉਮਰ ਵਿਚ ਲੜਕਿਆਂ ਵਿਚ ਨਾਮਰਦੀ ਵਰਗੀਆਂ ਅਲਾਮਤਾਂ ਸਾਹਮਣੇ ਆ ਰਹੀਆਂ ਹਨ। ਕਿਸੇ ਵੀ ਗਰਭਵਤੀ ਔਰਤ ਦੇ ਚਿਹਰੇ ਉਤੇ ਮਾਂ ਬਣਨ ਦੀ ਕੁਦਰਤੀ ਖੁਸ਼ੀ ਨਜ਼ਰ ਨਹੀਂ ਆਉਂਦੀ। ਗਰਭਵਤੀ ਹੋਣ ਦੇ ਦਿਨ ਤੋਂ ਹੀ ਦਵਾਈਆਂ ਖਾਣ, ਵਾਰ-ਵਾਰ ਅਲਟਰਾ ਸਾਊਂਡ ਕਰਵਾਉਣ ਤੇ ਫਿਰ ਜਣੇਪਾ ਬਿਨਾ ਅਪਰੇਸ਼ਨ ਹੋਣਾ ਹੈ ਕਿ ਵੱਡੇ ਆਪਰੇਸ਼ਨ ਨਾਲ, ਉਹ ਇਨ੍ਹਾਂ ਉਲਝਣਾਂ ਵਿਚ ਹੀ ਫਸੀ ਰਹਿੰਦੀ ਹੈ। ਨਵਜੰਮੇ ਬਚੇ ਨੂੰ ਗੋਦੀ ਵਿਚ ਲੈ ਕੇ ਹਸਪਤਾਲਾਂ ਦੇ ਚੱਕਰ, ਕਦੀ ਉਸ ਦੀ ਛਾਤੀ ਰੁਕ ਗਈ, ਕਦੀ ਬੁਖਾਰ ਆ ਗਿਆ ਅਤੇ ਬਸ ਇਸੇ ਤਰ੍ਹਾਂ ਹਸਪਤਾਲਾਂ ਵਿਚ ਖੱਜਲ-ਖੁਆਰੀ।

ਡਾਕਟਰੀ ਦੇ ਖੇਤਰ ਵਿਚ ਹੋਏ ਵਿਕਾਸ ਦੇ ਬਾਵਜੂਦ ਸਾਡਾ ਸਮਾਜ ਸਿਹਤਮੰਦ ਨਹੀਂ ਹੋ ਰਿਹਾ। ਕਾਰਨ ਹੈ ਕਿ ਮਨੁੱਖ ਕੁਦਰਤੀ ਕਾਰਨਾਂ ਕਰਕੇ ਓਨਾ ਬਿਮਾਰ ਨਹੀਂ ਹੁੰਦਾ, ਜਿੰਨਾ ਆਧੁਨਿਕ ਦਵਾਈਆਂ ਦੀ ਦੁਰਵਰਤੋਂ ਕਾਰਨ ਹੋ ਰਿਹਾ ਹੈ। ਕੁਦਰਤ ਨੇ ਜਿਸ ਢੰਗ ਨਾਲ ਮਨੁੱਖੀ ਸਰੀਰ ਦੀ ਸਿਰਜਣਾ ਕੀਤੀ ਹੈ, ਜੇ ਉਸ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਤਾਂ ਉਸ ਸਿਰਜਣਹਾਰ ਅੱਗੇ ਵਾਰ-ਵਾਰ ਸਿਰ ਝੁਕਦਾ ਹੈ ਕਿ ਕਿਸ ਤਰ੍ਹਾਂ ਉਸ ਨੇ ਸਾਡੇ ਸਰੀਰ ਅੰਦਰ ਇਕ ਐਸੀ ਸ਼ਕਤੀ ਮੌਜੂਦ ਰੱਖੀ ਹੋਈ ਹੈ, ਜੋ ਕਿਸੇ ਵੀ ਬਿਮਾਰੀ ਪੈਦਾ ਕਰਨ ਵਾਲੇ ਜੀਵਾਣੂ ਦਾ ਮੁਕਾਬਲਾ ਕਰਨ ਲਈ ਸਦਾ ਕਾਰਜਸ਼ੀਲ ਰਹਿੰਦੀ ਹੈ। ਕੁਦਰਤੀ ਨੇਮਾਂ ਅਨੁਸਾਰ ਜੀਵਨ ਜਿਉਣ ਨਾਲ ਇਨਸਾਨ ਤੰਦਰੁਸਤ ਤੇ ਖੁਸ਼ਹਾਲ ਜੀਵਨ ਦਾ ਅਨੰਦ ਮਾਣ ਸਕਦਾ ਹੈ। ਮੁਨਾਫੇਖੋਰ ਦਵਾਈ ਕੰਪਨੀਆਂ ਅਤੇ ਪੈਸੇ ਦੇ ਭੁੱਖੇ ਡਾਕਟਰਾਂ ਦਾ ਰਚਿਆ ਅਡੰਬਰ ਮਨੁੱਖ ਜਾਤੀ ਨੂੰ ਕੁਦਰਤ ਤੋਂ ਬਹੁਤ ਦੂਰ ਲੈ ਆਇਆ ਹੈ। ਦੁਨੀਆਂ ਭਰ ਵਿਚ ਵਧ ਰਿਹਾ ਮੋਟਾਪਾ ਤੇ ਇਸ ਨਾਲ ਜੁੜੀਆਂ ਅਣਗਿਣਤ ਬਿਮਾਰੀਆਂ, ਮਾਨਸਿਕ ਰੋਗ, ਉਨੀਂਦਰਾ, ਦਿਲ ਦੇ ਰੋਗ ਤੇ ਅਜਿਹੀਆਂ ਹਜ਼ਾਰਾਂ ਅਲਾਮਤਾਂ, ਸਿਰਫ ਇਸ ਅਡੰਬਰ ਨੂੰ ਤਿਆਗਣ ਨਾਲ ਹੀ ਖਤਮ ਹੋ ਸਕਦੀਆਂ ਹਨ। ਪੰਜਾਬ ਅੰਦਰ ਬੜੀ ਤੇਜ਼ੀ ਨਾਲ ਫੈਲ ਰਿਹਾ ਕੈਂਸਰ ਦਾ ਰੋਗ ਇਸੇ ਅਲਾਮਤ ਦੀ ਦੇਣ ਹੈ।

ਅਜੋਕੀ ਵਿਦਿਆ ਦਾ ਵੀ ਇਹੀ ਹਾਲ ਹੈ। ਹੱਥੀਂ ਕਿਰਤ ਪ੍ਰਤੀ ਨਫਰਤ ਪੈਦਾ ਕਰ ਕੇ ਇਹ ਵਿਦਿਆ ਬਚਿਆਂ ਨੂੰ ਘੋਰ ਸੁਆਰਥੀ, ਕੰਮਚੋਰ, ਲਾਲਚੀ ਅਤੇ ਨਿਜ ਤਕ ਸੀਮਤ ਕਰ ਰਹੀ ਹੈ। ਇਸ ਵਿਦਿਆ ਵਿਚ ਪੜ੍ਹੇ-ਗੁੜੇ ਬੱਚੇ ਖਾਣ-ਪੀਣ, ਹਗਣ ਤੇ ਲਿੰਗ ਰਿਸ਼ਤਿਆਂ ਤਕ ਸੀਮਤ ਪਸ਼ੂ ਦੀ ਪੱਧਰ ਉਤੇ ਜਿਉਂਦੇ ਹਨ। ਗੁਰੂ ਨਾਨਕ ਸਾਹਿਬ ਪੁਛਦੇ ਹਨ ਕਿ ਗਿਆਨੀ ਮਨੁੱਖ ਕੌਣ ਹੈ? ਫਿਰ ਆਪ ਹੀ ਸਪਸ਼ਟ ਕਰਦੇ ਹਨ ਕਿ ਜਿਹੜਾ ਮਨੁੱਖ ਚੇਤੰਨ ਹੈ, ਭਾਵ ਜਿਸ ਨੇ ਆਪਣੀ ਕੁਦਰਤੀ ਹੋਂਦ ਨੂੰ ਪਛਾਣ ਲਿਆ ਹੈ।

ਗਿਆਨੀ ਹੋਇ ਜੋ ਚੇਤੰਨ ਹੋਇ
ਅਗਿਆਨੀ ਅੰਧ ਕਮਾਇ॥ (ਪੰਨਾ 556)

ਇਹੀ ਗੱਲ ਮਾਰਕਸ ਨੇ ਕਹੀ ਹੈ, "ਚੇਤਨਾ ਹੋਰ ਕੁਝ ਨਹੀਂ, ਸਗੋਂ ਚੇਤੰਨ ਮਨੁੱਖੀ ਹੋਂਦ ਹੈ।" (ਜਰਮਨ ਵਿਚਾਰਧਾਰਾ, ਸਫਾ 42)

ਗਿਆਨ ਦਾ ਸਬੰਧ ਕਿਸੇ ਸਕੂਲੀ ਵਿਦਿਆ ਭਾਵ ਕਾਲਜਾਂ ਯੂਨੀਵਰਸਿਟੀਆਂ ਦੀਆਂ ਡਿਗਰੀਆਂ ਨਾਲ ਨਹੀਂ, ਸਗੋਂ ਚੇਤੰਨ ਮਨੁੱਖੀ ਹੋਂਦ ਨਾਲ ਹੈ। ਮਨੁੱਖ ਦੀ ਚੇਤੰਨ ਹੋਂਦ ਦਾ ਪ੍ਰਗਟ ਰੂਪ ਉਸਦੀ ਜੀਵਨ ਜੁਗਤ ਭਾਵ ਸਦਾਚਾਰ ਹੈ। ਕਿਸੇ ਮਨੁੱਖ ਦੀ ਚੇਤਨਾ ਦਾ ਪੈਮਾਨਾ ਉਸ ਦੀ ਕਹਿਣੀ ਨਹੀਂ, ਸਗੋਂ ਉਸ ਦੀ ਕਰਨੀ ਹੈ। ਇਸ ਦਾ ਦੂਜਾ ਪੱਖ ਅਗਿਆਨੀ ਮਨੁੱਖ ਹੈ, ਜਿਹੜਾ ਸਾਰੀ ਉਮਰ ਅਗਿਆਨ ਦੇ ਹਨੇਰੇ ਵਿਚ ਭਟਕਦਾ, ਕਲਪਿਤ ਜਮਾਂ ਦੇ ਡਰ ਦਾ ਦੁਖ ਭੋਗਦਾ ਹੀ ਮਰ ਜਾਂਦਾ ਹੈ। ਅਗਿਆਨੀ ਮਨੁੱਖ ਆਪਣੀਆਂ ਕੁਦਰਤੀ ਲੋੜਾਂ ਦੀ ਸੁਚੇਤ ਪਛਾਣ ਨਹੀਂ ਕਰ ਸਕਦਾ। ਇਸ ਲਈ ਉਹ ਆਪਣੇ ਤਨ ਅਤੇ ਮਨ ਦੇ ਰਿਸ਼ਤੇ ਨੂੰ ਭੁੱਲ ਕੇ ਤ੍ਰਿਸ਼ਨਾ ਭਾਵ ਆਪਣੀਆਂ ਗੈਰ-ਕੁਦਰਤੀ ਇੱਛਾਵਾਂ ਦੀ ਪੂਰਤੀ ਲਈ ਭਟਕਦਾ ਰਹਿੰਦਾ ਹੈ। ਆਪਣੀਆਂ ਗੈਰ-ਕੁਦਰਤੀ ਇੱਛਾਵਾਂ ਪੂਰੀਆਂ ਕਰਨ ਦੀ ਧੁਸ ਕਾਰਨ ਹੋਰ-ਹੋਰ ਪੈਸਾ ਕਮਾਉਣ ਦੀ ਦੌੜ ਵਿਚ ਭਟਕਦਾ ਉਹ ਨਿਰੰਤਰ ਤਣਾਅ ਦਾ ਸ਼ਿਕਾਰ ਰਹਿੰਦਾ ਹੈ। ਨਿਜੀ ਜਾਇਦਾਦ ਦੀ ਹੋਂਦ-ਸੋਚ ਅਤੇ ਇਸ ਦੇ ਪ੍ਰਗਟ ਰੂਪ ਪੈਸੇ ਦੁਆਲੇ ਬੁਣੇ ਸਾਰੇ ਸੁਆਰਥੀ ਮਨੁੱਖੀ ਰਿਸ਼ਤੇ ਤੇ ਆਪਣੇ ਆਪੇ ਪ੍ਰਤੀ ਅਗਿਆਨਤਾ ਇਸ ਦਾ ਆਧਾਰ ਹੈ।

ਗਿਆਨੀ ਹੋਣ ਦਾ ਭਾਵ ਇਹੀ ਹੈ ਕਿ ਮਨੁੱਖ ਆਪਣੀਆਂ ਕੁਦਰਤੀ (ਭੌਤਿਕ ਤੇ ਜਜ਼ਬਾਤੀ) ਲੋੜਾਂ ਦੀ ਪਛਾਣ ਕਰਕੇ ਉਨ੍ਹਾਂ ਅਨੁਸਾਰ ਆਪਣੀ ਜੀਵਨ ਵਿਉਂਤੇ ਅਤੇ ਇਸ ਤਰ੍ਹਾਂ ਆਪਣੇ ਤਨ ਅਤੇ ਮਨ ਦੇ ਰਿਸ਼ਤੇ ਨੂੰ ਸੁਚੇਤ ਰੂਪ ਵਿਚ ਸੰਤੁਲਿਤ ਕਰੇ। ਇਸ ਦੇ ਉਲਟ ਮੌਜੂਦਾ ਵਿਦਿਆ ਵਿਦਿਆਰਥੀਆਂ ਨੂੰ ਖਪਤਕਾਰੀ ਸਭਿਆਚਾਰ ਦਾ ਸ਼ਿਕਾਰ ਬਣਾ ਕੇ ਉਨ੍ਹਾਂ ਦੇ ਅਚੇਤ ਮਨ ਨੂੰ ਭਟਕਾ ਰਹੀ ਹੈ। ਆਪਣੇ ਜਜ਼ਬਿਆਂ ਨੂੰ ਕਾਬੂ ਕਰਨ ਦੀ ਜਾਚ ਸਿਖਾਉਣ ਦੀ ਥਾਂ ਬੱਚਿਆਂ ਦੇ ਜਜ਼ਬਿਆਂ ਨੂੰ ਬੇਲਗਾਮ ਬਣਾ ਰਹੀ ਹੈ। ਮਨੁੱਖ ਨੂੰ ਪਰਉਪਕਾਰੀ ਬਣਾਉਣ ਦੀ ਥਾਂ ਸੁਆਰਥੀ ਬਣਾ ਰਹੀ ਹੈ। ਮੌਜੂਦਾ ਵਿਦਿਅਕ ਪ੍ਰਬੰਧ ਸਿਰਫ ਜਜ਼ਬਾਤ ਵਿਹੂਣੀਆਂ ਤੇ ਰੂਹਾਨੀਅਤ ਤੋਂ ਸਖਣੀਆਂ ਮੁਰਦਾ ਰੂਹਾਂ ਜਾਂ ਵਧ ਤੋਂ ਵਧ ਪੈਸਾ ਕਮਾਉਣ ਦੀ ਦੌੜ ਵਿਚ ਸ਼ਾਮਿਲ ਮਸ਼ੀਨਾਂ ਪੈਦਾ ਕਰ ਰਿਹਾ ਹੈ। ਸਾਂਝੀਵਾਲਤਾ ਦੇ ਪੈਰੋਕਾਰ ਨੌਜਵਾਨ ਨਹੀਂ। ਗੁਰਮਤਿ ਦਾ ਫੁਰਮਾਨ ਹੈ: ਪੜਿਐ ਨਾਹੀ ਭੇਦੁ ਬੁਝਿਐ ਪਾਵਣਾ॥ ਵਿਦਿਆ ਦਾ ਮੰਤਵ ਸਿਰਫ ਪੜ੍ਹਨਾ ਨਹੀਂ, ਸਗੋਂ ਸੱਚਾਈ ਨੂੰ ਬੁਝਣਾ ਅਤੇ ਉਸ ਅਨੁਸਾਰ ਜ਼ਿੰਦਗੀ ਜਿਉਣਾ ਹੈ।

ਇਸੇ ਤਰ੍ਹਾਂ ਜਦੋਂ ਅਸੀਂ ਪੰਜਾਬ ਦੀਆਂ ਬਾਕੀ ਮੰਗਾਂ ਜਾਂ ਮਸਲਿਆਂ ਦੀ ਚਰਚਾ ਕਰਾਂਗੇ ਤਾਂ ਸਾਨੂੰ ਸਪਸ਼ਟ ਕਰਨਾ ਪਵੇਗਾ ਕਿ ਅਸੀਂ ਕਿਸ ਵਿਚਾਰਧਾਰਾ ਤੋਂ ਅਗਵਾਈ ਜਾਂ ਪ੍ਰੇਰਣਾ ਲੈ ਕੇ ਇਨ੍ਹਾਂ ਮਸਲਿਆਂ ਦਾ ਹੱਲ ਕਰਨਾ ਚਾਹੁੰਦੇ ਹਾਂ। ਮਸਲਨ ਪੰਜਾਬ ਦੇ ਪਾਣੀਆਂ ਦੀ ਰਾਖੀ ਦਾ ਮਸਲਾ ਇਸ ਦੇਸ਼ ਦੇ ਕੁਦਰਤੀ ਵਿਕਾਸ ਨਾਲ ਜੁੜਿਆ ਹੋਇਆ ਹੈ, ਜਿਹੜਾ ਦੇਸ਼ ਨੂੰ ਸਹੀ ਅਰਥਾਂ ਵਿਚ ਜਮਹੂਰੀ ਫੈਡਰਲ ਢਾਂਚੇ ਵਿਚ ਜਥੇਬੰਦ ਕਰ ਕੇ ਹੀ ਹੋ ਸਕੇਗਾ। ਪੰਜਾਬ ਦੇ ਖਰੇ ਆਰਥਿਕ ਵਿਕਾਸ ਦਾ ਮਸਲਾ ਨਵੇਂ ਵਿਕਾਸ ਮਾਡਲ ਨਾਲ ਜੁੜਿਆ ਹੋਇਆ ਹੈ ਕਿ ਕੀ ਅਸੀਂ ਇਹ ਵਿਕਾਸ ਮੌਜੂਦਾ ਸਾਮਰਾਜੀ ਆਰਥਿਕ ਰਿਸ਼ਤਿਆਂ ਅਨੁਸਾਰ ਜਾਂ ਸਮੁੱਚੇ ਸਮਾਜ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਕਰਨ ਵਾਲੇ ਆਰਥਿਕ ਰਿਸ਼ਤਿਆਂ ਅਨੁਸਾਰ ਕਰਨਾ ਚਾਹੁੰਦੇ ਹਾਂ, ਜਿਸ ਦੀ ਜਾਣਕਾਰੀ ਗੁਰਮਤਿ ਅਤੇ ਮਾਰਕਸਵਾਦ ਨੇ ਦਿੱਤੀ ਹੈ। ਪੰਜਾਬੀ ਬੋਲੀ ਅਤੇ ਸਭਿਆਚਾਰ ਦਾ ਵਿਕਾਸ ਵੀ ਵਿਚਾਰਧਾਰਾ ਨਾਲ ਜੁੜ ਕੇ ਹੀ ਹੋਣਾ ਹੈ। ਬੀਤੇ ਵਿਚ ਪੰਜਾਬ ਨਾਲ ਹੋਇਆ ਬੇਇਨਸਾਫੀਆਂ ਵੀ ਸਾਮਰਾਜੀ ਵਿਕਾਸ ਮਾਡਲ ਦੀ ਦੇਣ ਹਨ। ਇਸ ਸਾਮਰਾਜੀ ਵਿਕਾਸ ਮਾਡਲ ਦਾ ਖਾਤਮਾ ਹੀ ਸਿੱਖ ਹਿਰਦਿਆਂ ਨੂੰ ਸ਼ਾਂਤ ਕਰ ਸਕਦਾ ਹੈ।

PSCA Punjabi Khed Mela
PUNJAB SPORTS & CULTURAL ASSOCIATION ★ MICHIGAN ★

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

ਸ਼ੋਹਰਤ ਦੇ ਦੀਵੇ ਵਿਚ ਖੂਨ ਜਿਗਰ ਦਾ ਪੈਂਦਾ ਏ, ਦੁਨੀਆਂ ਵਿਚ ਨਾਮ ਕਮਾਉਣਾ ਸੌਖਾ ਨਹੀਂ ਹੁੰਦਾ।
ਕਾਮਯਾਬ ਨੇ ਜਿਹੜੇ ਉਨ੍ਹਾਂ ਤੋਂ ਸਦਕੇ ਜਾਵਾਂ ਮੈਂ, ਬਾਹਰਲੇ ਮੁਲਕ 'ਚ ਪੈਰ ਜਮਾਉਣਾ ਸੌਖਾ ਨਹੀਂ ਹੁੰਦਾ।

## ਮਿਸ਼ੀਗਨ ਦੇ ਭਾਰਤੀ ਪੰਜਾਬੀ ਭਾਈਚਾਰੇ ਵਲੋਂ

ਖੇਡਾਂ: ਕਬੱਡੀ, ਵਾਲੀਬਾਲ, ਸੌਕਰ, ਅਥਲੈਟਿਕਸ

# 14ਵਾਂ ਪੰਜਾਬੀ ਖੇਡ ਮੇਲਾ ਤੇ ਕਬੱਡੀ ਟੂਰਨਾਮੈਂਟ

## 28 ਅਗਸਤ 2021

(ਸਨਿਚਰਵਾਰ, ਸਵੇਰੇ 9 ਤੋਂ ਸ਼ਾਮ 5 ਵਜੇ ਤੱਕ)

**Heritage Park**
46202 Heritage Park Dr., Canton Twp, MI 48188
Behind Canton Library
Address: 1150 S Canton Center Toad, Canton Twp, MI 48188

## ਇਨਾਮ

### ਕਬੱਡੀ ਓਪਨ
ਪਹਿਲਾ ਇਨਾਮ $18,000
ਦੂਜਾ ਇਨਾਮ $15,000
ਤੀਜਾ ਇਨਾਮ $12,000
ਚੌਥਾ ਇਨਾਮ $10,000

### ਸੌਕਰ
ਪਹਿਲਾ ਇਨਾਮ $4500
ਦੂਜਾ ਇਨਾਮ $3000

### ਵਾਲੀਬਾਲ (ਓਪਨ)
ਪਹਿਲਾ ਇਨਾਮ $3500 (2)
ਦੂਜਾ ਇਨਾਮ $2500 (2)

**Free Entry Free Food and Free Entertainment**
ਸਭ ਨੂੰ ਖੁੱਲ੍ਹਾ ਸੱਦਾ

ਪਰਿਵਾਰਾਂ ਸਮੇਤ ਆਓ ਤੇ ਮੇਲੇ ਦਾ ਲੁਤਫ ਉਠਾਓ








ਗਾਇਕ ਗੈਰੀ ਸੰਧੂ, ਗੁਰਲੇਜ ਅਖਤਰ ਅਤੇ ਕੁਲਵਿੰਦਰ ਕੈਲੀ ਗਾਇਕੀ ਦਾ ਅਖਾੜਾ ਲਾਉਣਗੇ

AUTOBAHN FREIGHT LINES LTD.

World Wide Carriers US Inc. Marysville, MI
Sukhi Dhaliwal
416-213-1334

Charger logistics inc
Goldy Grewal
Ph: 586-610-3021

Radio Chann Pardesi

Hunter Express US Inc. Lincoln Park, MI
Balkar & Harry
Ph: 313-307-4185

SINGH MICHIGAN DEVELOPMENT CO.

## PSCA Committee Members and Gold Sponsors


ਸੁੱਖਾ ਸੇਖੋਂ


ਕੇਵਲ ਗਿੱਲ


ਮਨਪ੍ਰੀਤ ਗਿੱਲ


ਕੁਲਬੀਰ ਗਿੱਲ


ਅਮਰਜੀਤ ਗਿੱਲ


ਰਵਿੰਦਰ ਬਿੰਦ


ਜਸਵਿੰਦਰ ਧਾਲੀਵਾਲ


ਸੁਖਵੰਤ ਸਿੰਘ ਗਿੱਲ


ਰਾਜ ਨਿੱਜਰ


ਰਾਜ ਜਾਮਾਰਾਏ


ਅਰਜੁਨ ਗਿੱਲ


ਸੁਖਦੇਵ ਸੇਖੋਂ


ਕਰਮਬੀਰ ਸਿੰਘ


ਕਰਨ ਗਿੱਲ

### ਹੋਰ ਜਾਣਕਾਰੀ ਲਈ ਕਾਲ ਕਰੋ

ਜਸਵਿੰਦਰ ਧਾਲੀਵਾਲ ਫੋਨ: 734-347-1154
ਸੁਖਵੰਤ ਗਿੱਲ ਫੋਨ: 734-231-7035
ਰਾਜ ਨਿੱਜਰ ਫੋਨ: 734-637-7540
ਰਾਜ ਜਾਮਾਰਾਏ ਫੋਨ: 734-644-1010
ਸੁਖਦੇਵ ਸੇਖੋਂ ਫੋਨ: 248-431-9678
ਕਰਮਬੀਰ ਸਿੰਘ ਫੋਨ: 734-558-3151

*ਇਸ ਵਰ੍ਹੇ ਵੀ ਸੁਰੱਖਿਆ ਦੇ ਸਖਤ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਲੋਕ ਆਪਣੇ ਪਰਿਵਾਰਾਂ ਸਮੇਤ ਮੇਲੇ ਦਾ ਸੁਰੱਖਿਅਤ ਮਾਹੌਲ ਵਿਚ ਅਨੰਦ ਮਾਣ ਸਕਣ।*

LIVE ON
Cruze tv CHANNEL 422
Real tv CHANNEL 136
f LIVE /LIVEKABADDI
LIVE KABADDI www.LIVEKABADDI.com
jadoo tv
YouTube LIVE KABADDI
IPTV
jus punjabi

# ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ

## Main Sponsors



Late S. Chain Singh Sandhu NYX | Jatinder Bir Singh Sandhu NYX | Darshan Singh Grewal Singh Developers | Harpreet Singh Ahluwalia AQL Plymouth | Jerry Singh, RTI Livonia | Mick Grewal, Attorney

## Platinum Sponsors



Karmbir Singh | Sukhdev Singh Sekhon | Goldy Dhillon | Harpreet Singh | Amarjit Singh Sidhu | Rattan Singh Sekhon | Sukhdev Singh Brar | Kuldeep Keepa Tanda | Sukhjit Sukh Singh

## Gold Sponsors



Raj Shergill | Balbir Singh Grewal | Harry Sandhu | Charnpreet Singh Dhaliwal | Jaswinder Sonu Sandhu | Amarraj Dhaliwal Umranangal | Sharanjit Singh | Gurrajan Gill | Dr. Sandeep Dhillon | Rupinderpal Grewal



Gary Grewal | Harvinder Ghuman | Tarlochan S. Bhullar | Madan Aheer | Manjinder S. Rayat | Tony Guron | Mandeep S. Lohcham | Bobby Judge | Akhil Bharadwaj

## Silver Sponsors



Gurdatar Singh | Gurbhinder S. Rawala | Pardip S. Sangha | Daljit S. Benipal | Gurmeet S. Mann | Inderjit S. Virk | Jasvir Singh | Amritpal S. Hayer | Vivek Singh | Tejkiran S. Dhillon



Gurinder S. Dhanoa | Sukhdeep S. Dhaliwal | Ajay Grover | Imroz Singh | Jagjit S. Chahal | Amjad Chaudhary | Ishatdev S. Rathore | Simar Singh | Inderbir Bunty Bhangu | Raj Sahi



Surjeet S. Dhaliwal | Manphool Chatha | Balbir S. Virdi | Kartar Singh | Lakhwinder S. Bhatti | Jony Singh | Sukhpal S. Bains | Kanwaldip Dhaliwal | Jagjit S. Hundal | Abdu



Rajinder Singh | Shamsher S. Kuku | Gagandeep Singh | Gurdev S. Sekhon | Satvinder S. Billu | Nirmal S. Smagh | Harmeet S. Dhanoa | Amritpal Singh | Gurmeet S. Sarao | Kuljit Lubana

# Punjab Sports & Cultural Association Michigan

## Main Sponsors



Davinder Singh Grewal | Sukhi Narwal | Rusty Sekhon | Karn Gill | Sunny Gill / Amarjit Gill | Gurjinder S. Dimple | Parmeet Singh

## Platinum Sponsors



Inderjit S. Gill | Rashminder Singh Gill | Sanam/Sukhdev Sekhon | Param S. Pamma | Bhupinder Singh Sandhu | Iqbal Boparai Cleveland | Narinder Singh Munder | Charanjit Yogi Baath | Sukhbir Dhillon Las Vegas

## Gold Sponsors



Dr. Chamkaur Gill | Dr. Yatinder Singhal | Jagtar Jagga Pahal | Harpal S. Sangha | Kulwinder S. Gill | Rana Sekhon | KP Baath | Raj Kang | Hardeep S. Bal | Gurninder S. Bal



Paramjit Singh Saginaw | Harvinder Walia Cincinatti | Jaskaran S. Dhaliwal Chicago | Paul Khalil Indiana | Darshan S. Basraon Indiana | Ranjit Singh | Harjit Dhillon Cleveland | Daljit Dhillon Cleveland | Kuldip Gurai Clevveland

## Silver Sponsors



Dr. Bhupinder S. Pelia | Dr. Deepinder Singh | Harmohanjit S. Bains | Arwinder Happy Badesha | Dilbagh Singh Gill | Harmandeep Gill | Harpinder Chatha | Baljinder Singh Munday | Amrik Singh



Sarvjeet Singh | Lali Mangat | Harjinder S. Gill | Jagdev Debi Ghuman | Kulwant S. Mangat | Sukhraj Sunny Khehra | Inderpal S. Bathla | Jatinder Batra | Satguru Ghuman | Boota S. Sidhu



Gurbax Singh Bhullar | Bikram Grewal Windsor | Sukhpal Banga Windsor | Satnam Bajwa Windsor | Balwinder Sekhon Windsor | Sarabjit Sandhu Windsor | Malkit Singh Bhathal | Baba Auto | Gurvinder S. Lohi | Paramjit Singh



Harpal Singh Pamma | Ladi Multani | Raj Grewal Muskegon | Manjeet S. Nannan | Charanjit S. Chawa | Parminder Singh Mangat | Kuldeep Singh | Lakhvir Singh | Jasvir Singh | Tony Bhatti

# ਜਦੋਂ ਮਿੱਟੀ ਬੋਲਦੀ ਹੈ...

**ਕਲਾ ਪਰਿਕਰਮਾ**


**ਜਸਬੀਰ**

ਸਾਹਿਤ ਜਗਤ ਵਿਚ ਕਈ ਦਹਾਕਿਆਂ ਤੋਂ ਸਰਗਰਮ ਬਲਬੀਰ ਮਾਧੋਪੁਰੀ ਹੁਣ ਆਪਣੇ ਪਲੇਠੇ ਨਾਵਲ 'ਮਿੱਟੀ ਬੋਲ ਪਈ' ਨਾਲ ਹਾਜ਼ਰ ਹੋਇਆ ਹੈ। ਨਾਵਲ ਦੇ ਆਰੰਭ ਤੋਂ ਪਹਿਲਾਂ ਇਸ ਵਿਚ ਦਿੱਤੀ ਦੱਸ ਮੁਤਾਬਿਕ ਉਹ 40 ਤੋਂ ਵੱਧ ਕਿਤਾਬਾਂ ਦਾ ਸੰਪਾਦਨ ਕਰ ਚੁੱਕਾ ਹੈ ਅਤੇ ਤਰਜਮੇ ਵਾਲੀਆਂ ਕਿਤਾਬਾਂ ਦੀ ਸੂਚੀ 36 ਦਾ ਅੰਕੜਾ ਪਾਰ ਕਰ ਗਈ ਹੈ ਪਰ ਉਸ ਦੀ ਸਾਹਿਤਕ ਪਛਾਣ ਉਸ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' (2002) ਨਾਲ ਗੂੜ੍ਹੀ ਹੁੰਦੀ ਹੈ। ਇਸ ਕਿਤਾਬ ਵਿਚ ਉਸ ਨੇ ਸਮਾਜ ਦਾ ਜਿਹੜਾ ਨਕਸ਼ਾ ਖਿੱਚਿਆ ਹੈ, ਉਹ ਮਿਸਾਲੀ ਹੋ ਨਿੱਬੜਿਆ ਹੈ। 'ਛਾਂਗਿਆ ਰੁੱਖ' ਵਿਚ ਪੇਸ਼ ਹੋਏ ਦਲਿਤ ਜੀਵਨ ਨੇ ਪਾਠਕਾਂ ਦਾ ਧਿਆਨ ਖੂਬ ਖਿੱਚਿਆ। ਹੁਣ ਤਕ 'ਛਾਂਗਿਆ ਰੁੱਖ' ਦੇ 15 ਐਡੀਸ਼ਨ ਛਪ ਚੁੱਕੇ ਹਨ।

'ਮਿੱਟੀ ਬੋਲ ਪਈ' ਇਕ ਲਿਹਾਜ਼ ਨਾਲ ਬਲਬੀਰ ਮਾਧੋਪੁਰੀ ਦੀ ਸਵੈ-ਜੀਵਨੀ 'ਛਾਂਗਿਆ ਰੁੱਖ' ਦਾ ਹੀ ਅਗਲਾ ਹਿੱਸਾ ਹੈ; ਬੱਸ ਵਿਧਾ ਹੀ ਬਦਲੀ ਹੈ, ਵਿਸ਼ਾ ਉਹੀ ਖਾਸ ਵੇਲਿਆਂ ਦੇ ਸਮਾਜਕ ਇਤਿਹਾਸ ਵਾਲਾ ਹੈ। 'ਛਾਂਗਿਆ ਰੁੱਖ' ਵਿਚ ਉਹਨੇ ਪਾਠਕਾਂ ਨੂੰ ਆਪਣੇ ਪਰਿਵਾਰ ਦੇ ਬਹਾਨੇ ਸਮਾਜਕ ਹਕੀਕਤਾਂ ਦੇ ਰੂ-ਬ-ਰੂ ਕੀਤਾ ਸੀ, ਐਤਕੀਂ ਉਹਨੇ ਗਦਰੀ ਜਿਊੜੇ ਮੰਗੂ ਰਾਮ ਮੁੱਗੋਵਾਲ ਦੇ ਜ਼ਰੀਏ ਹਕੀਕਤ ਬਿਆਨ ਕੀਤੀ ਹੈ। ਹਕੀਕਤਾਂ ਦੇ ਇਸ ਬਿਆਨ ਵਿਚ ਬਲਬੀਰ ਮਾਧੋਪੁਰੀ ਨੇ ਜਿਹੜਾ ਨਜ਼ਰੀਆ ਅਖਤਿਆਰ ਕੀਤਾ ਹੈ, ਉਹ ਇਸ ਲਿਖਤ ਨੂੰ ਜ਼ੋਰਦਾਰ ਬਣਾ ਦਿੰਦਾ ਹੈ। ਇਸ ਨਜ਼ਰੀਏ ਅੰਦਰ ਰੂੜ੍ਹ ਰਵਾਇਤਾਂ ਨੂੰ ਸਿੱਧੀ ਵੰਗਾਰ ਤਾਂ ਹੈ ਹੀ; ਪਾਤਰਾਂ, ਘਟਨਾਵਾਂ ਅਤੇ ਹਾਲਾਤ ਦੀਆਂ ਲੜੀਆਂ ਜਿਸ ਤਰ੍ਹਾਂ ਇਕਜੁੱਟ ਹੋ ਕੇ ਅਗਾਂਹ ਤੋਂ ਅਗਾਂਹ ਜੁੜਦੀਆਂ ਜਾਂਦੀਆਂ ਹਨ, ਉਸ ਨਾਲ 'ਮਿੱਟੀ ਬੋਲ ਪਈ' ਸੱਚਮੁੱਚ ਸੁਣਨ, ਪੜ੍ਹਨ ਅਤੇ ਵਿਚਾਰਨ ਵਾਲੀ ਜ਼ਰੂਰੀ ਸ਼ੈਅ ਬਣ ਗਈ ਹੈ।



ਬਲਬੀਰ ਮਾਧੋਪੁਰੀ




'ਮਿੱਟੀ ਬੋਲ ਪਈ' ਦਾ ਮੁਖੜਾ।

ਨਾਵਲ ਦੇ ਦੋ ਪਾਤਰ ਬਾਬਾ ਤੇ ਪੋਤਾ, ਬਹੁਤ ਅਹਿਮ ਹਨ ਅਤੇ ਲੇਖਕ ਨੇ ਦੋ ਜਮਾਤਾਂ- ਦਲਿਤਾਂ ਤੇ ਔਰਤਾਂ, ਦੇ ਮਸਲੇ ਆਪਣੇ ਇਸ ਨਾਵਲ ਦੀ ਚੂਲ ਬਣਾਏ ਹਨ। ਉਂਝ, ਇਸ ਲਿਖਤ ਦਾ ਚੌਖਟਾ ਬਹੁਤ ਵਸੀਹ ਹੈ। ਬਾਬੇ ਦੀ ਲਗਨ ਸੈਆਂ ਲੜੀਆਂ ਨੂੰ ਲਗਾਤਾਰ ਜ਼ਰਬ ਦਿੰਦੀ ਹੈ। ਉਹ ਕਿਰਤੀ ਹੈ ਅਤੇ ਕਾਰਕੁਨ ਵੀ ਹੈ। ਇਹੀ ਗੱਲ ਉਹਨੂੰ ਬਾਕੀਆਂ ਨਾਲੋਂ ਨਿਆਰਾ ਅਤੇ ਨਵੇਕਲਾ ਬਣਾਉਂਦੀ ਹੈ। ਉਹ ਸੰਗੀਤ ਦੀ ਸੁਰ ਪਛਾਣਦਾ ਹੈ ਅਤੇ ਚਿੱਤਰਾਂ ਦੇ ਰੰਗ ਦੀ ਖੂਬ ਸ਼ਨਾਖ਼ਤ ਕਰਦਾ ਹੈ। ਜ਼ਿੰਦਗੀ ਦਾ ਸੰਗੀਤ ਉਹਦੀ ਆਪਣੀ ਤੋਰ ਅੰਦਰ ਮੜਕ ਰੱਖਣ ਲਈ ਪ੍ਰੇਰਦਾ ਹੈ। ਉਹ ਆਪਣੀ ਕੌਮ ਦੇ ਪਈ ਕੰਨ੍ਹ ਅਤੇ ਉਸ ਵਿਚੋਂ ਸਿੰਮਦੇ ਲਹੂ ਦਾ ਦਰਦ ਆਪਣੇ ਨਾਲ ਲਈ ਫਿਰਦਾ ਹੈ। ਇਹ ਦਰਦ ਬੇਵੱਸ ਜਿਊੜਿਆਂ ਨੂੰ ਹੋਰ ਨਪੀੜਦਾ ਹੈ, ਇਸੇ ਕਰ ਕੇ ਬਾਬਾ ਆਖਦਾ ਹੈ- 'ਅਸੀਂ ਖੋਪੇ ਬੱਧੇ ਬਲਦ-ਬੋਤੇ ਹਾਂ'। ਇਹ ਜੰਜਾਲ ਤੋੜਨ ਲਈ ਉਸ ਨੂੰ ਪੜ੍ਹਾਈ ਵੱਡਾ ਹਥਿਆਰ ਜਾਪਦਾ ਹੈ। ਆਪਣੇ ਪੋਤੇ ਨੂੰ ਪੜ੍ਹਾਈ ਦੇ ਰਾਹ ਪਾਉਣ ਲਈ ਹਰ ਤਰੱਦਦ ਕਰਦਾ ਹੈ। ਸਭ ਤੋਂ ਵੱਡੀ ਗੱਲ, ਬਾਬੇ ਦੀ ਲਗਨ ਅਤੇ ਸਿਰੜ ਬਹੁਤ ਸਹਿਜ ਨਾਲ ਪੋਤੇ ਅੰਦਰ ਜਜ਼ਬ ਹੋ ਰਹੇ ਹਨ। ਜ਼ਰਾ ਪੋਤੇ ਦੀਆਂ ਗੱਲਾਂ ਸੁਣੋ: 'ਮੈਨੂੰ ਮੰਗੂ ਰਾਮ ਅਤੇ ਆਪਣੇ ਬਾਬੇ ਦਾ ਆਖਿਆ ਮੁੜ-ਮੁੜ ਚੇਤੇ ਆਇਆ ਕਿ ਜਾਤ ਦਾ ਹੰਕਾਰ- ਮਨ ਦਾ ਰੋਗ ਹਿੰਦੋਸਤਾਨ ਵਿਚ ਫੈਲਿਆ ਹੋਇਆ ਹੈ। ਉਨ੍ਹਾਂ ਲਈ ਦਾਬਾ, ਧੌਂਸ ਤੇ ਖਹਿਬੜਬਾਜ਼ੀ ਜ਼ਿੰਦਗੀ 'ਚ ਸਾਹਾਂ ਵਾਂਗ ਅਹਿਮ ਬਣੀ ਹੋਈ ਹੈ। ... ਸਾਂਝਾ ਨਿਸ਼ਾਨਾ ਹੈ; ਪੜ੍ਹਨਾ ਲਿਖਣਾ ਹੈ, ਪੜ੍ਹਾਈ ਨਾਲ ਬੰਦੇ ਦੀ ਬਿਰਤੀ-ਪਰਵਿਰਤੀ ਬਦਲ ਜਾਂਦੀ ਹੈ।'

ਇਹ ਬਿਰਤੀ-ਪਰਵਿਰਤੀ ਬਦਲਣ ਲਈ ਬਾਬੇ ਦੇ ਪੈਰੀਂ ਚੱਕਰ ਪਿਆ ਹੋਇਆ ਜਿਸ ਨੂੰ ਉਹਦੀ ਪਤਨੀ, ਭਾਵ ਗੋਰੇ ਦੀ ਦਾਦੀ 'ਪੈਰੀਂ ਬਿੱਲੀ ਬੱਧੀਆਂ' ਆਖਦੀ ਹੈ। ਉਂਝ, ਇਸ ਬਿਰਤੀ-ਪਰਵਿਰਤੀ ਦੇ ਬਦਲਣ ਤੋਂ ਪਹਿਲਾਂ ਬਾਬਾ ਆਪ ਬਦਲ ਚੁੱਕਾ ਹੈ, ਇਸੇ ਕਰ ਕੇ ਫਾਤਿਮਾ ਵਰਗੀ ਨਪੀੜੀ ਜਾ ਰਹੀ ਕੁੜੀ ਉਸ 'ਤੇ ਯਕੀਨ ਕਰਦੀ ਹੈ। ਫਾਤਿਮਾ ਨਾਵਲ ਦੀ ਬੜੀ ਦਿਲਦਾਰ ਤੇ ਦਲੇਰ ਪਾਤਰ ਹੈ ਜਿਹੜੀ ਦੇਹ ਵਪਾਰ ਦੀ ਦਲ-ਦਲ ਵਿਚੋਂ ਬਾਹਰ ਨਿੱਕਲਣ ਲਈ ਛਟਪਟਾ ਰਹੀ ਹੈ। ਉਹ ਬਾਬੇ ਦੇ ਦਿੱਤੇ ਕਾਇਦਿਆਂ ਨਾਲ ਸੁਰ ਹੋ ਰਹੀ ਹੈ, ਤੇ ਅਖੀਰ ਉਹਦੀ ਜ਼ਿੰਦਗੀ ਅੰਬਰ ਜਿੱਡੀ ਉਡਾਣ ਭਰਦੀ ਹੈ। ਇਸ ਤੋਂ ਪਹਿਲਾਂ ਉਸ ਦੀ ਦਗਦੀ ਸ਼ਖ਼ਸੀਅਤ 'ਜੇ ਰੱਬ ਜ਼ਨਾਨੀ ਹੁੰਦੀ ਤਾਂ ਜ਼ਨਾਨੀ ਬਾਰੇ ਜ਼ਰੂਰ ਸੋਚਦੀ' ਵਰਗੀਆਂ ਸੋਚਾਂ ਨਾਲ ਦੋ-ਚਾਰ ਹੁੰਦੀ ਹੈ। ਉਹ ਪਿੜ ਅੰਦਰ ਜੂਝ ਰਹੇ ਬਾਬੇ ਨੂੰ ਛੇੜਦੀ ਹੈ: "ਕਦੇ ਔਰਤ ਜਾਤ ਨੂੰ ਵੀ ਨਜਾਤ ਹਾਸਲ ਹੋਊਗੀ ਬਾਬਾ ਕਿ ਤੇਰੀਆਂ ਬਣਾਈਆਂ ਜੁੱਤੀਆਂ ਵਾਂਗੂ ਸਾਰਿਆਂ ਦੇ ਪੈਰਾਂ ਥੱਲੇ ਘਿਸਦੀ ਰਹੂਗੀ?"

ਅਸਲ ਵਿਚ ਇਹ ਫਾਤਿਮਾ, ਗੋਰੇ, ਗੋਰੇ ਦੇ ਬਾਬੇ ਅਤੇ ਮੰਗੂ ਰਾਮ ਦੀ ਸੋਚ ਹੀ ਹੈ ਜਿਹੜੀ ਉਨ੍ਹਾਂ ਨੂੰ ਰਵਾਇਤਾਂ ਦੇ ਸੰਗਲ ਤੋੜਨ ਦੇ ਰਾਹ ਪਾਉਂਦੀ ਹੈ। ਸੋਚਾਂ ਦੀ ਇਸੇ ਰਿੜਕਣ ਕਾਰਨ ਹੀ ਗੱਡੀ ਵਿਚ ਸਫਰ ਕਰ ਰਿਹਾ ਬਜ਼ੁਰਗ ਰਵਾਇਤਾਂ ਨੂੰ ਸਿਰ ਭਾਰ ਕਰ ਦਿੰਦਾ ਹੈ: 'ਜਿਹੜੇ ਮੁਹੱਬਤ ਤੇ ਜੰਗ ਵਿਚ 'ਸਭ ਕੁਛ' ਨੂੰ ਜਾਇਜ਼ ਠਹਿਰਾਉਂਦੇ ਨੇ, ਉਨ੍ਹਾਂ ਬੇਇਨਸਾਫੀ ਦੀ ਤੱਕੜੀ ਫੜੀ ਹੋਈ ਜੇ। ... ਗਰੀਬ ਮਾਰ ਹੋ ਰਹੀ ਜੇ ਤੇ ਹਾਅ ਦਾ ਨਾਅਰਾ ਮਾਰਨ ਵਾਲਾ ਕੋਈ ਨਹੀਂ। ਮਾਸੂਮ, ਬੇਕਸੂਰ ਹੱਦ ਦਰਜੇ ਦਾ ਜ਼ੁਲਮ ਬਰਦਾਸ਼ਤ ਕਰਦੇ ਹੋਏ ਬਹੁਤ ਕੁਛ ਆਪਣੇ ਨਾਲ ਈ ਕਬਰ ਤਕ ਲੈ ਜਾਂਦੇ ਜੇ...।' ਬਾਬੇ ਨੇ ਇਸ ਜ਼ੁਲਮ ਦੀ ਕਾਟ ਲਈ ਹੀ 'ਵਕਤ ਦੇ ਖਿਲਾਫ ਬੁਰਦ' ਲਾਈ ਹੋਈ ਹੈ। ਇਸੇ ਪ੍ਰਸੰਗ ਵਿਚ ਹੀ ਮੰਗੂ ਰਾਮ ਮੁੱਗੋਵਾਲੀਏ ਦੀ 'ਆਦਿ ਧਰਮ' ਵਾਲੀ ਸਿਆਸਤ ਦਾ ਪਿੜ ਬੱਝਦਾ ਹੈ। ਇਸ ਵਿਚ ਮੁਲਕ ਦੇ ਮੂਲ ਵਾਸੀ ਹੋਣ ਦਾ ਹੋਕਾ ਹੈ। ਇਉਂ ਲੇਖਕ ਇਸ ਸਿਆਸਤ ਨੂੰ ਸਿਰੇ ਤਕ ਲੈ ਕੇ ਜਾਣ ਦਾ ਯਤਨ ਕਰਦਾ ਹੈ। ਉਹ 'ਆਦਿ ਧਰਮੀਆਂ' ਨੂੰ ਹਿੰਦੂ, ਸਿੱਖਾਂ, ਮੁਸਲਮਾਨਾਂ ਤੋਂ ਵੱਖ ਕਰਦਾ ਹੈ, ਲੋਕਾਂ ਨੂੰ ਸਵਾਲਾਂ ਦੇ ਰੂ-ਬ-ਰੂ ਕਰਦਾ ਹੈ।

ਇਨ੍ਹਾਂ ਸਵਾਲਾਂ ਨਾਲ ਹੀ ਭਗਤ ਸਿੰਘ ਦੇ ਲੇਖ 'ਅਛੂਤ ਦਾ ਸਵਾਲ' ਵਾਲਾ ਸਵਾਲ ਜੁੜਦਾ ਹੈ ਤਾਂ ਇਸ ਸਿਆਸਤ ਦੀਆਂ ਰਮਜ਼ਾਂ ਸਮਝ ਪੈਣ ਲੱਗਦੀਆਂ ਹਨ। ਨਾਵਲ ਵਿਚ ਦੂਜੇ ਸੰਸਾਰ ਯੁੱਧ ਦੌਰਾਨ ਜੂਝਦੇ ਰੂਸ ਅਤੇ ਇਸ ਦੇ ਨੇਤਾ ਸਤਾਲਿਨ ਦੀਆਂ ਗੱਲਾਂ ਵੀ ਤੁਰਦੀਆਂ ਹਨ। ਬਾਬਾ ਜੰਗ ਦੀ ਮਾਰ ਦਾ ਜ਼ਿਕਰ ਛੇੜਦਾ ਹੈ ਪਰ ਇਹ ਵੀ ਸਵੀਕਾਰ ਕਰਦਾ ਹੈ ਕਿ ਜੰਗ ਲੱਗਣ ਕਾਰਨ ਉਨ੍ਹਾਂ ਦੇ ਕਾਰੋਬਾਰ ਵਿਚ ਚੋਖਾ ਵਾਧਾ ਹੋਇਆ ਹੈ। ਦਰਅਸਲ, ਬਾਬਾ ਵਸੀਲਿਆਂ ਦੀ ਸਿਆਸਤ ਨੂੰ ਅੱਖੋਂ-ਪਰੋਖੇ ਨਹੀਂ ਕਰਦਾ।

ਨਾਵਲ ਦੇ ਪ੍ਰਸੰਗ 'ਚ ਇਹ ਵਿਚਾਰ-ਚਰਚਾ ਵੀ ਘੱਟ ਦਿਲਚਸਪ ਨਹੀਂ ਹੋਵੇਗੀ ਕਿ ਬਲਬੀਰ ਮਾਧੋਪੁਰੀ ਨੇ ਦਲਿਤਾਂ ਦੀ ਦਾਸਤਾਨ ਬਿਆਨ ਕਰਨ ਲਈ ਮੰਗੂ ਰਾਮ ਮੁੱਗੋਵਾਲੀਆ ਦੀ ਚੋਣ ਕੀਤੀ। ਨਾਵਲ ਵਿਚ ਦਲਿਤਾਂ ਦੇ ਅਲਮ-ਬਰਦਾਰ ਵਜੋਂ ਚਰਚਿਤ ਡਾਕਟਰ ਭੀਮ ਰਾਓ ਅੰਬੇਦਕਰ ਦਾ ਜ਼ਿਕਰ ਸਿਰਫ ਦੋ ਵਾਰ ਮਹਿਜ਼ ਹਵਾਲੇ ਵਜੋਂ ਆਇਆ ਹੈ। ਇਕ ਪੂਨਾ ਪੈਕਟ ਦੇ ਪ੍ਰਸੰਗ ਵਿਚ ਅਤੇ ਦੂਜੀ ਵਾਰ ਪੜ੍ਹਨ ਲਈ ਹਰ ਹਾਲ ਅਹੁਲਣ ਬਾਬਤ। ਦਲਿਤਾਂ ਦੇ ਵੱਖ-ਵੱਖ ਮਸਲਿਆਂ ਦੇ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਦੋਹਾਂ ਲੀਡਰਾਂ ਦੀ ਸਿਆਸਤ ਬਾਰੇ ਪੁਣ-ਛਾਣ ਅਜੇ ਬਾਕੀ ਹੈ।

ਖੈਰ! ਨਾਵਲ ਦਾ ਆਧਾਰ ਸਿਰਫ ਮੰਗੂ ਰਾਮ ਦੀ ਸਿਆਸਤ ਹੀ ਨਹੀਂ, ਉਹ ਇਲਾਕਾ ਵੀ ਹੈ ਜਿਹੜਾ ਇਸ ਨਾਵਲ ਵਿਚ ਨੁਮਾਇਆ ਰੂਪ ਵਿਚ ਪੇਸ਼ ਹੋਇਆ ਹੈ। ਜੇਜੋਂ ਦੇ ਆਲੇ-ਦੁਆਲੇ ਦਾ ਇਹ ਇਲਾਕਾ ਆਪਣੇ ਸਾਰੇ ਦੇ ਸਾਰੇ ਪੱਖਾਂ ਨਾਲ ਨਾਵਲ ਦਾ ਹਿੱਸਾ ਬਣਿਆ ਹੈ। ਇੱਥੇ ਖਾਸ ਕਰ ਕੁਦਰਤੀ ਨਜ਼ਾਰਿਆਂ ਦਾ ਵਰਣਨ ਜ਼ਰੂਰੀ ਹੈ। ਲੇਖਕ ਕੁਦਰਤ ਦੇ ਇਨ੍ਹਾਂ ਨਜ਼ਾਰਿਆਂ ਨੂੰ ਵੀ ਖਾਸ ਪੁੱਠ ਨਾਲ ਪੇਸ਼ ਕਰਦਾ ਹੈ। ਜਦੋਂ ਵੀ ਕਿਤੇ ਖੁਸ਼ੀ ਦਾ ਲਹਿਰੀਆ ਉਠਦਾ ਹੈ ਤਾਂ ਇਸ ਦੀ ਤਸ਼ਬੀਹ ਖੱਡਾਂ, ਚੋਆਂ ਵਿਚ ਵਗਦੇ ਪਾਣੀਆਂ ਨਾਲ ਹੁੰਦੀ ਹੈ। ਥਾਂ-ਪੁਰ-ਥਾਂ ਦ੍ਰਿਸ਼ ਚਿਤਰਨ ਤਾਂ ਇਉਂ ਹੈ ਕਿ ਪਾਠਕ ਖੁਦ ਇਹ ਨਜ਼ਾਰੇ ਮਾਣਦਾ ਪ੍ਰਤੀਤ ਹੁੰਦਾ ਹੈ। ਇਹੀ ਬਿਰਤਾਂਤ ਅਸਲ ਵਿਚ ਇਸ ਨਾਵਲ ਦੀ ਤਾਕਤ ਬਣ ਗਿਆ ਹੈ। ਜਿਵੇਂ ਨਾਵਲ ਦਾ ਅਹਿਮ ਪਾਤਰ ਬਾਬਾ ਬੇਅੰਤ ਔਕੜਾਂ ਦੇ ਬਾਵਜੂਦ ਜ਼ਿੰਦਗੀ ਦੀ ਲੈਅ ਟੁੱਟਣ ਨਹੀਂ ਦਿੰਦਾ, ਬਿਲਕੁਲ ਉਸੇ ਤਰ੍ਹਾਂ ਲੇਖਕ ਬਾਬੇ ਦੀ ਸਾਰੰਗੀ ਵਾਂਗ ਲਿਖਤ ਨੂੰ ਸੁਰ ਕਰ ਕੇ ਰੱਖਦਾ ਹੈ। ਇਸ ਦੇ ਨਾਲ ਹੀ ਇਲਾਕੇ ਦੇ ਭੁੱਲ-ਭੁਲਾ ਦਿੱਤੇ ਗਏ ਸ਼ਬਦ ਜਿਸ ਤਰ੍ਹਾਂ ਰਚਨਾ ਅੰਦਰ ਲੱਫਾਂ ਮਾਰਦੇ ਹਨ, ਉਹ ਵੀ ਕਿਸੇ ਕ੍ਰਿਸ਼ਮੇ ਤੋਂ ਘੱਟ ਨਹੀਂ। ਮੁਕਾਮੀ ਸ਼ਬਦਾਂ ਦਾ ਇਹ ਨਾਚ ਨਾਵਲ ਦੇ ਤਾਣੇ-ਬਾਣੇ ਨੂੰ ਅਮੀਰੀ ਬਖਸ਼ਦਾ ਹੈ।

ਇਤਿਹਾਸ ਨੂੰ ਗਲਪ ਵਿਚ ਢਾਲਣਾ ਅਤੇ ਦਿਲਚਸਪੀ ਵੀ ਦੂਣ-ਸਵਾਈ ਕਰ ਦੇਣੀ ਸਾਧਾਰਨ ਕਾਰਜ ਨਹੀਂ। ਬਲਬੀਰ ਮਾਧੋਪੁਰੀ ਨੇ ਇਹ ਕਾਰਜ ਬਹੁਤ ਸਹਿਜ ਨਾਲ ਨੇਪਰੇ ਚਾੜ੍ਹਿਆ ਹੈ। ਇਸ ਵਿਚ ਸਾਧਨ ਅਤੇ ਸੱਤਾ ਹੀਣੇ ਜਿਊੜਿਆਂ ਦੇ ਦਿਲਾਂ ਅੰਦਰ 'ਪਾਣੀ ਵਰਗੀ ਨਰਮ ਚੀਜ਼ ਨਫਰਤਾਂ ਦੇ ਪਹਾੜ ਨੂੰ ਵੀ ਖਿਸਕਾਅ ਦਿੰਦੀ ਆ' ਵਾਲਾ ਵੇਗ ਹੈ। ਨਾਵਲ ਵਿਚ ਇਹ ਵੇਗ ਸਫਾ-ਦਰ-ਸਫਾ ਜ਼ਾਹਿਰ ਹੁੰਦਾ ਹੈ। ਪਤਾ ਨਹੀਂ, ਇਹ ਲੇਖਕ ਨੇ ਸੁਚੇਤ ਰੂਪ ਵਿਚ ਕੀਤਾ ਹੈ ਜਾਂ ਅਚੇਤ ਰੂਪ ਵਿਚ ਹੀ ਅਜਿਹਾ ਹੋਇਆ ਹੈ, ਨਾਵਲ ਦੇ ਅੱਠ-ਦਸ ਕਾਂਡਾਂ ਦਾ ਅੰਤ ਪੋਤੇ (ਗੋਰੇ) ਨੂੰ ਨੀਂਦ ਦੇ ਬੁੱਲਿਆਂ ਨਾਲ ਹੁੰਦਾ ਹੈ। ਇਸ ਲੱਖਣ ਦੀ ਲੜੀ ਅਸਲ ਵਿਚ ਮੰਗੂ ਰਾਮ ਅਤੇ ਬਾਬੇ ਦੇ ਸੁਫ਼ਨਿਆਂ ਨਾਲ ਜੁੜਦੀ ਜਾਪਦੀ ਹੈ ਜਿਹਦੇ ਲਈ ਉਹ ਦਿਨ-ਰਾਤ ਇਕ ਕਰ ਰਹੇ ਹਨ। ਇਹ ਬਦਲਵੀਂ ਸਿਆਸਤ ਅਤੇ ਸਮਾਜਕ ਜੀਵਨ ਵੱਲ ਵਧਦੇ ਕਦਮਾਂ ਦੀ ਪੈੜਚਾਲ ਵੀ ਹੈ। ਇਸ ਅੰਦਰ ਗ਼ਦਰੀ ਰੰਗ ਵੀ ਅਛੋਪਲੇ ਜਿਹੇ ਆਣ ਹਾਜ਼ਰ ਹੋਇਆ ਹੈ। 'ਆਦਿ ਡੰਕਾ' ਵਾਲੀਆਂ ਰਚਨਾਵਾਂ 'ਗਦਰ ਦੀ ਗੂੰਜ' ਦਾ ਭੁਲੇਖਾ ਪਾਉਂਦੀਆਂ ਹਨ। ਨਾਵਲ ਵਿਚ ਗੁਰੂ ਰਵਿਦਾਸ ਅਤੇ ਕਬੀਰ ਦੀਆਂ ਰਚਨਾਵਾਂ ਜਿਸ ਤਰ੍ਹਾਂ ਚੋਟ ਕਰਦੀਆਂ ਹਨ, ਉਨ੍ਹਾਂ ਦੇ ਰਾਹ ਵੀ ਬਦਲਵੇਂ ਢਾਂਚੇ ਵੱਲ ਮੋੜ ਕੱਟਦੇ ਹਨ। 'ਰਾਮ ਰਾਮ' ਦੀ ਥਾਂ 'ਜੈ ਗੁਰੂਦੇਵ' ਕਹਿਣ ਵਰਗੀਆਂ ਅਣਗਿਣਤ ਸੀਰਾਂ ਹਨ ਜਿਨ੍ਹਾਂ ਦਾ ਮੂੰਹ ਸੁਫ਼ਨਿਆਂ ਦੀ ਡਾਰ ਵੱਲ ਹੈ। ਇਹ ਮੂੰਹ-ਜ਼ੋਰ ਸੁਫ਼ਨਿਆਂ ਦਾ ਹੀ ਪ੍ਰਤਾਪ ਹੈ ਕਿ ਜ਼ਿੰਦਗੀ ਦੇ ਸਕੂਲ ਅਤੇ ਕਾਰੋਬਾਰ ਵਿਚ ਉਡਾਰ ਹੋਇਆ ਗੋਰਾ ਚਿਰਾਂ ਤੋਂ ਲਾਪਤਾ ਆਪਣੇ ਪਿਤਾ ਦਾ ਖੋਜ-ਖੁਰਾ ਵੀ ਲੱਭ ਲਿਆਂਦਾ ਹੈ। ਨਾਵਲ ਦਾ ਅੰਤ ਇਨ੍ਹਾਂ ਸੁਫਨਿਆਂ ਦਾ ਹੀ ਵੱਖਰਾ ਅਤੇ ਨਿਆਰਾ ਅਧਿਆਇ ਹੈ। ਗੋਰੇ (ਪੋਤੇ) ਦੀ ਮਾਂ ਅਤੇ ਫਾਤਿਮਾ ਦਾ ਬਣਵਾਸ ਟੁੱਟਦਾ ਹੈ। ਇੱਥੇ ਪੁੱਜ ਕੇ ਜਾਪਦਾ ਹੈ, ਜਿਵੇਂ ਲੇਖਕ ਦਲਿਤ ਸਿਆਸਤ ਅਤੇ ਸਮਾਜ ਦਾ ਚੌਤੇਰਾ ਪਿੜ ਵਗਲ ਰਿਹਾ ਹੈ। ਸੱਚਮੁੱਚ ਬਲਬੀਰ ਮਾਧੋਪੁਰੀ ਦਾ ਇਹ ਨਾਵਲ ਮਾਣ-ਸਨਮਾਨ ਲਈ ਜੂਝਦੇ ਮਰਜੀਵੜਿਆਂ ਦੇ ਸੰਘਰਸ਼ ਦੀ ਦਾਸਤਾਨ ਹੈ। ਇਹ ਹਾਸ਼ੀਏ ਉਤੇ ਸੁੱਟੇ ਜਿਊੜਿਆਂ ਦੀ ਉਹ ਕਥਾ ਹੈ ਜਿਹੜੀ ਲੇਖਕ ਨੇ ਪੂਰੀ ਮੜਕ ਨਾਲ ਸੁਣਾਈ ਹੈ। ਇਸ ਕਥਾ ਦੇ ਪਾਤਰ ਥੋੜ੍ਹੀ ਕੀਤਿਆਂ ਭੁਲਾਏ ਨਹੀਂ ਜਾ ਸਕਣੇ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 21 ਅਗਸਤ 2021 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-495



*ਮੱਚੇ ਚੁੱਲ੍ਹੇ ਅੱਗ ਜਿਵੇਂ, ਉਂਜ ਹੀ ਭਾਂਬੜ ਅੰਦਰ ਮੱਚਦੇ ਨੇ,*
*ਤਪਣ ਤਵੇ ਬੇਸ਼ਕ ਸੜਕਾਂ 'ਤੇ, ਪਰ ਸੀਨੇ ਸਾਡੇ ਤਪਦੇ ਨੇ।*
*ਲਾਮ ਲੱਗੀ ਏ ਹੱਕਾਂ ਲਈ, ਬਾਰਡਰਾਂ 'ਤੇ ਡੇਰੇ ਲਾਏ ਜੀ,*
*ਸਭਨਾਂ ਲਈ ਅੰਨ ਉਗਾਈਏ, ਪਰ 'ਉਹ' ਤਨਜਾਂ ਕੱਸਦੇ ਨੇ।*

### ਕੈਪਸ਼ਨ ਮੁਕਾਬਲਾ-493



ਕਾਹਲੀ ਨਾਲ ਵਾਢੀ ਦਾ ਕੰਮ ਮੁਕਾ ਕੇ।
ਫਸਲ ਸਾਂਭੀ, ਤੂੜੀ ਦੇ ਕੁੱਪ ਬਣਾ ਕੇ।
ਮੋਰਚਿਆਂ ਉੱਤੇ ਵਾਪਸ ਜਾਣਾ,
ਜਿੱਤ ਦੇ ਚੱਲੇ ਹਾਂ ਝੰਡੇ ਲਾ ਕੇ।

***-ਗੁਰਦੇਵ ਸਿੰਘ ਢਪਾਲੀ, ਬਠਿੰਡਾ***
***ਫੋਨ: 91-94176-49275***

---

ਲਾ ਪਰਾਲੀ, ਲੰਬੀਆਂ ਬੇੜਾਂ
ਕੁੱਪ ਸੋਹਣਾ ਬੰਨ੍ਹ ਦਿੱਤਾ ਹੈ,
ਸਾਂਭ ਕੇ ਦਾਣਾ ਦੱਥਾ ਸਾਰਾ
ਸਾਲ ਲਈ ਸਿੰਨ੍ਹ ਦਿੱਤਾ ਹੈ।
ਦਿੱਲੀ ਬੈਠੇ ਮੋਰਚਾ ਲਾ ਕੇ
ਕਿਸਾਨੀ ਦਾ ਝੰਡਾ ਗੱਡੀਏ,
ਮੁੜਾਂਗੇ ਮੋਰਚਾ ਜਿੱਤ ਕੇ ਹੀ
ਫਾਹਾ ਰੋਜ਼ ਰੋਜ਼ ਦਾ ਵੱਢੀਏ।

***-ਸੇਵਾ ਸਿੰਘ ਨੂਰਪੁਰੀ***

---

ਬੇੜਾਂ ਵੱਟ ਨਾਲੀ ਕੱਢ ਕੁੱਪ ਤਿਆਰ ਕਰ,
ਕਪਾਹ ਦੀਆਂ ਛਿਟੀਆਂ ਦਾ ਐਰਾ ਗੱਡ ਲਿਆ
ਕਣਕ ਦੀ ਗਹਾਈ ਕਰ ਤੂੜੀ ਵੀ ਕੱਢ ਲਈ,
ਕਾਰੀਗਰ ਲਿਆਂਦਾ ਕੁੱਪ ਬੰਨਣ ਵਾਲਾ ਸਵਰਨਾ
ਤੰਗੜ ਭਰ ਭਰ ਸੁੱਟੇ ਐਰਾ ਭਰ ਲਿਆ ਜਦੋਂ,
ਵਾਰ ਦਰ ਵਾਰ ਕੁੱਪ ਧੁਰ ਪੁੱਜ ਗਿਆ ਜੀ।
ਬੋਦੀ ਬੰਨੀਂ ਕੁੱਪ ਕੇਹਾ ਸੋਹਣਾ ਲੱਗੇ ਦੇਖਣੇ ਨੂੰ
ਸਾਰਾ ਸਾਲ ਪਸ਼ੂਆਂ ਲਈ ਤੂੜੀ ਸਾਂਭ ਲਈ।

***-ਕਲਵੰਤ ਸਿੰਘ ਸਹੋਤਾ***
***ਫੋਨ: 604-589-5919***

---

ਕੁੱਪ ਬੰਨ੍ਹ ਕੇ ਤੂੜੀ ਸਾਂਭੀ
ਕਿਸਾਨੀ ਝੰਡਾ ਦਿੱਤਾ ਲਹਿਰਾਅ।
ਵਿਚ ਮੋਰਚੇ ਹੁਣ ਜਾ ਕੇ ਗੱਜਣਾ,
ਮੁੜਾਂਗੇ ਫਤਿਹ ਝੋਲੀ ਵਿਚ ਪਾ।

***-ਦਵਿੰਦਰ ਕੌਰ***

---

ਤੂੜੀ-ਤੰਦ ਸਾਂਭ ਲਏ ਤੇ ਬੰਨ ਦਿੱਤੇ ਕੁੱਪ ਨੇ,
ਪਰਖਣਾ ਹੈ ਸਾਨੂੰ ਸਰਕਾਰ ਦੀ ਚੁੱਪ ਨੇ।
ਪਸ਼ੂ ਤੇ ਪਰਿੰਦੇ ਦਾ ਵੀ ਫਿਕਰ ਕਿਸਾਨ ਨੂੰ,
ਲਹਿਰਾਅ ਦਿੱਤਾ ਤੂੜੀ ਵਾਲੇ
ਕੁੱਪ 'ਤੇ ਨਿਸ਼ਾਨ ਨੂੰ।
ਅੰਨ ਦੇ ਭੰਡਾਰੇ ਇਹਨੇ ਭਰੇ, ਜੋ ਪਰੂਫ ਹੈ,
ਸਰਹੱਦਾਂ ਉੱਤੇ ਖੜਾ, ਹੱਥ 'ਚ ਬੰਦੂਕ ਹੈ।
ਦੇਸ਼-ਕੌਮ ਲਈ ਲੜਨਾ ਗੱਲ ਦਸਤੂਰੀ ਏ,
ਦਿੱਲੀ ਮੋਰਚੇ 'ਤੇ ਹਾਜ਼ਰੀ ਵੀ ਜਰੂਰੀ ਏ।

***-ਮਾਸਟਰ ਪ੍ਰੀਤਮ ਸਿੰਘ ਲੰਮੇ***
***ਫੋਨ: 925-325-2486***

---

ਚੜ੍ਹ ਕੁੱਪਾਂ 'ਤੇ ਝੰਡੇ ਲਾਵਾਂਗੇ
ਕਾਲੇ ਕਾਨੂੰਨ ਵਾਪਸ ਕਰਵਾਂਗੇ
ਜੋ ਕਰੂ ਜੁਲਮ, ਅਸੀਂ ਰੋਕਾਂਗੇ
ਪਾਪ ਦੀ ਕੰਧ ਢਾਵਣ ਖਾਤਿਰ
ਵਿਚ ਕਿੱਲ ਆਜ਼ਾਦੀ ਠੋਕਾਂਗੇ।

***-ਹਰਜਿੰਦਰ ਸਿੰਘ ਕਲਿਆਣ***
***ਫੋਨ: 91-96538-96528***

---

ਵੱਡੇ ਵੱਡੇ ਕੁੱਪ ਭਾਵੇਂ
ਹਰੇ ਇਨਕਲਾਬ ਦੀ ਨਿਸ਼ਾਨੀ ਨੇ,
ਪਰ ਕਾਲੇ ਕਾਨੂੰਨ ਵਿਰੋਧੀ ਲਹਿਰ 'ਚ
ਇਨ੍ਹਾਂ 'ਤੇ ਝੂਲਦੇ ਝੰਡੇ ਕਿਸਾਨੀ ਨੇ।
ਲੋਕ-ਰਾਜੀ ਸਰਕਾਰਾਂ ਵੀ ਹੁਣ
ਲੋਕ-ਰਾਹ ਦੀ ਗੱਲ ਨਾ ਮੰਨਾਦੀਆਂ ਨੇ,
ਆਪਣੇ ਗੈਰ-ਕਾਨੂੰਨੀ ਬੋਝੇ ਭਰਨ ਲਈ
ਲੋਕਾਂ ਦੀਆਂ ਗਿੱਚੀਆਂ ਭੰਨਦੀਆਂ ਨੇ।

***-ਅਮਰਜੀਤ ਸਿੰਘ ਤੂਰ***
***ਫੋਨ: 91-98784-69639***

---

ਅੱਜ ਕੁੱਪ 'ਤੇ ਝੰਡੇ ਲਾਏ
ਕੱਲ੍ਹ ਦਿੱਲੀ ਦਾ ਕਿਲ੍ਹਾ ਰੋਕਾਂਗੇ,
ਜਿਹੜੇ ਕਾਨੂੰਨ ਪਸੰਦ ਨਹੀਂ
ਵਿਰੋਧ ਲਈ ਝੰਡਾ ਚੁੱਕਾਂਗੇ।
ਵਾਰਿਸ ਹਾਂ ਅਸੀਂ ਗੋਬਿੰਦ ਸਿੰਘ ਦੇ
ਜਿਹੜਾ ਅੜੂ, ਅਸੀਂ ਠੋਕਾਂਗੇ।

***-ਸਹਿਤਾਜ ਵੜੈਚ, ਜੋੜਕੀਆਂ***

---

ਲਾ ਪਰਾਲੀ, ਖਿੱਚ ਬੇੜਾਂ ਦੁਆਲੇ
ਨੱਪ ਤੂੜੀ, ਮੀਂਹ ਹਨੇਰੀ ਤੋਂ ਸੁਰੱਖਿਅਤ
ਆ ਪਹੁੰਚੇ ਗੁੰਬਦ 'ਤੇ
ਗੱਡ ਦਿੱਤਾ ਝੰਡਾ ਟੀਸੀ 'ਤੇ
ਕੁੱਪ ਵੀ ਕਿਸਾਨ ਲਈ ਹੈ
ਮਾਊਂਟ ਐਵਰੈਸਟ ਸਰ ਕਰਨਾ।
ਮੁਕਾ ਫਿਕਰ ਡੰਗਰਾਂ ਦੇ ਚਾਰੇ ਦਾ
ਚੱਲੇ ਆਵਾਜ਼ਾ ਕੱਸ ਮੋਰਚੇ ਸਾਂਭਣ
ਕਿਸਾਨੀ ਹੱਕਾਂ ਦੀ ਰਾਖੀ ਲਈ।

***-ਦਰਸ਼ਨਪਾਲ ਦੋਸਾਂਝ***

# ਨੀ ਵੱਢੀਏ ਟੁੱਕੀਏ ਧਰਤੀਏ

***ਸੰਤਾਲੀ ਵਾਲੀ ਕਹਾਣੀ ਕਦੀ ਰੁਕਦੀ, ਕਦੀ ਟੁੱਟਦੀ ਨਹੀਂ ਹੈ। ਸੰਤਾਲੀ ਵਾਲਾ ਦਰਦ ਸਾਡੇ ਦਿਲੋ-ਦਿਮਾਗ ਅੰਦਰ ਬਹੁਤ ਡੂੰਘਾ ਜੰਮ ਗਿਆ ਹੈ। ਇਤਿਹਾਸਕਾਰ ਅਤੇ ਸਾਹਿਤਕਾਰ ਪੌਣੀ ਸਦੀ ਤੋਂ ਆਪੋ-ਆਪਣੇ ਢੰਗ-ਤਰੀਕਿਆਂ ਰਾਹੀਂ ਇਸ ਮਸਲੇ ਨੂੰ ਸਮਝਣ-ਸਮਝਾਉਣ ਦਾ ਯਤਨ ਕਰਦੇ ਰਹੇ ਹਨ। ਉਘੇ ਨਾਟਕਕਾਰ ਡਾ. ਆਤਮਜੀਤ ਨੇ ਸੰਤਾਲੀ ਦੇ ਦਰਦ ਨੂੰ ਫਰੋਲਦੇ ਨਾਟਕਾਂ ਦੀ ਕਿਤਾਬ ਅੰਗਰੇਜ਼ੀ ਵਿਚ ਛਪਵਾਈ ਹੈ ਜਿਸ ਬਾਰੇ ਵਿਸਥਾਰ ਸਹਿਤ ਚਰਚਾ ਰੰਗਕਰਮੀ ਡਾ. ਸਾਹਿਬ ਸਿੰਘ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਸੰਤਾਲੀ ਪੰਜਾਬੀਆਂ ਦੇ ਵਜੂਦ 'ਤੇ ਉਕਰਿਆ ਐਸਾ ਨਿਸ਼ਾਨ ਹੈ ਜਿਸ ਨੂੰ ਖੁਣਨ ਵੇਲੇ ਕਿਸੇ ਨੇ ਇਜਾਜ਼ਤ ਨਹੀਂ ਸੀ ਲਈ! ਇਹ ਸਿਰਫ ਸਰੀਰ 'ਤੇ ਖੁਣਿਆ ਹੁੰਦਾ ਤਾਂ ਹੁਣ ਤੱਕ ਮਿਟ ਜਾਂਦਾ... ਇਹ ਸਾਡੇ ਦਿਲ ਦਿਮਾਗ 'ਤੇ ਖੁਣਿਆ ਗਿਆ ਹੈ! ਪਰ ਕੀ ਇਹ ਸਿਰਫ ਬਿਗਾਨਿਆਂ ਨੇ ਖੁਣਿਆ! ਕੀ ਅਸੀਂ ਖੁਦ ਵੀ ਕਿਤੇ ਆਪਣੇ ਢਿੱਡ ਤੋਂ ਝੱਗਾ ਤਾਂ ਨਹੀਂ ਸੀ ਚੁੱਕ ਦਿੱਤਾ! ਤੇ ਉਨ੍ਹਾਂ ਸਾਡੇ ਨੰਗ 'ਤੇ 47 ਖੁਣ ਦਿੱਤਾ! ਕੀ ਅਸੀਂ ਸਬਕ ਸਿੱਖ ਚੁੱਕੇ ਹਾਂ! ਕੀ ਅਸੀਂ ਸ਼ਰਮਿੰਦਗੀ ਦੇ ਦਾਗ ਧੋ ਚੁੱਕੇ ਹਾਂ! ਕੀ ਅਸੀਂ ਇਸ ਦੇ ਦੁਹਰਾਓ ਦੇ ਭਾਗੀਦਾਰ ਤਾਂ ਨਹੀਂ! ਕੀ ਇਤਿਹਾਸਕਾਰਾਂ ਨੇ ਸਭ ਦਰਜ ਕਰ ਦਿੱਤਾ ਹੈ ਜਾਂ ਕੁਝ ਰਹਿ ਗਿਆ ਹੈ! ਕੀ ਸਾਹਿਤਕਾਰਾਂ ਨੇ ਫਰਜ਼ ਨਿਭਾਇਆ! ਕੀ ਲਿਖਿਆ ਗਿਆ, ਕੀ ਰਹਿ ਗਿਆ!! ਕੀ ਅਣਕਿਹਾ ਹੈ, ਕੀ ਕਹਿ ਲਿਆ!



ਨਾਟਕ ਨੇ ਕੀ ਕੀਤਾ, ਰੰਗਮੰਚ ਦੀ ਭੂਮਿਕਾ ਕੀ ਰਹੀ! ਕੀਹਨੇ ਜੜ੍ਹ ਤਕ ਪਹੁੰਚ ਕੇ ਮਸਲੇ ਦੀ ਗਹਿਰੀ ਜ਼ਮੀਨ 'ਤੇ ਕਲਮ ਦਾ ਹਲ ਚਲਾਇਆ... ਕੌਣ ਉਪਰ ਉਪਰ ਹੀ ਸਿਆੜ ਕੱਢਦਾ ਰਿਹਾ!

**ਸਾਹਿਬ ਸਿੰਘ**
ਫੋਨ: +91-98880-11096

ਕਿੱਥੇ ਸਾਡੇ ਅੰਦਰ ਬੈਠੀ ਧਾਰਮਿਕ ਕੱਟੜਤਾ ਦੱਬੀ ਸੁਰ 'ਚ ਨਾਟਕ ਦਾ ਹਿੱਸਾ ਬਣ ਗਈ! ਕਿੱਥੇ ਅਸੀਂ ਚਾਹੁੰਦਿਆਂ ਨਾ ਚਾਹੁੰਦਿਆਂ ਰਾਸ਼ਟਰਵਾਦ ਦੇ ਓਪਰੀ ਭਰਮ ਭੁਲੇਖਿਆਂ 'ਚ ਫਸ ਕੇ ਨਾਟਕ ਦੀ ਅਸਲ ਭੋਇੰ ਨੂੰ ਭੁੱਲ ਕੇ ਸਤਿਹ 'ਤੇ ਝੰਡਾ ਗੱਡ ਦਿੱਤਾ!.. ਸਵਾਲ ਅਨੇਕਾਂ ਹਨ! ਇਨ੍ਹਾਂ ਨਾਲ ਸਿੱਝਣ ਵਾਲਾ ਆਤਮਜੀਤ ਹੈ... ਨਾਟਕਕਾਰ ਹੈ... ਅਧਿਆਪਕ ਹੈ... ਵਿਚਾਰਕ ਹੈ... ਤੇ ਟੇਢ ਪਸੰਦ ਕਰਨ ਵਾਲਾ ਸੋਚਵਾਨ ਮਨੁੱਖ ਹੈ! ਇੱਥੇ ਉਹ ਆਲੋਚਕ ਹੈ, ਵਿਉਂਤਕਾਰ ਹੈ, ਇਤਿਹਾਸ ਸਾਂਭਣ ਦਾ ਕਾਰਜ ਨਿਭਾ ਰਿਹਾ ਹੈ! ਸੰਤਾਲੀ ਦੇ ਦੁਖਾਂਤ ਬਾਰੇ ਹੁਣ ਤਕ ਲਿਖੇ ਸਾਰੇ ਨਾਟਕਾਂ ਨੂੰ ਫਰੋਲਣ, ਪੜ੍ਹਨ, ਖੰਘਾਲਣ ਦੇ ਰਾਹ ਪੈਂਦਾ ਹੈ। ਉਸ ਦੇ ਹੱਥ ਲੱਗਦੇ ਹਨ 58 ਮੌਲਿਕ ਪੰਜਾਬੀ ਨਾਟਕ ਜੋ ਵੰਡ ਬਾਰੇ ਲਿਖੇ ਗਏ ਹਨ... 54 ਨਾਟਕ ਅਜਿਹੇ ਲੱਭ ਲੈਂਦਾ ਹੈ ਜੋ ਕਹਾਣੀਆਂ, ਕਵਿਤਾਵਾਂ, ਨਾਵਲਾਂ ਤੋਂ ਰੂਪਾਂਤ੍ਰਿਤ ਕਰਕੇ ਲਿਖੇ ਗਏ ਹਨ। ਲੇਖਕ ਹਿੰਦੋਸਤਾਨ, ਪਾਕਿਸਤਾਨ, ਕੈਨੇਡਾ, ਇੰਗਲੈਂਡ, ਆਸਟਰੇਲੀਆ, ਅਮਰੀਕਾ 'ਚ ਬੈਠੇ ਹਨ... ਕੁਝ ਮੁੱਕ ਗਏ ਹਨ... ਕੁਝ ਜ਼ਿੰਦਾ ਹਨ... ਪਰ ਉਹ ਸਭ ਨੂੰ ਜ਼ਿੰਦਾ ਕਰ ਦਿੰਦਾ ਹੈ! ਉਹ ਇਨ੍ਹਾਂ 112 ਨਾਟਕਾਂ 'ਚੋਂ 16 ਨਾਟਕ ਚੁਣਦਾ ਹੈ:

ਦੁੱਖ ਦਰਿਆ (ਸ਼ਾਹਿਦ ਨਦੀਮ), ਰਿਸ਼ਤਿਆਂ ਦਾ ਕੀ ਰੱਖੀਏ ਨਾਂ (ਆਤਮਜੀਤ), ਪੁਲ ਸਿਰਾਤ (ਸਵਰਾਜਬੀਰ), ਪਰਮੇਸ਼ਰ ਸਿੰਘ (ਆਮਿਰ ਨਵਾਜ਼), ਮੁਨਸ਼ੀ ਖਾਨ (ਗੁਰਸ਼ਰਨ ਸਿੰਘ), ਅੰਨ੍ਹੇ ਨਿਸ਼ਾਨਚੀ (ਅਜਮੇਰ ਔਲਖ), ਇਸ ਜਗ੍ਹਾ ਇੱਕ ਪਿੰਡ ਸੀ (ਜਗਦੀਸ਼ ਸਚਦੇਵਾ), ਜਦੋਂ ਮੈਂ ਸਿਰਫ ਇੱਕ ਔਰਤ ਹੁੰਦੀ ਹਾਂ (ਪਾਲੀ ਭੁਪਿੰਦਰ), ਬੇਘਰੇ (ਗੁਰਦਿਆਲ ਸਿੰਘ ਖੋਸਲਾ), ਇਕ ਉਧਾਲੀ ਹੋਈ ਕੁੜੀ (ਕਪੂਰ ਸਿੰਘ ਘੁੰਮਣ), ਇੱਕ ਵਿਚਾਰੀ ਮਾਂ (ਹਰਸਰਨ ਸਿੰਘ), ਮਸੀਹਾ (ਸਾਗਰ ਸਰਹੱਦੀ), ਕਾਲਾ ਲਹੂ (ਦਵਿੰਦਰ ਦਮਨ), ਯਾਤਰਾ 1947 (ਕੇਵਲ ਧਾਲੀਵਾਲ), ਅਮਰ ਕਥਾ (ਸਾਹਿਬ ਸਿੰਘ), ਧਾਰਾਬੀ 1947 (ਗੁਰਪ੍ਰੀਤ ਸਿੰਘ ਰਟੌਲ)।

ਅਮੀਨ ਜ਼ੈੱਡ ਚੀਮਾ, ਰਾਣਾ ਨਈਅਰ, ਸਵਰਾਜ ਰਾਜ, ਵਿਵੇਕ ਸਚਦੇਵਾ ਨੂੰ ਇਨ੍ਹਾਂ ਨਾਟਕਾਂ ਦੇ ਅੰਗਰੇਜ਼ੀ ਤਰਜਮੇ ਲਈ ਪ੍ਰੇਰਿਤ ਕਰਦਾ ਹੈ ਤੇ ਤਿੰਨ ਸੌ ਸੱਠ ਸਫਿਆਂ ਦੀ ਕਿਤਾਬ 'ਦਿ ਪਲੇਅਜ਼ ਫਰਾਮ ਦਾ ਫ੍ਰੈਕਚਰਡ ਲੈਂਡ' ਅੰਗਰੇਜ਼ੀ 'ਚ ਛਪ ਕੇ ਸਾਹਮਣੇ ਆਉਂਦੀ ਹੈ ਜਿਸ ਨੂੰ ਸਾਹਿਤ ਅਕੈਡਮੀ ਨੇ ਛਾਪਿਆ ਹੈ।

ਉਹ ਇਨ੍ਹਾਂ ਨਾਟਕਾਂ (112) ਨੂੰ ਅੱਗੇ ਚਾਰ ਰੰਗਾਂ 'ਚ ਵੰਡ ਲੈਂਦਾ ਹੈ। ਇਕ ਹਨ, ਸੰਘਰਸ਼ ਅਤੇ ਉਮੀਦ ਦੇ ਨਾਟਕ ਜਿਨ੍ਹਾਂ ਬਾਰੇ ਉਹ ਟਿੱਪਣੀ ਕਰਦਾ ਹੈ, "ਵੰਡ ਬਾਰੇ ਪੰਜਾਬੀ ਨਾਟਕਾਂ ਦਾ ਮਕਸਦ ਸਾਫ ਹੈ... ਸੱਚ ਪੇਸ਼ ਕਰਨਾ... ਇਸ ਸੱਚ ਨਾਲ ਦੋ ਚਾਰ ਹੋਣਾ... ਇਸ ਸੱਚ ਦੇ ਹਨੇਰੇ ਅਤੇ ਜੀਵਨ ਵਿਰੋਧੀ ਦੁਰਗੰਧ ਤੋਂ ਬਾਹਰ ਨਿਕਲਣਾ!" ਜੋ ਆਪਣੀਆਂ ਜੜ੍ਹਾਂ ਤੋਂ ਪੁੱਟ ਦਿੱਤੇ ਗਏ ਤੇ ਬੇਗਾਨੀ ਧਰਤੀ 'ਤੇ ਆਪਣੀ ਮਿਹਨਤ, ਸਿਰੜ, ਸਿਦਕ ਨਾਲ ਦੁਬਾਰਾ ਜੜ੍ਹਾਂ ਲਾਉਣ 'ਚ ਕਾਮਯਾਬ ਰਹੇ ਤੇ ਵਧੇ ਫੁੱਲੇ, ਉਨ੍ਹਾਂ ਦੀ ਕਹਾਣੀ ਕਹਿੰਦਾ ਨਾਟਕ ਅਨੇਕਾਂ ਲੇਖਕਾਂ ਨੇ ਲਿਖਿਆ ਹੈ। ਆਤਮਜੀਤ ਉਸ ਆਸ, ਸੰਘਰਸ਼ ਤੇ ਹਰ ਹਾਲ ਬੁਲੰਦ ਰਹਿਣ ਵਾਲੀ ਸੋਚ ਨੂੰ ਪੰਜਾਬੀ ਨਾਟਕਾਂ ਰਾਹੀਂ ਫੜਨ ਦੀ ਕੋਸ਼ਿਸ਼ ਕਰਦਾ ਹੈ। ਦੂਜੇ ਹਨ, ਮਾਨਸਿਕ ਪੀੜਾ ਦੇ ਨਾਟਕ! ਇਨ੍ਹਾਂ ਨਾਟਕਾਂ ਵਿਚ ਦਰਦ ਦੀ ਨਿਸ਼ਾਨਦੇਹੀ ਕੀਤੀ ਗਈ ਹੈ... ਦਰਦ ਦੇ ਕਾਰਨ ਤੇ ਸ਼ਿੱਦਤ ਬਿਆਨੀ ਗਈ ਹੈ... ਕੌਣ ਪੀੜਤ ਹੈ... ਕੌਣ ਪੀੜ ਦੇ ਰਿਹਾ ਹੈ... ਇਸ ਬਾਰੇ ਨਾਟਕਕਾਰ ਸਪਸ਼ਟ ਹਨ। ਔਰਤ ਸਰੀਰਕ ਅਤੇ ਮਾਨਸਿਕ ਪੀੜਾ ਹੰਢਾ ਰਹੀ ਹੈ, ਕਿਉਂਕਿ ਉਸ ਦੀ ਸਿਰਫ ਦੇਹ/ਧਰਤੀ ਨਹੀਂ ਵੰਡੀ ਜਾ ਰਹੀ ਬਲਕਿ ਉਹਦਾ ਆਪਣਾ ਵਜੂਦ ਵੀ ਵੰਡਿਆ ਜਾ ਰਿਹਾ ਹੈ। ਆਤਮਜੀਤ ਇਨ੍ਹਾਂ ਨਾਟਕਾਂ ਦਾ ਵਿਸ਼ਲੇਸ਼ਣ ਕਰਦਿਆਂ ਆਪਣੀ ਭੂਮਿਕਾ 'ਚ ਮਹੱਤਵਪੂਰਨ ਟਿੱਪਣੀ ਕਰਦਾ ਹੈ, "ਇਹ ਨਾਟਕ ਜ਼ਖਮ ਨੰਗਾ ਕਰਦੇ ਹਨ... ਪੀੜ ਦਾ ਅਹਿਸਾਸ ਕਰਵਾਉਂਦੇ ਹਨ... ਭਾਵੁਕ ਪ੍ਰਤੀਕਰਮ ਪੈਦਾ ਨਹੀਂ ਕਰਦੇ... ਪਰ ਸਾਨੂੰ ਇਸ ਹੱਦ ਤਕ ਹਿਲਾ ਕੇ ਰੱਖ ਦਿੰਦੇ ਹਨ ਕਿ ਅਸੀਂ ਤੰਗ ਨਜ਼ਰੀਏ ਵਾਲੀ ਰਾਜਨੀਤੀ ਤੇ ਤਥਾ ਕਥਿਤ ਧਾਰਮਿਕ ਆਗੂਆਂ ਦੇ ਅਧਰਮੀ ਵਿਹਾਰ ਬਾਰੇ ਸਵਾਲ ਖੜ੍ਹੇ ਕਰ ਸਕੀਏ!" ਢੁਕਵੇਂ ਸਵਾਲ ਉਠਾਉਣਾ ਸਦੀਵੀ ਹੱਲ ਲੱਭਣ ਵੱਲ ਪਹਿਲਕਦਮੀ ਹੁੰਦਾ ਹੈ।




ਕਿਤਾਬ ਦਾ ਮੁਖੜਾ

***ਇਹ ਸੰਗ੍ਰਹਿ ਆਉਣ ਵਾਲੀਆਂ ਨਸਲਾਂ ਸਾਹਮਣੇ ਵੱਢੀ ਟੁੱਕੀ ਧਰਤ ਦਾ ਸੱਚ ਵੀ ਪੇਸ਼ ਕਰਦਾ ਹੈ, ਪੰਜਾਬੀ ਨਾਟਕ ਦੀ ਜ਼ਿੰਮੇਵਾਰਾਨਾ ਪਹੁੰਚ ਦਾ ਖੁਲਾਸਾ ਵੀ ਕਰਦਾ ਹੈ, ਬਹੁਤ ਸਾਰੇ ਸਵਾਲਾਂ ਦੇ ਜਵਾਬ ਲੱਭਣ ਲਈ ਹੁੱਝ ਮਾਰਦਾ ਹੈ ਤੇ ਸਾਡੀ ਨੌਜਵਾਨ ਪੀੜ੍ਹੀ ਨੂੰ ਇਸ ਸੱਚ ਦਾ ਚਾਨਣ ਵੀ ਕਰਦਾ ਹੈ ਕਿ ਉਸ ਕੁਲਹਿਣੇ ਦੌਰ 'ਚ ਵੀ ਅਹਿਮ ਮਨੁੱਖੀ ਗੁਣ ਭਾਵੇਂ ਦੱਬ ਗਏ ਸਨ ਪਰ ਮਰੇ ਨਹੀਂ ਸਨ! ਅੱਜ ਦੋਵੇਂ ਮੁਲਕਾਂ ਨੂੰ ਵੰਡ ਦੀ ਕੁੜਿਤਣ ਭੁੱਲ ਕੇ ਅੱਗੇ ਵਧਣ ਦੀ ਲੋੜ ਹੈ... ਪਰ ਅਜਿਹਾ ਕਰਦਿਆਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਅਸੀਂ ਖੁਦ ਵੀ ਉਸ ਲਈ ਜ਼ਿੰਮੇਵਾਰ ਸਾਂ! ਇਹ ਯਾਦ ਰਹੇਗਾ ਤਾਂ ਮੌਜੂਦ ਦੌਰ ‘ਚ ਅਸੀਂ ਉਹੋ ਜਿਹੀ ਗਲਤੀ ਨਹੀਂ ਦੁਹਰਾਵਾਂਗੇ।***



ਡਾ. ਆਤਮਜੀਤ

ਤੀਜਾ ਰੰਗ ਹੈ, ਬਹਾਦਰੀ ਦਾ ਨਾਟਕ! ਉਸ ਘੱਲੂਘਾਰੇ ਦੌਰਾਨ ਆਪਾ ਧਾਪੀ ਪਈ ਹੋਈ ਸੀ, ਹਰ ਕੋਈ ਆਪਣੇ ਆਪ ਨੂੰ ਜਾਂ ਪਰਿਵਾਰ ਨੂੰ ਬਚਾਉਣ ਲਈ ਤਰਲਾ ਮਾਰ ਰਿਹਾ ਸੀ... ਪਰ ਸਾਡੇ ਅੰਦਰ ਵਸਿਆ ਨਾਇਕ ਵਾਲਾ ਕਿਰਦਾਰ ਮਰਿਆ ਨਹੀਂ ਸੀ। ਆਪਣੀਆਂ ਜਾਨਾਂ ਵਾਰ ਕੇ ਵੀ ਨਾਇਕ ਹੋਣ ਦਾ ਧਰਮ ਨਿਭਾਇਆ ਗਿਆ। ਔਰਤਾਂ ਨੇ ਬਗਾਵਤ ਵੀ ਕੀਤੀ। ਪੰਜਾਬੀ ਨਾਟਕ ਇਸ ਤੱਥ ਨੂੰ ਪਕੜਨ 'ਚ ਕਾਮਯਾਬ ਰਿਹਾ ਹੈ। ਚੌਥਾ ਰੰਗ ਹੈ, ਨਿਰਾਸ਼ਾ ਦਾ ਨਾਟਕ! ਇਨ੍ਹਾਂ ਨਾਟਕਾਂ ਵਿਚ ਪਾਤਰ ਤੇ ਹਾਲਾਤ ਨਿਰਾਸ਼ਾ ਵਾਲੀਆਂ ਹਨ... ਉਨ੍ਹਾਂ ਨੂੰ ਜਿਊਣ ਦਾ ਤੇ ਇਸ ਹਾਲਤ 'ਚੋਂ ਬਾਹਰ ਨਿਕਲਣ ਦਾ ਕੋਈ ਰਾਹ ਨਹੀਂ ਲੱਭ ਰਿਹਾ। ਇਵੇਂ ਇਹ ਨਿਰਾਸ਼ਾ ਦਾ ਨਾਟਕ ਹਾਲਤ ਦੀ ਭਿਆਨਕਤਾ ਦਰਸਾ ਕੇ ਪਾਠਕ ਦਰਸ਼ਕ ਨੂੰ ਉਸ ਭਿਆਨਕਤਾ ਪ੍ਰਤੀ ਸਮਝ ਵਿਕਸਤ ਕਰਨ ਦੇ ਰਾਹ ਤੋਰਦਾ ਹੈ।

ਵੰਡ ਕਿਉਂ ਹੋਈ! ਇਸ ਨੇ ਸਾਥੋਂ ਕੀ ਖੋਹਿਆ! ਵੱਢੀ ਟੁੱਕੀ ਧਰਤ ਨੂੰ ਇਹ ਸਰਾਪ ਕਿਉਂ ਭੋਗਣਾ ਪਿਆ? ਇਨ੍ਹਾਂ ਸਵਾਲਾਂ ਦਾ ਜਵਾਬ ਪੰਜਾਬੀ ਜਾਂ ਬੰਗਾਲੀ ਬਿਹਤਰ ਦੇ ਸਕਦੇ ਹਨ ਜਿਨ੍ਹਾਂ ਦੇ ਦਿਲਾਂ 'ਤੇ ਲੀਕ ਵਾਹੀ ਗਈ। ਆਤਮਜੀਤ ਜਦੋਂ ਇਹ ਨਾਟਕ ਇਕੱਠੇ ਕਰਦਾ ਹੈ ਤਾਂ ਨਾਟਕ ਪੇਸ਼ ਕਰਨ ਤੋਂ ਪਹਿਲਾਂ ਚੌਂਤੀ ਸਫਿਆਂ ਦੀ ਭੂਮਿਕਾ ਲਿਖਦਾ ਹੈ। ਇਹ ਭੂਮਿਕਾ ਇਤਿਹਾਸਕ ਦਸਤਾਵੇਜ਼ ਬਣ ਜਾਣ ਦੀ ਸਮਰੱਥਾ ਰੱਖਦੀ ਹੈ। ਆਤਮਜੀਤ ਇਲਜ਼ਾਮ ਦੀ ਉਂਗਲ ਧਰਨ ਤੋਂ ਨਹੀਂ ਡਰਦਾ ਪਰ ਉਹ ਇਹ ਵੀ ਚਾਹੁੰਦਾ ਹੈ ਕਿ ਅਸੀਂ ਇਲਜ਼ਾਮ ਸਹਿਣ ਜੋਗੇ ਵੀ ਹੋਈਏ! ਇਹ ਸਪਸ਼ਟ ਹੈ ਕਿ ਸੌੜੀ ਰਾਜਨੀਤੀ ਕਰਨ ਵਾਲੇ ਲੀਡਰਾਂ ਤੇ ਧਾਰਮਿਕ ਕੱਟੜਤਾ ਨੂੰ ਪ੍ਰਨਾਏ ਆਗੂਆਂ ਦੇ ਅਡੰਬਰੀ ਫ਼ਿਰਕੂ ਭਾਸ਼ਣਾਂ ਤੇ ਅੱਗ ਲਾਉਣ ਵਾਲੀਆਂ ਭਾਵਨਾਵਾਂ ਨੇ ਸਾਨੂੰ ਉਕਸਾਇਆ ਤੇ ਅਸੀਂ ਆਪਣਾ ਮਾਨਸਿਕ ਸੰਤੁਲਨ ਗੁਆ ਬੈਠੇ... ਪਸ਼ੂ ਬਿਰਤੀ ਜਾਗੀ ਤੇ ਇਤਹਾਸ 'ਚ ਦਰਜ ਇਹ ਕਾਲੇ ਸਫੇ ਸਾਡੀ ਵਿਰਾਸਤ ਬਣ ਗਏ! ਪਰ ਆਤਮਜੀਤ ਸਵਾਲ ਕਰ ਰਿਹਾ ਹੈ ਕਿ ਅਸੀਂ ਸਰਹੱਦ ਦੇ ਦੋਵੇਂ ਪਾਸੇ ਰਹਿੰਦੇ ਨਾਨਕ ਲੇਵਾ ਲੋਕ ਟਕੂਏ ਕਿਰਪਾਨਾਂ ਚੁੱਕ ਆਪਣੇ ਹਮਸਾਇਆਂ ਦੇ ਗਲੇ ਕਿਵੇਂ ਵੱਢਣ ਲੱਗ ਪਏ! ਜੇ ਫੁੱਟ ਦਾ ਬੀਜ ਬਸਤੀਵਾਦੀ ਹਾਕਮਾਂ ਨੇ ਹੀ ਬੀਜਿਆ ਸੀ ਤਾਂ ਸਦੀਆਂ ਤੋਂ ਚੱਲੀ ਆ ਰਹੀ ਭਾਈਚਾਰਕ ਸਾਂਝ ਦੀ ਤਾਕਤ ਇੰਨੀ ਕਮਜ਼ੋਰ ਕਿਉਂ ਤੇ ਕਿਵੇਂ ਪੈ ਗਈ ਕਿ ਅਸੀਂ ਆਪਣਿਆਂ ਦੇ ਹੀ ਖ਼ੂਨ ਦੇ ਪਿਆਸੇ ਹੋ ਗਏ! ਇਹ ਸਵਾਲ ਉਠਾਉਂਦਿਆਂ ਆਤਮਜੀਤ ਇਸ ਗੱਲ ਦੀ ਤਸੱਲੀ ਪ੍ਰਗਟ ਕਰਦਾ ਹੈ ਕਿ ਜਿਵੇਂ ਜਿਵੇਂ ਪੰਜਾਬੀ ਨਾਟਕ ਸੰਤਾਲੀ ਤੋਂ ਅੱਜ ਵੱਲ ਵਧਿਆ ਹੈ, ਨਾਟਕਕਾਰਾਂ ਨੇ ਇਨ੍ਹਾਂ ਸਵਾਲਾਂ ਨਾਲ ਸਿੱਝਣਾ ਆਰੰਭ ਕੀਤਾ ਹੈ ਤੇ ਸਵੈ ਪੜਚੋਲ ਸ਼ੁਰੂ ਹੋਈ ਹੈ। ਆਤਮਜੀਤ ਚਾਹੁੰਦਾ ਹੈ ਕਿ ਜਿੱਥੇ ਅਸੀਂ ਆਪਣੀ ਵਾਜਬ ਬਹਾਦਰੀ ਦੇ ਕਿੱਸੇ ਗਾਈਏ (ਜਿਸ ਦਾ ਸਾਨੂੰ ਹੱਕ ਤੇ ਮਾਣ ਹੈ), ਉਥੇ ਆਪਣੀਆਂ ਸਤਹੀ ਭਾਵਨਾਵਾਂ ਤੇ ਬੇਮੁਹਾਰੇ ਉਬਾਲ ਦਾ ਵਿਸ਼ਲੇਸ਼ਣ ਵੀ ਕਰੀਏ!

ਆਤਮਜੀਤ ਇਸ ਕਿਤਾਬ ਰਾਹੀਂ ਇਤਿਹਾਸ ਸਾਂਭ ਰਿਹਾ ਹੈ। ਪੰਜਾਬੀ ਸਾਹਿਤ ਨੂੰ ਹੱਦਾਂ ਸਰਹੱਦਾਂ ਤੋਂ ਪਾਰ ਲੈ ਕੇ ਜਾ ਰਿਹਾ ਹੈ। ਜੋ ਕਿੱਸੇ ਕਹਾਣੀਆਂ ਅਸੀਂ ਚੁਹੱਤਰ ਸਾਲਾਂ ਤੋਂ ਆਪਸ ਵਿਚ ਕਹਿ ਸੁਣ ਰਹੇ ਹਾਂ, ਉਨ੍ਹਾਂ ਦੀ ਪਹੁੰਚ ਗੈਰ-ਪੰਜਾਬੀ ਬੰਦੇ ਤਕ ਲੈ ਕੇ ਜਾ ਰਿਹਾ ਹੈ ਤਾਂ ਕਿ ਉਹ ਸਾਡੇ ਬਾਰੇ ਆਪਣੀ ਰਾਇ ਬਣਾ ਸਕਣ... ਪੰਜਾਬੀ ਨਾਟਕ ਦੀ ਨਿੱਗਰ ਦੇਣ ਦਾ ਜਾਇਜ਼ਾ ਲੈ ਸਕਣ... ਤੇ ਸਮਝ ਸਕਣ ਕਿ ਵੰਡ ਦਾ ਦਰਦ ਕਿਸ ਕਦਰ ਸਾਡੀਆਂ ਹਿੱਕਾਂ ਅੰਦਰ ਗੱਡਿਆ ਹੋਇਆ ਹੈ ਕਿ ਇੰਨੇ ਸਾਲ ਬੀਤ ਜਾਣ ਤੋਂ ਬਾਅਦ ਵੀ ਅਸੀਂ ਆਪਣੇ ਨਾਟਕਾਂ 'ਚ ਉਹ ਗਾਥਾ ਛੇੜ ਰਹੇ ਹਾਂ! ਸੌ ਦੇ ਕਰੀਬ ਸਾਹਿਤਕਾਰ ਉਸ ਘੱਲੂਘਾਰੇ ਦੀਆਂ ਬਾਰੀਕੀਆਂ ਤੇ ਵਿਸਤਾਰ ਆਪਣੇ ਨਾਟਕਾਂ 'ਚ ਫੜਨ ਦੀ ਕੋਸ਼ਿਸ਼ ਕਿਉਂ ਕਰ ਰਹੇ ਹਨ!... ਜਦੋਂ ਦਿੱਲੀ ਵਿਚ ਚੁਰਾਸੀ ਦਾ ਘੱਲੂਘਾਰਾ ਵਾਪਰਦਾ ਹੈ ਤਾਂ ਸਾਨੂੰ ਪੰਜਾਬੀਆਂ ਨੂੰ, ਤੇ ਖਾਸਕਰ ਨਾਟਕਕਾਰਾਂ ਨੂੰ ਸੰਤਾਲੀ ਕਿਉਂ ਯਾਦ ਆਉਂਦਾ ਹੈ!! ਆਤਮਜੀਤ ਦੇ ਇਸ ਯਤਨ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ ਹੈ। ਸੰਸਾਰ ਪ੍ਰਸਿੱਧ ਸਾਹਿਤ ਆਲੋਚਕ ਗਣੇਸ਼ ਦੇਵੀ ਕਹਿੰਦਾ ਹੈ, "ਬਿਨਾ ਕਿਸੇ ਝਿਜਕ ਤੋਂ ਮੈਂ ਕਹਿ ਸਕਦਾ ਹਾਂ ਕਿ ਵੱਢੀ ਟੁੱਕੀ ਧਰਤ ਦੇ ਨਾਟਕਾਂ ਦੀ ਇਹ ਕਿਤਾਬ ਹਿੰਦੋਸਤਾਨੀ ਸਾਹਿਤ ਤੇ ਭਾਰਤੀ ਡਰਾਮਾ ਦੇ ਇਤਿਹਾਸ ਵਿਚ ਮੀਲ ਪੱਥਰ ਦਾ ਦਰਜਾ ਹਾਸਲ ਕਰੇਗੀ।" ਪ੍ਰੋ ਰਾਜਮੋਹਨ ਗਾਂਧੀ ਇਸ ਕਿਤਾਬ ਦਾ ਸਵਾਗਤ ਕਰਦਿਆਂ ਕਹਿੰਦਾ ਹੈ ਕਿ ਇਹ ਕਿਤਾਬ ਸਾਡੀ ਸਾਰਿਆਂ ਦੀ ਉਸ ਅਣਸੁਲਝੇ ਸਨਸਨੀਖੇਜ਼ ਦੌਰ ਬਾਰੇ ਰੁਚੀ ਪੈਦਾ ਕਰੇਗੀ। ਫਖਰ ਜ਼ਮਾਨ ਲਿਖਦਾ ਹੈ ਕਿ ਇਸ ਸੰਗ੍ਰਹਿ ਦੇ ਨਾਟਕ ਆਪਣੀ ਜੰਮਣ ਭੋਂ ਛੱਡਣ ਦਾ ਦਰਦ ਸਮਝਣ 'ਚ ਸਹਾਈ ਹੋਣਗੇ। ਅੰਮ੍ਰਿਤਜੀਤ ਸਿੰਘ, ਅਲੋਕ ਭੱਲਾ ਇਸ ਕਿਤਾਬ ਦਾ ਸਵਾਗਤ ਕਰਦੇ ਹੋਏ ਆਸ ਕਰਦੇ ਹਨ ਕਿ ਇਹ ਨਾਟਕ ਸਾਡੀ ਸਮਝ ਨੂੰ ਵਿਕਸਤ ਕਰਨਗੇ।

ਪਰ ਇਤਿਹਾਸ ਸਾਂਭਦਿਆਂ ਵੀ ਆਤਮਜੀਤ ਅੰਦਰਲਾ ਚੇਤੰਨ ਸਾਹਿਤਕਾਰ ਮਹੱਤਵਪੂਰਨ ਨੁਕਤੇ ਉਭਾਰਨੋਂ ਉਕਦਾ ਨਹੀਂ। ਇਤਿਹਾਸਕਾਰ ਦੇ ਕਾਰਜ ਨੂੰ ਇਜ਼ਤ ਨਾਲ ਕਬੂਲ ਕਰਦਿਆਂ ਉਹ ਇਸ ਇਤਿਹਾਸ ਨੂੰ ਸਾਹਿਤਕਾਰ ਦੇ ਕੋਣ ਤੋਂ ਸਾਂਭ ਰਿਹਾ ਹੈ। ਉਹ ਇਹ ਵਖਰੇਵਾਂ ਦਰਜ ਕਰਦਾ ਹੈ ਕਿ ਇਤਿਹਾਸਕਾਰ ਤੱਥ ਬਿਆਨ ਕਰਦਾ ਹੈ ਪਰ ਇਨ੍ਹਾਂ ਤੱਥਾਂ ਦੀ ਪਿੱਠਭੂਮੀ 'ਚ ਮਨੁੱਖ ਨਾਲ ਕੀ ਵਾਪਰਿਆ, ਇਹ ਸਾਹਿਤਕਾਰ ਦੱਸਦਾ ਹੈ! ਤੱਥ ਇਹ ਦੱਸ ਸਕਦੇ ਹਨ ਕਿ ਲਗਭਗ ਬਾਰਾਂ ਤੋਂ ਅਠਾਰਾਂ ਲੱਖ ਲੋਕਾਂ ਦੀ ਜਾਨ ਇਸ ਹਿੰਸਾ ਦੌਰਾਨ ਗਈ, ਪੰਦਰਾਂ ਮਿਲੀਅਨ ਲੋਕ ਇਕ ਥਾਂ ਤੋਂ ਦੂਜੀ ਥਾਂ ਹਿਜਰਤ ਕਰਨ ਲਈ ਮਜਬੂਰ ਹੋਏ ਜਿਨ੍ਹਾਂ ਵਿਚ ਦਸ ਮਿਲੀਅਨ ਸਿਰਫ ਪੰਜਾਬੀ ਸਨ... ਪਰ ਉਜੜਨ ਤੋਂ ਬਾਅਦ ਜਦੋਂ ਉਹ ਵਸਣ ਦੀ ਪ੍ਰਕਿਰਿਆ 'ਚ ਪਏ ਤਾਂ ਕਿਹੜੀਆਂ ਚੁਣੌਤੀਆਂ ਸਨ ਜਿਨ੍ਹਾਂ ਨਾਲ ਸਿੱਝਦਿਆਂ ਉਨ੍ਹਾਂ ਜ਼ਿੰਦਗੀ ਦੀ ਜੰਗ ਜਿੱਤਣ ਦਾ ਸੰਘਰਸ਼ ਕੀਤਾ, ਇਹਦਾ ਵਰਨਣ ਸਾਹਿਤਕਾਰ ਕਰਦਾ ਹੈ। ਨਵੀਂ ਥਾਂ ਵੱਸਣ ਲੱਗਿਆਂ ਭੂਗੋਲਕ, ਸਮਾਜਕ, ਆਰਥਿਕ, ਧਾਰਮਿਕ ਤਬਦੀਲੀਆਂ ਨੂੰ ਉਨ੍ਹਾਂ ਕਿਵੇਂ ਆਤਮਸਾਤ ਕੀਤਾ! ਕਬੂਲ ਕੀਤਾ ਜਾਂ ਆਪਣੇ ਹਾਣ ਦੀਆਂ ਕਰਨ ਲਈ ਸੰਘਰਸ਼ ਕੀਤਾ, ਇਹ ਸਾਹਿਤਕਾਰ ਦੱਸਦਾ ਹੈ। ਇਵੇਂ ਇਤਿਹਾਸਕ ਤੱਥਾਂ ਨਾਲ ਖਿਲਵਾੜ ਕੀਤੇ ਬਿਨਾ ਸਾਹਿਤਕਾਰ ਉਸ ਤੱਥ ਨੂੰ ਧੜਕਣ ਲਾ ਦਿੰਦਾ ਹੈ। ਇਤਿਹਾਸਕਾਰ ਇਹ ਤੱਥ ਉਜਾਗਰ ਕਰ ਦੇਣਗੇ ਕਿ ਪਝੱਤਰ ਹਜ਼ਾਰ ਔਰਤਾਂ ਨਾਲ ਬਲਾਤਕਾਰ ਹੋਇਆ ਜਾਂ ਹਸਪਤਾਲ ਤੇ ਪਾਗਲਖਾਨਿਆਂ 'ਚੋਂ ਕਿੰਨੇ ਮਰੀਜ਼ ਛੱਡ ਦਿੱਤੇ ਗਏ ਪਰ ਬਲਾਤਕਾਰ ਦਾ ਸ਼ਿਕਾਰ ਹੋਈਆਂ ਔਰਤਾਂ 'ਚੋਂ ਕਿੰਨੀਆਂ ਗੁੰਝਲਾਂ ਦਾ ਸ਼ਿਕਾਰ ਹੋਈਆਂ... ਉਸ ਪਲ ਭਰ ਦੇ ਬਿਨ ਮਰਜ਼ੀ ਸੰਭੋਗ 'ਚੋਂ ਪੈਦਾ ਹੋਏ ਬੱਚੇ ਨੂੰ ਪਾਲਣ ਜਾਂ ਨਕਾਰਨ ਲੱਗਿਆਂ ਉਸ ਔਰਤ ਨੇ ਕਿਹੋ ਜਿਹਾ ਸੰਤਾਪ ਭੋਗਿਆ, ਇਹ ਸਾਹਿਤਕਾਰ ਬਿਆਨ ਕਰੇਗਾ! ਉਧਾਲੀਆਂ ਹੋਈਆਂ ਕੁੜੀਆਂ ਦੀ ਸੂਚੀ ਤਾਂ ਦੋਵੇਂ ਪਾਸੇ ਮਿਲ ਜਾਏਗੀ ਪਰ ਉਧਲ ਕੇ ਜਿੱਥੇ ਗਈਆਂ... ਉਥੇ 'ਜ਼ਿੰਦਗੀ ਨਾਂ ਦੀ ਸ਼ੈਅ!' ਨੇ ਕਿਵੇਂ ਉਹਦਾ ਮਜ਼ਾਕ ਬਣਾਇਆ, ਕਿਵੇਂ ਉਹ ਪਲ ਪਲ ਮਰੀ, ਫਿਰ ਵਸੀ, ਫਿਰ ਉਜੜੀ, ਨਵੇਂ ਘਰ ਨੂੰ ਮਜਬੂਰੀ 'ਚ ਆਪਣਾ ਬਣਾਇਆ, ਅਪਣਾਇਆ... ਪਰ ਕਿਨ੍ਹਾਂ ਚੁਣੌਤੀਆਂ ਸੰਗ ਜੂਝੀ, ਇਹਦਾ ਵਿਖਿਆਨ ਸਾਹਿਤਕਾਰ ਕਰੇਗਾ! ਆਤਮਜੀਤ ਆਪਣੀ ਭੂਮਿਕਾ 'ਚ ਇਨ੍ਹਾਂ ਧਾਰਨਾਵਾਂ ਨੂੰ ਦਰਜ ਕਰਦਾ ਹੈ ਤੇ ਇਸ ਸੰਗ੍ਰਹਿ 'ਚ ਸ਼ਾਮਲ ਨਾਟਕ ਉਸ ਦੀ ਧਾਰਨਾ ਨੂੰ ਸਿੱਧ ਕਰਦੇ ਹਨ। ਇਉਂ ਆਤਮਜੀਤ ਇਤਿਹਾਸਕਾਰੀ ਦੇ ਓਪਰੇ ਪਾਣੀਆਂ 'ਚ ਹੱਥ ਮਾਰ ਚੂਲੀ ਭਰ ਸੁਰਖ਼ੁਰੂ ਨਹੀਂ ਹੋਣਾ ਚਾਹੁੰਦਾ, ਉਹ ਡੂੰਘੇ ਪਾਣੀਆਂ 'ਚ ਚੁੱਭੀ ਮਾਰ ਅੰਦਰ ਛੁਪੇ ਮੋਤੀ ਤਲਾਸ਼ ਕੇ ਸਾਡੇ ਸਾਹਮਣੇ ਰੱਖਦਾ ਜਾ ਰਿਹਾ ਹੈ ਤੇ ਫਿਰ ਨਵੀਂ ਧਾਰਨਾ ਸਥਾਪਤ ਕਰਨ ਵੱਲ ਤੁਰ ਪੈਂਦਾ ਹੈ। ਉਸ ਦਾ ਵਿਚਾਰ ਹੈ ਕਿ ਇਤਿਹਾਸ ਵੰਡੇ ਹੋਏ ਮੁਲਕਾਂ ਦੀ ਕਹਾਣੀ ਕਹਿੰਦਾ ਹੈ ਜਦਕਿ ਸਾਹਿਤ ਵੰਡੇ ਹੋਏ ਦਿਲਾਂ ਦੀ ਗਾਥਾ ਛੂੰਹਦਾ ਹੈ। ਪੰਜਾਬੀ ਨਾਟਕ ਨੇ ਮੁੱਖ ਤੌਰ 'ਤੇ ਉਸ ਹਨੇਰੇ ਦੌਰ ਦੇ ਸੱਚ ਨੂੰ ਗਲਪ ਵਿਚ ਗੁੰਨ੍ਹਿਆ ਹੈ ਤੇ ਇਸ ਗੱਲ ਦਾ ਧਿਆਨ ਰੱਖਿਆ ਹੈ ਕਿ ਨਾ ਤਾਂ ਪੁਰਾਣੇ ਤੇ ਅੱਧ ਪਚੱਧ ਆਠਰੇ ਜ਼ਖਮਾਂ ਨੂੰ ਉਚੇੜਿਆ ਜਾਵੇ ਤੇ ਨਾ ਹੀ ਇਸ ਨੂੰ ਛੁਪਾਇਆ ਜਾਵੇ!

ਆਤਮਜੀਤ ਭਵਿੱਖਮੁਖੀ ਰਚਨਾਕਾਰ ਹੈ। ਉਹ ਆਪਣੇ ਨਾਟਕਾਂ ਵਿਚ ਵੀ ਇਤਿਹਾਸ ਨੂੰ ਫਰੋਲਦਿਆਂ ਅੱਜ ਪ੍ਰਤੀ ਜਵਾਬਦੇਹ ਬਣਾਉਣ ਦੇ ਆਹਰ 'ਚ ਪੈਂਦਾ ਹੈ। ਇਹ ਕਿਤਾਬੀ ਸੰਗ੍ਰਹਿ ਤਿਆਰ ਕਰਦਿਆਂ ਵੀ ਉਹ ਭੂਤਕਾਲ ਦੀ ਗਾਥਾ ਛੇੜਦਿਆਂ ਅੱਜ ਦੇ ਸੱਚ ਪ੍ਰਤੀ ਫਿਕਰ ਜ਼ਾਹਿਰ ਕਰ ਰਿਹਾ ਹੈ, ਜਿੱਥੇ ਖੋਖਲੇ ਤੇ ਬਨਾਵਟੀ ਰਾਸ਼ਟਰਵਾਦ ਦਾ ਹਨੇਰਾ ਪਸਰਿਆ ਹੋਇਆ ਹੈ। ਉਹ ਇਸ ਹਨੇਰੇ ਵਿਚ ਸਮਝ, ਮੰਥਨ, ਵਿਸ਼ਲੇਸ਼ਣ, ਪਛਤਾਵਾ, ਨਿਰਣੇ ਤੇ ਸਬਕ ਦਾ ਦੀਵਾ ਜਗਾਉਣਾ ਚਾਹੁੰਦਾ ਹੈ ਤਾਂ ਕਿ ਭਵਿੱਖ ਰੌਸ਼ਨ ਹੋ ਸਕੇ। ਆਪਣੀ ਭੂਮਿਕਾ ਵਿਚ ਉਹ ਦਰਜ ਕਰਦਾ ਹੈ, "ਪੰਜਾਬੀ ਨਾਟਕਕਾਰ ਇਹ ਸਮਝਦੇ ਹਨ ਕਿ ਅੱਜ ਵੀ ਸਮਾਜ ਅੰਦਰ ਫਿਰਕੂ ਜ਼ਹਿਰ ਦੇ ਟੀਕੇ ਲਗਾਏ ਜਾ ਰਹੇ ਹਨ ਤੇ ਲੋਕਾਂ ਨੂੰ ਇਸ ਸਾਜ਼ਿਸ਼ ਪ੍ਰਤੀ ਸੁਚੇਤ ਕਰਨ ਦੀ ਲੋੜ ਹੈ। ਇਸੇ ਲਈ ਪੰਜਾਬੀ ਨਾਟਕ ਸੰਕੀਰਨ ਰਾਸ਼ਟਰਵਾਦ ਦਾ ਝੰਡਾ ਬੁਲੰਦ ਨਹੀਂ ਕਰਦੇ ਬਲਕਿ ਵੱਖ-ਵੱਖ ਭਾਈਚਾਰਿਆਂ ਦੀ ਪਰਸਪਰ ਸਾਂਝ 'ਤੇ ਜ਼ੋਰ ਦਿੰਦੇ ਹਨ। ਜਿੱਥੇ ਸਾਡੀ ਉਪਭਾਵਕ ਧਾਰਮਿਕਤਾ ਸਾਨੂੰ ਤੋੜਨ ਦਾ ਕੰਮ ਕਰਦੀ ਹੈ, ਉਥੇ ਭਾਸ਼ਾ ਤੇ ਸੱਭਿਆਚਾਰ ਜੋੜਨ ਦਾ ਫਰਜ਼ ਨਿਭਾਉਂਦੇ ਹਨ।" ਸਭ ਤੋਂ ਮਹੱਤਵਪੂਰਨ ਨੁਕਤਾ ਇਹ ਉਭਾਰਿਆ ਗਿਆ ਹੈ ਕਿ ਕਿਸੇ ਨਾਜ਼ੁਕ ਹਾਲਤ ਵਿਚ ਪੰਜਾਬੀਆਂ ਨੂੰ ਹੁੱਝ ਕਿਸ ਧਿਰ ਨੇ ਮਾਰੀ ਹੈ! ਜੇ ਇਹ ਹੁੱਝ ਰਾਜਨੀਤਕ ਤੇ ਧਾਰਮਿਕ ਵੱਖਵਾਦ ਨੇ ਮਾਰੀ ਹੈ ਤਾਂ ਅਸੀਂ ਵਹਿਸ਼ੀ ਦਰਿੰਦੇ ਬਣ ਜਾਂਦੇ ਹਾਂ ਤੇ ਮਾਰਨ ਤੱਕ ਜਾਂਦੇ ਹਾਂ... ਪਰ ਜੇ ਇਹੀ ਹੁੱਝ ਪਰਸਪਰ ਸਾਂਝ ਵਾਲੀ ਭਾਸ਼ਾ ਜਾਂ ਸੱਭਿਆਚਾਰ ਨੇ ਮਾਰੀ ਹੈ ਤਾਂ ਅਸੀਂ ਬਾਹਾਂ ਫੈਲਾ ਦਿੰਦੇ ਹਾਂ ਤੇ ਭਰਾ-ਭਰਾ ਦੇ ਪੈਰਾਂ 'ਚ ਵਿਛ ਕੇ ਮਰਨ ਤੋਂ ਵੀ ਨਹੀਂ ਡਰਦਾ!

ਇਵੇਂ ਇਹ ਸੰਗ੍ਰਹਿ ਆਉਣ ਵਾਲੀਆਂ ਨਸਲਾਂ ਸਾਹਮਣੇ ਵੱਢੀ ਟੁੱਕੀ ਧਰਤ ਦਾ ਸੱਚ ਵੀ ਪੇਸ਼ ਕਰਦਾ ਹੈ, ਪੰਜਾਬੀ ਨਾਟਕ ਦੀ ਜ਼ਿੰਮੇਵਾਰਾਨਾ ਪਹੁੰਚ ਦਾ ਖੁਲਾਸਾ ਵੀ ਕਰਦਾ ਹੈ, ਬਹੁਤ ਸਾਰੇ ਸਵਾਲਾਂ ਦੇ ਜਵਾਬ ਲੱਭਣ ਲਈ ਹੁੱਝ ਮਾਰਦਾ ਹੈ ਤੇ ਸਾਡੀ ਨੌਜਵਾਨ ਪੀੜ੍ਹੀ ਨੂੰ ਇਸ ਸੱਚ ਦਾ ਚਾਨਣ ਵੀ ਕਰਦਾ ਹੈ ਕਿ ਉਸ ਕੁਲਹਿਣੇ ਦੌਰ 'ਚ ਵੀ ਅਹਿਮ ਮਨੁੱਖੀ ਗੁਣ ਭਾਵੇਂ ਦੱਬ ਗਏ ਸਨ ਪਰ ਮਰੇ ਨਹੀਂ ਸਨ! ਅੱਜ ਦੋਵੇਂ ਮੁਲਕਾਂ ਨੂੰ ਵੰਡ ਦੀ ਕੁੜਿਤਣ ਭੁੱਲ ਕੇ ਅੱਗੇ ਵਧਣ ਦੀ ਲੋੜ ਹੈ... ਪਰ ਅਜਿਹਾ ਕਰਦਿਆਂ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਅਸੀਂ ਖੁਦ ਵੀ ਉਸ ਲਈ ਜ਼ਿੰਮੇਵਾਰ ਸਾਂ! ਇਹ ਯਾਦ ਰਹੇਗਾ ਤਾਂ ਮੌਜੂਦ ਦੌਰ 'ਚ ਅਸੀਂ ਉਹੋ ਜਿਹੀ ਗਲਤੀ ਨਹੀਂ ਦੁਹਰਾਵਾਂਗੇ। ਸਿਆਸਤ ਕੁਝ ਵੀ ਕਰੇ, ਅਸੀਂ ਚੇਤੰਨ ਰਹੀਏ ਤੇ ਮੁਹੱਬਤਾਂ ਦੀ ਬਾਤ ਪਾਉਂਦੇ ਰਹੀਏ! ਜਿਵੇਂ ਜਿਗਰ ਮੁਰਾਦਾਬਾਦੀ ਕਹਿੰਦਾ ਹੈ, "ਉਨਕਾ ਜੋ ਫਰਜ਼ ਹੈ ਵੋਹ ਅਹਿਲ-ਏ-ਸਿਆਸਤ ਜਾਨੇ ਮੇਰਾ ਪੈਗਾਮ ਮੁਹੱਬਤ ਹੈ ਜਹਾਂ ਤਕ ਪਹੁੰਚੇ"।

ਆਤਮਜੀਤ ਦੀ ਇਸ ਨਿੱਗਰ ਤੇ ਅਰਥ ਭਰਪੂਰ ਦੇਣ ਨੂੰ ਸਲਾਮ ਕਰਦਿਆਂ ਮੈਂ ਲੰਡਨ ਵਸਦੇ ਪਾਕਿਸਤਾਨੀ ਲੇਖਕ ਮਜ਼ਹਰ ਤਿਰਮਜ਼ੀ ਦੇ ਸ਼ਬਦਾਂ 'ਚ ਸਮੇਟਣਾ ਚਾਹਾਂਗਾ, "ਸਾਨੂੰ ਫਿਰ ਤੋਂ ਮੁਹੱਬਤ ਦੀ ਕਲਾ ਸਿੱਖਣੀ ਪਏਗੀ... ਤੇ ਵਿਛੋੜੇ ਦੇ ਸਾਲ ਭੁੱਲਣੇ ਪੈਣਗੇ, ਤਾਂ ਹੀ ਅਸੀਂ ਮੁੜ ਜਿਊਂਦੇ ਹੋ ਸਕਾਂਗੇ ਤੇ ਮੁੜ ਜਨਮੇ ਮਹਿਸੂਸ ਕਰਾਂਗੇ!"

'ਵੱਢੀ ਟੁੱਕੀ ਧਰਤ ਦੇ ਨਾਟਕ' ਵੰਡ ਦੇ ਦਰਦ ਨੂੰ ਸਮਝਣ ਖਾਤਰ ਸੰਪਰਕ ਸੂਤਰ ਦੀ ਭੂਮਿਕਾ ਨਿਭਾਉਣਗੇ... ਕੌਮਾਂਤਰੀ ਪੱਧਰ 'ਤੇ ਸਾਡਾ ਅਸਲ ਸੱਚ ਉਜਾਗਰ ਕਰਨਗੇ... ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਸਿਰ ਉਚਾ ਚੁੱਕਣਗੇ... ਸਾਡਾ ਸਿਰ ਉਚਾ ਚੁੱਕਣ ਵਾਲੇ ਕਲਮਕਾਰ ਨੂੰ ਸਲਾਮ ਤਾਂ ਕਰਨਾ ਬਣਦਾ ਹੈ!!

# ਆਜ਼ਾਦੀ ਦਿਵਸ ਜਾਂ ਗੁਲਾਮੀ ਦਾ ਪ੍ਰਦਰਸ਼ਨ?

15 ਅਗਸਤ 1947 ਭਾਰਤ ਵਿਚ ਇਕ ਇਤਿਹਾਸਕ ਦਿਨ ਹੈ। ਉਸ ਸਾਲ ਪੰਜਾਬ ਵਿਚ 15 ਅਗਸਤ ਤੇ ਇਹਦੇ ਆਲੇ-ਦੁਆਲੇ ਦਿਨਾਂ ਦੇ ਦ੍ਰਿਸ਼: ਪੂਰਬੀ ਤੇ ਪੱਛਮੀ ਹਿੱਸਿਆਂ ਨੂੰ ਵੱਖ ਕਰਦੀ ਲਕੀਰ ਦਾ ਚੀਰਾ, ਪੱਛਮੀ ਹਿੱਸੇ ਨੂੰ ਪਾਕਿਸਤਾਨ ਨਾਲ ਮਿਲਾਉਣ ਲਈ; ਲਕੀਰ ਨੂੰ ਦੋਹਾਂ ਪਾਸਿਆਂ ਤੋਂ ਪਾਰ ਕਰਦੇ ਮਾਸੂਮ ਲੋਕਾਂ ਦੇ ਕਾਫਲੇ; ਮਿਲਵਰਤੋਂ ਤੇ ਸਦਭਾਵਨਾ ਦੇ ਮਾਹੌਲ ਵਿਚ ਜੀਅ ਰਹੇ ਵੱਖ ਵੱਖ ਧਰਮਾਂ ਦੇ ਲੋਕਾਂ ਉੱਪਰ ਅਚਾਨਕ ਗੁੰਡਾਗਰਦੀ ਸਣੇ ਫਿਰਕੂ ਜਨੂੰਨ ਦੀ ਝੁੱਲਣ ਲੱਗ ਪਈ ਹਨੇਰੀ; ਕਾਫਲਿਆਂ ਤੇ ਪਿੰਡਾਂ ਉੱਪਰ ਹੋ ਰਹੇ ਵਹਿਸ਼ਿਆਨਾ ਹਮਲੇ; ਬੇਪਤੀ, ਲੁੱਟ-ਖੋਹ, ਕਤਲੇਆਮ ਤੇ ਮਨੁੱਖੀ ਲਾਸ਼ਾਂ ਦੇ ਵਿਛੇ ਢੇਰ। ਇਹੀ ਕੁਝ ਭਾਰਤ ਦੀ ਪੂਰਬੀ ਗੁੱਠ ਵਿਚ ਬੰਗਾਲ ਵੰਡ ਦੌਰਾਨ ਹੋਇਆ, ਪੂਰਬੀ ਪਾਕਿਸਤਾਨ ਦੇ ਗਠਨ ਸਮੇਂ। ਕੁੱਲ ਮਿਲਾ ਕੇ ਕਰੀਬ 5 ਲੱਖ ਇਨਸਾਨ ਮੌਤ ਦੇ ਘਾਟ ਉਤਾਰ ਦਿੱਤੇ ਗਏ, ਦਹਿ ਹਜ਼ਾਰਾਂ ਜ਼ਖ਼ਮੀ ਹੋਏ ਤੇ ਇੱਕ ਕਰੋੜ ਤੋਂ ਵੱਧ ਘਰੋਂ ਬੇਘਰ ਹੋਏ ਸ਼ਰਨਾਰਥੀ ਬਣੇ।



ਡਾ. ਸੁਖਪਾਲ ਸੰਘੇੜਾ
dr.sukhpal.sanghera@gmail.com

ਭਾਰਤੀ ਲੋਕਾਂ ਦੀ ਸਦੀਆਂ ਲੰਬੀ ਦੇਸੀ ਤੇ ਵਿਦੇਸ਼ੀ ਗੁਲਾਮੀ ਤੋਂ ਆਇਆ ਇਹ ਉਹੀ 15 ਅਗਸਤ ਹੈ, ਜੋ ਭਾਰਤ ਦੇ ਆਜ਼ਾਦੀ ਦਿਵਸ ਵਜੋਂ ਮਨਾਇਆ ਜਾਂਦਾ ਹੈ। ਜਿਸ ਦੇਸ਼ ਦੀ 'ਆਜ਼ਾਦੀ' ਇਸ ਤਰ੍ਹਾਂ ਦੀ ਹੋਵੇ, ਉਹਦੀ ਗੁਲਾਮੀ ਕੈਸੀ ਹੋਵੇਗੀ? ਇਸ ਪ੍ਰਸ਼ਨ ਦੇ ਉੱਤਰ ਵੱਲ ਇਸ਼ਾਰਾ ਸ਼ਰਮ ਤੇ ਵਿਆਕੁਲਤਾ ਨਾਲ ਭਰੀ ਉਸ ਸੱਚਾਈ ਵਿਚ ਪਿਆ ਹੈ, ਜਿਹਦਾ ਅੱਖਾਂ ਵਿਚ ਅੱਖਾਂ ਕੇ ਸਾਹਮਣਾ ਕਰਨ ਦੀ ਅਸੀਂ ਅਕਸਰ ਹਿੰਮਤ ਨਹੀਂ ਕਰਦੇ। ਇਹ ਸੱਚਾਈ ਹੈ ਕਿ ਮਨੁੱਖਤਾ ਦੀ ਉੱਤਕ ਬੇਪਤੀ, ਲੁੱਟ-ਖੋਹ ਤੇ ਕਤਲੇਆਮ ਕਰਨ ਵਾਲੇ ਕੋਈ ਬਾਬਰ, ਅਬਦਾਲੀ, ਨਾਦਰ ਸ਼ਾਹ ਜਾਂ ਅੰਗਰੇਜ਼ ਨਹੀਂ, ਸਗੋਂ ਫਿਰਕੂ ਜਨੂੰਨ ਦੀ ਹਨੇਰੀ ਵਿਚ ਝੁੱਲ ਗਏ 'ਲੋਕ' ਹੀ ਸਨ; ਹਨੇਰੀ ਨੂੰ ਜਨਮ ਚਾਹੇ ਸੱਤਾ ਭੁੱਖੇ ਸਿਆਸੀ ਤੇ ਫਿਰਕੂ ਨੇਤਾਵਾਂ ਨੇ ਹੀ ਦਿੱਤਾ ਸੀ। ਉਸ ਖੂੰਖਾਰ ਪਸ਼ੂਪੁਣੇ ਦਾ ਬੂਥਾ ਭੰਨਣ ਜਾਂ ਫਿਰਕੂ ਹਨੇਰੀ ਝੁੱਲਣ ਤੋਂ ਰੋਕਣ ਵਾਲੀ ਬਰਾਬਰ ਦੀ ਸ਼ਕਤੀ ਵਾਲੀ ਕੋਈ ਲੋਕ ਲਹਿਰ ਪੈਦਾ ਨਹੀਂ ਹੋਈ। ਇੱਥੇ ਹੀ ਬੱਸ ਨਹੀਂ, 'ਆਜ਼ਾਦ' ਭਾਰਤ ਦੀ ਤ੍ਰਾਸਦੀ ਹੈ ਕਿ 15 ਅਗਸਤ 1947 ਤੋਂ ਕਰੀਬ ਪੌਣੀ ਸਦੀ ਬਾਅਦ ਅੱਜ ਵੀ ਭਾਰਤੀ ਹਾਕਮ ਤੇ ਫਿਰਕੂ ਸ਼ਕਤੀਆਂ ਆਪਣੇ ਸੌੜੇ ਸਿਆਸੀ ਤੇ ਨਿੱਜੀ ਹਿੱਤ ਪੂਰਨ ਲਈ ਫਿਰਕੂਪ੍ਰਸਤੀ ਦਾ ਖੇਲ ਖੇਲਦੇ ਹਨ, ਤੇ ਲੋਕ ਅਕਸਰ ਫਿਰਕੂਪ੍ਰਸਤੀ ਦੀ ਹਨੇਰੀ ਵਿਚ ਝੁੱਲ ਜਾਂਦੇ ਹਨ। ਇਹ ਧਰਮ-ਨਿਰਪੱਖ ਆਜ਼ਾਦ ਦੇਸ਼ ਕੌਮ ਦੇ ਲੱਛਣ ਨਹੀਂ ਹੁੰਦੇ। ਆਖਿਰ ਮਾਜ਼ਰਾ ਕਿਆ ਹੈ?

ਗੁਲਾਮੀ ਸਿਰਫ ਜਿਸਮਾਂ ਦੀ ਹੀ ਨਹੀਂ ਹੁੰਦੀ, ਸਗੋਂ ਕਈ ਰੂਪਾਂ ਵਿਚ ਮਿਲਦੀ ਹੈ। ਕਈ ਵਾਰੀ ਜਦੋਂ ਚਿਰਾਂ ਤੋਂ ਕੈਦ ਪੰਛੀ ਨੂੰ ਆਜ਼ਾਦ ਕਰ ਦਿੱਤਾ ਜਾਵੇ, ਤਾਂ ਉਡਾਰੀ ਭਰਨ ਬਾਅਦ ਉਹ ਮੁੜ ਪਿੰਜਰੇ ਨੂੰ ਪਰਤ ਆਉਂਦਾ ਹੈ। ਐਸੀ ਹਾਲਤ ਵਿਚ ਗੁਲਾਮੀ ਪੰਛੀ ਦੇ ਸੁਭਾਅ ਦਾ ਹਿੱਸਾ ਬਣ ਚੁਕੀ ਹੁੰਦੀ ਹੈ। ਹੋਰਨਾਂ ਕਈ ਦੇਸ਼ਾਂ ਦੀ ਤਰ੍ਹਾਂ ਭਾਰਤੀ ਲੋਕ ਵੀ ਆਪਣੇ ਸਮਰਾਟਾਂ ਦੇ ਗੁਲਾਮ ਰਹੇ। ਮੌਰਿਆ, ਭਾਰਤ, ਗੁਪਤ, ਹਰਸ਼ ਵਰਧਨ, ਰਾਜਪੂਤ ਆਦਿ ਸਾਮਰਾਜਾਂ ਤੋਂ ਮੁਸਲਿਮ/ਮੁਗਲ ਸਮਰਾਟਾਂ ਦਾ ਰਾਜ। ਭਾਰਤ 'ਤੇ ਹਮਲੇ ਵਿਚ ਪੰਜਾਬ ਦੇ ਰਸਤਿਉਂ ਹੁੰਦੇ ਧਾੜਵੀਆਂ ਦਾ ਪਹਿਲਾਂ ਸ਼ਿਕਾਰ ਪੰਜਾਬੀ ਹੀ ਬਣਦੇ ਰਹੇ। ਸਣੇ ਪੰਜਾਬ, ਭਾਰਤੀ ਲੋਕ ਉਪਰੋਕਤ ਸਮਰਾਟਾਂ ਦੇ, ਮੁਗਲ ਰਾਜ ਦੇ ਪਤਨ ਦੌਰਾਨ ਅਤੇ ਬਾਅਦ 'ਚ ਸਥਾਨਕ ਰਾਜਿਆਂ ਦੇ, ਤੇ ਫਿਰ ਉਨ੍ਹਾਂ ਰਾਜਿਆਂ ਨੂੰ ਹਰਾਉਣ ਵਾਲੇ ਅੰਗਰੇਜ਼ਾਂ ਦੇ ਗੁਲਾਮ ਰਹੇ। ਪੰਜਾਬ ਸਮੇਤ ਭਾਰਤ ਵਿਚ ਆਧੁਨਿਕ ਯੁਗ ਇੱਥੇ ਅਰਥਚਾਰੇ ਜਾਂ ਗਿਆਨ-ਵਿਗਿਆਨ ਕਾਰਨ ਹੋਈ ਤਰੱਕੀ ਕਰਕੇ ਨਹੀਂ, ਸਗੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਬਸਤੀਵਾਦੀ ਰੂਪ ਵਿਚ ਆਇਆ ਹੈ। ਭਾਰਤ ਵਿਚ ਆਜ਼ਾਦੀ ਅੰਗਰੇਜ਼ਾਂ ਵਿਰੁੱਧ ਦੋ-ਟੁੱਕ ਸਿੱਧੀ ਲੜਾਈ ਵਿਚੋਂ ਨਹੀਂ ਆਈ, ਜਿਵੇਂ ਮਿਸਾਲ ਵਜੋਂ ਅਮਰੀਕਾ ਵਿਚ, ਸਗੋਂ ਜ਼ਿਆਦਾਤਰ ਦੂਸਰੇ ਮਹਾਂ-ਯੁੱਧ ਤੋਂ ਬਾਅਦ ਬਦਲੇ ਹੋਏ ਅੰਤਰਰਾਸ਼ਟਰੀ ਹਾਲਾਤਾਂ ਅਤੇ ਭਾਰਤ ਦੀ ਸਮੁੱਚੀ ਅੰਦਰੂਨੀ ਹਾਲਤ ਕਰਕੇ ਅੰਗਰੇਜ਼ ਜ਼ਿਆਦਾਤਰ ਆਪਣੀਆਂ ਸ਼ਰਤਾਂ ਦੇ ਆਧਾਰ 'ਤੇ ਹੀ ਭਾਰਤ ਛੱਡ ਗਏ। ਇਸ ਤਰ੍ਹਾਂ ਬਾਕੀ ਭਾਰਤ ਵਾਂਗ ਪੰਜਾਬ ਦੀ ਰੈਜ਼ਿਮੇ (resume) ਵੀ ਗੁਲਾਮੀ ਨਾਲ ਭਰੀ ਹੋਈ ਹੈ, ਗੁਲਾਮੀ ਦਾ ਜਥੇਬੰਦਕ ਲੋਕ-ਵਿਰੋਧ ਕਰ ਕੇ ਇਸ ਤੋਂ ਛੁਟਕਾਰਾ ਪਾਉਣ ਦੇ ਘੱਟੋ-ਘੱਟ ਤਜਰਬੇ ਸਮੇਤ। ਅੰਗਰੇਜ਼ ਦੇ ਜਾਣ ਬਾਅਦ ਭਾਰਤ ਵਿਚ ਰਾਜਨੀਤਕ ਤੇ ਸਮਾਜਕ ਪ੍ਰਬੰਧ ਦੀਆਂ ਅਮਲੀ ਤੇ ਵਿਹਾਰਕ ਬਾਰੀਕੀਆਂ ਵਿਚ, ਜੇ ਬਿਲਕੁਲ ਨਹੀਂ, ਤਾਂ ਕਾਫੀ ਤਬਦੀਲੀ ਨਾ ਆਈ। ਮਿਸਾਲ ਵਜੋਂ, ਨੀਵੀਆਂ ਤੇ ਉੱਚੀਆਂ ਜਾਤਾਂ ਵਿਚਕਾਰ ਰਿਸ਼ਤਿਆਂ ਤੋਂ ਲੈ ਕੇ ਵਿਦਿਆਰਥੀਆਂ ਤੇ ਅਧਿਆਪਕਾਂ ਵਿਚਕਾਰ ਰਿਸ਼ਤੇ ਉਸੇ ਤਰ੍ਹਾਂ ਰਹੇ; ਵਿਦਿਆਰਥੀ ਅਧਿਆਪਕ ਨੂੰ 'ਸਰ' ਅਤੇ ਕਰਮਚਾਰੀ ਦਫਤਰਾਂ ਵਿਚ ਉੱਚ ਅਧਿਕਾਰੀਆਂ ਨੂੰ 'ਸਰ' ਤੇ 'ਸਾਹਿਬ' ਆਦਿ ਕਹਿੰਦੇ ਰਹੇ, ਅੱਜ ਤੱਕ।

ਗੁਲਾਮੀ ਦੇ ਦੌਰ ਵਿਚ ਮਾਲਕ ਦਾ ਜ਼ਬਰ ਤੇ ਲੁੱਟ-ਖਸੁੱਟ ਬੁਰੀ ਹੈ, ਪਰ ਸਭ ਤੋਂ ਬੁਰਾ ਹੁੰਦਾ ਹੈ ਗੁਲਾਮੀ ਦਾ ਹੱਡਾਂ ਵਿਚ ਰਚ ਜਾਣਾ ਤੇ ਰੂਹ 'ਚ ਵਸ ਜਾਣਾ, ਭਾਵ ਸੁਭਾਅ ਦਾ ਹਿੱਸਾ ਬਣ ਜਾਣਾ। ਉਹਤੋਂ ਵੀ ਖਤਰਨਾਕ ਹੁੰਦਾ ਹੈ ਸੁਭਾਅ, ਚੱਜ-ਆਚਾਰ ਤੇ ਸੱਭਿਆਚਾਰ ਵਿਚ ਰਚ ਕੇ ਗੁਲਾਮੀ ਦਾ ਪੀੜ੍ਹੀ ਦਰ ਪੀੜ੍ਹੀ ਸਫਰ ਕਰਨ ਲੱਗ ਜਾਣਾ। ਇਸ ਤਰ੍ਹਾਂ ਦੀ ਗੁਲਾਮੀ ਦੇ ਲੱਛਣਾਂ ਦੀਆਂ ਮਿਸਾਲਾਂ ਭਾਰਤ ਪੱਧਰ 'ਤੇ ਵੀ ਦਿੱਤੀਆਂ ਜਾ ਸਕਦੀਆਂ ਹਨ, ਪਰ ਇਸ ਲੇਖ ਵਿਚ ਮੈਂ ਪੰਜਾਬ ਤੱਕ ਸੀਮਿਤ ਰਹਿੰਦਾ ਹੋਇਆਂ, ਅਜਿਹੀ ਸੁਭਾਵਿਕ ਗੁਲਾਮੀ ਦੀਆਂ ਪੰਜਾਬੀ ਬੰਦੇ ਵਿਚ ਮਿਲਦੀਆਂ ਅਲਾਮਤਾਂ 'ਚੋਂ ਤਿੰਨ ਬਾਰੇ ਚਰਚਾ ਕਰਾਂਗਾ।

ਪਹਿਲੀ ਅਲਾਮਤ ਹੈ: 'ਸਾਹਿਬ' ਸ਼ਬਦ ਜਾਂ ਖਿਤਾਬ ਦੀ ਥੋਕ ਵਿਚ ਵਰਤੋਂ ਜਾਂ ਦੁਰ-ਵਰਤੋਂ। 'ਸਾਹਿਬ' ਮੁੱਢੋਂ ਅਰਬੀ ਦਾ ਸ਼ਬਦ ਹੈ, ਜਿੱਥੇ ਇਹਦਾ ਅਰਥ ਹੈ-ਸੁਆਮੀ ਜਾਂ ਮਾਲਕ। ਉਥੋਂ ਇਹ ਹਿੰਦ ਉਪਮਹਾਦੀਪ ਦੀਆਂ ਅਨੇਕਾਂ ਬੋਲੀਆਂ ਉਰਦੂ, ਹਿੰਦੀ, ਬੰਗਾਲੀ ਤੇ ਗੁਜਰਾਤੀ ਸਮੇਤ ਪੰਜਾਬੀ ਵਿਚ ਵੀ ਆ ਵੜਿਆ। ਗੁਰਬਾਣੀ ਵਿਚ ਇਸ ਦੀ ਵਰਤੋਂ ਪਰਮਾਤਮਾ ਲਈ ਕੀਤੀ ਗਈ ਹੈ। ਲੋਕ-ਪੱਧਰ 'ਤੇ ਇਹ ਪ੍ਰਚੱਲਤ ਹੋਇਆ, ਜਦੋਂ ਅੰਗਰੇਜ਼ਾਂ ਦੀ ਗੁਲਾਮੀ ਸਮੇਂ ਗੋਰੇ ਅਫਸਰ ਰਾਜਭਾਗ ਦੇ ਮਾਲਕ ਹੋਣ ਦੇ ਕਾਰਨ, ਭਾਰਤੀ ਲੋਕਾਂ ਕੋਲੋਂ ਆਪਣੇ ਆਪ ਨੂੰ 'ਸਾਹਿਬ' ਅਖਵਾਉਣ ਲੱਗੇ। ਇੱਕ ਸਦੀ ਅਸੀਂ ਅੰਗਰੇਜ਼ਾਂ ਦੀ ਗੁਲਾਮੀ ਕੱਟੀ, ਉਨ੍ਹਾਂ ਨੂੰ 'ਸਾਹਿਬ' ਖਿਤਾਬ ਨਾਲ ਬੁਲਾ ਬੁਲਾ ਕੇ। ਉਨ੍ਹਾਂ ਦੇ ਤੁਰ ਜਾਣ ਤੋਂ ਬਾਅਦ ਉਸ ਖਿਤਾਬ ਦੀਆਂ ਕਲਗੀਆਂ ਸਾਡੇ ਆਪਣੇ ਅਹੁਦੇਦਾਰਾਂ ਤੇ ਅਧਿਕਾਰੀਆਂ ਦੇ ਸਿਰਾਂ 'ਤੇ ਸਜ ਗਈਆਂ, ਤੇ ਅਸੀਂ ਇਹ ਕਲਗੀ ਆਪਣੇ ਹੱਥੀਂ ਮਿੱਤਰਾਂ-ਦੋਸਤਾਂ ਤੇ ਜਾਣ-ਪਛਾਣ ਵਾਲਿਆਂ ਦੇ ਸਿਰਾਂ 'ਤੇ ਵੀ ਲਾ ਦਿੱਤੀ। ਜਦ ਬੋਲਦੇ ਹਾਂ ਤਾਂ ਬੱਸ 'ਸਾਹਿਬ', 'ਸਾਹਿਬ' ਹੁੰਦੀ ਹੈ, ਜਿਵੇਂ ਸਾਨੂੰ ਕਰੀਬ ਪੌਣੀ ਸਦੀ ਪਹਿਲਾਂ ਛੱਡ ਗਏ 'ਮਾਲਕਾਂ' ਦਾ ਨਾਮ ਅੱਜ ਵੀ ਜਪ ਰਹੇ ਹੋਈਏ। ਆਧੁਨਿਕ ਸਮਾਜਾਂ ਵਿਚ ਅਜਿਹੀ ਮਾਨਿਸਕ ਗੜਬੜੀ ਤੋਂ ਛੁਟਕਾਰਾ ਪਾਉਣ ਲਈ ਤੁਰੰਤ ਮਨੋਵਿਗਿਆਨੀ ਡਾਕਟਰਾਂ ਦੀ ਮਦਦ ਲਈ ਜਾਂਦੀ ਹੈ, ਪਰ ਅਰਧ-ਆਧੁਨਿਕ ਸਮਾਜਾਂ ਵਿਚ ਅਜਿਹੀ ਮਾਨਿਸਕ ਗੜਬੜੀ ਅਕਸਰ ਸੱਭਿਆਚਾਰ ਦਾ ਬਣ ਹਿੱਸਾ ਬਣ ਬਹਿੰਦੀ ਹੈ। ਕੁਝ ਐਸਾ ਹੀ ਹੋਇਆ ਲੱਗਦਾ ਹੈ ਸਾਡੇ ਨਾਲ। ਗੱਲ ਨਿਰੇ ਸ਼ਬਦਾਂ ਦਾ ਨਹੀਂ; ਇਹ ਇਕ ਸਥਾਪਤ ਮਨੋਵਿਗਿਆਨਕ ਸੱਚ ਹੈ ਕਿ ਬੋਲ ਜਿੱਥੇ ਬੰਦੇ ਦੀ ਮਾਨਸਿਕ ਸਥਿਤੀ ਨੂੰ ਪ੍ਰਗਟ ਕਰਦੇ ਨੇ, ਉੱਥੇ ਬੋਲਾਂ ਤੋਂ ਅੰਦਰੂਨੀ ਭਾਵਨਾਵਾਂ ਪੈਦਾ ਹੁੰਦੀਆਂ ਨੇ, ਜਿਨ੍ਹਾਂ ਦਾ ਅਸਰ ਬੰਦੇ ਦੀਆਂ ਸਰੀਰਕ ਕਿਰਿਆਵਾਂ ਤੇ ਕਾਰਨਾਮਿਆਂ 'ਤੇ ਪੈਂਦਾ ਹੈ।

ਕੋਈ ਕਹਿ ਸਕਦਾ ਹੈ, "ਅਸੀਂ ਤਾਂ 'ਸਾਹਿਬ' ਵਿਸ਼ੇਸ਼ਣ ਨੂੰ ਸਤਿਕਾਰ ਵਜੋਂ ਵਰਤਦੇ ਆਂ"; ਪਰ ਇਸ ਵਰਤੋਂ ਦੇ ਸੰਦਰਭ, ਗੁਲਾਮੀ ਕਾਰਕ (factor), ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਸਿੱਧੀ ਗੁਲਾਮੀ ਦੇ ਸਮੇਂ ਜਿਹੜਾ ਖਿਤਾਬ 'ਮਾਲਕਾਂ' ਲਈ ਵਰਤਿਆ ਜਾਂਦਾ ਰਿਹਾ ਹੋਵੇ, ਉਸੇ ਖਿਤਾਬ ਨੂੰ ਸਤਿਕਾਰ ਵਜੋਂ ਵਰਤਣਾ ਸ਼ੁਰੂ ਕਰ ਦੇਣਾ ਜਾਂ ਸਤਿਕਾਰ ਦੇ ਪਾਤਰ ਵਿਚ ਬਦਲ ਦੇਣਾ ਵੀ ਮਾਨਸਿਕ ਗੁਲਾਮੀ ਦੇ ਪ੍ਰਗਟਾਵੇ ਦਾ ਹੀ ਇੱਕ ਰੂਪ ਹੈ। ਉਂਦਾਂ, ਸਤਿਕਾਰ ਵਜੋਂ ਵਰਤਣ ਵਾਸਤੇ ਪੰਜਾਬੀ ਕੋਲ ਇੱਕ ਬਹੁਤ ਸਜੀਵ ਸ਼ਬਦ ਹੈ: 'ਜੀ'। ਗੁਰਬਾਣੀ ਵਿਚ 'ਸਾਹਿਬ' ਖਿਤਾਬ ਦੀ ਵਰਤੋਂ ਪਰਮਾਤਮਾ ਲਈ ਕਰਨ ਦੀ, ਜਾਂ ਬਾਅਦ ਵਿਚ ਮਹਾਂਪੁਰਸ਼ਾਂ ਤੇ 'ਗ੍ਰੰਥ ਸਾਹਿਬ' ਆਦਿ ਕਿਤਾਬਾਂ ਦੇ ਨਾਂਵਾਂ ਅੱਗੇ ਸਤਿਕਾਰ ਵਜੋਂ ਇਹ ਖਿਤਾਬ ਵਰਤਣ ਦੀ ਗੱਲ ਤਾਂ ਸਮਝ ਆਉਂਦੀ ਹੈ, ਪਰ ਖੁਦ ਧਾਰਮਿਕ ਨਿਯਮ ਜਾਂ ਚੱਜ ਵੀ ਆਗਿਆ ਨਹੀਂ ਦੇਵੇਗਾ ਕਿ ਪਰਮਾਤਮਾ ਅਤੇ ਧਾਰਮਿਕ ਮਹਾਂਪੁਰਸ਼ਾਂ ਲਈ ਵਰਤਿਆ ਜਾਣ ਵਾਲਾ ਖਿਤਾਬ 'ਜਣੇ-ਖਣੇ' ਬੰਦਿਆਂ ਤੇ ਥਾਂਵਾਂ ਲਈ ਵਰਤਿਆਂ ਜਾਵੇ। ਸੋ, 'ਸਾਹਿਬ' ਦੀ ਥੋਕ ਵਿਚ ਵਰਤੋਂ ਅੰਗਰੇਜ਼ਾਂ ਦੀ ਗੁਲਾਮੀ ਦੇ ਪਾਸਿਉਂ ਹੀ ਆਈ ਹੈ ਤੇ ਗੁਲਾਮ ਪ੍ਰਵਿਰਤੀ ਦੀ ਸੂਚਕ ਹੈ।

ਪੰਜਾਬੀ ਬੰਦੇ ਵਿਚ ਮਿਲਦੀ ਸੁਭਾਵਿਕ ਗੁਲਾਮੀ ਦੀ ਦੂਸਰੀ ਅਲਾਮਤ ਹੈ: ਪੰਜਾਬੀ ਮਨ ਵਿਚ ਅੱਜ ਵੀ ਕਾਲੇ ਤੇ ਸ਼ਾਮ/ਭੂਰੇ ਰੰਗਾਂ ਉੱਪਰ ਗੋਰੇ ਦੀ ਸਰਦਾਰੀ ਦੇ ਝੰਡੇ ਝੁੱਲਦੇ ਹਨ। ਸਾਡੇ ਲੋਕ-ਪ੍ਰਚੱਲਤ ਗੀਤਾਂ, ਆਮ ਗੱਲਾਂ ਤੇ ਪਸੰਦਾਂ 'ਚੋਂ ਇਹ ਸਰਦਾਰੀ ਡੁੱਲ੍ਹ ਡੁੱਲ੍ਹ ਪੈਂਦੀ ਹੈ। ਜੇ ਟਾਵੀਂ ਟਾਵੀਂ ਕਾਲੇ ਰੰਗ ਦੀ ਸਿਫਤ ਮਿਲਦੀ ਵੀ ਹੈ, ਤਾਂ ਉਹ ਵੀ ਜ਼ਿਆਦਾਤਰ ਬਚਾਅ ਜਾਂ ਸਫਾਈ ਦੇਣ ਦੇ ਪੈਂਤੜੇ ਤੋਂ। ਮਿਸਾਲ ਵਜੋਂ:

"ਮੇਰਾ ਕਾਲਾ ਹੀ ਸਰਦਾਰ, ਕਾਲਾ ਸ਼ਾਹ ਕਾਲਾ।

ਮੈਂ ਆਪ ਤਿੱਲੇ ਦੀ ਤਾਰ, ਗੋਰਿਆਂ ਨੂੰ ਦਫਾ ਕਰੋ।"

ਭਾਵ ਤਾਂ ਕੀ ਹੋਇਆਂ ਜੇ ਖਾਵੰਦ ਕਾਲਾ, ਮੈਂ ਆਪ ਤਾਂ ਗੋਰੀਆਂ ਵਰਗੀ ਹੀ ਲੱਗਦੀ ਆਂ। ਇਹਦੇ ਵਿਚ ਖਾਵੰਦ ਦੀ ਘੋਰ ਬੇਇੱਜ਼ਤੀ ਹੈ; ਪਰ ਤ੍ਰੀਮਤ ਤੇ ਖਾਵੰਦ-ਦੋਨੋਂ ਖੁਸ਼ੀ ਖੁਸ਼ੀ ਬੜੇ ਮਾਣ ਨਾਲ ਸੁਣੀ ਤੇ ਮਾਣੀ ਜਾਂਦੇ ਆ।

ਅਸੀਂ ਕਾਲਾ ਰੰਗ ਨੂੰ ਅਜੇ ਵੀ ਕਰੂਪਤਾ, ਬੁਰਾਈ ਤੇ ਬਦਸ਼ਗਨੀ ਦਾ ਪ੍ਰਤੀਕ ਸਮਝਦੇ ਰਹਿੰਦੇ ਹਾਂ। 'ਕਾਲਾ ਦਿਨ', 'ਕਾਲਾ ਹਫਤਾ', 'ਕਾਲੀ ਜੀਭ', 'ਕਾਲਾ ਦਿਲ', 'ਬੁਰੀ ਨਜ਼ਰ ਵਾਲੇ ਤੇਰਾ ਮੂੰਹ ਕਾਲਾ' ਆਦਿ ਵਰਗੀਆਂ ਕਹਾਵਤਾਂ ਤੇ ਵਾਕਅੰਸ਼ ਆਮ ਵਰਤੇ ਜਾਂਦੇ ਨੇ। ਹੋਰ ਤਾਂ ਹੋਰ ਅਸੀਂ ਅਗਾਂਹਵਧੂ/ਪ੍ਰਗਤੀਸ਼ੀਲ ਸੋਚ ਵਾਲੇ ਲੋਕ ਵੀ 'ਕਾਲੇ ਦਿਨ' ਤੇ 'ਕਾਲੇ ਹਫਤੇ' ਮਨਾਉਂਦੇ ਹਾਂ, ਭਾਰਤ ਦੀ ਅਧੂਰੀ ਆਜ਼ਾਦੀ ਨੂੰ 'ਕਾਲੀ ਆਜ਼ਾਦੀ' ਜਾਂ 'ਕਾਲੇ ਦਿਲ' ਵਾਲੀ ਆਜ਼ਾਦੀ ਕਹਿੰਦੇ ਹਾਂ, ਤੇ ਭਾਰਤੀ ਹਾਕਮਾਂ ਨੂੰ ਤ੍ਰਿਸਕਾਰ ਵਜੋਂ 'ਕਾਲੇ ਅੰਗਰੇਜ਼' ਬੋਲਦੇ ਹਾਂ। ਇਸ ਤੋਂ ਇਲਾਵਾ ਚਿਹਰੇ ਦਾ ਰੰਗ ਗੋਰਾ ਕਰਨ ਲਈ ਵਰਤੇ ਜਾਣ ਵਾਲੇ 'ਅਸਰਦਾਰ' ਘਰੇਲੂ ਨੁਸਖਿਆਂ, ਫੇਅਰਨੈੱਸ ਕ੍ਰੀਮ ਦੀ ਵਰਤੋਂ, ਆਦਿ ਦਾ ਬੜ੍ਹਾ ਬੋਲਬਾਲਾ ਹੈ। ਪੰਜਾਬ ਜਾਂ ਕਿਤੇ ਵੀ ਵਸਦੇ ਪੰਜਾਬੀਆਂ ਵਿਚ ਗੋਰਾ ਰੰਗ ਸੁੰਦਰਤਾ ਦਾ ਇੱਕ ਪੈਮਾਨਾ ਬਣ ਸੁੰਦਰਤਾ ਉਦਯੋਗ ਨੂੰ ਚਲਾਉਣ ਵਿਚ ਅਹਿਮ ਭੂਮਿਕਾ ਨਿਭਾਅ ਰਿਹਾ ਹੈ।

ਪੰਜਾਬੀ ਬੰਦੇ ਵਿਚ ਮਿਲਦੀ ਸੁਭਾਵਿਕ ਗੁਲਾਮੀ ਦੀ ਤੀਸਰੀ ਅਲਾਮਤ ਹੈ: ਪੰਜਾਬੀ ਬੰਦੇ ਦਾ ਵਤੀਰਾ ਜੋ ਉਦੋਂ ਉਜਾਗਰ ਹੁੰਦਾ ਹੈ, ਜਦੋਂ ਉਹ ਆਪਣੀ ਮਰਜ਼ੀ ਦੇ ਦੇਸ਼ ਦਾ ਨਾਗਰਿਕ ਬਣ ਕੇ ਉੱਥੇ ਵਸ ਜਾਂਦਾ ਹੈ। ਜਦੋਂ ਬੰਦਾ ਇੱਕ ਦੇਸ਼ ਵਿਚ ਪੈਦਾ ਹੋ ਕੇ ਉਮਰ ਦੇ ਕਿਸੇ ਵੀ ਪੜਾਅ 'ਤੇ ਕਿਸੇ ਦੂਜੇ ਦੇਸ਼ ਵਿਚ ਆਣ ਵਸੇ ਤੇ ਉਹਦੀ ਨਾਗਰਿਕਤਾ ਗ੍ਰਹਿਣ ਕਰ ਲਵੇ ਤਾਂ ਇਹ ਦੂਜਾ ਦੇਸ਼ ਬੰਦੇ ਦਾ ਦੇਸ਼ ਬਣ ਜਾਂਦਾ ਹੈ, ਜਿਹਨੂੰ ਆਪਣੀ ਮਰਜ਼ੀ ਜਾਂ ਆਪਣੀ ਚੋਣ ਦਾ ਦੇਸ਼ ਯਾਨਿ 'ਕੰਟਰੀ ਆਫ ਚੌਆਇਸ' ਵੀ ਕਿਹਾ ਜਾਂਦਾ ਹੈ। ਪਿਛਾਂਹ ਰਹਿ ਗਏ ਦੇਸ਼ ਨੂੰ ਜਨਮ ਦੇਸ਼ ਜਾਂ ਮੁਢਲਾ ਦੇਸ਼ ਕਿਹਾ ਜਾਂਦਾ ਹੈ। ਇੱਕ ਪਿੱਛੇ ਰਹਿ ਗਿਆ ਜਨਮ-ਦੇਸ਼ ਤੇ ਇੱਕ ਹੁਣ ਦਾ ਦੇਸ਼: ਪ੍ਰਦੇਸ਼ ਕੋਈ ਨਹੀਂ ਏ। ਇਹ ਪ੍ਰਸਥਿਤੀ ਪ੍ਰਤੀ ਉਚਿਤ, ਵਾਜਬ ਤੇ ਸਹਿਜ ਪਹੁੰਚ ਹੈ, ਜੋ ਹਕੀਕਤ 'ਤੇ ਆਧਾਰਿਤ ਹੈ; ਪਰ ਸਾਡੇ ਅੰਦਰ ਵਸਦੀ ਸੁਭਾਵਿਕ ਗੁਲਾਮੀ ਇਸ ਸਾਦੀ ਪ੍ਰਸਥਿਤੀ ਨੂੰ ਗੁੰਝਲਦਾਰ ਤੇ ਤਰਸਯੋਗ ਬਣਾ ਛੱਡਦੀ ਹੈ।

ਮਿਸਾਲ ਵਜੋਂ, ਅਮਰੀਕਾ ਨੂੰ ਆਪਣੇ ਹੁਣ ਤੱਕ ਦੇ ਇਤਿਹਾਸ ਸਦਕਾ ਇਮੀਗਰਾਂਟਾਂ ਦਾ ਕਿਹਾ ਜਾਂਦਾ ਹੈ, ਜਿੱਥੇ ਆਦਿਵਾਸੀ ਅਮਰੀਕੀਆਂ ਦੀ ਘੱਟ-ਗਿਣਤੀ ਤੋਂ ਇਲਾਵਾ ਅੱਜ ਵੀ ਹਰ ਇੱਕ ਵਿਅਕਤੀ ਜਾਂ ਟੱਬਰ ਜਾਂ ਤਾਂ ਇਮੀਗਰਾਂਟ ਹੈ, ਤੇ ਜਾਂ ਉਹਦੀਆਂ ਇਸ ਦੇਸ਼ ਵਿਚ ਜੜ੍ਹਾਂ ਇੱਕ ਇਮੀਗਰਾਂਟ ਵਿਅਕਤੀ ਜਾਂ ਟੱਬਰ ਨਾਲ ਜਾ ਮਿਲਦੀਆਂ ਨੇ। ਇੰਜ ਦੁਨੀਆਂ ਦੇ ਵੱਖ ਵੱਖ ਦੇਸ਼ਾਂ 'ਚੋਂ ਆ ਕੇ ਲੋਕ ਅਮਰੀਕਾ ਵਿਚ ਵਸੇ, ਜਿਨ੍ਹਾਂ ਇਸ ਦੇਸ਼ ਦੀ ਉਸਾਰੀ ਵਿਚ ਹਿੱਸਾ ਵੀ ਪਾਇਆ। ਬਹੁਤੇ ਪੰਜਾਬੀ ਅਮਰੀਕੀ ਨਾਗਰਿਕਤਾ ਦੀ ਸਹੁੰ ਚੁੱਕਣ ਬਾਅਦ ਤੇ ਅਮਰੀਕਨ ਪ੍ਰਧਾਨ ਦਾ ਰਸਮੀ ਖਤ, ਜਿਸ 'ਚ ਉਹ ਉਨ੍ਹਾਂ ਨੂੰ "ਮਾਈ ਫੈਲੋ ਅਮੈਰਿਕਨ" ਕਹਿ ਕੇ ਸੰਬੋਧਤ ਕਰਦਾ, ਪ੍ਰਾਪਤ ਕਰਨ ਤੋਂ ਬਾਅਦ ਵੀ ਵਿਦੇਸ਼ੀ ਹੋਣ ਦਾ ਆਪੇ ਸਿਰਜਿਆ ਸੰਤਾਪ ਹੰਢਦੀ ਜ਼ਿੰਦਗੀ ਭੋਗਦੇ ਰਹਿੰਦੇ ਨੇ; ਉਹ ਅਕਸਰ ਅਮਰੀਕਾ ਨੂੰ 'ਗੋਰਿਆਂ' ਦਾ ਦੇਸ਼ ਸਮਝਦੇ ਰਹਿੰਦੇ ਨੇ ਅਤੇ ਕਾਲੇ ਤੇ ਹੋਰ ਰੰਗਦਾਰ ਨਸਲਾਂ ਵਾਲੇ ਅਮਰੀਕਨਾਂ ਬਾਰੇ ਉਨ੍ਹਾਂ ਦੇ ਵਿਚਾਰ ਅਕਸਰ ਵਿਕਰਤੇ ਭਰੇ ਹੁੰਦੇ ਨੇ। ਕੈਨੇਡਾ ਤੇ ਹੋਰ ਪੱਛਮੀ ਦੇਸ਼ਾਂ ਵਿਚ ਵਸੇ ਪੰਜਾਬੀਆਂ ਦੀ ਪਹਿਲੀ ਪੀੜ੍ਹੀ ਵਿਚ ਇਹ ਵਤੀਰਾ ਆਮ ਪਾਇਆ ਜਾਂਦਾ ਹੈ।

ਮੁੱਕਦੀ ਗੱਲ, ਤਰਕ ਕੀਤਾ ਜਾ ਸਕਦਾ ਹੈ ਕਿ ਅੰਗਰੇਜ਼ੀ ਰਾਜ ਸੰਗ ਪੂਰੇ ਹੋਏ ਦੇਸੀ ਤੇ ਵਿਦੇਸ਼ੀ ਗੁਲਾਮੀ ਦੇ ਲੰਬੇ ਇਤਿਹਾਸ ਦਾ ਅਸਰ, ਬਾਕੀ ਭਾਰਤੀਆਂ ਵਾਂਗ, ਪੰਜਾਬੀਆਂ ਦੀ ਮਾਨਸਿਕਤਾ ਤੇ ਸੱਭਿਆਚਾਰ ਉੱਪਰ ਪਿਆ। ਇਸ ਅਸਰ ਦੀ ਡੂੰਘਾਈ ਸਦਕਾ ਅਤੇ ਇਹਨੂੰ ਮਿੱਥ ਕੇ ਮਿਟਾਉਣ ਦੀਆਂ ਕਾਫੀ ਕੋਸ਼ਿਸ਼ਾਂ ਦੀ ਗੈਰ-ਹਾਜ਼ਰੀ ਕਾਰਨ, ਅੰਗਰੇਜ਼ਾਂ ਦੇ ਚਲੇ ਜਾਣ ਤੋਂ ਕਰੀਬ ਪੌਣੀ ਸਦੀ ਬਾਅਦ ਵੀ ਇਹ ਅਸਰ ਕਾਇਮ ਹੈ। ਇਸ ਲੇਖ ਵਿਚ ਵਿਚਾਰੀਆਂ ਗਈਆਂ ਅਲਾਮਤਾਂ, ਜੋ ਗੁਲਾਮ ਪ੍ਰਵਿਰਤੀ ਤੇ ਵਤੀਰੇ ਦੀਆਂ ਹੀ ਪ੍ਰਤੀਕ ਨੇ: 'ਸਾਹਿਬ' ਖਿਤਾਬ ਦੀ ਭਰਮਾਰ ਵਰਤੋਂ, ਗੋਰੇ ਰੰਗ ਦੀ ਕਾਲੇ ਰੰਗ ਉੱਪਰ ਸਰਦਾਰੀ ਤੇ ਪੱਛਮੀ ਦੇਸ਼ਾਂ ਦੇ ਨਾਗਰਿਕ ਬਣ ਕੇ ਵੀ ਉਨ੍ਹਾਂ ਨੂੰ ਨਾ ਅਪਨਾਉਂਦੇ ਹੋਏ ਗਲਤ ਤੌਰ 'ਤੇ ਸਿਰਫ 'ਗੋਰਿਆਂ' ਦੇ ਦੇਸ਼ ਸਮਝੀ ਜਾਣਾ।

ਇੱਥੇ ਤਿੰਨ ਅਲਾਮਤਾਂ ਮਿਸਾਲ ਵਜੋਂ ਵਿਚਾਰੀਆਂ ਗਈਆਂ ਨੇ, ਉਂਜ ਸੁਭਾਵਿਕ ਜਾਂ ਮਾਨਸਿਕ ਗੁਲਾਮੀ ਦੀਆਂ ਅਲਾਮਤਾਂ ਤਾਂ ਬਥੇਰੀਆਂ ਨੇ, ਜੋ ਪੰਜਾਬੀ ਬੰਦੇ ਵਿਚ ਮਿਲਦੀਆਂ ਹਨ; ਪਰ ਇਹ ਤਿੰਨ ਅੱਛਾ ਨਮੂਨਾ ਹਨ ਸ਼ੁਰੂ ਕਰਨ ਲਈ। ਜੇ ਚਾਹੀਏ ਤਾਂ, ਨਾ-ਉਚਿਤ ਵਰਤੋਂ ਵਿਚ 'ਸਾਹਿਬ' ਨੂੰ 'ਜੀ' ਵਿਚ ਬਦਲ ਸਕਦੇ ਹਾਂ; ਕਾਲੇ ਰੰਗ ਪ੍ਰਤੀ ਨਸਲਵਾਦੀ ਰਵੱਈਆ ਜਿਵੇਂ 'ਕਾਲਾ ਦਿਨ', 'ਕਾਲੀ ਜ਼ੁਬਾਨ', 'ਕਾਲਾ ਦਿਲ', ਆਦਿ ਸੰਕਲਪਾਂ ਦੀ ਵਰਤੋਂ ਛੱਡ ਸਕਦੇ ਹਾਂ; ਤੇ ਜੇ ਪੰਜਾਬੋਂ ਬਾਹਰ ਕਿਸੇ ਦੇਸ਼ ਵਿਚ ਬਤੌਰ ਨਾਗਰਿਕ ਵਸ ਰਹੇ ਹੋਈਏ ਤਾਂ ਉਹਨੂੰ ਆਪਣਾ ਦੇਸ਼ ਸਮਝ ਕੇ ਉਥੋਂ ਦੀਆਂ ਭਾਈਚਾਰਕ, ਸਮਾਜਿਕ ਤੇ ਰਾਜਨੀਤਕ ਗਤੀਵਿਧੀਆਂ ਵਿਚ ਹਿੱਸਾ ਲੈ ਸਕਦੇ ਹਾਂ, ਆਪਣੀ ਵਿੱਤ ਮੁਜਬ। ਇੰਜ ਸ਼ੁਰੂਆਤ ਕਰ ਸਕਦੇ ਹਾਂ, ਗੁਲਾਮੀ ਦੀ ਰਹਿੰਦ-ਖੂੰਹਦ ਨੂੰ ਆਪੋ-ਆਪਣੇ ਮਨ ਵਿਚੋਂ ਹੂੰਝ ਸੁੱਟਣ ਦੀ, ਬਜਾਏ ਅਗਲੀ ਪੀੜ੍ਹੀ ਨੂੰ ਸੌਂਪ ਦੇਣ ਦੇ; ਜੇ ਚਾਹੀਏ ਤਾਂ! ਇਹ ਭਾਵੇਂ ਨਿੱਜੀ ਕੋਸ਼ਿਸ਼ਾਂ ਜਾਪਦੀਆਂ ਨੇ, ਪਰ ਸਮੇਂ ਦੀ ਲੋੜ 'ਤੇ ਆਧਾਰਿਤ ਅਜਿਹੀਆਂ ਕੋਸ਼ਿਸ਼ਾਂ ਆਪਣੇ ਆਪ ਵਿਚ ਅਕਸਰ ਲੋਕ (Grassroot) ਲਹਿਰ ਬਣਨ ਦੀ ਸਮਰੱਥਾ ਸਮੋਈ ਰੱਖਦੀਆਂ ਨੇ।

ਇਸ ਸੰਦਰਭ ਵਿਚ ਵਿਸ਼ਵ ਦੇ ਪੂਰਬੀ ਤੇ ਪੱਛਮੀ ਹਿੱਸੇ ਇੱਕ ਦੂਜੇ ਕੋਲੋਂ ਬਹੁਤ ਕੁਝ ਸਿੱਖ ਸਕਦੇ ਹਨ। ਭਾਰਤ ਸਣੇ ਪੂਰਬ ਇੱਕ ਸਭ ਤੋਂ ਮਹੱਤਵਪੂਰਨ ਗੱਲ ਜੋ ਪੱਛਮ ਤੋਂ ਸਿੱਖ ਸਕਦਾ ਹੈ, ਉਹ ਇਹ ਕਿ ਪੱਛਮ ਵਿਚ ਆਧੁਨਿਕ ਯੁਗ ਤੇ ਆਧੁਨਿਕਤਾ ਨੂੰ 18ਵੀਂ ਸਦੀ ਵਿਚ ਚੱਲੀ ਪ੍ਰਬੋਧਨ (Enlightment) ਲਹਿਰ ਦੇ ਆਦਰਸ਼ ਨੇ ਹੀ ਪਰਿਭਾਸ਼ਿਤ ਕੀਤਾ ਸੀ। ਨਤੀਜਨ, ਉਹ ਆਦਰਸ਼ ਹੀ ਆਧਾਰ ਹਨ ਪੱਛਮ ਦੀ ਜਮਹੂਰੀਅਤ ਤੇ ਆਧੁਨਿਕ ਜਮਹੂਰੀ ਅਦਾਰਿਆਂ ਦੇ, ਜਿਨ੍ਹਾਂ ਵਿਚ ਸ਼ਾਮਲ ਹਨ ਰਾਜਿਆਂ ਤੇ ਡਿਕਟੇਟਰਾਂ ਦੀ ਥਾਂ ਜਮਹੂਰੀ ਸਰਕਾਰਾਂ, ਸਕੂਲ/ਯੂਨੀਵਰਸਟੀਆਂ, ਪਬਲਿਕ ਲਾਇਬ੍ਰੇਰੀਆਂ, ਨਿਊਜ਼ ਏਜੰਸੀਆਂ ਸਮੇਤ ਸੁਤੰਤਰ ਮੀਡੀਆ, ਹਸਪਤਾਲ, ਚੈਰਿਟੀ, ਮਨੁੱਖਤਾ ਦੀ ਭਲਾਈ ਹਿੱਤ ਅੰਤਰਰਾਸ਼ਟਰੀ ਸੰਸਥਾਵਾਂ, ਆਦਿ। ਪੱਛਮ ਦੀ ਇਹ ਜਮਹੂਰੀਅਤ/ਆਧੁਨਿਕਤਾ ਜਿਨ੍ਹਾਂ ਉੱਪਰ ਖੜ੍ਹੀ ਹੈ, ਪ੍ਰਬੋਧਨ ਲਹਿਰ ਦੇ ਉਹ ਤਿੰਨ ਕੇਂਦਰੀ ਆਦਰਸ਼ ਸਨ: ਤਰਕ, ਮਾਨਵਵਾਦ ਤੇ ਵਿਗਿਆਨ। ਇਨ੍ਹਾਂ ਤਿੰਨਾਂ ਨੂੰ ਅਪਨਾਉਣ ਦਾ ਰਾਹ ਪ੍ਰਗਤੀ ਦਾ ਰਾਹ ਹੁੰਦਾ ਹੈ। ਦੂਜਾ ਮਹੱਤਵਪੂਰਨ ਨੁਕਤਾ ਹੈ ਕਿ ਪ੍ਰਬੋਧਨ ਲਹਿਰ ਦਾ ਜਨਮ ਰੈਨੇਸਾਂਸ ਲਹਿਰ ਵਿਚੋਂ ਹੋਇਆ, ਜਿਸ ਦਾ ਆਧਾਰ 'ਤਰਕ' ਸੀ, ਤੇ ਜਿਹਦੀਆਂ ਜੜ੍ਹਾਂ ਯੂਰਪ ਦੇ ਮੱਧਯੁਗ ਵਿਚਲੇ ਸਮਰਾਟਾਂ, ਜਾਗੀਰਦਾਰੀ ਤੇ ਚਰਚ ਦੇ ਢਾਂਚੇ ਦੀ ਥਾਂ ਮੱਧਯੁਗ ਤੋਂ ਪਹਿਲੇ ਗਰੀਕ ਫਿਲਾਸਫਰਾਂ ਦੇ ਕਲਾਸੀਕਲ ਯੁਗ ਤੇ ਉਹਦੀ ਸੋਚ ਵਿਚ ਸਨ, ਉਸੇ ਯੁਗ ਤੇ ਸੋਚ ਵਿਚ, ਜਿੱਥੇ ਵਿਗਿਆਨ ਦੀਆਂ ਜੜ੍ਹਾਂ ਵੀ ਪਹੁੰਚਦੀਆਂ ਹਨ।

ਇਹਦੇ ਉਲਟ ਭਾਰਤੀ ਢਾਂਚੇ ਤੇ ਮਾਨਸਿਕਤਾ ਵਿਚ ਅੱਜ ਵੀ ਸਮਰਾਟਾਂ, ਜਾਗੀਰਦਾਰੀ ਤੇ ਧਰਮਾਂ ਵਾਲੇ ਮੱਧਯੁਗ ਦੀ ਸੋਚ ਤੇ ਆਦਰਸ਼ ਭਰੇ ਹੋਏ ਹਨ। ਭਾਰਤ ਦੀ ਰਹਿੰਦੀ-ਖੂੰਹਦੀ ਗੁਲਾਮੀ ਦਾ ਇਲਾਜ ਤਰਕਸ਼ੀਲ, ਮਾਨਵਵਾਦੀ ਤੇ ਵਿਗਿਆਨਕ ਲਹਿਰਾਂ ਹਨ। ਅਜਿਹੀਆਂ ਲਹਿਰਾਂ ਦੀ ਸੋਚ ਸੰਗ ਮਾਨਸਿਕਤਾ ਚੰਡ ਕੇ ਭਾਰਤੀ ਲੋਕ ਸਿਆਸੀ ਤੇ ਫਿਰਕੂ ਨੇਤਾਵਾਂ ਵਲੋਂ ਸ਼ੁਰੂ ਕੀਤੀਆਂ ਫਿਰਕੂ ਹਨੇਰੀਆਂ ਨੂੰ ਨਾਕਾਮ ਕਰਨ ਦੇ ਯੋਗ ਵੀ ਹੋ ਸਕਣਗੇ।

### ਗੁਲਾਮੀਨਾਮਾ

ਆਜ਼ਾਦੀ ਕੀ ਲੜਾਈ ਮੇਂ
ਸਭ ਸੇ ਮੁਸ਼ਕਿਲ ਕਾਮ ਹੈ,
ਗੁਲਾਮ ਕੋ ਸਮਝਾਨਾ
ਕਿ ਵੋਹ ਗੁਲਾਮ ਹੈ।

### ਆਜ਼ਾਦੀ-ਏ-ਗੁਲਾਮੀ

ਝੂਠ ਹੈ ਕਿ ਅੰਗਰੇਜ਼ ਨੇ ਸਾਨੂੰ
ਗੁਲਾਮ ਬਣਾਇਆਂ,
ਉਹ ਤਾਂ ਝੂਟੇ ਲੈਣ ਸੀ ਆਇਆ,
ਸਾਡੀ ਗੁਲਾਮੀ ਉੱਪਰ ਚੜ੍ਹ ਕੇ।
ਆਇਆਂ ਤੇ ਚਲੇ ਗਿਆ,
ਸਾਡੀ ਗੁਲਾਮੀ ਨੂੰ ਮੁੜ ਆਜ਼ਾਦ ਕਰਕੇ।

### ਨਾਮ-ਏ-ਗੁਲਾਮ

ਅਕਲ ਆਜ਼ਾਦੀ ਦਾ ਯੁੱਗ ਹੈ ਚੜ੍ਹਿਆ
ਮਾਲਕ ਵੀ ਹੋ ਗਏ ਸ਼ੈਤਾਨ ਬੜੇ ਨੇ,
ਡੀਨ ਪ੍ਰੋਫੈਸਰ ਚੈਅਰਮੈਨ ਬਣ ਜਾਉ
ਫਿਰਦੇ ਪ੍ਰਧਾਨ 'ਤੇ ਪ੍ਰਧਾਨ ਚੜ੍ਹੇ ਨੇ।
ਜ਼ਮਾਨਾ 'ਪਾਲ' ਕਿੰਨਾ ਅੱਗੇ ਵਧ ਆਇਆ,
ਗੁਲਾਮਾਂ ਦੇ ਦੇਖ ਕੀ ਕੀ ਨਾਮ ਧਰੇ ਨੇ।

### ਅਮਰ ਗੁਲਾਮੀ

ਜਿਸਮਾਂ ਨੂੰ ਗੁਲਾਮੀ ਚੰਬੜੀ
ਫੌਰਨ ਹੀ ਲੱਥ ਸਕਦੀ,
ਸੋਚ ਸਹੀ ਹਥਿਆਰਾਂ ਸੰਗ ਜੇ
ਵੱਸ ਗੁਲਾਮਾਂ ਆਵੇ।

ਫਿਰ ਗੁਲਾਮੀ ਪੀੜ੍ਹੀਓ ਪੀੜ੍ਹੀ
ਅਮਰ ਹੋ ਵਗਣੇ ਲੱਗਦੀ,
ਜਦੋਂ ਗੁਲਾਮੀ ਰੂਹਾਂ ਦੇ ਵਿਚ
ਘੁਲ ਮਿਲ ਕੇ ਰਚ ਜਾਵੇ।

ਸਦੀਆਂ ਪਿੱਛੋਂ ਪਿੰਜਰਾ ਖੋਲ੍ਹਿਆ
ਪੰਛੀ ਉਡਦੇ ਨਹੀਓਂ,
ਪੂਰੀ ਨਸਲ ਦੇ ਕੋਲੋਂ ਜੇਕਰ
ਉਡਣ ਜਾਚ ਖੁਸ ਜਾਵੇ।

### ਆਜ਼ਾਦੀ

ਜੱਗ ਨੂੰ ਜਿੱਤੀ ਬੈਠੇ ਹਾਂ ਜੀ
ਕੋਈ ਨਾ ਰੀਸ ਅਸਾਡੀ।
ਹਰ ਥਾਂ ਸਾਡੇ ਝੰਡੇ ਝੂਲਣ
ਮਾਣ ਹਾਂ ਰਹੇ ਆਜ਼ਾਦੀ।

ਅਸੀਂ ਹਾਂ ਵੱਡੇ ਖੰਭਾਂ ਵਾਲੇ ਵੱਡੇ ਵੱਡੇ ਪੰਛੀ,
ਇਕ ਪਿੰਜਰੇ ਤੋਂ ਦੂਜੇ ਪਿੰਜਰੇ
ਤੱਕ ਉਡਾਰੀ ਸਾਡੀ।

### ਕੈਦੀ

ਜਿੰਨਾ ਮਰਜ਼ੀ ਦੌੜੇ ਉਡੇ
ਬੰਦਾ ਤਨ ਦਾ ਕੈਦੀ।
ਵੱਡੇ ਵੱਡੇ ਸੁਫਨੇ ਦੇਖੇ
ਫਿਰ ਵੀ ਮਨ ਦਾ ਕੈਦੀ।

ਸਭ ਤੋਂ ਵੱਡੀ ਲਾਹਨਤ ਵਾਲੀ
ਕੈਦ ਉਦੋਂ ਮੈਂ ਤੱਕਾਂ,
ਜਦ ਕੋਈ ਵੱਡਾ ਬੰਦਾ ਦਿਸਦਾ
ਛੋਟੇਪਨ ਦਾ ਕੈਦੀ।

# ਦੁੱਖ, ਦਵਾ ਤੇ ਦੁਆ ਦੀ ਦਰਗਾਹੇ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

*ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਇਸ ਲੇਖ ਲੜੀ ਦੇ ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਸਮੇਂ ਤੋਂ ਸਬਕ ਸਿੱਖਣ ਦੀ ਨਸੀਹਤ ਕੀਤੀ ਸੀ ਅਤੇ ਕਿਹਾ ਸੀ, "ਸਮੇਂ ਦੀ ਕੋਈ ਵੀ ਸਮਾਂ-ਸੀਮਾ ਨਿਰਧਾਰਤ ਨਹੀਂ ਕੀਤੀ ਜਾ ਸਕਦੀ; ਸਮੇਂ ਨੂੰ ਸਮਝੋ, ਇਸ ਦੀ ਸਾਰਥਿਕਤਾ ਨੂੰ ਪਛਾਣੋ, ਇਸ ਦੀ ਸਦੀਵਤਾ ਅਤੇ ਸੁਹੱਪਣ ਲਈ ਉਦਮ ਕਰੋ...।" ਹਥਲੇ ਲੇਖ ਵਿਚ ਡਾ. ਭੰਡਾਲ ਨੇ ਦੁੱਖਾਂ-ਦਰਦਾਂ ਉਤੇ ਦਵਾਈ ਦੇ ਨਾਲ ਨਾਲ ਦੁਆ ਦੇ ਮੱਲ੍ਹਮ ਲਾਉਣ ਦਾ ਯਤਨ ਕੀਤਾ ਹੈ। ਉਹ ਕਹਿੰਦੇ ਹਨ, "ਦੁੱਖਾਂ-ਦਰਦਾਂ ਦੇ ਵਹੀ ਖਾਤਿਆਂ ਨੂੰ ਫਰੋਲਿਆਂ ਅਤੇ ਹਿਸਾਬ-ਕਿਤਾਬ ਕੀਤਿਆਂ ਤੁਹਾਨੂੰ ਆਪਣੇ ਤੇ ਪਰਾਏ, ਖੂਨ ਦੇ ਰਿਸ਼ਤੇ ਤੇ ਪ੍ਰੇਮ ਸਬੰਧ ਅਤੇ ਅਸਲੀਅਤ ਤੇ ਮਖੌਟੇ ਵਿਚਲੇ ਫਰਕ ਦਾ ਪਤਾ ਲੱਗਦਾ।...ਪਰ ਦੁਆ ਬੰਦੇ ਦੀ ਮਾਨਸਿਕਤਾ ਵਿਚਲਾ ਬਦਲਾਅ। ਮਨ ਵਿਚ ਪੈਦਾ ਹੋਈ ਵਿਚਾਰਧਾਰਾ ਦਾ ਉਹ ਪ੍ਰਵਾਹ ਜਿਸ ਨੇ ਤੁਹਾਡੀ ਸੋਚ, ਕਰਮਸ਼ੈਲੀ, ਨਜ਼ਰੀਆ ਅਤੇ ਵਿਅਕਤੀਤਵ ਨੂੰ ਮਾਨਵਪੱਖੀ ਕਰਨਾ ਹੁੰਦਾ।" ਉਹ ਕਹਿੰਦੇ ਹਨ, "ਦੁਆ ਦਾ ਕਰਮ ਹੀ ਮਨੁੱਖੀ ਬੰਦਿਆਈ, ਭਲਿਆਈ ਤੇ ਚੰਗਿਆਈ ਨੂੰ ਸਮੁੱਚੀ ਲੋਕਾਈ ਦੇ ਨਾਮ ਅਰਪਿੱਤ ਕਰਨਾ ਅਤੇ ਖੁਦ ਲਈ ਮਨ ਦੀ ਸੰਤੁਸ਼ਟੀ ਦੀਆਂ ਨਿਆਮਤਾਂ ਦਾ ਦਾਨ ਮੰਗਣਾ ਹੁੰਦਾ।...ਦੁਆ ਕਰੋ ਕਿ ਹਰ ਦਿਨ ਜ਼ਿੰਦਗੀ ਦੇ ਰੰਗਾਂ ਨਾਲ ਭਰਿਆ ਹੋਵੇ। ਹਰ ਪਲ ਸ਼ੁਕਰ-ਗੁਜ਼ਾਰੀ ਨਾਲ ਵਰਿਆ ਹੋਵੇ।"*

ਜ਼ਿੰਦਗੀ ਦੁੱਖਾਂ ਤੇ ਸੁੱਖਾਂ ਦਾ ਸੰਗਮ। ਇਨ੍ਹਾਂ ਦੀ ਇਕਸਾਰਤਾ, ਸਮਤੋਲਤਾ ਅਤੇ ਸਹਿਹੋਂਦ ਦਾ ਮਿਲਗੋਭਾ। ਇਸ ਨਾਲ ਮਿਲਦੀ ਜ਼ਿੰਦਗੀ ਨੂੰ ਨਵੀਂ ਦਿਸ਼ਾ ਤੇ ਦਸ਼ਾ।

ਜੀਵਨ ਵਿਚ ਜਖਮ ਵੀ ਮਿਲਦੇ, ਸੁਪਨਿਆਂ 'ਤੇ ਝਰੀਟਾਂ ਵੀ ਪੈਂਦੀਆਂ, ਗੋਡੇ ਵੀ ਛਿੱਲੇ ਜਾਂਦੇ, ਰਾਹਾਂ ਵਿਚ ਕੰਡੇ ਵੀ ਚੁੱਭਦੇ ਅਤੇ ਮੰਜ਼ਿਲਾਂ ਨੂੰ ਧੁੰਧਲਕੇ ਵਿਚ ਲਪੇਟਿਆ ਵੀ ਜਾਂਦਾ।

ਜ਼ਿੰਦਗੀ ਦੇ ਪੈਂਡੇ ਬਹੁਤ ਹੀ ਬਿਖੜੇ। ਬਹੁਤ ਘੱਟ ਲੋਕ ਹੁੰਦੇ, ਜਿਨ੍ਹਾਂ ਦਾ ਸਮੁੱਚਾ ਜੀਵਨ ਸਪੱਸ਼ਟ ਅਤੇ ਸਿੱਧੇ ਰਾਹਾਂ 'ਤੇ ਚੱਲਦਿਆਂ ਬਤੀਤਦਾ, ਪਰ ਅਜਿਹਾ ਲੋਕਾਂ ਨੂੰ ਦੁਸ਼ਵਾਰੀਆਂ ਵਿਚੋਂ ਮਿਲੀਆਂ ਸੁਮੱਤਾਂ, ਕਸ਼ਟਾਂ ਵਿਚੋਂ ਮਿਲੀਆਂ ਨਸੀਹਤਾਂ, ਬੇਗਾਨਗੀ ਵਿਚੋਂ ਮਿਲੀ ਅਪਣੱਤ ਦੀ ਮਹਾਨਤਾ, ਬੇਗੈਰਤੀ ਵਿਚੋਂ ਪੜ੍ਹਿਆ ਗੈਰਤ ਦਾ ਸਬਕ ਅਤੇ ਬੇਸ਼ਰਮੀ ਵਿਚੋਂ ਅਣਖ ਨਾਲ ਜਿਉਣ ਦਾ ਸਬਕ ਸਿੱਖਣ ਨੂੰ ਨਹੀਂ ਮਿਲਦਾ। ਅਜਿਹਾ ਜੀਵਨ ਬਹੁਤ ਨੀਰਸ, ਅਕਾਊ, ਬੇਰੱਸ, ਭੁੱਸਭੁੱਸਾ, ਬੇਰੌਣਕਾ ਅਤੇ ਬੇਰਤੀਬਾ।

ਦੁੱਖਾਂ-ਦਰਦਾਂ ਦੇ ਵਹੀ ਖਾਤਿਆਂ ਨੂੰ ਫਰੋਲਿਆਂ ਅਤੇ ਹਿਸਾਬ-ਕਿਤਾਬ ਕੀਤਿਆਂ ਤੁਹਾਨੂੰ ਆਪਣੇ ਤੇ ਪਰਾਏ, ਖੂਨ ਦੇ ਰਿਸ਼ਤੇ ਤੇ ਪ੍ਰੇਮ ਸਬੰਧ ਅਤੇ ਅਸਲੀਅਤ ਤੇ ਮਖੌਟੇ ਵਿਚਲੇ ਫਰਕ ਦਾ ਪਤਾ ਲੱਗਦਾ। ਇਹ ਵੀ ਸਮਝ ਆਉਂਦੀ ਕਿ ਕੌਣ ਬਣਦਾ ਏ ਜਖ਼ਮਾਂ ਲਈ ਮਰ੍ਹਮ? ਕੌਣ ਕਰਦਾ ਏ ਟਕੋਰ ਸੱਟਾਂ 'ਤੇ? ਕਿਹੜਾ ਦਿੰਦਾ ਏ ਸੇਕ ਪਿੰਡੇ ਦੀਆਂ ਲਾਸਾਂ 'ਤੇ? ਕੌਣ ਜਾਣਦਾ ਏ ਰੂਹ ਦੀ ਪੀੜਾ? ਕਿਸ ਦੇ ਮੋਢੇ ਲੱਗ ਕੇ ਰੋਇਆ ਜਾ ਸਕਦਾ ਤੇ ਦਿਲ ਤੇ ਲੱਗਿਆ ਦਾਗ ਧੋਇਆ ਜਾ ਸਕਦਾ?

ਅਜਿਹੇ ਵੇਲੇ ਵਿਚ ਸਭ ਤੋਂ ਪਹਿਲੀ ਲੋੜ ਹੁੰਦੀ ਹੈ, ਰਿੱਸਦੇ ਫੋੜੇ ਨੂੰ ਫੇਹ ਕੇ ਇਸ ਵਿਚੋਂ ਪੀਕ ਕੱਢਣ ਦੀ। ਜਖਮ ਨੂੰ ਧੋਣ ਦੀ ਤੇ ਮਰ੍ਹਮ ਲਾਉਣ ਦੀ। ਦਵਾ ਲਾਉਣ ਵਾਸਤੇ ਵਗਦੇ ਜਖਮ 'ਤੇ ਪੱਟੀ ਬੰਨਣ ਦੀ। ਮਨ ਵਿਚ ਉਠੀ ਪੀੜ ਨੂੰ ਕਿਸੇ ਆਪਣੇ ਦੇ ਨਾਮ ਕਰਨ ਦੀ ਅਤੇ ਮਰਨਹਾਰੀ ਪੀੜਾ ਤੋਂ ਰਾਹਤ ਪਾਉਣ ਦੀ। ਇਹ ਦਵਾ ਹੀ ਹੁੰਦੀ, ਜੋ ਸਾਨੂੰ ਥੋੜ੍ਹਚਿਰਾ ਧੀਰਜ ਬੰਨਾਉਂਦੀ, ਅੱਥਰੂਆਂ ਨੂੰ ਪੂੰਝਦੀ, ਮੁੱਖ 'ਤੇ ਵਗੀਆਂ ਘਰਾਲਾਂ ਮਿਟਾਉਂਦੀ, ਹਟਕੋਰਿਆਂ ਨੂੰ ਵਰਚਾਉਂਦੀ ਅਤੇ ਹਿੱਚਕੀਆਂ ਨੂੰ ਚੁੱਪ ਕਰਾਉਂਦੀ।

ਦੁੱਖ ਤੋਂ ਦਵਾ ਦੀ ਯਾਤਰਾ ਕਰਦਿਆਂ ਹੀ ਜਖਮ ਆਠਰਦਾ, ਖਰੀਂਢ ਆਉਂਦਾ, ਚੀਸ ਘਟਦੀ ਅਤੇ ਬੰਦਾ ਖੁਦ ਦੀ ਬੇਪਛਾਣਤਾ ਵਿਚੋਂ ਖੁਦ ਨੂੰ ਨਿਹਾਰਨ, ਪਛਾਣਨ, ਵਿਸਥਾਰਨ ਅਤੇ ਮੁੜ ਤੋਂ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਅਤੇ ਨਵੇਂ ਨਰੋਏ ਕਦਮਾਂ ਨਾਲ ਸਫਰ ਸ਼ੁਰੂ ਕਰਨ ਦੇ ਯੋਗ ਹੁੰਦਾ।

ਇਹ ਦਵਾ ਹੀ ਹੁੰਦੀ, ਜੋ ਜਖਮ ਨੂੰ ਤਾਂ ਮਿਟਾ ਦਿੰਦੀ, ਪਰ ਜਿਸਮ 'ਤੇ ਇਕ ਦਾਗ ਸਦੀਵੀ ਰਹਿ ਜਾਂਦਾ ਜੋ ਕਈ ਵਾਰ ਆਪਣਿਆਂ ਨੇ ਦਿੱਤਾ ਹੁੰਦਾ। ਇਸ ਦੀ ਚੀਸ ਕਦੇ ਵੀ ਨਹੀਂ ਜਾਂਦੀ। ਕੁਝ ਜਖਮ ਰੂਹ 'ਤੇ ਵੀ ਲੱਗੇ ਹੁੰਦੇ, ਜੋ ਸਦਾ ਟੱਸਕਦੇ ਰਹਿੰਦੇ ਅਤੇ ਮੂਕ ਲੇਰ, ਮਨ-ਵਿਹੜੇ ਵਿਚ ਤਾਰੀ ਰਹਿੰਦੀ।

ਜਿਸਮ 'ਤੇ ਲੱਗੇ ਹੋਏ ਦਾਗਾਂ ਨੂੰ ਮਿਟਾਉਣ ਅਤੇ ਰੂਹ 'ਤੇ ਪਈਆਂ ਝਰੀਟਾਂ ਨੂੰ ਖਤਮ ਕਰਨ ਲਈ ਫਿਰ ਇਕ ਹੀ ਰਾਹ ਬਚਦਾ ਹੈ, ਉਹ ਹੈ ਦੁਆ ਦਾ। ਇਹ ਮਨ ਵਿਚੋਂ ਨਿਕਲੀ ਦੁਆ ਹੀ ਹੁੰਦੀ ਕਿ ਬੰਦਾ ਆਪਣੇ ਜਖਮ ਵੀ ਭੁੱਲ ਜਾਂਦਾ। ਰੂਹ 'ਤੇ ਪਈਆਂ ਝਰੀਟਾਂ ਨੂੰ ਵਿਸਾਰ ਕੇ ਸਰਬ-ਸੁਖਨ ਲਈ ਦੁਆ ਕਰਦਾ। ਇਸ ਦੁਆ ਵਿਚ ਸ਼ਾਮਲ ਹੁੰਦੇ ਨੇ ਸਾਰੇ-ਕੀ ਆਪਣੇ ਤੇ ਕੀ ਪਰਾਏ, ਕੀ ਦੁੱਖ ਦੇਣ ਵਾਲੇ ਤੇ ਕੀ ਦੁੱਖ-ਦਰਦ ਦੂਰ ਕਰਨ ਵਾਲੇ, ਕੀ ਰਾਹ ਪਾਉਣ ਵਾਲੇ ਅਤੇ ਕੀ ਰਾਹੋਂ ਭਟਕਾਉਣ ਵਾਲੇ। ਦੁਆ ਦਾ ਕੋਈ ਧਰਮ ਨਹੀਂ ਅਤੇ ਨਾ ਹੀ ਕਿਸੇ ਵਿਸ਼ੇਸ਼ ਵਰਗ ਲਈ ਹੁੰਦੀ। ਦੁਆ ਦਾ ਕਰਮ ਹੀ ਮਨੁੱਖੀ ਬੰਦਿਆਈ, ਭਲਿਆਈ ਤੇ ਚੰਗਿਆਈ ਨੂੰ ਸਮੁੱਚੀ ਲੋਕਾਈ ਦੇ ਨਾਮ ਅਰਪਿੱਤ ਕਰਨਾ ਅਤੇ ਖੁਦ ਲਈ ਮਨ ਦੀ ਸੰਤੁਸ਼ਟੀ ਦੀਆਂ ਨਿਆਮਤਾਂ ਦਾ ਦਾਨ ਮੰਗਣਾ ਹੁੰਦਾ।

ਦਵਾਈ ਤੋਂ ਬਾਅਦ ਦੁਆ ਦਾ ਪੈਂਡਾ ਤੈਅ ਕਰਨਾ ਤਾਂ ਮੁਸ਼ਕਿਲ, ਪਰ ਜਿਹੜੇ ਲੋਕ ਇਸ ਮਾਰਗ ਦੇ ਪਾਂਧੀ ਬਣਦੇ, ਉਹ ਨਵੀਆਂ ਪੈੜਾਂ ਤੇ ਰਾਹਾਂ ਦੀ ਨਿਸ਼ਾਨਦੇਹੀ ਕਰਦੇ। ਉਹ ਜ਼ਿੰਦਗੀ ਦੇ ਸੁੱਚਮ ਤੇ ਉਚਮ ਦਾ ਦਮ ਭਰਦੇ। ਉਹ ਹਾਸਿਆਂ, ਖੇੜਿਆਂ, ਖਿਆਲਾਂ, ਖਬਤਾਂ ਅਤੇ ਖੁਆਬਾਂ ਨੂੰ ਕੋਰੇ ਮਨਾਂ ਦੇ ਨਾਮ ਕਰਦੇ ਅਤੇ ਫਿਰ ਸੁਪਨਿਆਂ ਦੀ ਮੌਲਦੀ ਫਸਲ, ਦੁਨਿਆਵੀ ਬੇਗਾਨਗੀ ਤੇ ਬੇਰੌਣਕੀ ਦੇ ਨਾਮ ਕਰਦੇ।

ਦੁਆ ਉਹ ਹੀ ਕਰ ਸਕਦਾ, ਜਿਸ ਦੇ ਅੱਖ ਵਿਚ ਅੱਥਰੂ ਛਲਕਦੇ ਹੋਣ, ਦੁੱਖ ਸੁਣ ਕੇ ਜਿਸ ਦਾ ਗਲਾ ਭਰ ਆਵੇ, ਜੋ ਦਰਦ-ਗਾਥਾ ਪੜ੍ਹਦਾ-ਪੜ੍ਹਦਾ ਹੰਝੂਆਂ ਨਾਲ ਵਰਕਿਆਂ ਨੂੰ ਭਿਓਂਵੇ, ਜਿਹੜਾ ਕਿਸੇ ਦੇ ਦਰਦ ਵਿਚ ਪੀੜ-ਪੀੜ ਹੋ ਜਾਵੇ, ਜਿਹੜਾ ਕਿਸੇ ਦੀਆਂ ਨਮ ਅੱਖਾਂ ਨੂੰ ਸੁਕਾਵੇ, ਜਿਹੜਾ ਤਿੜਕੇ ਸੁਪਨਿਆਂ ਨੂੰ ਉਚੇਰੀ ਪਰਵਾਜ਼ ਦੇਣ ਦੇ ਕਾਬਲ ਬਣਾਵੇ, ਜਿਹੜਾ ਪਰਿੰਦਿਆਂ ਦੇ ਨਾਮ ਅੰਬਰ ਕਰੇ, ਜਿਹੜਾ ਫੁੱਲਪੱਤੀਆਂ ਵਿਚੋਂ ਕੁਦਰਤ ਨੂੰ ਨਿਹਾਰੇ, ਜਿਹੜਾ ਬਿਰਖਾਂ-ਬੂਟਿਆਂ ਨੂੰ ਜਿਉਂਦਾ ਸਮਝਦਾ ਹੋਵੇ, ਜੋ ਧਾਰਮਿਕ ਅਡੰਬਰਾਂ ਤੋਂ ਮੁਨਕਰ ਹੋਵੇ, ਜਿਸ ਲਈ ਵਰਣ, ਜਾਤ, ਨਸਲ ਅਤੇ ਧਾਰਮਿਕ ਵੰਡੀਆਂ ਲਈ ਕੋਈ ਥਾਂ ਨਾ ਹੋਵੇ। ਸਭ ਤੋਂ ਜਰੂਰੀ ਹੈ ਕਿ ਜਿਸ ਦਾ ਕੋਈ ਨਾਂ, ਥਾਂ ਤੇ ਗਰਾਂ ਨਾ ਹੋਵੇ, ਸਗੋਂ ਫੱਕਰ-ਲੋਕ। ਸਿਰਫ ਸੀਮਤ ਲੋੜਾਂ ਨਾਲ ਮਾਨਵਤਾ ਦੇ ਮਾਰਗ 'ਤੇ ਚੱਲਣ ਵਾਲੇ ਲੋਕ ਹੀ ਦੁਆਵਾਂ ਮੰਗਦੇ ਅਤੇ ਇਨ੍ਹਾਂ ਦੀਆਂ ਦੁਆਵਾਂ ਬਹੁਤ ਅਸਰ-ਅੰਦਾਜ਼। ਲੋਕ ਦਿਖਾਵੇ ਲਈ ਜੋੜੇ ਹੋਏ ਹੱਥਾਂ, ਮੁੰਧੀਆਂ ਅੱਖਾਂ ਅਤੇ ਸੁੰਨ-



ਸਮਾਧੀ ਵਿਚ ਲੀਨ ਹੋਣ ਦਾ ਭਰਮ ਪਾਲਣ ਵਾਲਿਆਂ ਦੀਆਂ ਦੁਆਵਾਂ ਕਦ ਕਬੂਲ ਹੁੰਦੀਆਂ? ਕੁਦਰਤ ਨੂੰ ਸਾਡੇ ਤੋਂ ਵੀ ਪਹਿਲਾਂ ਪਤਾ ਹੁੰਦਾ ਹੈ ਕਿ ਕੌਣ, ਕਿਸ ਲਈ ਅਤੇ ਕਿਹੜੀ ਮਨੋ-ਕਾਮਨਾਵਾਂ ਨਾਲ ਕਿਸ ਰੂਪ ਵਿਚ ਦੁਆ ਕਰ ਰਿਹਾ?

ਦੁਆ ਕਰੋ ਕਿ ਹਰ ਦਿਨ ਜ਼ਿੰਦਗੀ ਦੇ ਰੰਗਾਂ ਨਾਲ ਭਰਿਆ ਹੋਵੇ। ਹਰ ਪਲ ਸ਼ੁਕਰ-ਗੁਜ਼ਾਰੀ ਨਾਲ ਵਰਿਆ ਹੋਵੇ। ਹਰ ਰਾਤ ਤਾਰਿਆਂ ਨਾਲ ਜਗਮਗਾਵੇ ਅਤੇ ਹਰ ਸਰਘੀ ਜੀਵਨ ਲੋਅ ਲੈ ਕੇ ਦਰੀਂ ਆਵੇ। ਹਰ ਦਰ 'ਤੇ ਸ਼ਗਨਾਂ ਦਾ ਤੇਲ ਚੋਵੇ, ਹਰ ਬੂਹੇ 'ਤੇ ਨਿੰਮ ਦੇ ਪੱਤਿਆਂ ਦਾ ਹਾਰ ਹੋਵੇ, ਹਰ ਖਿੜਕੀ ਵਿਚੋਂ ਪੌਣ ਦਾ ਪਸਾਰ ਹੋਵੇ, ਹਰ ਰੌਸ਼ਨਦਾਨ ਚਾਨਣ ਦਾ ਸੰਸਾਰ ਹੋਵੇ, ਹਰ ਘਰ ਨੂੰ ਘਰ ਹੋਣ ਦਾ ਮਾਣ ਹੋਵੇ, ਹਰ ਵਿਹੜਾ ਹੀ ਘਰ ਦਾ ਸੁੱਚਾ ਵਿਸਥਾਰ ਹੋਵੇ ਅਤੇ ਹਰ ਗਰਾਂ 'ਚੋਂ ਵੱਸਣ-ਰੱਸਣ ਦਾ ਮਲਾਲ ਚੋਵੇ।

ਕਦੇ ਵੀ ਕਿਸੇ ਗਰੀਬ ਨੂੰ ਜ਼ਲੀਲ ਨਾ ਕਰੋ। ਕੁਝ ਫੱਕਰ ਸਿਰਫ ਭੀਖ ਲੈਣ ਨਹੀਂ ਆਉਂਦੇ, ਸਗੋਂ ਉਹ ਘਰ ਵਾਲਿਆਂ ਨੂੰ ਦੁਆਵਾਂ ਨਾਲ ਨਿਵਾਜਣ ਆਉਂਦੇ। ਅਜਿਹੇ ਅਲਮਸਤਾਂ ਦੀਆਂ ਦੁਆਵਾਂ ਨਾਲ ਜੀਵਨ ਦੀਆਂ ਅਨੰਦਿਤ ਬਖਸ਼ਿਸ਼ਾਂ ਹਾਸਲ ਹੋ ਜਾਂਦੀਆਂ।

ਜਿੰਨੀ ਵਾਰ ਤੁਸੀਂ ਦੁਆ ਕਰੋਗੇ, ਤਕਦੀਰ ਵੀ ਉਨੀ ਵਾਰ ਹੀ ਬਦਲੇਗੀ, ਕਿਉਂਕਿ ਦੁਆ ਦੌਰਾਨ ਤਕਦੀਰ ਹੀ ਸਭ ਤੋਂ ਪਹਿਲਾਂ ਤੁਹਾਡੇ ਦਰ ਦੀ ਦਸਤਕ ਬਣਦੀ।

ਦੁਆ ਬੰਦੇ ਦੀ ਮਾਨਸਿਕਤਾ ਵਿਚਲਾ ਬਦਲਾਅ। ਮਨ ਵਿਚ ਪੈਦਾ ਹੋਈ ਵਿਚਾਰਧਾਰਾ ਦਾ ਉਹ ਪ੍ਰਵਾਹ ਜਿਸ ਨੇ ਤੁਹਾਡੀ ਸੋਚ, ਕਰਮਸ਼ੈਲੀ, ਨਜ਼ਰੀਆ ਅਤੇ ਵਿਅਕਤੀਤਵ ਨੂੰ ਮਾਨਵਪੱਖੀ ਕਰਨਾ ਹੁੰਦਾ। ਇਸ ਨਾਲ ਹੀ ਕਿਸਮਤ ਨੂੰ ਨਵੀਂ ਬੁਲੰਦੀ ਦਾ ਨਾਮਕਰਨ ਮਿਲਦਾ।

ਦੁਆ ਇਕ ਆਸਥਾ। ਖੁਦ 'ਤੇ ਭਰੋਸਾ ਅਤੇ ਵਿਸ਼ਵਾਸ। ਖੁਦ ਦੀਆਂ ਨਾਕਾਮੀਆਂ, ਕਮੀਆਂ ਅਤੇ ਕੁਤਾਹੀਆਂ ਦਾ ਗਿਆਨ। ਇਸ ਦੀ ਸੋਝੀ ਵਿਚੋਂ ਹੀ ਨਿਖਰਦਾ ਏ ਇਨਸਾਨ ਅਤੇ ਬਣਦਾ ਇਨਸਾਨੀਅਤ ਦਾ ਦਰਬਾਨ।

ਬਦਨਸੀਬ ਉਹ ਲੋਕ ਹੁੰਦੇ, ਜਿਨ੍ਹਾਂ ਕਿਸੇ ਲਈ ਦੁਆ ਤਾਂ ਕੀ ਕਰਨੀ, ਉਨ੍ਹਾਂ ਕੋਲ ਤਾਂ ਖੁਦ ਲਈ ਵੀ ਦੁਆ ਮੰਗਣ ਲਈ ਵਕਤ ਨਹੀਂ। ਦੁਆ ਲਈ ਸਭ ਤੋਂ ਜਰੂਰੀ ਹੁੰਦਾ ਹੈ ਖੁਦ ਨਾਲ ਜੁੜਨਾ। ਭਲਾ ਖੁਦ ਨਾਲੋਂ ਹੀ ਬਿਖਰੇ ਹੋਏ ਲੋਕ ਕਿਵੇਂ ਦੁਆ ਮੰਗ ਸਕਦੇ?

ਐ ਬੰਦੇ! ਕੁਝ ਤਾਂ ਅਜਿਹਾ ਕਰ ਕਿ ਤੈਨੂੰ ਦੁਆ ਮੰਗਣ ਦੀ ਨੌਬਤ ਹੀ ਨਾ ਆਵੇ, ਸਗੋਂ ਲੋਕ ਹੀ ਤੇਰੇ ਲਈ ਦੁਆਵਾਂ ਮੰਗਣ। ਉਹ ਆਪਣੀਆਂ ਦੁਆਵਾਂ ਵਿਚ ਤੈਨੂੰ ਯਾਦ ਰੱਖਣ ਅਤੇ ਤੇਰੀਆਂ ਬਲਾਵਾਂ ਆਪਣੇ ਸਿਰ ਲੈਣ ਲਈ ਜੋਦੜੀ ਕਰਨ।

ਹਰ ਰੋਜ਼ ਚੰਨ ਨਿਕਲਣ 'ਤੇ ਦੁਆ ਮੰਗੋ ਕਿ ਜੀਵਨੀ ਰਾਤ ਨੂੰ ਹਮੇਸ਼ਾ ਪੁੰਨਿਆਂ ਦਾ ਸਾਥ ਮਿਲਦਾ ਰਹੇ। ਵੀਰਾਨੀਆਂ ਵਿਚ ਚਾਵਾਂ ਦਾ ਚਮਨ ਖਿੜਦਾ ਰਹੇ। ਤਕਦੀਰ ਮਿਹਰਬਾਨ ਹੁੰਦੀ ਰਹੇ। ਸੱਜਣਾਂ-ਸਨੇਹੀਆਂ ਦੀ ਮੁਹੱਬਤ ਅਤੇ ਮਿੱਤਰ-ਪਿਆਰਿਆਂ ਦੀਆਂ ਯਾਦਾਂ ਦਾ ਕਾਫਲਾ ਮਨ-ਬੀਹੀ ਵਿਚ ਦਸਤਕ ਦਿੰਦਾ ਰਹੇ। ਦੁਆ ਵਿਚੋਂ ਨਿਕਲਿਆ ਇਕ ਹੀ ਹੰਝੂ ਵਕਤ ਨੂੰ ਬਦਲਣ ਦੀ ਸਮਰੱਥਾ ਰੱਖਦਾ।

ਮਾਂ ਦੀ ਦੁਆ, ਵਕਤ ਤਾਂ ਕੀ, ਉਹ ਤਾਂ ਨਸੀਬ ਵੀ ਬਦਲ ਦਿੰਦੀ ਹੈ। ਜਦ ਮਾਂ ਦੀ ਦੁਆ ਕੰਮ ਨਾ ਕਰੇ ਤਾਂ ਸਮਝੋ ਕਿ ਅਸੀਂ ਮਾਂ ਨੂੰ ਹੀ ਦੁਖੀ ਕਰ ਦਿੱਤਾ ਹੈ।

ਜ਼ਿੰਦਗੀ ਬਹੁਤ ਹੀ ਖੂਬਸੂਰਤ। ਇਸ ਨੂੰ ਹੋਰ ਖੂਬਸੂਰਤ ਬਣਾਉਣ ਲਈ ਜਰੂਰੀ ਹੈ ਕਿ ਅਸੀਂ ਇਕ ਦੂਜੇ ਨੂੰ ਦੁਆਵਾਂ ਦਿੰਦੇ ਰਹੀਏ ਅਤੇ ਦੁਆਵਾਂ ਲੈਂਦੇ ਰਹੀਏ। ਉਹ ਕਿਸਮਤ ਦੇ ਧਨੀ ਹੁੰਦੇ, ਜਿਨ੍ਹਾਂ 'ਤੇ ਹੁੰਦੀ ਹੈ ਆਪਣੇ ਬਜੁਰਗਾਂ ਦੀਆਂ ਦੁਆਵਾਂ ਦੀ ਛਾਂ। ਇਸ ਛਾਂ ਵਿਚੋਂ ਹੀ ਉਹ ਜ਼ਿੰਦਗੀ ਦੀਆਂ ਤਮਾਮ ਸੰਭਾਵਨਾਵਾਂ ਤੇ ਸੁਪਨਿਆਂ ਨੂੰ ਸੰਪੂਰਨ ਕਰਨ ਦੇ ਕਾਬਲ ਹੁੰਦੇ। ਉਨ੍ਹਾਂ ਦੀਆਂ ਸਫਲਤਾਵਾਂ ਵਿਚੋਂ ਵੀ ਨਿਕਲੀਆਂ ਦੁਆਵਾਂ ਦੀਆਂ ਤਰੰਗਾਂ ਚੌਗਿਰਦੇ ਨੂੰ ਮਹਿਫੂਜ਼ੀਅਤ ਬਖਸ਼ਦੀਆਂ।

ਦੁਆਵਾਂ ਦਾ ਕੋਈ ਰੰਗ ਨਹੀਂ, ਪਰ ਇਹ ਦੁਆਵਾਂ ਆਦਮੀ ਦੀਆਂ ਜ਼ਿੰਦਗੀ ਨੂੰ ਸੂਹੇ ਅਤੇ ਗੂੜ੍ਹੇ ਰੰਗਾਂ ਨਾਲ ਭਰਦੀਆਂ। ਜ਼ਿੰਦਗੀ ਦੀਆਂ ਤਸ਼ਬੀਹਾਂ, ਤਦਬੀਰਾਂ ਅਤੇ ਤਕਦੀਰਾਂ ਬਦਲ ਜਾਂਦੀਆਂ। ਹਨੇਰਿਆਂ ਵਿਚ ਚਾਨਣ, ਦੁੱਖਾਂ ਵਿਚ ਸੁੱਖ ਅਤੇ ਅਪੂਰਨਤਾ ਵਿਚੋਂ ਵੀ ਪੂਰਨਤਾ ਦਾ ਅਹਿਸਾਸ ਉਪਜਦਾ।

ਦੁਆ ਬਾਦਸ਼ਾਹੀਅਤ, ਬਰਕਤ, ਬਹਿਸ਼ਤ, ਬੰਦਗੀ ਅਤੇ ਬੰਦਿਆਈ ਦਾ ਬੂਹਾ। ਇਸ ਵਿਚੋਂ ਹੀ ਨਾਜ਼ਲ ਹੁੰਦੀ ਹਿਕਮਤ, ਹਿਫਾਜ਼ਤ, ਹਲੀਮੀ, ਹਮਦਰਦੀ ਅਤੇ ਹਸਮੁਖਤਾ। ਦੁਆਵਾਂ ਇਕ ਬਖਸ਼ਿਸ਼ ਜਿਸ ਦੀ ਅਨਾਇਤ ਵਿਚੋਂ ਜੀਵਨ ਨੂੰ ਸੁਖਨ, ਸਕੂਨ, ਸਬਰ, ਸਹਿਣਸ਼ੀਲਤਾ, ਸਾਦਗੀ ਅਤੇ ਸਮਰਪਿਤਾ ਦਾ ਸਬਕ ਮਿਲਦਾ।

ਦੁਆ ਵਿਚ ਹੀ ਮਾਫੀ, ਮਨੌਤ, ਮਾਨਵਤਾ, ਮਾਸੂਮੀਅਤ ਅਤੇ ਮਾਨਸਿਕਤਾ ਨੂੰ ਮਾਨਤਾ ਮਿਲਦੀ। ਮਾਸੂਮਾਂ, ਮਾਂ-ਮਛੋਰਾਂ, ਮਾਤਹਿਤਾਂ ਲਈ ਦੁਆ ਬਹੁਤ ਹੀ ਜਰੂਰੀ।

ਦੁਆ ਤਾਂ ਹਰੇਕ ਹੀ ਕਰਦਾ, ਪਰ ਸਭ ਤੋਂ ਵੱਡੀ, ਸੱਚੀ, ਸੁੱਚੀ ਅਤੇ ਸਮੂਹਿਕ ਦੁਆ ਸਿਰਫ ਮਾਂ ਹੀ ਕਰਦੀ। ਮਾਂ ਦੇ ਮਨ ਵਿਚ ਸਭ ਲਈ ਅਸੀਸਾਂ, ਅਰਦਾਸ ਅਤੇ ਅਰਜੋਈ। ਮਾਂ ਦੀ ਰਹਿਬਰੀ ਤੋਂ ਵੱਡੀ ਕੋਈ ਦੁਆ ਹੋ ਹੀ ਨਹੀਂ ਸਕਦੀ।

ਮੁਸ਼ਕਿਲ, ਦੁੱਖ, ਤਕਲੀਫ, ਔਕੜ ਅਤੇ ਕਸ਼ਟਾਂ ਵਿਚ ਦੁਆ ਜਰੂਰ ਕਰੋ, ਕਿਉਂਕਿ ਜਦ ਦੁਆ ਅਸਰ-ਅੰਦਾਜ਼ ਹੁੰਦੀ ਤਾਂ ਮੁਸ਼ਕਿਲ ਖਤਮ ਹੋ ਜਾਂਦੀ ਅਤੇ ਜੀਵਨੀ ਪੈਂਡਿਆਂ ਨੂੰ ਇਕ ਸੇਧ ਮਿਲਦੀ, ਜਿਨ੍ਹਾਂ ਨਾਲ ਜੀਵਨ ਮਾਰਗ ਪੱਧਰਾ ਤੇ ਸਫਰ ਸੁਖਾਵਾਂ ਹੋ ਜਾਂਦਾ।

ਆਪਣੇ ਲਈ ਹਰ ਕੋਈ ਦੁਆ ਕਰਦਾ, ਪਰ ਸਭ ਤੋਂ ਅਹਿਮ ਉਹ ਲੋਕ ਹੁੰਦੇ, ਜੋ ਦੂਸਰਿਆਂ ਲਈ ਦੁਆ ਕਰਦੇ। ਦਰਅਸਲ ਦੁਆ ਮਨ ਦੀ ਪਾਕੀਜ਼ਗੀ, ਸਾਦਗੀ, ਸ਼ਫਾਫਤਾ ਤੇ ਸਮਰਪਿਤਾ ਦਾ ਆਵੇਸ਼। ਇਹ ਅਲਹਾਮ, ਜੋ ਕਿਸੇ ਲਈ, ਕਿਸੇ ਨਾ ਕਿਸੇ ਰੂਪ ਵਿਚ ਦਿੱਤੀ ਜਾਂਦੀ। ਦੂਸਰਿਆਂ ਲਈ ਦੁਆ ਕਰਨ ਵਾਲਿਆਂ ਲਈ ਦੁਆ ਦਾ ਅਸਰ ਸਭ ਤੋਂ ਪਹਿਲਾਂ ਹੁੰਦਾ, ਕਿਉਂਕਿ ਦੁਆ ਵਿਚੋਂ ਹੀ ਦੁਆਵਾਂ ਦਾ ਜਨਮ ਹੁੰਦਾ। ਦੁਆ ਰਾਹੀਂ ਕਿਸੇ ਲਈ ਸ਼ੁਭ-ਚਿੰਤਨ ਵਿਚੋਂ ਅਸੀਂ ਖੁਦ ਦੇ ਰੁਬਰੂ ਹੁੰਦੇ। ਜਦ ਬਜੁਰਗ ਕਹਿੰਦੇ ਸਨ ਕਿ ਪਰਮਾਤਮਾ ਸਭ ਦਾ ਭਲਾ ਕਰੀਂ ਤੇ ਕਿਸੇ ਪਿੱਛੇ ਸਾਡਾ ਵੀ ਭਲਾ ਕਰੀਂ ਤਾਂ ਇਹ ਦੁਆ ਉਸ ਉਚੀ ਮਰਕਜ਼ ਦਾ ਸਿਖਰ ਹੈ। ਇਸ 'ਤੇ ਸਿਰਫ ਪਾਕ ਵਿਅਕਤੀ ਹੀ ਪਹੁੰਚ ਸਕਦਾ, ਕਿਉਂਕਿ ਉਹ ਕਿਸੇ ਦੀ ਭਲਾਈ ਵਿਚੋਂ ਹੀ ਆਪਣੀ ਚੰਗਿਆਈ ਸਮਝਦਾ ਅਤੇ ਇਸ ਵਿਚੋਂ ਹੀ ਆਪਣੀ ਭਲਿਆਈ ਦਾ ਦਾਨ ਮੰਗਦਾ।

ਜੀਵਨ ਵਿਚ ਦੁੱਖ ਦੀ ਬਹੁਤ ਅਹਿਮੀਅਤ ਹੈ। ਇਨ੍ਹਾਂ ਨੂੰ ਝੱਲਣਾ ਅਤੇ ਇਨ੍ਹਾਂ ਤੇ ਫਤਿਹ ਪਾਉਣੀ ਹੀ ਮਨੁੱਖ ਦਾ ਪਰਮ ਧਰਮ। ਇਸ ਲਈ ਇਹ ਦੁਆ ਨਾ ਕਰੋ ਕਿ ਸਾਨੂੰ ਕੋਈ ਦੁੱਖ ਤਕਲੀਫ ਨਾ ਆਵੇ ਸਗੋਂ ਇਹ ਦੁਆ ਕਰੋ ਕਿ ਸਾਡੇ ਵਿਚ ਇੰਨਾ ਸਿਰੜ, ਸਿਦਕ, ਹੌਸਲਾ, ਹੱਠ ਅਤੇ ਦਲੇਰੀ ਹੋਵੇ ਕਿ ਅਸੀਂ ਇਨ੍ਹਾਂ ਦਾ ਸਾਹਮਣਾ ਕਰਦੇ, ਇਨ੍ਹਾਂ ਨੂੰ ਹਰਾ ਕੇ ਜ਼ਿੰਦਗੀ ਦੇ ਮੱਥੇ ਤੇ ਜਿੱਤ ਦਾ ਨਿਸ਼ਾਨ ਉਕਰ ਸਕੀਏ।

ਇਬਾਦਤ ਤੋਂ ਦੁਆ ਦਾ ਪੈਂਡਾ ਤੈਅ ਕਰਨ ਵਾਲੇ ਹੁੰਦੇ ਨੇ ਫੱਕਰ ਲੋਕ, ਜਿਨ੍ਹਾਂ ਦੀਆਂ ਦੁਆਵਾਂ ਵਿਚ ਬਾਦਸ਼ਾਹ ਨੂੰ ਫਕੀਰ ਅਤੇ ਫੱਕਰ ਨੂੰ ਪਾਤਸ਼ਾਹ ਬਣਾਉਣ ਦੀ ਤਾਕਤ ਹੁੰਦੀ। ਦੁਆਵਾਂ ਦੇਣ ਅਤੇ ਮੰਗਣ ਦੀ ਵੀ ਆਪਣੀ ਹੀ ਜੁਗਤ ਅਤੇ ਯਕੀਨ। ਦਰਅਸਲ ਦੁਆ, ਸਾਡਾ ਖੁਦ 'ਤੇ ਯਕੀਨ, ਆਪਣੀ ਸਮਰੱਥਾ 'ਤੇ ਭਰੋਸਾ ਅਤੇ ਕੁਦਰਤ ਦੀਆਂ ਅਨੰਤ ਬਖਸ਼ਿਸ਼ਾਂ ਦੀ ਸ਼ੁਕਰਗੁਜਾਰੀ ਹੁੰਦੀ। ਇਨ੍ਹਾਂ ਦੀ ਤਾਮੀਰਦਾਰੀ ਵਿਚੋਂ ਹੀ ਖੁਦ ਨੂੰ ਤਾਮੀਰ ਕਰਨ ਦਾ ਫਖਰ ਹਾਸਲ ਹੁੰਦਾ।

ਦੁਆ ਸਿਰਫ ਜ਼ੁਬਾਨ ਵਿਚੋਂ ਹੀ ਨਹੀਂ ਕਰੀ ਜਾਂਦੀ, ਸਗੋਂ ਦੁਆ ਤਾਂ ਚੁੱਪ ਵਿਚੋਂ, ਅੱਖਾਂ ਵਿਚੋਂ, ਖਾਮੋਸ਼ੀ ਵਿਚੋਂ, ਜੁੜੇ ਹੋਏ ਹੱਥਾਂ ਵਿਚੋਂ ਅਤੇ ਖੁਦ ਨਾਲ ਜੁੜ ਵੀ ਕੀਤੀ ਜਾਂਦੀ। ਤਾਂ ਹੀ ਬੇਜ਼ੁਬਾਨ, ਗੁੰਗੇ, ਬੋਲੇ, ਨੇਤਰਹੀਣ ਤੇ ਅੰਗਹੀਣ ਵੀ ਦੁਆ ਕਰਦੇ। ਇਸ ਦੀ ਅਦਾ ਹੀ ਵੱਖਰੀ। ਅਦਾਇਗੀ ਵੀ ਅਨੋਖੀ। ਅਰਪਿੱਤਾ ਵੀ ਅੱਡਰੀ। ਅੰਦਾਜ਼ ਹੀ ਨਿਰਾਲਾ। ਇਸ ਦੀ ਆਵੇਸ਼ਤਾ ਅਤੇ ਇਲਹਾਮ ਨੂੰ ਸਥਾਨ, ਸਮਾਂ ਜਾਂ ਸਥਿਤੀ ਵਿਚ ਨਹੀਂ ਬੰਨਿਆ ਜਾ ਸਕਦਾ। ਦੁਆ ਸਿਰਫ ਧਾਰਮਿਕ ਸਥਾਨਾਂ 'ਤੇ ਹੀ ਕਬੂਲ ਨਹੀਂ ਹੁੰਦੀ। ਦੁਆ ਤਾਂ ਕਿਤੇ ਵੀ, ਕਿਧਰੇ ਵੀ ਅਤੇ ਕਿਸੇ ਵੀ ਸਥਿਤੀ ਵਿਚ ਦਿਲ ਵਿਚੋਂ ਨਿਕਲੇ ਤਾਂ ਸਦਾ ਕਬੂਲ ਹੁੰਦੀ। ਦੁਆ ਰੂਹ-ਰੰਗਤਾ, ਰੂਹ ਦੀਆਂ ਰਮਜ਼ਾਂ ਅਤੇ ਰੂਹ-ਰਮਤਾ ਨੂੰ ਕਰਮ-ਰੇਖਾਵਾਂ ਵਿਚੋਂ ਉਘਾੜਨਾ ਹੁੰਦਾ ਅਤੇ ਸੂਹਜ-ਮੁਖੀ ਅਕਸ ਨੂੰ ਲਿਸ਼ਕਾਰਨਾ ਹੁੰਦਾ।

ਸਭ ਤੋਂ ਅਜ਼ੀਮ ਇਬਾਦਤ ਤਾਂ ਜ਼ਿੰਦਗੀ ਹੈ। ਜਦ ਇਹ ਕਿਸੇ ਦੇ ਕੰਮ ਆਵੇ, ਕਿਸੇ ਦੇ ਅੱਥਰੂ ਪੂੰਝੇ, ਜਖਮਾਂ ਨੂੰ ਸਹਿਲਾਵੇ, ਮਰ੍ਹਮ ਲਾਵੇ, ਅੱਖਰਹੀਣ ਨੈਣਾਂ ਵਿਚ ਸ਼ਬਦਾਂ ਦੀ ਜੋਤ ਜਗਾਵੇ ਅਤੇ ਭੁੱਖੇ ਢਿੱਡ ਨੂੰ ਟੁੱਕਰ ਪਾਵੇ ਤਾਂ ਜ਼ਿੰਦਗੀ ਦੀ ਇਹ ਇਬਾਦਤ ਆਪਣੀ ਪੂਰਨਤਾ ਅਤੇ ਪਹਿਲਕਦਮੀ ਦਾ ਨਗਮਾ ਵਕਤਾਂ ਦੇ ਨਾਮ ਲਾਵੇ। ਇਹ ਜ਼ਿੰਦਗੀ ਦਾ ਜ਼ਿੰਦਗੀ ਨੂੰ ਦਿੱਤਾ ਅਨਮੋਲ ਤੋਹਫਾ ਹੁੰਦਾ। ਇਹ ਸੁਗਾਤ ਬਹੁਤ ਵਿਰਲੇ ਹੀ ਕਿਸੇ ਨੂੰ ਅੰਤਰੀਵੀ ਦੁਆ ਦੇ ਰੂਪ ਵਿਚ ਬਖਸ਼ਦੇ। ਅਸੀਂ ਭਾਵੇਂ ਦੂਰ ਦੂਰ ਰਹੀਏ, ਵਰਿਆਂ ਬਾਅਦ ਮਿਲੀਏ, ਕਦੇ ਕਦਾਈਂ ਸੁੱਖ-ਸੁਨੇਹਾ ਵੀ ਭੇਜਦੇ ਰਹੀਏ, ਪਰ ਜੇ ਅਸੀਂ ਕਿਸੇ ਨੂੰ ਆਪਣੀਆਂ ਦੁਆਵਾਂ ਵਿਚ, ਦਿਲ ਵਿਚ, ਦਿੱਬ-ਦ੍ਰਿਸ਼ਟੀ ਵਿਚ ਅਤੇ ਦਰਵੇਸ਼ੀ ਵਿਚ ਯਾਦ ਰੱਖਦੇ ਹਾਂ ਤਾਂ ਅਸੀਂ ਮਿੱਤਰ-ਪਿਆਰਿਆਂ ਦੇ ਸਭ ਤੋਂ ਕਰੀਬ, ਅਦੀਬ ਅਤੇ ਹਬੀਬ ਹੁੰਦੇ। ਤਾਂ ਹੀ ਕਹਿੰਦੇ ਨੇ ਜਦ ਅਸੀਂ ਕਿਸੇ ਨੂੰ ਦੁਆਵਾਂ ਵਿਚ ਯਾਦ ਰੱਖਦੇ ਹਾਂ ਤਾਂ ਉਮਰ ਭਰ ਨਿਭਦੀਆਂ ਨੇ ਸਾਂਝਾਂ, ਸਬੰਧ ਅਤੇ ਸਕੀਰੀਆਂ।

ਯਾਦ ਝਰੋਖਾ

# ਜ਼ਿੰਦਗੀ ਦਾ ਅਸਹਿਜ ਪਾਠ: ਮਹਿੰਦਰ

ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਨਵਾਂ ਸ਼ਹਿਰ ਦੇ ਆਰ. ਕੇ. ਆਰੀਆ ਕਾਲਜ ਵਿਚ ਪੜ੍ਹਦਿਆਂ ਪ੍ਰੈੱਪ ਵਿਚ ਮੇਰੇ ਬਚਪਨ ਦੇ ਦੋਸਤ ਸੋਢੀ ਦੇ ਕੈਨੇਡਾ ਚਲੇ ਜਾਣ ਬਾਅਦ ਮੇਰਾ ਪੜ੍ਹਨੋਂ ਮਨ ਉਕਤਾਉਣ ਲੱਗ ਪਿਆ ਤੇ ਮੇਰੀ ਕੰਪਾਰਟਮੈਂਟ ਆ ਗਈ। ਬੀ. ਏ. ਵੰਨ ਵਿਚ ਪੜ੍ਹਦਿਆਂ ਮੇਰਾ ਧਿਆਨ ਕੰਪਾਰਟਮੈਂਟ ਵਿਚ ਹੀ ਰਿਹਾ, ਜਿਸ ਕਰਕੇ ਮੇਰੀ ਕੰਪਾਰਟਮੈਂਟ ਕਲੀਅਰ ਹੋ ਗਈ, ਪਰ ਮੈਂ ਬੀ. ਏ. ਵੰਨ ਵਿਚੋਂ ਫੇਲ੍ਹ ਹੋ ਗਿਆ ਤੇ ਪੜ੍ਹਨੋਂ ਹਟ ਗਿਆ। ਬਸ ਫਿਰ ਰੋਜ਼ ਸਾਈਕਲ ਚੱਕਣਾ, ਕਦੇ ਕਿਤੇ, ਕਦੇ ਕਿਤੇ। ਕਦੇ ਭੈਣ ਦੇ ਪਿੰਡ ਮਹਿੰਦਪੁਰ, ਕਦੇ ਮਾਸੀ ਦੇ ਪਿੰਡ ਐਵੇਂ ਤੇ ਕਦੇ ਨਾਨਕੇ ਪਿੰਡ ਧਮਾਈ। ਨਾ ਉਦੋਂ ਠੰਢ ਲੱਗਣੀ, ਨਾ ਗਰਮੀ; ਨਾ ਧੁੱਪ ਲੱਗਣੀ, ਨਾ ਛਾਂ; ਨਾ ਅੱਕਣਾ, ਨਾ ਥੱਕਣਾ।

ਰੱਬ ਦੀ ਮਰਜ਼ੀ ਇਕ ਸੋਢੀ ਗਿਆ ਤੇ ਦੂਜਾ ਮਿਲ ਪਿਆ। ਇਹ ਦੌਲਤਪੁਰ ਦੇ ਸੋਢੀਆਂ ਦਾ ਦਰਸ਼ਣੀ ਮੁੰਡਾ ਸੀ ਤੇ ਗੁਰੂ ਹਰਗੋਬਿੰਦ ਪਾਤਸ਼ਾਹ ਦੇ ਬੇਟੇ ਬਾਬਾ ਸੂਰਜ ਮੱਲ ਦੀ ਅੰਸ ਬੰਸ ਸੀ।



ਇਹਦਾ ਨਾਂ ਵੀ ਬੜਾ ਵਚਿੱਤਰ ਸੀ, ਹਰਜਸਵਿੰਦਰਪਾਲ ਸਿੰਘ ਸੋਢੀ। ਅੰਗਰੇਜ਼ੀ ਵਿਚ ਲਿਖਣਾ ਹੋਵੇ ਤਾਂ ਪੱਚੀ ਅੱਖਰ ਲਗਦੇ। ਲੋਕ ਉਹਨੂੰ ਪਾਲਾ ਸੋਢੀ ਜਾਂ ਸਿਰਫ ਪਾਲਾ ਕਹਿੰਦੇ।

ਉਹ ਪਾਠੀ ਸੀ ਤੇ ਬੜਾ ਹੀ ਕਮਾਲ ਦਾ ਪਾਠ ਕਰਦਾ। ਸਰਦੀਆਂ ਵਿਚ ਉਹਦੀ ਰੌਲ ਛੇ ਤੋਂ ਅੱਠ ਹੁੰਦੀ ਤੇ ਗਰਮੀਆਂ ਵਿਚ ਅੱਠ ਤੋਂ ਦਸ। ਉਹਦੀ ਰੌਲ ਸਮੇਂ ਬਹਿਣ ਲਈ ਥਾਂ ਨਾ ਮਿਲਦੀ, ਪਹਿਲਾਂ ਜਾ ਕੇ ਥਾਂਹ ਮੱਲਣੀ ਪੈਂਦੀ। ਉਹਦੇ ਪਾਠ ਦੀਆਂ ਧੁੰਮਾਂ ਪੈ ਜਾਣੀਆਂ ਤੇ ਪਾਲਾ ਪਾਲਾ ਹੋ ਜਾਣੀ। ਉਹਦੇ ਅੰਦਰ ਸੋਢੀ ਹੋਣ ਜਾਂ ਕਮਾਲ ਦਾ ਪਾਠੀ ਹੋਣ ਦਾ ਜਰਾ ਵੀ ਮਾਣ ਨਹੀਂ ਸੀ। ਉਦੋਂ ਮੈਂ ਵਿਹਲਾ ਸੀ ਤੇ ਉਹਦੇ ਪਾਠ ਦਾ ਉਪਾਸ਼ਕ ਹੋ ਗਿਆ। ਮੇਰਾ ਵੀ ਜੀ ਕਰੇ ਮੈਂ ਉਹਦੇ ਵਾਂਗ ਪਾਠ ਕਰਾਂ, ਛੇ ਤੋਂ ਅੱਠ ਤੇ ਅੱਠ ਤੋਂ ਦਸ ਧੁੰਮਾਂ ਪਾਵਾਂ।

ਮੇਰਾ ਵੱਡਾ ਭਾਈ ਪੜ੍ਹ ਕੇ ਨੌਕਰੀ ਲਈ ਹੱਥ-ਪੈਰ ਮਾਰ ਰਿਹਾ ਸੀ। ਹੱਥ-ਪੈਰ ਕਾਹਦੇ ਜੱਦੋ-ਜਹਿਦ ਕਰ ਰਿਹਾ ਸੀ। ਉਹਨੇ ਰੇਡੀਓ 'ਤੇ ਸਾਰਾ ਸਾਰਾ ਦਿਨ ਖਬਰਾਂ ਸੁਣਦੇ ਰਹਿਣਾ ਤੇ ਆਪਣੀ ਜੀ. ਕੇ. ਸਾਣ 'ਤੇ ਲਾਈ ਰੱਖਣੀ। ਦੇਸ਼-ਵਿਦੇਸ਼ ਦੀ ਕਿਹੜੀ ਗੱਲ ਸੀ, ਜਿਹੜੀ ਉਹਨੂੰ ਨਹੀਂ ਸੀ ਪਤਾ। ਹਰ ਦਸੀਂ ਪੰਦਰੀਂ ਉਹਦੀ ਇੰਟਰਵਿਊ ਆਉਣੀ। ਅਸੀਂ ਖੁਸ਼ ਹੋਣਾ ਕਿ ਹੁਣ ਵੀਰੇ ਨੂੰ ਨੌਕਰੀ ਮਿਲੀ ਕਿ ਮਿਲੀ ਤੇ ਸਾਡੀਆਂ ਪੌਂ ਬਾਰਾਂ।

ਉਹ ਕਈਆਂ ਕੋਲ ਜਾਂਦਾ ਤੇ ਹਰ ਕੋਈ ਉਹਨੂੰ ਹੱਲਾਸ਼ੇਰੀ ਦਿੰਦਾ, ਸਿਫਾਰਸ਼ ਕੋਈ ਨਾ ਕਰਦਾ ਤੇ ਸਿਫਾਰਿਸ਼ ਬਗੈਰ ਉਹਦੀ ਕਿਤੇ ਗੱਲ ਨਾ ਬਣੀ। ਉਹ ਹਰ ਵਾਰ ਜੀ ਜਾਨ ਨਾਲ ਤਿਆਰੀ ਕਰਦਾ ਤੇ ਹਰ ਵਾਰ ਨਿਰਾਸ਼ ਹੋ ਕੇ ਪਰਤ ਆਉਂਦਾ। ਉਹਨੂੰ ਯਕੀਨ ਹੋ ਗਿਆ ਕਿ ਗੁਰਾਂ ਦੇ ਨਾਂ 'ਤੇ ਵਸਦੇ ਪੰਜਾਬ ਵਿਚ ਉਹਦੇ ਲਈ ਕੋਈ ਥਾਂ ਨਹੀਂ ਸੀ। ਉਹ ਬੁਰੀ ਤਰ੍ਹਾਂ ਟੁੱਟ ਗਿਆ। ਫਿਰ ਉਹਨੇ ਖਿਝ ਕੇ ਇੰਟਰਵਿਊਆਂ ਦੇਣੀਆਂ ਛੱਡ ਦਿੱਤੀਆਂ ਤੇ ਆਪਣਾ ਐਂਪਲੌਇਮੈਂਟ ਐਕਸਚੇਂਜ ਦਾ ਕਾਰਡ ਪਾੜ ਕੇ ਚੁੱਲ੍ਹੇ ਵਿਚ ਸਾੜ ਦਿੱਤਾ। ਉਸ ਦਿਨ ਤੋਂ ਬਾਅਦ ਮੈਂ ਉਹਨੂੰ ਕਈ ਵਾਰ ਖੁਸ਼ਕ ਅੱਥਰੂ ਕੇਰਦੇ ਦੇਖਿਆ। ਨੌਕਰੀ ਦੀ ਝਾਕ ਨੂੰ ਲੱਤ ਮਾਰ ਕੇ, ਉਹ ਵੀ ਪਾਲੇ ਸੋਢੀ ਦਾ ਉਪਾਸ਼ਕ ਹੋ ਗਿਆ ਤੇ ਉਹਦੀ ਵੀ ਜਲਦੀ ਹੀ ਬਤੌਰ ਪਾਠੀ ਪੈਂਠ ਪੈ ਗਈ। ਸਰਦੀਆਂ ਨੂੰ ਛੇ ਤੋਂ ਅੱਠ ਤੇ ਗਰਮੀਆਂ ਨੂੰ ਅੱਠ ਤੋਂ ਦਸ ਮੇਰੇ ਭਾਈ ਦੀ ਰੌਲ ਹੁੰਦੀ ਤੇ ਲੋਕੀਂ ਪਹਿਲਾਂ ਜਾ ਜਾ ਥਾਂਹ ਮੱਲਦੇ।

ਸਾਡੇ ਇਲਾਕੇ ਦੇ ਤਿੰਨ ਪਾਠੀ ਬੜੇ ਹੀ ਮਸ਼ਹੂਰ ਹੋਏ। ਇਕ ਲੰਗੜੋਏ ਦਾ ਸੁਰਜੀਤ ਸਿੰਘ, ਦੂਜਾ ਪਾਲਾ ਸੋਢੀ ਤੇ ਤੀਜਾ ਮੇਰਾ ਭਾਈ। ਸੁਰਜੀਤ ਸਿੰਘ ਪਾਠ ਵਿਚ ਰੱਤੀ ਭਰ ਵੀ ਹੇਕ ਨਹੀਂ ਸੀ ਲਾਉਂਦਾ ਤੇ ਪੂਰੇ ਸਹਿਜ ਅਤੇ ਸੰਜਮ ਵਿਚ ਟਿਕ ਕੇ ਪਾਠ ਕਰਦਾ। ਸੁਰਜੀਤ ਸਿੰਘ ਨੂੰ ਪਾਠ ਕਰਦਿਆਂ ਦੇਖਣ ਸੁਣਨ ਲਈ ਆਸ-ਪਾਸ ਦੇ ਪਿੰਡਾਂ ਦੇ ਲੋਕ ਵੀ ਆ ਬੈਠਦੇ ਤੇ ਏਨੇ ਖੁਸ਼ ਹੁੰਦੇ ਜਿਵੇਂ ਕਿਸੇ ਧਰਮਾਤਮਾ ਦੇ ਦੀਦਾਰ ਕਰ ਲਏ ਹੋਣ। ਸੁਰਜੀਤ ਸਿੰਘ ਸਨ ਹੀ ਅਜਿਹੇ ਸੱਜਣ ਕਿ ਉਨ੍ਹਾਂ ਨੂੰ ਦੇਖ ਕੇ ਹੀ ਮਨ ਸ਼ਾਂਤ ਹੋ ਜਾਂਦਾ, ਜਿਵੇਂ ਜ਼ਿੰਦਗੀ ਸਹਿਜ ਹੋ ਗਈ ਹੋਵੇ।

ਪਾਲਾ ਸੋਢੀ ਅਕਸਰ ਹਾਈ ਪਿੱਚ 'ਤੇ ਪਾਠ ਕਰਦਾ ਤੇ ਸੰਗਤ ਨਾਲ ਅੱਖਾਂ ਮੇਲ ਮੇਲ ਕੇ ਲੰਮੀਆਂ ਹੇਕਾਂ ਲਾਉਂਦਾ। ਉਹਦੀ ਆਵਾਜ਼ ਅਤੇ ਅੰਦਾਜ਼ ਵਿਚੋਂ ਕੁਲਦੀਪ ਮਾਣਕ ਦੇ ਭੁਲੇਖੇ ਪੈਂਦੇ। ਖਾਸ ਤੌਰ ਪਰ ਮਾਰੂ ਸੋਹਲਿਆਂ ਦਾ ਪਾਠ ਸੁਣ ਕੇ ਕੋਈ ਉਹਦਾ ਉਪਾਸ਼ਕ ਹੋਏ ਬਿਨਾ ਨਾ ਰਹਿ ਸਕਦਾ। ਉਹ ਬੜਾ ਮਖੌਲੀਆ ਸੀ ਤੇ ਜਿੱਥੇ ਬਹਿੰਦਾ ਹਮੇਸ਼ਾ ਹਾਸੇ ਠੱਠੇ ਦਾ ਮਾਹੌਲ ਸਿਰਜ ਦਿੰਦਾ। ਉਹ ਪਾਠ ਵਾਲੇ ਘਰ ਦੇ ਕਿਸੇ ਬੰਦੇ ਨਾਲ ਗੱਲ ਕਰਦਿਆਂ ਆਨੇ-ਬਹਾਨੇ ਮੂੰਹ ਘੁਮਾ ਕੇ ਉਹਦੀ ਨਕਲ ਲਾਹ ਦਿੰਦਾ ਤੇ ਕਿਸੇ ਲਈ ਵੀ ਆਪਣੇ ਹਾਸੇ 'ਤੇ ਕਾਬੂ ਪਾਉਣਾ ਮੁਸ਼ਕਿਲ ਹੋ ਜਾਂਦਾ। ਗੱਲ ਕਰਨ ਵਾਲਾ ਹੈਰਾਨ ਹੁੰਦਾ ਕਿ ਹਾਸੇ ਵਾਲੀ ਕਿਹੜੀ ਗੱਲ ਸੀ।

ਮੇਰਾ ਭਾਈ ਅਜਾਦਾਨਾ ਪਾਠੀ ਹੋ ਗਿਆ ਤੇ ਪਾਲੇ ਦੀ ਬਜਾਏ ਸੁਰਜੀਤ ਸਿੰਘ ਦੀ ਤਰ੍ਹਾਂ ਪੂਰੇ ਟਿਕਾਉ, ਸੰਜਮ ਅਤੇ ਸਹਿਜ ਵਿਚ ਪਾਠ ਕਰਦਾ। ਉਹ ਪਾਠ ਕਰਨ ਲੱਗਿਆਂ ਸੁਰਜੀਤ ਸਿੰਘ ਹੁੰਦਾ ਤੇ ਬਾਅਦ ਵਿਚ ਆਪਣੇ ਅੰਦਰ ਪਾਲੇ ਨੂੰ ਉਤਾਰ ਲੈਂਦਾ ਤੇ ਹਾਸੇ ਠੱਠੇ ਨਾਲ ਸਮਾਂ ਬੰਨ੍ਹ ਦਿੰਦਾ। ਮੈਂ ਪਾਲੇ ਸੋਢੀ ਦੀ ਉਪਾਸਨਾ ਵਿਚ ਰਹਿਣ ਲੱਗਾ। ਉਹਨੇ ਸਹਿਜ ਪਾਠ ਅਰੰਭ ਕਰਨਾ ਤੇ ਪਾਠ ਮੁਕੰਮਲ ਕਰਨ ਲਈ ਮੈਨੂੰ ਛੱਡ ਜਾਣਾ। ਵਿਚ ਵਿਚ ਉਹਨੇ ਆਉਣਾ ਤੇ ਦੇਖ ਕੇ ਚਲੇ ਜਾਣਾ ਕਿ ਪਾਠ ਠੀਕ-ਠਾਕ ਹੋ ਰਿਹਾ ਹੈ। ਘੰਟਾ ਦੋ ਘੰਟੇ ਉਹਨੇ ਬਹਿਣਾ ਤੇ ਅਸੀਂ ਰੱਜ ਕੇ ਗੱਲਾਂ ਕਰਨੀਆਂ। ਉਹਨੇ ਮੈਨੂੰ ਪਾਠ ਭੇਤ ਅਤੇ ਭੇਦ ਦੀਆਂ ਬੜੀਆਂ ਹੀ ਦਿਲਚਸਪ, ਮਹੀਨ ਅਤੇ ਮੁੱਲਵਾਨ ਟਿਪਸ ਦੇਣੀਆਂ। ਮੈਂ ਉਹਨੂੰ ਬੜੇ ਗਹੁ ਨਾਲ ਸੁਣਨਾ ਤੇ ਖੁਸ਼ ਹੋਣਾ। ਪਾਠ ਕਰਦਿਆਂ, ਸੁਣਦਿਆਂ ਤੇ ਸਿੱਖਦਿਆਂ ਮੈਂ ਵੀ ਅੰਦਰੋ ਅੰਦਰੀ ਲੰਗੜੋਏ ਵਾਲੇ ਸੁਰਜੀਤ ਸਿੰਘ ਦਾ ਉਪਾਸ਼ਕ ਹੋ ਗਿਆ ਤੇ ਉਹਦੇ ਅੰਦਾਜ਼ ਨੂੰ ਆਪਣੇ ਅੰਦਰ ਉਤਾਰਨ ਦੀ ਕੋਸ਼ਿਸ਼ ਕਰਦਾ, ਪਰ ਮੇਰੀ ਨਾ ਪੈਂਠ ਪਈ ਤੇ ਨਾ ਛੇ ਤੋਂ ਅੱਠ ਤੇ ਨਾ ਅੱਠ ਤੋਂ ਦਸ ਦੀ ਰੌਲ ਨਸੀਬ ਹੋਈ। ਸਿਖਰ ਦੁਪਹਿਰੇ ਥਾਂ ਕਿਸੇ ਨੇ ਕੀ ਮੱਲਣੀ ਸੀ, ਬੈਠੇ ਹੋਏ ਵੀ ਮੱਥਾ ਟੇਕ ਜਾਂਦੇ।

ਮੈਂ ਹਾਲੇ ਨਵਸਿਖੀਆ ਸਾਂ ਤੇ ਪਾਲਾ ਸੋਢੀ ਮੈਨੂੰ ਸਹਿਜ ਪਾਠ 'ਤੇ ਹੀ ਰੱਖਦਾ। ਇਕ ਦਿਨ ਉਹਦਾ ਸੁਨੇਹਾ ਆਇਆ ਕਿ ਮੀਰ ਪੁਰ ਕਿਸੇ ਦੇ ਸਹਿਜ ਪਾਠ ਅਰੰਭ ਕਰਨਾ। ਮੈਂ ਬੜੇ ਚਾਅ ਨਾਲ ਗਿਆ ਤਾਂ ਦੇਖਿਆ ਕਿ ਉਹ ਕਿਸੇ ਦਾ ਕੱਚਾ ਘਰ ਸੀ ਤੇ ਘਰ ਵਾਲੇ ਦਾੜ੍ਹੀ ਕੇਸਾਂ ਵਾਲੇ ਸਿੱਖ ਨਹੀਂ ਸਨ। ਉਨ੍ਹਾਂ ਦਾ ਇਕ ਕੋਠਾ ਸੀ ਤੇ ਕੋਠੇ ਅੰਦਰ ਹੀ ਚੁੱਲ੍ਹਾ ਚੌਂਕਾ। ਇਕ ਛੋਟਾ ਜਿਹਾ ਬਰਾਂਡਾ, ਜਿਹਨੂੰ ਪਾਠ ਰੱਖਣ ਲਈ ਚੰਗੀ ਤਰਾਂ ਲਿੱਪਿਆ ਪੋਚਿਆ ਹੋਇਆ ਸੀ। ਤਖਤਪੋਸ਼ 'ਤੇ ਦਰੀ ਵਿਛੀ ਹੋਈ ਤੇ ਉੱਤੇ ਨਵੀਂ ਨਕੋਰ ਚਾਦਰ। ਉੱਤੇ ਪੀੜ੍ਹਾ ਸਾਹਿਬ, ਰੰਗਲੇ ਪਾਵੇ ਤੇ ਸੁੰਦਰ ਰੁਮਾਲੇ। ਤਿੰਨ ਅਣਲੱਗ ਸਿਰਹਾਣੀਆਂ ਤੇ ਨਵਾਂ ਨਕੋਰ ਚੌਰ। ਮਹਾਰਾਜ ਦਾ ਸਰੂਪ ਲੈਣ ਚੱਲੇ ਤਾਂ ਉਹ ਬਾਹਰ ਦੀ ਬਜਾਏ ਅੰਦਰ ਚਲੇ ਗਏ ਤੇ ਮੇਜ਼ 'ਤੇ ਪਈ ਟ੍ਰੰਕੀ ਕੋਲ ਖੜ੍ਹ ਗਏ। ਪਾਲਾ 'ਪ੍ਰਥਮਿ ਭਗਉਤੀ ਸਿਮਰ ਕੈ' ਅਰਦਾਸ ਕਰਨ ਲੱਗਾ।

ਇਹ ਮੀਰ ਪੁਰੀਏ ਮਹਿੰਦਰ ਦਾ ਘਰ ਸੀ। ਉਹ ਆਪਣੇ ਘਰ ਸਦਾ ਹੀ ਸਹਿਜ ਪਾਠ ਅਰੰਭ ਰਖਦਾ। ਹੁਣ ਉਹਨੂੰ ਪਿੰਡ ਵਾਲਿਆਂ ਨੇ ਮਹਾਰਾਜ ਦੀ ਬੀੜ ਦੇਣੋਂ ਨਾਂਹ ਕਰ ਦਿੱਤੀ ਸੀ ਤੇ ਉਹ ਅੰਮ੍ਰਿਤਸਰੋਂ ਨਵੀਂ ਬੀੜ, ਪੀੜ੍ਹਾ, ਰੁਮਾਲੇ, ਸਿਰਹਾਣੀਆਂ ਤੇ ਚੌਰ ਲੈ ਆਇਆ। ਮੀਰ ਪੁਰ ਪਿੰਡ ਵਿਚ ਪਾਠੀਆਂ ਦੀ ਕੋਈ ਕਮੀਂ ਨਹੀਂ ਸੀ, ਪਰ ਉਹਦੇ ਘਰ ਪਾਠ ਕਰਨ ਤੋਂ ਸਾਰੇ ਪਾਠੀ ਕੰਨੀ ਕਤਰਾਉਂਦੇ। ਉਨ੍ਹਾਂ ਨੂੰ ਲੱਗਦਾ ਕਿ ਉਹਦੇ ਘਰ ਸਹਿਜ ਨਹੀਂ, ਅਸਹਿਜ ਪਾਠ ਹੁੰਦਾ।

ਪਾਲੇ ਸੋਢੀ ਨੇ ਟ੍ਰੰਕੀ ਖੋਲ੍ਹੀ 'ਤੇ ਵਿਚੋਂ ਕੋਰੇ ਰੁਮਾਲੇ ਵਿਚ ਲਪੇਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਫਾਰੀ ਬੀੜ ਕੱਢੀ ਤੇ ਬੜੇ ਸ਼ਰਧਾ ਭਾਵ ਨਾਲ ਸਿਰ 'ਤੇ ਰੱਖ ਕੇ ਬਰਾਂਡੇ ਵਿਚ ਲਿਆ ਕੇ ਪ੍ਰਕਾਸ਼ ਕੀਤਾ। ਕੜਾਹ ਪ੍ਰਸ਼ਾਦ ਦੀ ਦੇਗ ਤਿਆਰ ਸੀ। ਫਿਰ ਅਰਦਾਸ ਕੀਤੀ, ਹੁਕਮ ਲਿਆ ਤੇ ਸੰਗਤ ਦੀ ਆਗਿਆ ਨਾਲ ਸਹਿਜ ਪਾਠ ਅਰੰਭ ਕਰ ਦਿੱਤਾ, ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ...॥

ਜਪੁਜੀ ਸਾਹਿਬ ਦੇ ਪਾਠ ਉਪਰੰਤ ਪਾਲੇ ਨੇ ਚੌਰ ਇਕ ਪਾਸੇ ਰੱਖਿਆ ਤੇ ਬੀੜ 'ਤੇ ਰੁਮਾਲਾ ਦੇ ਦਿੱਤਾ। ਤਖਤਪੋਸ਼ ਤੋਂ ਹੇਠਾਂ ਉੱਤਰ ਥਾਲ ਵਿਚ ਪ੍ਰਸ਼ਾਦ ਦੇ ਪੰਜ ਵੰਡੇ ਪਾਏ ਤੇ ਮੁੜ ਦੇਗ ਵਿਚ ਰਲਾ ਦਿੱਤੇ। ਫਿਰ ਥਾਲ ਵਿਚ ਹੋਰ ਪ੍ਰਸ਼ਾਦ ਪਾਇਆ ਤੇ ਕੌਲੀ ਵਿਚ ਪਾ ਕੇ ਮਹਾਰਾਜ ਦੀ ਬੀੜ ਹੇਠ ਰੱਖ ਦਿੱਤਾ ਤੇ ਬਾਕੀ ਸੰਗਤ ਵਿਚ ਵਰਤਾ ਦਿੱਤਾ। ਸੰਗਤ ਵਿਚ ਸਿਰਫ ਅਸੀਂ ਚਾਰ ਜਾਣੇ ਸਾਂ-ਮੈਂ, ਮਹਿੰਦਰ ਅਤੇ ਉਹਦੇ ਮਾਂ ਤੇ ਬਾਪ। ਬਾਕੀ ਦਾ ਪਾਠ ਮੇਰੇ ਜ਼ਿੰਮੇ ਲਾ ਕੇ ਪਾਲੇ ਨੇ ਸਾਈਕਲ 'ਤੇ ਲੱਤ ਦਿੱਤੀ ਤੇ ਅਹੁ ਗਿਆ ਅਹੁ ਗਿਆ।



ਮੈਂ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬਹਿ ਕੇ ਹਾਲੇ ਰੁਮਾਲਾ ਚੁੱਕਣ ਹੀ ਲੱਗਾ ਸਾਂ ਕਿ ਮਹਿੰਦਰ ਨਾ ਨਾ ਨਾ ਕਰਨ ਲੱਗ ਪਿਆ। ਮੈਂ ਠਠੰਬਰ ਗਿਆ ਕਿ ਪਤਾ ਨਹੀਂ ਕਿਹੜੀ ਉਲੰਘਣਾ ਹੋ ਗਈ। ਮਹਿੰਦਰ ਕਹਿਣ ਲੱਗਾ, 'ਭੋਗ ਦੀ ਕੋਈ ਬਾਨ੍ਹ ਨਹੀਂ, ਜਦ ਮਰਜ਼ੀ ਪਵੇ, ਪਾਠ ਉਦੋਂ ਕਰਨਾ ਜਦ ਮੇਰੇ ਮਾਂ-ਬਾਪ ਬਹਿ ਕੇ ਸੁਣਦੇ ਹੋਣ। ਇਨ੍ਹਾਂ ਤੋਂ ਬਿਨਾ ਇਕ ਅੱਖਰ ਨਹੀਂ ਪੜ੍ਹਨਾ।' ਉਹਨੇ ਸਖਤੀ ਨਾਲ ਤਾਕੀਦ ਕੀਤੀ, 'ਪਾਠ ਕੰਧਾਂ ਨੇ ਨਹੀਂ, ਕੰਨਾਂ ਨੇ ਸੁਣਨਾ।' ਇਹ ਕਹਿ ਕੇ ਉਹ ਬਾਹਰ ਨਿਕਲ ਗਿਆ ਤੇ ਜਾਂਦੇ ਜਾਂਦੇ ਇਹ ਵੀ ਕਹਿ ਗਿਆ, 'ਭੇਟਾ ਦੀ ਨਾ ਫਿਕਰ ਕਰਿਓ।' ਮੈਂ ਉਹਦੀਆਂ ਗੱਲਾਂ ਸੁਣ ਕੇ ਹੈਰਾਨ ਵੀ ਹੋਇਆ, ਖੁਸ਼ ਵੀ ਤੇ ਮੈਨੂੰ ਫਿਕਰ ਵੀ ਹੋ ਗਿਆ ਕਿ ਪਾਠ ਕਿੱਦਾਂ ਪੂਰਾ ਹੋਊ।

ਦੁਪਹਿਰ ਦੀ ਰੋਟੀ ਖਾ ਕੇ ਮੈਂ ਹੱਥ ਸੁੱਚੇ ਕੀਤੇ ਤਾਂ ਦੇਖਿਆ ਮਹਿੰਦਰ ਦੇ ਮਾਂ-ਬਾਪ ਪਾਠ ਸੁਣਨ ਲਈ ਬਰਾਂਡੇ ਵਿਚ ਬਿਰਾਜਮਾਨ ਹੋ ਗਏ ਸਨ। ਮੈਂ ਮਹਾਰਾਜ ਦੀ ਤਾਬਿਆ ਬੈਠਾ ਤੇ ਪਾਠ ਕਰਨ ਲੱਗ ਪਿਆ। ਇਕ ਤਾਂ ਮੈਂ ਨਵਸਿਖੀਆ ਪਾਠੀ ਸਾਂ ਤੇ ਦੂਜਾ ਉਹ ਮਹਾਂ ਸ੍ਰੋਤੇ ਸਾਹਮਣੇ ਬੈਠੇ ਸਨ, ਜਿਸ ਕਰਕੇ ਮੈਂ ਬੜੇ ਰਹਾਉ ਅਤੇ ਟਿਕਾਉ ਵਿਚ ਪਾਠ ਕਰ ਰਿਹਾ ਸੀ। ਮੇਰੇ ਅੰਦਰ ਬੜਾ ਹੀ ਡਰ ਅਤੇ ਝਿਜਕ ਸੀ ਕਿ ਮੈਂ ਕਿਤੇ ਗਲਤ ਪਾਠ ਨਾ ਕਰ ਬੈਠਾਂ।

ਮਹਿੰਦਰ ਦੀ ਮਾਂ ਅੱਖਾਂ ਮੁੰਦ ਕੇ ਅੰਤਰ ਧਿਆਨ ਹੋਈ ਇਕਾਗਰ ਚਿੱਤ ਹੋ ਕੇ ਪਾਠ ਸੁਣ ਰਹੀ ਸੀ, ਪਰ ਮਹਿੰਦਰ ਦਾ ਬਾਪ ਇਸ ਤਰ੍ਹਾਂ ਪਾਠ ਸੁਣ ਰਿਹਾ ਸੀ, ਜਿਵੇਂ ਕੋਈ ਮੁਸ਼ਾਇਰਾ ਚੱਲ ਰਿਹਾ ਹੋਵੇ। ਪਾਠ ਦੇ ਨਾਲ ਨਾਲ ਉਹਦੇ ਅੰਦਰ ਬੜਾ ਕੁਝ ਚੱਲਦਾ, ਜਿਵੇਂ ਉਹਨੂੰ ਬਾਣੀ ਦਾ ਅੱਖਰ ਅੱਖਰ ਸਮਝ ਆ ਰਿਹਾ ਹੋਵੇ। ਉਹ ਕਰਦਾ, 'ਆ ਹਾ ਹਾ ਹਾ...ਐਥੇ ਗੱਲ ਮੁੱਕਦੀ ਐਥੇ।' ਕਦੇ ਕਦੇ ਤਾਂ ਮੈਨੂੰ ਇਵੇਂ ਲੱਗਦਾ ਜਿਵੇਂ ਉਹ ਬੈਠਾ ਬੈਠਾ ਨੱਚਣ ਲੱਗ ਪਿਆ ਹੋਵੇ। ਹਰ ਚੌਥੀ ਪੰਜਵੀਂ ਪੰਗਤੀ 'ਤੇ ਉਹ ਕਹੇ, 'ਫਿਰ ਪੜ੍ਹੀਂ।' ਮੈਂ ਉਹ ਪੰਗਤੀ ਦੁਬਾਰਾ ਪੜ੍ਹਨੀ ਤਾਂ ਫਿਰ ਉਹੀ 'ਆ ਹਾ ਹਾ ਹਾ, ਐਥੇ ਗੱਲ ਮੁੱਕਦੀ' ਤੇ ਉਹਦੇ ਬੈਠੇ ਬੈਠੇ ਨੱਚਣੇ ਦਾ ਭੁਲੇਖਾ।

ਦੋ ਢਾਈ ਘੰਟੇ ਪਾਠ ਕਰਦੇ ਨੂੰ ਹੋ ਗਏ ਤਾਂ ਮੈਂ ਥੱਕ ਗਿਆ ਤੇ ਮਹਾਰਾਜ ਦੀ ਬੀੜ 'ਤੇ ਰੁਮਾਲਾ ਦੇ ਦਿੱਤਾ। ਮੈਂ ਉਨ੍ਹਾਂ ਦੇ ਕੋਲ ਭੁੰਜੇ ਬਹਿ ਗਿਆ ਤਾਂ ਬਜ਼ੁਰਗ ਨੇ ਮਾਤਾ ਨੂੰ ਕਿਹਾ, 'ਜਾਹ, ਖਰੀ ਜਹੀ ਚਾਹ ਬਣਾ ਲਿਆ।' ਮਾਤਾ ਗਈ ਤੇ ਦਸ-ਪੰਦਰਾਂ ਮਿੰਟ ਵਿਚ ਦੋ ਗਲਾਸ ਚਾਹ ਲੈ ਆਈ। ਚਾਹ ਵੀ ਡੱਖਾ ਗੱਡਵੀਂ, ਨਿਰਾ ਦੁੱਧ। ਚਾਹ ਦੇ ਨਾਲ ਨਾਲ ਗੱਲਾਂ ਸ਼ੁਰੂ ਹੋ ਗਈਆਂ ਤੇ ਮੈਂ ਜਕਦੇ ਜਕਦੇ ਬਜ਼ੁਰਗ ਨੂੰ ਮਹਿੰਦਰ ਬਾਰੇ ਕੁਝ ਪੁੱਛਣਾ ਚਾਹਿਆ ਤਾਂ ਉਹਨੇ ਹਰ ਬਾਪ ਦੀ ਤਰ੍ਹਾਂ ਆਪਣੇ ਬੇਟੇ ਦੀਆਂ ਸਿਫਤਾਂ ਸ਼ੁਰੂ ਕਰ ਦਿੱਤੀਆਂ।

ਉਹਦੀਆਂ ਗੱਲਾਂ ਤੋਂ ਪਤਾ ਲੱਗਿਆ ਕਿ ਉਹ ਬੀ. ਏ. ਪਾਸ ਹੈ ਤੇ ਆਪਣੇ ਸਮੇਂ ਦਾ ਬੜਾ ਮਿਹਨਤੀ ਤੇ ਹੋਣਹਾਰ ਪੜ੍ਹਾਕੂ ਸੀ। ਉਹ ਕਿਤਾਬਾਂ ਨਾਲ ਟੋਕਰਾ ਭਰ ਕੇ ਕੋਠੇ ਉੱਤੇ ਬੈਠਾ ਪੜ੍ਹਦਾ ਰਹਿੰਦਾ ਸੀ। ਉਹ ਹੁਣ ਬਿਜਲੀ ਮਹਿਕਮੇ ਵਿਚ ਨਿੱਕਾ ਜਿਹਾ ਅਫਸਰ ਸੀ। ਉਹਨੇ ਵਿਆਹ ਨਹੀਂ ਸੀ ਕਰਾਇਆ, ਕਿਉਂਕਿ ਉਹ ਚਾਹੁੰਦਾ ਸੀ ਕਿ ਉਹ ਸਿਰਫ ਆਪਣੇ ਮਾਂ-ਬਾਪ ਦੀ ਸੇਵਾ ਕਰੇ। ਉਹ ਬੜਾ ਸਰਵਣ ਪੁੱਤਰ ਸੀ, ਜਿਹਦੇ ਵਿਚ ਭਗਤਾਂ ਵਾਲੇ ਤਮਾਮ ਗੁਣ ਸਨ। ਬਜ਼ੁਰਗ ਨੇ ਬਾਣੀ ਦੀ ਤੁਕ ਨਾਲ ਗੱਲ ਮੁਕਾਈ, 'ਭਗਤਾ ਵਿਚਿ ਆਪਿ ਵਰਤਦਾ...।'

ਉਹ ਆਪਣੇ ਘਰ ਸਦਾ ਸਹਿਜ ਪਾਠ ਜਾਰੀ ਰੱਖਦਾ, ਜਿਹਦਾ ਮਹੀਨੇ ਸਵਾ ਮਹੀਨੇ ਬਾਅਦ ਭੋਗ ਪੈਂਦਾ। ਉਹਦੇ ਘਰੇ ਸੰਗਤ ਨਹੀਂ ਸੀ ਜੁੜਦੀ। ਪਾਠ ਅਰੰਭ ਕਰਨ ਸਮੇਂ ਤੇ ਭੋਗ ਵੇਲੇ ਪਾਠੀ ਤੇ ਇਹ ਤਿੰਨ ਜਾਣੇ ਹਾਜ਼ਰ ਹੁੰਦੇ। ਪਾਠ ਅਰੰਭ ਕਰਨ ਵੇਲੇ ਚੜ੍ਹਾਈ ਦਰਸ਼ਣੀ ਭੇਟਾ ਦਾ ਇੱਕ ਰੁਪਿਆ ਭੋਗ ਪੈਣ ਤੱਕ ਵੀ ਇਕ ਹੀ ਰਹਿੰਦਾ। ਮਾਤਾ ਲੰਗਰ ਤਿਆਰ ਕਰਦੀ ਤੇ ਚਾਰ ਜਣੇ ਛਕਦੇ। ਲੰਗਰ ਵਿਚ ਦਾਲ ਹੋਣੀ, ਸ਼ੱਕਰ ਹੋਣੀ, ਦੋਹਾਂ ਵਿਚ ਤੜਿਆ ਘਿਉ ਹੋਣਾ ਤੇ ਨਰਮ ਨਰਮ ਫੁਲਕੇ। ਇਹਦੇ ਨਾਲ ਹਰੇਕ ਪਾਠੀ ਨੂੰ ਹਦਾਇਤ ਹੁੰਦੀ ਸੀ ਕਿ ਪਾਠ ਉਦੋਂ ਕਰਨਾ, ਜਦੋਂ ਬਜ਼ੁਰਗ ਮਾਂ-ਬਾਪ ਬੈਠੇ ਹੋਣ। ਹਰ ਵਾਰ 'ਆ ਹਾ ਹਾ ਹਾ, ਐਥੇ ਗੱਲ ਮੁੱਕਦੀ' ਤੇ 'ਫਿਰ ਪੜ੍ਹੀਂ' ਹੋਈ ਜਾਣੀ।

ਕੋਈ ਵੀ ਪਾਠੀ ਇਸ ਘਰ ਵਿਚ ਸਿਰਫ ਇਕ ਵਾਰੀ ਪਾਠ ਕਰਦਾ ਤੇ ਚਾਰ ਪਾਠਾਂ ਜਿੰਨੀ ਭੇਟਾ ਲੈ ਕੇ ਵੀ ਅਗਲੇ ਪਾਠ ਤੋਂ ਕੋਰੀ ਨਾਂਹ ਕਰ ਜਾਂਦਾ। ਇਸ ਨਾਂਹ ਕਰਨ ਦੇ ਵੀ ਦੋ ਕਾਰਨ ਹੁੰਦੇ, ਇਕ ਜਾਤੀ ਤੇ ਦੂਜਾ ਜ਼ਾਤੀ। ਜਾਤੀ ਕਾਰਨ ਅਸੀਂ ਸਭ ਜਾਣਦੇ ਹਾਂ ਤੇ ਜ਼ਾਤੀ ਕਾਰਨ ਇਹ ਸੀ ਕਿ ਹਰ ਕੋਈ ਸਹਿਜ ਪਾਠ ਤਾਂ ਕਰ ਸਕਦਾ ਸੀ, ਪਰ ਮੁਸ਼ਾਇਰੇ ਦੀ ਤਰ੍ਹਾਂ ਕਵਿਤਾ ਪਾਠ ਨਹੀਂ ਸੀ ਕਰ ਸਕਦਾ ਤੇ ਨਾ ਹੀ ਕੋਈ 'ਆ ਹਾ ਹਾ ਹਾ, ਐਥੇ ਗੱਲ ਮੁੱਕਦੀ' ਤੇ 'ਫਿਰ ਪੜ੍ਹੀਂ' ਦਾ ਆਦੀ ਸੀ।

ਮਹਿੰਦਰ ਸਿਚੂਏਸ਼ਨ ਨੂੰ ਸਿਟੂਏਸ਼ਨ ਤੇ ਐਜੂਕੇਸ਼ਨ ਨੂੰ ਐਡੂਕੇਸ਼ਨ ਕਹਿੰਦਾ ਤਾਂ ਸੁਣ ਕੇ ਹਾਸਾ ਆ ਜਾਂਦਾ। ਉਹ ਸਦਾ ਬੇਪ੍ਰਹਾਹੀ ਦੇ ਆਲਮ ਵਿਚ ਰਹਿੰਦਾ। ਉਹਦਾ ਭਰਵਾਂ ਜੁੱਸਾ, ਮੋਕਲੇ ਹੱਡ ਤੇ ਕਣਕਵੰਨਾ ਰੰਗ, ਜਿਵੇਂ ਭਲਵਾਨ ਹੋਵੇ। ਉਹ ਅਕਸਰ ਕੱਛੇ ਨਾਲ ਕੁੜਤਾ ਪਾਉਂਦਾ ਤੇ ਘਰੇ ਨੰਗੇ ਪੈਰੀਂ ਰਹਿੰਦਾ। ਖੇਤ ਜਾਣ ਵੇਲੇ ਜੁੱਤੀ ਪਾਉਂਦਾ ਤੇ ਦਫਤਰ ਜਾਣ ਸਮੇਂ ਪਜਾਮਾ। ਘਰ ਆਣ ਕੇ ਸਭ ਤੋਂ ਪਹਿਲਾਂ ਜੁੱਤੀ ਲਾਹੁੰਦਾ, ਫਿਰ ਪਜਾਮਾ ਉਤਾਰਦਾ ਤੇ ਕੱਛੇ-ਕੁੜਤੇ ਵਿਚ ਖੇਤ ਵੱਲ ਨਿਕਲ ਜਾਂਦਾ। ਉਹ ਖੇਤੀ ਦਾ ਹਰ ਕੰਮ ਹੱਥੀਂ ਕਰਦਾ। ਉਹਦੇ ਖੇਤ ਦੇ ਲਾਗੇ ਇਕ ਛੱਪੜ ਸੀ, ਜਿਹਦੇ ਵਿਚੋਂ ਉਹ ਦਿਹਾੜੀ 'ਤੇ ਕਾਮਾ ਲਾ ਕੇ ਡੱਲ ਲਾਉਂਦਾ ਤੇ ਸੇਂਜੀ ਕਰਦਾ। ਜਿਹੋ ਜਿਹੀ ਤੇ ਜਿੰਨੀ ਵੀ ਫਸਲ ਹੁੰਦੀ, ਉਹ ਖਾਣ ਜੋਗੀ ਘਰੇ ਰੱਖ ਕੇ, ਬਾਕੀ ਕੇਸਗੜ੍ਹ ਸਾਹਿਬ ਲੰਗਰ ਵਿਚ ਪਾ ਆਉਂਦਾ।

ਉਹ ਆਪ ਪਾਠ ਅਰੰਭ ਕਰਨ ਵੇਲੇ ਜਾਂ ਭੋਗ ਸਮੇਂ ਹੀ ਬਹਿੰਦਾ ਤੇ ਬਾਕੀ ਸਮਾਂ ਤਾਂ ਉਹ ਤੋਰੇ ਫੇਰੇ ਤੇ ਕੰਮ ਕਰਦਿਆਂ ਬਤੀਤ ਕਰਦਾ। ਮੈਂ ਉਹਨੂੰ ਕਦੇ ਵੀ ਵਿਹਲਾ ਨਹੀਂ ਸੀ ਦੇਖਿਆ। ਹੈਰਾਨੀ ਦੀ ਗੱਲ ਇਹ ਸੀ ਕਿ ਉਹਨੂੰ ਤੁਰੇ ਫਿਰਦੇ ਨੂੰ ਵੀ ਪਤਾ ਹੁੰਦਾ ਸੀ ਕਿ ਪਾਠ ਕਿਸ ਅੰਗ ਤੱਕ ਹੋਇਆ ਹੈ ਤੇ ਭੋਗ ਕਦੋਂ ਤੱਕ ਪੈ ਸਕਦਾ ਹੈ। ਮੈਂ ਉਹਦੀ ਸਾਧੂਆਂ ਵਾਲੀ ਬਿਰਤੀ, ਫੌਜੀਆਂ ਵਾਲੀ ਫੁਰਤੀ, ਕਿਰਤੀਆਂ ਜਿਹੀ ਸੁਰਤੀ ਤੇ ਸਖੀ-ਦਿਲ ਦੇਖ ਦੇਖ ਦੰਗ ਹੁੰਦਾ। ਮੈਂ ਅੱਜ ਤੱਕ ਇਹੋ ਜਿਹਾ ਇਨਸਾਨ ਹੋਰ ਕੋਈ ਨਹੀਂ ਦੇਖਿਆ।

ਕੋਈ ਸਵਾ ਮਹੀਨੇ ਬਾਅਦ ਇਸ ਅਸਹਿਜ ਪਾਠ ਦਾ ਭੋਗ ਪਿਆ। ਪਾਲਾ ਸੋਢੀ ਆਇਆ, ਨੌਵੇਂ ਮਹੱਲੇ ਦੇ ਸਲੋਕ ਪੜ੍ਹੇ, ਅਰਦਾਸ ਹੋਈ, ਹੁਕਮ ਲਿਆ, ਰੁਮਾਲਾ ਚੜ੍ਹਾਇਆ ਤੇ ਪ੍ਰਸ਼ਾਦ ਵਰਤਾਇਆ। ਮਹਿੰਦਰ, ਉਹਦੇ ਮਾਂ-ਬਾਪ, ਮੈਂ ਤੇ ਪਾਲਾ ਸੋਢੀ। ਅਸੀਂ ਪੰਜਾਂ ਨੇ ਲੰਗਰ ਛਕਿਆ ਦਾਲ, ਸ਼ੱਕਰ, ਤੜਿਆ ਘਿਉ ਤੇ ਨਰਮ ਨਰਮ ਫੁਲਕੇ। ਸਾਦਗੀ, ਸ਼ਰਧਾ ਤੇ ਸੁਆਦ ਦਾ ਸੰਗਮ। ਸੋਢੀ ਨੇ ਚਾਰ ਪਾਠਾਂ ਜਿੰਨੀ ਭੇਟਾ ਤੇ ਦਰਸ਼ਣੀ ਭੇਟਾ ਦਾ ਰੁਪਿਆ ਚੁੱਕਿਆ, ਕੁਝ ਮੈਨੂੰ ਦਿੱਤਾ, ਕੁਝ ਆਪਣੀ ਜੇਬ 'ਚ ਪਾਇਆ, ਸਾਈਕਲ 'ਤੇ ਲੱਤ ਦਿੱਤੀ, ਅਹੁ ਗਿਆ ਅਹੁ ਗਿਆ। ਮੈਂ ਆਪਣਾ ਸਾਈਕਲ ਚੁੱਕਿਆ ਤੇ ਆਪਣੇ ਪਿੰਡ ਆ ਗਿਆ।

ਕੋਈ ਸਵਾ ਮਹੀਨੇ ਬਾਅਦ ਮਹਿੰਦਰ ਫਿਰ ਸਾਡੇ ਘਰ ਆਇਆ। ਮੈਂ ਆਪਣੀ ਨਿੰਮ ਹੇਠ ਮੇਜ਼ ਕੁਰਸੀ ਡਾਹ ਕੇ ਕਿਤਾਬਾਂ ਵਿਚ ਗੁਆਚਿਆ ਹੋਇਆ ਸੀ ਕਿ ਮਹਿੰਦਰ ਸਾਈਕਲ ਦੀਆਂ ਟੱਲੀਆਂ ਵਜਾਉਂਦਾ ਆਇਆ। ਉਹ ਮੈਨੂੰ ਪੜ੍ਹਦਾ ਦੇਖ ਕੇ ਬੜਾ ਖੁਸ਼ ਹੋਇਆ ਤੇ ਜੱਕੋ-ਤੱਕੀ ਵਿਚ ਮੈਨੂੰ ਫਿਰ ਸਹਿਜ ਪਾਠ ਲਈ ਕਹਿਣ ਲੱਗਾ। ਮੈਂ ਨਾਂਹ ਕਰ ਦਿੱਤੀ ਤੇ ਮੇਰਾ ਨਾਂਹ ਕਰਨ ਦਾ ਕਾਰਨ ਜਾਤੀ ਨਹੀਂ, ਜ਼ਾਤੀ ਸੀ। ਉਹ ਖੁਸ਼ੀ ਖੁਸ਼ੀ ਸਮਝ ਗਿਆ ਤੇ ਮੈਨੂੰ ਪੜ੍ਹਨ ਲਿਖਣ ਦੀਆਂ ਟਿੱਪਸ ਦੇਣ ਲੱਗ ਪਿਆ। ਮੈਂ ਉਹਨੂੰ ਧਿਆਨ ਨਾਲ ਸੁਣਿਆ। ਮੈਨੂੰ ਲੱਗਦਾ ਜੇ ਮੈਂ ਚਾਰ ਅੱਖਰ ਪੜ੍ਹ ਸਕਿਆਂ ਤਾਂ ਉਹਦੇ ਵਿਚ ਮਹਿੰਦਰ ਦੀਆਂ ਟਿੱਪਸ ਦਾ ਵੀ ਯੋਗਦਾਨ ਹੈ। ਉਦੋਂ ਮੈਂ ਬੀ. ਏ. ਭਾਗ ਪਹਿਲਾ ਦਾ ਮੁੜ ਪ੍ਰਾਈਵੇਟ ਦਾਖਲਾ ਭਰਿਆ ਹੋਇਆ ਸੀ ਤੇ ਮੈਂ ਪੇਪਰਾਂ ਦੀ ਤਿਆਰੀ ਕਰਨੀ ਸੀ। ਉਂਜ ਵੀ ਇਸ ਤਰ੍ਹਾਂ ਦਾ ਪਾਠ, ਕੋਈ ਵੀ, ਸਿਰਫ ਇਕ ਵਾਰ ਹੀ ਕਰ ਸਕਦਾ ਹੈ ਤੇ ਮੈਂ ਉਹ ਕਰ ਚੁਕਾ ਸੀ।

ਪਿਛਲੇ ਦਿਨੀਂ ਮੈਂ ਸੰਤਾਲੀ ਦੇ ਰੌਲਿਆਂ 'ਤੇ ਇਕ ਲੇਖ ਲਿਖਿਆ, ਜਿਹਦੇ ਵਿਚ ਪਿੰਡ ਮੀਰ ਪੁਰ ਦਾ ਜ਼ਿਕਰ ਆਇਆ। ਲੇਖ ਅਖਬਾਰ ਵਿਚ ਛਪਿਆ ਤਾਂ ਮੀਰ ਪੁਰ ਦੇ ਕਿਸੇ ਸੱਜਣ ਨੇ ਪੜ੍ਹਿਆ ਤੇ ਮੈਨੂੰ ਫੋਨ ਕੀਤਾ। ਉਹਨੇ ਮੇਰੀ ਲਿਖਤ ਦੀ ਦਾਦ ਦਿੱਤੀ, ਪ੍ਰੋੜਤਾ ਕੀਤੀ ਤੇ ਰੌਂਗਟੇ ਖੜ੍ਹੇ ਕਰਨ ਵਾਲੀਆਂ ਕਈ ਹੋਰ ਗੱਲਾਂ ਦੱਸੀਆਂ। ਉਹਨੇ ਦੱਸਿਆ ਕਿ ਰੌਲਿਆਂ ਦੇ ਬਾਅਦ ਵੀ ਪਿੰਡ ਦੇ ਡਿਗੇ ਢੱਠੇ ਖੋਲਿਆਂ ਵਿਚ ਔਰਤਾਂ ਦੇ ਪਾਟੇ ਵਸਤਰ, ਮਰਦਾਂ ਦੇ ਵੱਢੇ ਟੁੱਕੇ ਅੰਗ ਤੇ ਖੋਪੜੀਆਂ ਆਮ ਰੁਲਦੀਆਂ ਸਨ, ਜਿਨ੍ਹਾਂ ਤੋਂ ਉਨ੍ਹਾਂ ਦੀ ਉਮਰ ਦਾ ਤਕਾਜ਼ਾ ਵੀ ਭਲੀ-ਭਾਂਤ ਲਗਦਾ ਸੀ। ਉਹਨੇ ਇਹ ਵੀ ਦੱਸਿਆ ਕਿ ਸੰਤ ਬਖਲੌਰ ਸਿੰਘ ਦੀ ਟੋਲੀ ਦੇ ਬੇਪਨਾਹ ਅਤਿਆਚਾਰ ਦੀਆਂ ਕਹਾਣੀਆਂ ਦਰਦਨਾਕ ਬਾਤਾਂ ਦੀ ਤਰ੍ਹਾਂ ਕਈ ਸਾਲ ਘਰ ਘਰ ਸੁਣਾਈਆਂ ਜਾਂਦੀਆਂ ਰਹੀਆਂ।

ਮੈਂ ਉਹਦੇ ਕੋਲੋਂ ਪਿੰਡ ਦੇ ਕਈ ਵਾਕਿਫਕਾਰ ਤੇ ਦੋਸਤ-ਮਿੱਤਰਾਂ ਦਾ ਹਾਲ ਪੁੱਛਿਆ। ਬਹੁਤੇ ਬਾਹਰ ਜਾ ਚੁਕੇ ਸਨ ਤੇ ਕਈ ਇੱਥੇ ਹੀ ਆਪਣੀ ਕਾਮਯਾਬ ਜ਼ਿੰਦਗੀ ਬਸਰ ਕਰ ਰਹੇ ਸਨ। ਮਹਿੰਦਰ ਬਾਰੇ ਪੁੱਛਿਆ ਤਾਂ ਉਹਨੇ ਦੱਸਿਆ ਕਿ ਉਹ ਤਾਂ ਕਦੋਂ ਦਾ ਗੁਰੂ ਚਰਨਾਂ ਵਿਚ ਜਾ ਬਿਰਾਜਿਆ ਹੈ। ਮੈਂ ਪੁੱਛਿਆ ਕਿਵੇਂ ਤਾਂ ਉਹਨੇ ਬੜੀ ਵਚਿੱਤਰ ਵਾਰਤਾ ਦੱਸੀ।

ਉਹ ਬਿਮਾਰ ਰਹਿਣ ਲੱਗ ਪਿਆ ਸੀ। ਕੋਈ ਉਹਨੂੰ ਡਾਕਟਰ ਕੋਲ ਜਾਣ ਦੀ ਸਲਾਹ ਦਿੰਦਾ ਤਾਂ ਉਹ ਨਾਂਹ ਕਰ ਦਿੰਦਾ। ਤਬੀਅਤ ਜ਼ਿਆਦਾ ਵਿਗੜਦੀ ਤਾਂ ਉਹਨੂੰ ਦੇਖ ਕੇ ਡਾਕਟਰ ਨਾਂਹ ਕਰ ਦਿੰਦਾ। ਘਰੇ ਲਿਆ ਕੇ ਉਹਦੀ ਸੇਵਾ ਕਰਦੇ ਤਾਂ ਉਹ ਨੌ ਬਰ ਨੌਂ ਹੋ ਜਾਂਦਾ। ਫਿਰ ਤਬੀਅਤ ਵਿਗੜਦੀ ਤਾਂ ਉਹੀ ਪਹਿਲਾਂ ਉਹਦੀ ਨਾਂਹ, ਫਿਰ ਡਾਕਟਰ ਦੀ ਨਾਂਹ, ਫਿਰ ਸੇਵਾ ਤੇ ਫਿਰ ਨੌ ਬਰ ਨੌਂ।

ਇਹ ਚੱਕਰ ਕਿੰਨੀ ਕੁ ਦੇਰ ਚੱਲਣਾ ਸੀ। ਅਖੀਰ ਉਹਦਾ ਕਾਲ ਚੱਕਰ ਖਤਮ ਹੋ ਗਿਆ ਤੇ ਉਹਨੂੰ ਪਤਾ ਵੀ ਲੱਗ ਗਿਆ। ਉਹਨੇ ਆਪਣੇ ਦੋ-ਚਾਰ ਚਹੇਤੇ ਬੁਲਾਏ ਤੇ ਹੱਥ ਜੋੜ ਕੇ ਕਹਿਣ ਲੱਗਾ, 'ਮੈਂ ਹੁਣ ਜਾਣ ਲੱਗਾਂ, ਤੁਸੀਂ ਮੇਰਾ ਸਹਿਜ ਪਾਠ ਕਰਵਾ ਦੇਣਾ।' ਉਹ ਚਾਦਰ ਤਾਣ ਕੇ ਸੌਂ ਗਿਆ ਤੇ ਮੁੜ ਨਾ ਉੱਠਿਆ। ਕੋਈ ਉਹਨੂੰ ਸੰਤ ਕਹਿੰਦਾ, ਕੋਈ ਭਗਤ, ਕੋਈ ਕਮਲਾ ਤੇ ਕੋਈ ਪਖੰਡੀ। ਜਿੰਨੇ ਮੂੰਹ ਉਨੀਆਂ ਗੱਲਾਂ। ਉਹ ਕੀ ਸੀ, ਸਿਰਫ ਉਹੀ ਜਾਣਦਾ ਸੀ, ਸ਼ਾਇਦ ਉਹ ਵੀ ਨਹੀਂ ਸੀ ਜਾਣਦਾ।

# ‘ਪੁੱਤਰ ਹੀ ਨਹੀਂ, ਧੀਆਂ ਵੀ ਬਾਪ ਦਾ ਨਾਂ ਅੱਗੇ ਤੋਰਦੀਆਂ ਹਨ’

## ਇਕ ਮੁਲਾਕਾਤ, ਅਜੀਤ ਸਤਨਾਮ ਕੌਰ ਨਾਲ

**ਕਈ ਸਾਡੇ ਪੰਜਾਬੀ ਇਹੋ ਜਿਹੇ ਹਨ, ਜੋ ਬਾਹਰਲੇ ਮੁਲਕ ਵਿਚ ਬੈਠ ਕੇ ਪੰਜਾਬੀ ਬੋਲੀ ਬੋਲਣ ਨੂੰ ਆਪਣੀ ਹੱਤਕ ਸਮਝਦੇ ਹਨ; ਪਰ ਕਈ ਇਹੋ ਜਿਹੇ ਵੀ ਹਨ, ਜਿਨ੍ਹਾਂ ਨੇ ਘਰੋਂ ਸਿੱਖ ਕੇ ਅਤੇ ਬਾਹਰਲੇ ਮੁਲਕ ਵਿਚ ਬੈਠ ਕੇ ਵੀ ਪੰਜਾਬੀ ਮਾਂ-ਬੋਲੀ ਲਈ ਨੇਕ ਉਪਰਾਲੇ ਕੀਤੇ। ਬਰੂਸ ਬਰਟਨ ਦਾ ਕਥਨ ਹੈ ਕਿ ਉਨ੍ਹਾਂ ਤੋਂ ਬਿਨਾ ਕਿਸੇ ਨੇ ਵੀ ਕਦੇ ਕੋਈ ਸ਼ਾਨਦਾਰ ਸਫਲਤਾ ਪ੍ਰਾਪਤ ਨਹੀਂ ਕੀਤੀ, ਜਿਨ੍ਹਾਂ ਨੇ ਇਹ ਯਕੀਨ ਕਰਨ ਦਾ ਜੇਰਾ ਕੀਤਾ ਕਿ ਉਨ੍ਹਾਂ ਦੇ ਅੰਦਰ ਹਾਲਾਤ ਨਾਲੋਂ ਕੋਈ ਉੱਤਮ ਅਤੇ ਸ੍ਰੇਸ਼ਟ ਸ਼ਕਤੀ ਮੌਜੂਦ ਹੈ। ਪੇਸ਼ ਹੈ, ਉਸੇ ਹੀ ਉੱਤਮ ਅਤੇ ਸ੍ਰੇਸ਼ਟ ਸ਼ਕਤੀ ਅਜੀਤ ਸਤਨਾਮ ਕੌਰ ਨਾਲ ਵਿਸ਼ੇਸ਼ ਮੁਲਾਕਾਤ:**

**ਮੁਲਾਕਤੀ: ਹਰਵਿੰਦਰ ਬਿਲਾਸਪੁਰ**
**ਫੋਨ: 91-98149-07020**

**ਸਵਾਲ: ਗੱਲਬਾਤ ਤੁਹਾਡੇ ਨਾਮ ਤੋਂ ਹੀ ਸ਼ੁਰੂ ਕਰੀਏ। ਤੁਹਾਡੇ ਨਾਮ ਵਿਚ ਦੋ ਨਾਮ ਜੁੜੇ ਜਾਪਦੇ ਹਨ, ਇਸ ਦਾ ਕੀ ਕਾਰਨ ਹੈ?**

**ਜਵਾਬ:** ਜੀ ਬਿਲਕੁਲ ਸਹੀ ਕਿਹਾ। ਮੇਰਾ ਸ਼ੁਰੂਆਤੀ ਨਾਮ ਇੱਕ ਹੀ ‘ਸਤਨਾਮ ਕੌਰ’ ਸੀ। ਬਾਅਦ ਵਿਚ ਮੈਂ ਇਸ ਨਾਲ ਇੱਕ ਨਾਮ ਹੋਰ ਜੋੜ ਲਿਆ।

**ਸਵਾਲ: ਦੋ ਨਾਮ ਜੋੜਨ ਦਾ ਕੀ ਕਾਰਨ ਹੈ?**

**ਜਵਾਬ:** ਇਸ ਦੇ ਜਵਾਬ ਵਿਚ ਇੱਕ ਪੂਰੀ ਸੋਚ ਹੈ। ਮੈਂ ਜਿਵੇਂ-ਜਿਵੇਂ ਵੱਡੀ ਹੋ ਰਹੀ ਸੀ, ਆਪਣੇ ਭਾਰਤੀ ਸੱਭਿਆਚਾਰ ਵਿਚ ਇੱਕ ਗੱਲ ਆਮ ਸੁਣੀਂਦੀ ਸੀ ਕਿ ਪੁੱਤਰ ਹੋਵੇ ਤਾਂ ਹੀ ਪਿਤਾ ਦਾ ਨਾਮ ਅੱਗੇ ਚੱਲੇਗਾ। ਪੁੱਤਰ ਹੀ ਦੁਨੀਆਂ ‘ਤੇ ਨਾਮ ਰੌਸ਼ਨ ਕਰਦੇ ਨੇ। ਇਸ ਸੋਚ ਨੂੰ ਬਦਲਣ ਲਈ ਮੈਂ ਆਪਣੇ ਨਾਮ ਤੋਂ ਵੀ ਪਹਿਲਾਂ ਆਪਣੇ ਪਿਤਾ ਜੀ ਦਾ ਨਾਮ ਲਿਖ ਇਸ ਸੋਚ ਨੂੰ ਨਵੀਂ ਦਿਸ਼ਾ ਦਿੱਤੀ ਹੈ।

**ਸਵਾਲ: ਤੁਹਾਡਾ ਜਨਮ ਕਿੱਥੇ ਦਾ ਹੈ?**

**ਜਵਾਬ:** ਮੇਰਾ ਜਨਮ ਆਗਰਾ ਸ਼ਹਿਰ ਦਾ ਹੈ।

**ਸਵਾਲ: ਆਗਰਾ ਤਾਂ ਉੱਤਰ ਪ੍ਰਦੇਸ਼ ਵਿਚ ਪੈਂਦਾ ਹੈ। ਕੀ ਉੱਥੇ ਪੰਜਾਬੀ ਸਕੂਲ ਹਨ?**

**ਜਵਾਬ:** ਮੈਂ ਆਗਰਾ ਸ਼ਹਿਰ ਵਿਚ ਗਰੈਜੂਏਸ਼ਨ ਕੀਤੀ ਹੈ। ਇਥੇ ਹਿੰਦੀ ਅਤੇ ਅੰਗਰੇਜ਼ੀ ਸਕੂਲ ਹੀ ਹਨ। ਇਸ ਲਈ ਮੈਂ ਕਿਸੇ ਪੰਜਾਬੀ ਸਕੂਲ ਵਿਚ ਪੜ੍ਹਾਈ ਨਹੀਂ ਕੀਤੀ।



**ਸਵਾਲ: ਇਹ ਤਾਂ ਹੋਰ ਵੀ ਦਿਲਚਸਪ ਗੱਲ ਹੈ ਕਿ ਤੁਸੀਂ ਇੰਨੀ ਸੋਹਣੀ ਪੰਜਾਬੀ ਬੋਲ ਰਹੇ ਹੋ ਅਤੇ ਪੰਜਾਬੀ ਵਿਚ ਲਿਖਦੇ ਹੋ। ਇਹ ਕਿਵੇਂ ਸੰਭਵ ਹੋਇਆ? ਸਾਰੀ ਗੱਲ ਪਾਠਕਾਂ ਨਾਲ ਸਾਂਝੀ ਕਰੋ।**

**ਜਵਾਬ:** ਮੇਰਾ ਜਨਮ ਸਿੱਖ ਪਰਿਵਾਰ ਵਿਚ ਹੋਣ ਕਾਰਨ ਪੰਜਾਬੀ ਮੈਨੂੰ ਮਾਂ ਬੋਲੀ ਦੇ ਰੂਪ ਵਿਚ ਵਿਰਾਸਤ ਵਿਚ ਮਿਲੀ, ਪਰ ਮੇਰੀ ਪੜ੍ਹਾਈ ਹਿੰਦੀ ਮੀਡੀਅਮ ਵਿਚ ਹੋਈ ਹੈ। ਹਾਂ, ਜਿੱਥੋਂ ਤੱਕ ਪੜ੍ਹਨ-ਲਿਖਣ ਦੀ ਗੱਲ ਹੈ, ਇਹ ਮੇਰੀ ਮਾਂ ਦੀ ਸੂਝ-ਬੂਝ ਸੀ। ਉਨ੍ਹਾਂ ਮੈਨੂੰ ਮਾਂ ਬੋਲੀ ਤੋਂ ਟੁੱਟਣ ਨਹੀਂ ਦਿੱਤਾ। ਮੇਰੀ ਮਾਂ ਨੇ ਇੱਕ ਪੰਜਾਬੀ ਦਾ ਕੈਦਾ ਲਿਆ ਕੇ ਮੈਨੂੰ ਘਰੇ ਹੀ ਪੰਜਾਬੀ ਸਿਖਾਈ ਸੀ।

**ਸਵਾਲ: ਕਾਫੀ ਸਾਲਾਂ ਤੋਂ ਤੁਸੀਂ ਇੰਗਲੈਂਡ ਦੀ ਧਰਤੀ ਦੇ ਵਸਨੀਕ ਹੋ, ਜਿੱਥੇ ਅੰਗਰੇਜ਼ੀ ਬੋਲੀ ਜਾਂਦੀ ਹੈ। ਤੁਹਾਡਾ ਇੱਥੇ ਪੰਜਾਬੀ ਬੋਲੀ ਬਾਰੇ ਕਿਵੇਂ ਦਾ ਅਨੁਭਵ ਰਿਹਾ?**

**ਜਵਾਬ:** ਜਦੋਂ ਕੋਈ ਮਾਂ ਆਪਣੀ ਮਾਂ ਬੋਲੀ ਨੂੰ ਇੱਕ ਭਾਸ਼ਾ ਦੇ ਰੂਪ ਵਿਚ ਅਗਲੀ ਪੀੜ੍ਹੀ ਨੂੰ ਸੌਂਪਦੀ ਹੈ, ਤਾਂ ਉਹ ਮਾਂ ਇੱਕ ਪੂਰਾ ਸੱਭਿਆਚਾਰ ਹੀ ਨਵੀਂ ਪੀੜ੍ਹੀ ਦੀ ਝੋਲੀ ਪਾ ਦਿੰਦੀ ਹੈ। ਮਾਂ ਦੇ ਇਸ ਤੋਹਫੇ ਨੂੰ ਮੈਂ ਵਿਦੇਸ਼ ਦੀ ਧਰਤੀ ‘ਤੇ ਜਾ ਕੇ ਵੀ ਹਿੱਕ ਨਾਲ ਲਾਈ ਰੱਖਿਆ ਅਤੇ ਪੰਜਾਬੀ ਸਾਹਿਤ ਸਭਾ ਦਾ ਹਿੱਸਾ ਬਣ, ਲੰਡਨ ਵਿਚ ਮਾਂ ਬੋਲੀ ਦੀ ਸੇਵਾ ਦਾ ਉਪਰਾਲਾ ਜਾਰੀ ਰੱਖਿਆ। ਇਸ ਵਿਸ਼ੇ ਉਪਰ ਮੇਰਾ ਇਕ ਲੇਖ ‘ਅਣਗੌਲੀ ਮਾਂ’ ਨਵੀਂ ਪਨੀਰੀ ਨੂੰ ਸੇਧ ਦਿੰਦਾ ਹੈ ਕਿ ਵਿਦੇਸ਼ਾਂ ਵਿਚ ਵਸ ਕੇ ਵੀ ਆਪਣੇ ਸੱਭਿਆਚਾਰ ਨੂੰ ਕਦੇ ਨਾ ਛੱਡੋ।

**ਸਵਾਲ: ਤੁਸੀਂ ਕਿਸ ਵਿਧਾ ਵਿਚ ਲਿਖਦੇ ਹੋ?**

**ਜਵਾਬ:** ਮੈਂ ਕਵਿਤਾ ਤੋਂ ਆਪਣੀ ਲੇਖਣੀ ਦੀ ਸ਼ੁਰੂਆਤ ਕੀਤੀ ਸੀ। ਮੈਨੂੰ ਵਾਰਤਕ ਮੇਰੇ ਉਸਤਾਦ ਮਾਣਯੋਗ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦੇ ਨਾਵਲਾਂ ਨੇ ਲਿਖਣੀ ਸਿਖਾਈ। ਮੈਂ ਕਹਾਣੀ, ਕਵਿਤਾ, ਲੇਖ, ਫਿਲਮੀ ਰਿਵਿਊ, ਵਿਅੰਗ ਅਤੇ ਫਿਲਮੀ ਕਹਾਣੀਆਂ ਲਿਖ ਚੁੱਕੀ ਹਾਂ।

**ਸਵਾਲ: ਆਪਣੀ ਲਿਖੀ ਕਿਸੇ ਫਿਲਮੀ ਕਹਾਣੀ ਬਾਰੇ ਜ਼ਰਾ ਚਾਨਣਾ ਪਾਉ।**

**ਜਵਾਬ:** ਮੇਰੀ ਲਿਖੀ ਕਹਾਣੀ ‘ਸੀਬੋ’ ਉੱਪਰ ਫਿਲਮ ਬਣੀ ਹੈ। ਇਹ ਫਿਲਮ ਔਰਤ ਦੀ ਤ੍ਰਾਸਦੀ ਦੀ ਐਸੀ ਕਹਾਣੀ ਹੈ, ਜਿਸ ਵਿਚ ਉਸ ਨੂੰ ਜ਼ਿੰਦਗੀ ਜੀਣ ਲਈ ਹਰ ਵਾਰ ਧਰਮ ਪਰਿਵਰਤਨ ਕਰਨਾ ਪੈਂਦਾ ਹੈ। ਇਸ ਤੋਂ ਬਾਅਦ ਮੇਰੀ ਲਿਖੀ ਕਹਾਣੀ ਉੱਪਰ ਇੱਕ ਹੋਰ ਫਿਲਮ ਬਣੀ, ਜਿਸ ਦਾ ਨਾਮ ‘ਕੁੜੱਤਣ’ ਹੈ। ਇਸ ਫਿਲਮ ਦੇ ਨਾਲ ਹੀ ਮੈਂ ਡਾਇਰੈਕਸ਼ਨ ਦੀ ਦੁਨੀਆਂ ਵਿਚ ਕਦਮ ਰੱਖਿਆ। ਫਿਲਮ ‘ਕੁੜੱਤਣ’ ਸਮਾਜ ਦੀ ਇੱਕ ਘਿਨਾਉਣੀ ਮਾਨਸਿਕਤਾ ਨੂੰ ਉਜਾਗਰ ਕਰਦੀ ਕਹਾਣੀ ਹੈ।

**ਸਵਾਲ: ਇਸ ਤੋਂ ਇਲਾਵਾ ਆਪਣੀਆਂ ਲਿਖਤਾਂ ਬਾਰੇ ਸਾਡੇ ਪਾਠਕਾਂ ਨੂੰ ਦੱਸੋ ਅਤੇ ਆਪਣੀ ਪਸੰਦੀਦਾ ਲਿਖਤਾਂ ਬਾਰੇ ਵੀ ਚਾਨਣਾ ਪਾਉ?**

**ਜਵਾਬ:** ਮੇਰੀਆਂ ਲਿਖਤਾਂ ਨੌਂ ਮੁਲਕਾਂ ਦੇ 13 ਅਖਬਾਰਾਂ ਵਿਚ ਹਰ ਮਹੀਨੇ ਛਪ ਰਹੀਆਂ ਹਨ, ਜਿਸ ਵਿਚ ਮੇਰੀ ਇਕ ਹੱਡ ਬੀਤੀ ‘ਖਾਮੋਸ਼ ਮੁਹੱਬਤ ਦੀ ਦਾਸਤਾਨ’, ਜੋ ਮੇਰੇ ਪਾਲਤੂ ਕੁੱਤੇ ‘ਰਾਓ’ ਦੀ ਕਹਾਣੀ ਹੈ। ਇਸ ਤੋਂ ਇਲਾਵਾ ‘ਕੂੰਜਾਂ ਦਾ ਕਾਫਲਾ’, ‘ਮੋਏ ਸੁਪਨਿਆਂ ਦੀ ਮਿੱਟੀ’, ‘ਮੇਰੀ ਮਾਂ ਦਾ ਪਾਕਿਸਤਾਨ’, ਮੇਰੀਆਂ ਪਸੰਦੀਦਾ ਰਚਨਾਵਾਂ ਹਨ।

**ਸਵਾਲ: ਤੁਹਾਡੀਆਂ ਲਿਖਤਾਂ ਦਾ ਵਿਸ਼ਾ ਕੀ ਹੁੰਦਾ ਹੈ?**

**ਜਵਾਬ:** ਮੇਰੇ ਜ਼ਿਆਦਾਤਰ ਵਿਸ਼ੇ ਸਮਾਜ ਦੀ ਕਿਸੇ ਸੱਚੀ ਘਟਨਾ ਤੋਂ ਪ੍ਰੇਰਿਤ ਹੁੰਦੇ ਹਨ ਜਾਂ ਫੇਰ ਮੈਂ ਆਪਣੀ ਜ਼ਿੰਦਗੀ ਵਿਚ ਵਾਪਰੀ ਕਿਸੇ ਘਟਨਾ ਤੋਂ ਮਿਲੀ ਸੇਧ ਬਾਰੇ ਲਿਖਦੀ ਹਾਂ। ਮਜ਼ਲੂਮ ਧਿਰ ਨਾਲ ਖੜ੍ਹਨਾ ਮੈਨੂੰ ਸਕੂਨ ਦਿੰਦਾ ਹੈ।

**ਸਵਾਲ: ਆਪਣੀ ਅਗਲੀ ਕਿਸੇ ਯੋਜਨਾ ਬਾਰੇ ਦੱਸੋ?**

**ਜਵਾਬ:** ਮੇਰੀ ਅਗਲੀ ਲਘੂ ਫਿਲਮ ‘ਅੱਲਾਹ ਦੀਆਂ ਕੰਜਕਾਂ’ ਬਣਨ ਲਈ ਤਿਆਰ ਹੈ, ਜੋ ‘ਕਰੋਨਾ’ ਕਾਰਨ ਪਿੱਛੇ ਪੈਂਦੀ ਆ ਰਹੀ ਹੈ। ਫਿਲਮ ਦੀ ਕਹਾਣੀ ਮੈਂ ਲਿਖੀ ਹੈ, ਜਿਸ ਦਾ ਡਾਇਰੈਕਸ਼ਨ ਵੀ ਮੈਂ ਦੇਣ ਜਾ ਰਹੀ ਹਾਂ। ਇਹ ਫਿਲਮ ਮੇਰੇ ਬੈਨਰ ‘ਏ. ਐੱਸ. ਕੇ. ਮੋਸ਼ਨ ਪਿਕਚਰਸ’ ਦੇ ਬੈਨਰ ਹੇਠ ਬਣਨ ਜਾ ਰਹੀ ਹੈ। ਦੋ ਕਿਤਾਬਾਂ ਦੇ ਖਰੜੇ ਤਿਆਰ ਪਏ ਨੇ, ਬੱਸ ਤਾਲਾਬੰਦੀ ਕਰ ਕੇ ਰੁਕੇ ਹੋਏ ਹਾਂ।

**ਸਵਾਲ: ਮਾਂ ਬੋਲੀ ਦੇ ਸੰਦਰਭ ਵਿਚ ਵਿਦੇਸ਼ੀ ਵਸਦੀਆਂ ਪੰਜਾਬੀ ਔਰਤਾਂ ਬਾਰੇ ਕੀ ਸੋਚਦੇ ਹੋ?**

**ਜਵਾਬ:** ਵਿਦੇਸ਼ ਵਸਦੀਆਂ ਪੰਜਾਬੀ ਔਰਤਾਂ ਘਰੇਲੂ ਕੰਮਾਂ ਕਾਰਾਂ ਦੇ ਨਾਲ-ਨਾਲ ਸਾਹਿਤਕ ਰੁਚੀ ਵੀ ਰੱਖਦੀਆਂ ਨੇ ਅਤੇ ਬੱਚਿਆਂ ਨੂੰ ਗੁਰੂ ਘਰਾਂ ਵਿਚ ਪੰਜਾਬੀ ਸਿੱਖਣ ਲਈ ਵੀ ਭੇਜਦੀਆਂ ਨੇ, ਜੋ ਇੱਕ ਉਸਾਰੂ ਉਪਰਾਲਾ ਹੈ।

**ਸਵਾਲ: ਤੁਹਾਡੇ ਸਾਹਿਤਕ ਅਤੇ ਕਲਾ ਦੇ ਸਫਰ ਲਈ ਸਾਡੇ ਵੱਲੋਂ ਦੁਆਵਾਂ ਅਤੇ ਸ਼ੁਭਕਾਮਨਾਵਾਂ।**

**ਜਵਾਬ:** ਬਹੁਤ ਧੰਨਵਾਦ ਜੀ। ਮੇਰੇ ਪਾਠਕਾਂ ਦਾ ਬਹੁਤ ਧੰਨਵਾਦ, ਜਿਨ੍ਹਾਂ ਕਰਕੇ ਮੇਰਾ ਲਿਖਣ ਦਾ ਹੌਸਲਾ ਬਣਿਆ ਰਿਹਾ।

# ਸੌ ਸਾਲ ਪਹਿਲਾਂ ਦਾ ਪੰਜਾਬ ਤੇ ਸਾਉਣ ਮਹੀਨਾ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੈਂ ਪਿਛਲੀ ਸਦੀ ਦੇ ਤੀਹਵਿਆਂ ਦੇ ਪੰਜਾਬ ਦਾ ਜਮਪਲ ਹਾਂ। ਸੱਤਰ ਸਾਲ ਤੋਂ ਪਿੰਡਾਂ ਤੋਂ ਦੂਰ ਰਹਿਣ ਕਾਰਨ ਮੈਨੂੰ ਉਸ ਵਾਲੇ ਪੰਜਾਬ ਦੀ ਧੁੰਦਲੀ ਜਿਹੀ ਯਾਦ ਹੈ, ਜੋ ਮਹਿੰਦਰ ਸਿੰਘ ਦੁਸਾਂਝ ਦੀ ਹੁਣੇ ਹੁਣੇ ਪ੍ਰਕਾਸ਼ਿਤ ਹੋਈ ਪੁਸਤਕ ‘ਪੇਂਡੂ ਪੰਜਾਬ ਤੇ ਕਿਸਾਨੀ ਦਾ ਪੁਰਾਤਨ ਸਭਿਆਚਾਰ’ (ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਪੰਨੇ 128, ਮੁੱਲ 50 ਰੁਪਏ) ਨੇ ਤਾਜ਼ਾ ਕਰਵਾ ਦਿੱਤੀ ਹੈ। ਮਹਿੰਦਰ ਸਿੰਘ ਅਗਾਂਹ ਵਧੂ ਕਿਸਾਨ ਹੈ ਤੇ ਲਿਖਾਰੀ ਸਭਾ ਜਗਤਪੁਰ ਦਾ ਪ੍ਰਧਾਨ। ਮੇਰੇ ਵਾਂਗ ਪਿੰਡਾਂ ਤੋਂ ਟੁੱਟੇ ਲੋਕਾਂ ਲਈ ਇਹ ਪੁਸਤਕ ਪੜ੍ਹਨ ਤੇ ਮਾਣਨ ਵਾਲੀ ਹੈ। ਕੱਝ ਟੂਕਾਂ ਪੇਸ਼ ਹਨ:

ਪੰਜਾਬ ਦੇ ਆਮ ਪਿੰਡਾਂ ਵਿਚ ਵਸਦੇ ਵੱਖ-ਵੱਖ ਵਰਗਾਂ ਦੇ ਲੋਕ ਸਾਂਝੇ ਪਰਿਵਾਰ ਵਰਗੀ ਇੱਕ ਮਜ਼ਬੂਤ ਟੀਮ ਦੇ ਅੰਗ ਬਣ ਕੇ ਰਹਿੰਦੇ ਸਨ ਤੇ ਟੀਮ ਦੇ ਇਹ ਅੰਗ ਪਿੰਡਾਂ ਦੇ ਕਿਸਾਨਾਂ ਦੁਆਲੇ ਕੇਂਦਰਿਤ ਹੁੰਦੇ ਸਨ। ਇਨ੍ਹਾਂ ਵਰਗਾਂ ਵਿਚ ਤਰਖਾਣ ਕਿਸਾਨਾਂ ਦੇ ਖੇਤੀ ਲਈ ਵਰਤੇ ਜਾਣ ਵਾਲੇ ਸੰਦ ਤਿਆਰ ਕਰਦੇ ਸਨ ਤੇ ਲੁਹਾਰ ਲੋਹੇ ਦੇ ਸੰਦ ਬਣਾਉਣ ਤੇ ਇਨ੍ਹਾਂ ਨੂੰ ਮੁਰੰਮਤ ਕਰਨ ਦਾ ਕੰਮ ਕਰਦੇ ਸਨ। ਬ੍ਰਾਹਮਣ ਧਾਰਮਿਕ ਕਾਰਜ ਚਲਾਉਂਦੇ ਸਨ, ਜੁਲਾਹੇ ਕੱਪੜੇ ਬੁਣਦੇ ਸਨ, ਝਿਊਰ ਘਰ ਵਿਚ ਤੇ ਕਣਕ ਦੀ ਵਾਢੀ ਸਮੇਂ ਪਾਣੀ ਦੇਣ/ਪਿਲਾਉਣ ਦਾ ਕੰਮ ਕਰਦੇ ਸਨ, ਛੀਂਬਿਆਂ ਦਾ ਕੰਮ ਕੱਪੜੇ ਸਿਉਣ ਦਾ ਤੇ ਘੁਮਿਆਰ ਦਾ ਕੰਮ ਮਿੱਟੀ ਦੇ ਭਾਂਡੇ ਬਣਾਉਣ ਦਾ ਹੁੰਦਾ ਸੀ। ਜੁੱਤੀਆਂ ਬਣਾਉਣ ਤੇ ਗੰਢਣ ਦਾ ਕੰਮ ਮੋਚੀ ਕਰਦੇ ਸਨ ਤੇ ਆਦਿ ਧਰਮੀ ਮਜ਼ਦੂਰ ਕਿਸਾਨਾਂ ਕੋਲ ਮਿਹਨਤ ਮਜ਼ਦੂਰੀ ਕਰਦੇ ਸਨ। ਬਾਣੀਏ ਤੇ ਖੱਤਰੀ ਦੁਕਾਨਦਾਰੀ ਕਰਦੇ ਸਨ ਤੇ ਨਾਈ ਨਹੁੰ ਕੰਡੇ ਕੱਢਣ, ਵਾਲ ਕੱਟਣ ਤੇ ਹਜ਼ਾਮਤਾਂ ਕਰਦੇ ਸਨ।

ਪੰਜਾਬ ਦੇ ਹਰ ਪਿੰਡ ਦੀ ਏਸ ਸ਼ਾਨਾਂਮੱਤੀ ਤੇ ਸੁਹਿਰਦ ਟੀਮ ਵਿਚੋਂ ਜਿਹੜੇ ਵਰਗਾਂ ਦੇ ਲੋਕ ਪਿੰਡ ਦੇ ਕਿਸਾਨਾਂ ਨਾਲ ਕੰਮ ਕਰਦੇ ਸਨ ਜਾਂ ਉਨ੍ਹਾਂ ਲਈ ਕੋਈ ਸਾਮਾਨ ਤਿਆਰ ਕਰਦੇ ਅਤੇ ਕਿਸ ਵੀ ਰੂਪ ’ਚ ਸਹਿਯੋਗ ਦਿੰਦੇ ਸਨ, ਉਹ ਵੇਲਾ-ਕੁਵੇਲਾ ਤੇ ਕੰਮ ਕਰਨ ਲਈ ਸਮਾਂ ਨਹੀਂ ਸਨ ਵੇਖਦੇ ਤੇ ਨਾ ਹੀ ਜਿੰਨਾ ਕੰਮ ਕੀਤਾ, ਤੁਰੰਤ ਉਸ ਦੇ ਪੈਸੇ ਮੰਗਦੇ ਸਨ, ਆਪਣੀ ਮਿਹਨਤ ਉਹ ਹਾੜੀ-ਸਾਉਣੀ ’ਚ ਫਸਲ ਤੇ ਕਣਕ ਦੀਆਂ ਕੁਝ ਭਰੀਆਂ, ਮੱਕੀ ਦੇ ਕੁਝ ਬੰਦ (ਪੂਲੇ) ਜਾਂ ਦਾਣਿਆਂ ਦੇ ਰੂਪ ’ਚ ਪ੍ਰਾਪਤ ਕਰਦੇ ਸਨ, ਅਜਿਹੇ ਢੰਗ ਨਾਲ ਕੰਮ ਕਰਨ ਨੂੰ ‘ਸੇਪੀ ਕਰਨਾ’ ਕਿਹਾ ਜਾਂਦਾ ਸੀ।

ਪੇਂਡੂ ਸਮਾਜ ਦੇ ਇਹ ਸਾਰੇ ਵਰਗ ਇੱਕ ਦੂਜੇ ‘ਤੇ ਨਿਰਭਰ ਵੀ ਸਨ ਤੇ ਇੱਕ ਦੂਜੇ ਦਾ ਸਤਿਕਾਰ ਵੀ ਕਰਦੇ ਸਨ। ਇੱਕ ਦੂਜੇ ਦਾ ਦੁੱਖ ਸੁੱਖ ਵੇਖਦਿਆਂ ਇੱਕ ਦੂਜੇ ਦੀ ਗਮੀ ਖੁਸ਼ੀ ਵਿਚ ਸ਼ਾਮਲ ਹੁੰਦੇ ਸਨ ਤੇ ਇਹ ਸੁਹਿਰਦ ਤੇ ਸਮੁੱਚੀ ਟੀਮ ਹਮੇਸ਼ਾ ਸ਼ਾਂਤ ਤੇ ਸਹਿਜ ਅਵਸਥਾ ਵਿਚ ਰਹਿੰਦੀ ਸੀ, ਇਸ ਟੀਮ ਦਾ ਵਧੇਰੇ ਵਿਸ਼ਵਾਸ ਪਿੰਡ ਦੇ ਕਿਸਾਨਾਂ ਦੇ ਮੋਢਿਆਂ ਉੱਪਰ ਹੁੰਦਾ ਸੀ, ਜਿਨ੍ਹਾਂ ਦੀਆਂ ਕੋਠੀਆਂ ਵਿਚੋਂ ਦਾਣੇ ਖੇਤਾਂ ਵਿਚੋਂ ਹੋਣ, ਖੇਤੀ ਜਿਣਸਾਂ ਲੋੜ ਪੈਣ ‘ਤੇ ਪਿੰਡ ਦੇ ਕਾਰੀਗਰਾਂ ਅਤੇ ਲਾਗੀਆਂ ਵਾਸਤੇ ਆਉਂਦੀਆਂ ਸਨ ਤੇ ਕਿਸਾਨ ਇਨ੍ਹਾਂ ਛੋਟੀਆਂ ਮੋਟੀਆਂ ਜਿਣਸਾਂ ਦਾ ਹਿਸਾਬ ਕਿਤਾਬ ਕਰਦੇ ਸਨ। ਜੇ ਕਿਸੇ ਗਰੀਬ ਪਰਿਵਾਰ ਦੇ ਨਵੀਂ ਫਸਲ ਆਉਣ ਤੋਂ ਪਹਿਲਾਂ ਦਾਣੇ ਮੁੱਕ ਜਾਣ ਜਾਂ ਕਿਸੇ ਦੀ ਧੀ ਦਾ ਵਿਆਹ ਆ ਜਾਂਦਾ ਤਾਂ ਕਿਸਾਨ ਲੋੜਵੰਦ ਦੀ ਖਿੜੇ ਮੱਥੇ ਸਹਾਇਤਾ ਕਰਦੇ ਸਨ।

ਆਪਸ ਵਿਚ ਕਿਸਾਨਾਂ ਦਾ ਮੇਲ-ਮਿਲਾਪ ਬੇਮਿਸਾਲ ਸੀ। ਕਈ ਵਾਰ ਕਿਸਾਨਾਂ ਦੇ ਦੋ ਪਰਿਵਾਰ ਰਲ ਕੇ ਵੀ ਖੇਤੀ ਦਾ ਕੰਮ ਕਰਦੇ ਸਨ ਅਤੇ ਕਣਕ ਦੀ ਵਾਢੀ ਦੇ ਦਿਨਾਂ ਵਿਚ ਕਿਸੇ ਕਾਰਨ ਜੇ ਕਿਸੇ ਕਿਸਾਨ ਦੀ ਕਣਕ ਕਟਾਈ ਕਰਨ ਤੋਂ ਰਹਿ ਜਾਂਦੀ ਤਾਂ ਪਿੰਡ ਤੇ ਇਲਾਕੇ ਦੇ ਕਿਸਾਨ ਇਕੱਠੇ ਹੋ ਕੇ ਉਸ ਦੀ ਕਣਕ ਕੱਟ ਕੇ ਤੇ ਭਰੀਆਂ ਬੰਨ ਕੇ ਖਲਵਾੜਿਆਂ ਵਿਚ ਲਾ ਦਿੰਦੇ। ਇਉਂ ਕਣਕ ਕੱਟਣ ਦੇ ਕੰਮ ਨੂੰ ‘ਆਭਤ’ ਕਿਹਾ ਜਾਂਦਾ ਸੀ। ਆਭਤ ਨਾਲ ਕਣਕ ਦੀ ਕਟਾਈ ਕਰਾਉਣ ਵਾਲੇ ਕਿਸਾਨ ਪਰਿਵਾਰ ਵੱਲੋਂ ਆਭਤੀ ਕਿਸਾਨਾਂ ਦੀ ਖੂਬ ਖਾਤਰ ਸੇਵਾ ਕੀਤੀ ਜਾਂਦੀ ਸੀ।

ਪੁਰਾਣੇ ਪੰਜਾਬ ਦੇ ਕਿਸਾਨ ਆਪਣੇ ਬਲਦਾਂ ਤੇ ਗਾਂਵਾਂ-ਮੱਝਾਂ ਨਾਲ ਬਹੁਤ ਪਿਆਰ ਕਰਦੇ ਸਨ ਤੇ ਇਨ੍ਹਾਂ ਦੀਆਂ ਲੋੜਾਂ ਤੇ ਖਾਤਰ ਸੇਵਾ ਦਾ ਵਿਸ਼ੇਸ਼ ਧਿਆਨ ਰੱਖਦੇ ਸਨ। ਹੱਲ ਵਾਹੁਣ, ਸੁਹਾਗੇ ਦੇਣ, ਗੱਡੇ ਖਿੱਚਣ, ਚੜਸ ਚਲਾਉਣ ਤੇ ਖੇਤੀ ਦੇ ਹੋਰ ਕਈ ਕੰਮ ਬਲਦਾਂ ਤੋਂ ਹੀ ਲਏ ਜਾਂਦੇ ਸਨ ਤੇ ਬਲਦਾਂ ਦੇ ਅਰਾਮ ਦਾ ਵੀ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਸੀ। ਸੰਗਰਾਂਦ ਵਾਲੇ ਦਿਨ ਬਲਦਾਂ ਨੂੰ ਨਹੀਂ ਸੀ ਜੋੜਿਆ ਜਾਂਦਾ ਤੇ ਉਨ੍ਹਾਂ ਨੂੰ ਅਰਾਮ ਦਾ ਮੌਕਾ ਦਿੱਤਾ ਜਾਂਦਾ ਸੀ।

ਪੰਜਾਬ ਵਿਚ ਦੁੱਧ ਵੇਚਣ ਨੂੰ ਪੁੱਤ ਵੇਚਣ ਦੇ ਸਮਾਨ ਸਮਝਿਆ ਜਾਂਦਾ ਸੀ। ਕਿਸਾਨ ਸੁਆਣੀਆਂ ਜਦੋਂ ਲੌਢੇ ਵੇਲੇ ਲਵੇਰੀਆਂ ਲਈ ਵੰਡ (ਪੇੜੇ) ਦੇ ਲੁਹਾਂਡੇ ਸਿਰਾਂ ਉੱਪਰ ਰੱਖ ਲਵੇਰੀਆਂ ਲਈ ਹਵੇਲੀਆਂ ਕੋਲ ਪਹੁੰਚਦੀਆਂ ਤਾਂ ਲਵੇਰੀਆਂ ਉਨ੍ਹਾਂ ਨੂੰ ਆਪਣੀਆਂ ਮਾਂਵਾਂ ਵਾਂਗ ਉਡੀਕਦੀਆਂ ਸਨ।

ਪੁਸਤਕ ਵਿਚ ਪੁਰਾਣੇ ਪੰਜਾਬ ਦੇ ਲੋਕ ਮੇਲੇ, ਛਿੰਝਾਂ ਤੇ ਤਿਥ-ਤਿਉਹਾਰ ਹੀ ਨਹੀਂ, ਬੀਤੇ ਸਮਿਆਂ ਦੇ ਅਜਿਹੇ ਲੋਕ-ਗੀਤ ਵੀ ਦਰਜ ਹਨ, ਜਿਹੜੇ ਕੌਮੀ ਏਕਤਾ ਦੀ ਕੜੀ ਸਨ। ਅੰਤਲੇ ਕਾਂਡ ਵਿਚ ਲੇਖਕ ਨੇ ਪੁਰਾਤਨ ਖੇਤੀ ਸਭਿਆਚਾਰ ਦਾ ਬਾਰਾਂ-ਮਾਹਾ ਵੀ ਲਿਖਿਆ ਹੈ, ਜਿਸ ਵਿਚੋਂ ਸਾਉਣ ਮਹੀਨੇ ਦੀ ਰੂਪ-ਰੇਖਾ ਪੇਸ਼ ਹੈ:

ਸਾਵਣ (ਸਾਉਣ) ਦੇ ਬੱਦਲਾਂ ਦਾ ਆਗਮਨ ਮਨਾਂ ਨੂੰ ਟੁੰਬਣ ਵਾਲਾ ਹੁੰਦਾ। ਦੱਖਣ ਜਾਂ ਪੱਛਮ ਦੇ ਪਾਸੇ ਇਕਦਮ ਕਾਲੀ ਘਟਾ ਪਰਗਟ ਹੋ ਜਾਂਦੀ। ਇਸ ਕਾਲੀ ਘਟਾ ਦੇ ਅੱਗੇ ਅਨੇਕਾਂ ਚਿੱਟੇ ਬਗਲੇ ਉਡਦੇ ਇਉਂ ਜਾਪਦੇ ਜਿਵੇਂ ਕਾਲੇ ਹਨੇਰੇ ਵਿਚ ਚਿੱਟੇ ਫੁੱਲ ਖਿੜੇ ਹੋਣ। ਇਹ ਘਟਾ ਏਨੀ ਤੇਜ਼ੀ ਨਾਲ ਸਿਰਾਂ ’ਤੇ ਆ ਚੜ੍ਹਦੀ ਕਿ ਗਾਂ-ਮੱਝ ਦਾ ਦੁੱਧ ਚੋਣ ਬੈਠੇ ਕਿਸਾਨਾਂ ਨੂੰ ਪੂਰਾ ਦੁੱਧ ਕੱਢਣ ਜੋਗਾ ਸਮਾਂ ਵੀ ਨਾ ਦਿੰਦੀ।

ਵੇਖਦਿਆਂ-ਵੇਖਦਿਆਂ ਵਾਛੜ ਵਾਲਾ ਮੋਹਲੇਧਾਰ ਮੀਂਹ ਵਰ੍ਹਦਾ ਤੇ ਧਰਤੀ ਜਲ-ਥਲ ਹੋ ਜਾਂਦੀ। ਬਿਰਛਾਂ ਉੱਪਰ ਬੈਠੇ ਪੰਛੀ ਮੀਂਹ ’ਚ ਖੰਭ ਫੜਕ-ਫੜਕ ਨਹਾਉਂਦੇ ਤੇ ਖੁਸ਼ ਹੁੰਦੇ। ਬਿਰਛ ਬੂਟੇ ਤੇ ਫਸਲਾਂ ਜਿਵੇਂ ਖੁਸ਼ੀ ਨਾਲ ਝੂਮ ਉਠਦੀਆਂ। ਸੁੱਕੇ ਖੁਸ਼ਕ ਖੇਤਾਂ ਵਿਚੋਂ ਪਤਾ ਨਹੀਂ ਕਿੱਥੋਂ ਅਣਗਿਣਤ ਮੋਟੇ ਪੀਲੇ ਡੱਡੂ ਪਰਗਟ ਹੁੰਦੇ ਤੇ ਪਾਣੀ ਵਿਚੋਂ ਆਪਣੇ ਸਿਰ ਬਾਹਰ ਕੱਢ ਕੇ ‘ਗੁੜੈਂ-ਗੁੜੈਂ’ ਦੀਆਂ ਆਵਾਜ਼ਾਂ ਦਾ ਸੰਗੀਤ ਵਾਤਾਵਰਨ ਵਿਚ ਖਿਲਾਰ ਦਿੰਦੇ। ਬੱਚੇ ਸਣੇ ਕੱਪੜੀਂ ਬਾਹਰ ਨਿਕਲਦੇ ਤੇ ਮੀਂਹ ਵਿਚ ਨਹਾ ਕੇ ਖੁਸ਼ ਹੁੰਦੇ। ਪਸ਼ੂਆਂ ਵਿਚੋਂ ਸਭ ਤੋਂ ਵੱਧ ਮਹਿਰੂ ਨਹਾ ਕੇ ਖੁਸ਼ ਹੁੰਦੇ।

ਸਾਵਣ ਦੇ ਪਹਿਲੇ ਮੀਂਹ ਤੋਂ ਬਾਅਦ ਜਦੋਂ ਵੀ ਵੱਤਰ ਆਉਂਦੀ, ਕਿਸਾਨ ਖੇਤਾਂ ਵਿਚ ਲਾਈਆਂ ਰੂੜੀ ਦੀਆਂ ਢੇਰੀਆਂ ਖਿਲਾਰ ਦਿੰਦੇ ਤੇ ਪਿਛੋਂ ਵਹਾਈ ਕਰਕੇ ਰੂੜੀ ਮਿੱਟੀ ਵਿਚ ਰਲਾ ਦਿੰਦੇ। ਸਾਵਣ ਵਿਚ ਸਾਉਣੀ ਦੀਆਂ ਫਸਲਾਂ ਲਈ ਵਹਾਈ ਦਾ ਕੰਮ ਸ਼ੁਰੂ ਹੋ ਜਾਂਦਾ, ਏਸ ਮਹੀਨੇ ਚਰੀ, ਗੁਆਰਾ, ਬਾਜਰਾ, ਸਣ, ਮਾਂਹ, ਮੋਠ, ਮੂੰਗੀ, ਮੱਕੀ, ਤਿਲਾਂ ਤੇ ਮੂੰਗਫਲੀ ਦੀ ਬਿਜਾਈ ਸ਼ੁਰੂ ਹੋ ਜਾਂਦੀ।

ਜਦੋਂ ਕਈ ਦਿਨ ਨਿਰੰਤਰ ਤੇ ਜ਼ੋਰਦਾਰ ਵਰ੍ਹਦੇ ਮੀਂਹ ਦੀ ਅੱਤ ਹੋ ਜਾਂਦੀ ਤਾਂ ਕੱਖਾਂ-ਕਾਨਾਂ ਦਾ ਮੁਸਾਫਿਰ ਬਣਾ ਕੇ ਕੱਚੀ ਕੰਧ ਉੱਪਰ ਗੱਡ ਦਿੱਤਾ ਜਾਂਦਾ। ਇਸ ਨੂੰ ਮਰਦਾਂ ਵਰਗੇ ਕੱਪੜੇ ਪਹਿਨਾਏ ਜਾਂਦੇ। ਹੱਥ ਵਿਚ ਡੰਗੋਰੀ ਫੜਾ ਦਿੱਤੀ ਜਾਂਦੀ; ਆਟਾ, ਦਾਲਾਂ ਤੇ ਹੋਰ ਖੁਰਾਕੀ ਸਮੱਗਰੀ ਇੱਕ ਪੋਟਲੀ ਵਿਚ ਪਾ ਕੇ ਇਸ ਦੀ ਡੱਗੀ ਬਣਾ ਕੇ ਮੁਸਾਫਿਰ ਦੀ ਪਿੱਠ ’ਤੇ ਰੱਖ ਦਿੱਤੀ ਜਾਂਦੀ।

ਇਸ ਮੁਸਾਫਿਰ ’ਤੇ ਤਰਸ ਕਰਕੇ ਵਰਖਾ ਦੇ ਦੇਵਤੇ ਇੰਦਰ ਵੱਲੋਂ ਵਰਖਾ ਬੰਦ ਕਰ ਦੇਣ ਦੀ ਉਡੀਕ ਕੀਤੀ ਜਾਂਦੀ ਸੀ।

ਸਾਵਣ ਮਹੀਨੇ ਪੰਜਾਬੀਆਂ ਦੇ ਘਰਾਂ ਵਿਚ ਖੀਰਾਂ ਬਣਦੀਆਂ ਤੇ ਪੂੜੇ ਪੱਕਦੇ। ਸਾਵਣ ਵਿਚ ਹੀ ਆਉਂਦਾ ਸੀ ‘ਤੀਆਂ’ ਦਾ ਮਹੱਤਵਪੂਰਨ ਤਿਉਹਾਰ, ਜਿਹੜਾ ਇਸਤਰੀਆਂ ਦੇ ਮੌਜ ਮੇਲੇ ਨਾਲ ਸਬੰਧ ਰੱਖਦਾ ਸੀ।

ਮੇਰੇ ਲਈ ਮਹਿੰਦਰ ਦੁਸਾਂਝ ਉੱਪਰਾ ਨਹੀਂ। ਮੈਂ ਉਸ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸੰਚਾਰ ਕੇਂਦਰ ਦਾ ਮੁਖੀ ਹੁੰਦਿਆਂ 1978-79 ਵਿਚ ਵੀ ਮਿਲਦਾ ਰਿਹਾ ਹਾਂ। ਉਹ ਲੱਕ ਬੰਨ ਕੇ ਖੇਤੀ ਕਰਨ ਵਾਲਾ ਜਿਊੜਾ ਹੈ। ਤਜਰਬੇ ਕਰਨ ਦਾ ਚਾਹਵਾਨ। ਇੱਕ ਹੱਥ ਹਲ ਦਾ ਮੁੰਨਾ ਤੇ ਦੂਜੇ ਹੱਥ ਪੁਸਤਕ ਫੜ ਕੇ ਪੜ੍ਹਾਈ ਕੀਤੀ। ਉਸ ਦੀ ਜੀਵਨ ਸਾਥਣ ਮਹਿੰਦਰ ਕੌਰ ਦੀ ਪ੍ਰੇਰਨਾ ਨਾਲ ਉਸ ਨੇ ਗਿਆਨੀ, ਬੁਧੀਮਾਨੀ ਰਾਹੀਂ ਬੀ. ਏ. ਪਾਸ ਕੀਤੀ। ਉਸ ਨੇ ਪੜ੍ਹਨ ਲਈ ਕਿਸੇ ਸਕੂਲ/ਕਾਲਜ ਦੀ ਦਹਿਲੀਜ਼ ਨਹੀਂ ਟੱਪੀ। ਜਦੋਂ 1966 ਵਿਚ ਉਸ ਨੂੰ ਸਿਖ ਨੈਸ਼ਨਲ ਕਾਲਜ ਬੰਗਾ ਵਾਲਿਆਂ ਨੇ ਇੱਕ ਭਾਸ਼ਣ ਮੁਕਾਬਲੇ ਦੇ ਜੱਜ ਵੱਜੋਂ ਸਦਿਆ ਤਾਂ ਉਸ ਨੇ ਪਹਿਲੀ ਵਾਰ ਕਿਸੇ ਕਾਲਜ ਦੀ ਇਮਾਰਤ ਨੂੰ ਅੰਦਰ ਜਾ ਕੇ ਵੇਖਿਆ। ਉਦੋਂ ਉਸ ਦੀ ਉਮਰ 28 ਸਾਲ ਸੀ।

ਉਸ ਦੀ ਖੇਤੀ ਯੋਗਤਾ ਕਾਰਨ ਉਸ ਨੂੰ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਸੱਦੇ ਤੇ ਸਨਮਾਨ ਮਿਲ ਚੁਕੇ ਹਨ। ਉਹ ਲੇਖਕ ਵੀ ਹੈ! ਇਸ ਦਾ ਇਲਮ ਮੈਨੂੰ ਉਸ ਦੀ ਹਥਲੀ ਪੁਸਤਕ ਪੜ੍ਹ ਕੇ ਹੋਇਆ। ਉਸ ਦਾ ਉੱਦਮ ਤੇ ਕਮਾਈ ਅੱਖਾਂ ਖੋਲ੍ਹਣ ਵਾਲੀ ਹੈ। ਪੜ੍ਹੋ ਤੇ ਜਾਣੋ।

**ਅੰਤਿਕਾ: (ਬਿੰਦਰ ਬਿਸਮਿਲ)**

ਅਜ਼ਮਤਾਂ, ਖੁਦਦਾਰੀਆਂ, ਹੁਸ਼ਿਆਰੀਆਂ
ਹੁਸਨ ਮੂਹਰੇ ਸਾਰੀਆਂ ਹੀ ਹਾਰੀਆਂ।
ਦੂਰੀਆਂ, ਮਜਬੂਰੀਆਂ, ਦੁਸ਼ਵਾਰੀਆਂ,
ਮੇਰੀ ਪੁਸਤਕ ਵਿਚ ਨੇ ਲਿਖੀਆਂ ਸਾਰੀਆਂ।

# ਟੋਕੀਓ ਓਲੰਪਿਕ ਵਿਚ ਭਾਰਤ ਦੀ ਸ਼ਾਨ

ਟੋਕੀਓ ਓਲੰਪਿਕ ਵਿਚ ਭਾਰਤੀ ਖਿਡਾਰੀਆਂ ਦਾ ਪ੍ਰਦਰਸ਼ਨ ਲੰਮੇ ਵਕਫੇ ਮਗਰੋਂ ਦੇਸ਼ ਦੇ ਓਲੰਪਿਕ ਇਤਿਹਾਸ ਵਿਚ ਨਿਸ਼ਾਨ ਛੱਡ ਗਿਆ। ਭਾਰਤ ਨੇ ਪਹਿਲੀ ਵਾਰ ਸੱਤ ਤਗਮੇ ਜਿੱਤੇ। ਕਈ ਖਿਡਾਰੀ ਭਾਵੇਂ ਤਗਮੇ ਨਹੀਂ ਜਿੱਤ ਸਕੇ ਪਰ ਉਨ੍ਹਾਂ ਖੁਦ ਨੂੰ ਸਾਬਤ ਕੀਤਾ ਅਤੇ ਲੋਕਾਂ ਦੇ ਜਿੱਤ ਲਏ। ਇਨ੍ਹਾਂ ਵਿਚੋਂ ਪਿੰਡ ਕਬਰਵਾਲਾ (ਮੁਕਤਸਰ) ਵਿਚ ਬਤਾਲਿਆਂ ਵਾਲੀ ਢਾਣੀ ਦੀ ਜੰਮਪਲ ਅਥਲੀਟ ਕਮਲਪ੍ਰੀਤ ਕੌਰ ਬੱਲ ਨੇ ਕਮਾਲ ਕਰ ਦਿਖਾਇਆ।

ਕਮਲਪ੍ਰੀਤ ਕੌਰ ਦਾ ਆਪਣੇ ਪਹਿਲੇ ਓਲੰਪਿਕ ਵਿਚੋਂ ਤਗਮਾ ਨਾ ਜਿੱਤ ਸਕਣ ਦੇ

**ਇਕਬਾਲ ਸਿੰਘ ਸ਼ਾਂਤ**



ਕਮਲਪ੍ਰੀਤ ਕੌਰ



ਨੀਰਜ ਚੋਪੜਾ


ਚਾਨੂ ਮੀਰਾਬਾਈ


ਰਵੀ ਕੁਮਾਰ ਦਾਹੀਆ


ਲਵਲੀਨਾ ਬੋਰਗੋਹੈਨ


ਪੀ. ਵੀ. ਸਿੰਧੂ


ਬਜਰੰਗ ਪੂਨੀਆ

ਬਾਵਜੂਦ ਖੁਦ ਨੂੰ ਸਾਬਿਤ ਕਰਨਾ ਉਸ ਦੀ ਵਿਲੱਖਣਤਾ ਨੂੰ ਦਰਸਾਉਂਦਾ ਹੈ। ਉਹ ਤਕਰੀਬਨ 11 ਸਾਲ ਪਹਿਲਾਂ ਤੱਕ ਡਿਸਕਸ ਥਰੋਅ ਦੇ 'ਊੜੇ ਐੜੇ' ਤੋਂ ਬਿਲਕੁਲ ਕੋਰੀ ਸੀ। ਨਾ ਉਸ ਨੂੰ ਖੇਡਾਂ ਵਿਚ ਕੋਈ ਦਿਲਚਸਪੀ ਸੀ ਅਤੇ ਨਾ ਹੀ ਪਰਿਵਾਰਕ ਪਿਛੋਕੜ ਖੇਡਾਂ ਵਾਲਾ ਸੀ। ਦਰਅਸਲ, 25 ਸਾਲ ਦੀ ਉਮਰ 'ਚ ਵੱਡਾ ਮੁਕਾਮ ਹਾਸਲ ਕਰਨ ਵਿਚ ਉਸ ਦੇ 6.1 ਫੁੱਟ ਉੱਚੇ ਕੱਦ ਅਤੇ ਮਜ਼ਬੂਤ ਡੀਲ-ਡੌਲ ਦਾ ਅਹਿਮ ਰੋਲ ਹੈ। ਉਸ ਦੇ ਖੇਡ ਸਫਰ ਦਾ ਆਗਾਜ਼ 2011 ਵਿਚ ਬਾਬਾ ਈਸ਼ਰ ਸਿੰਘ ਨਾਨਕਸਰ ਪਬਲਿਕ ਸਕੂਲ ਕਬਰਵਾਲਾ ਵਿਚ ਮੈਟ੍ਰਿਕ ਦੀ ਪੜ੍ਹਾਈ ਦੌਰਾਨ ਹੋਇਆ ਜਿੱਥੋਂ ਦੇ ਡੀ.ਪੀ. ਅਧਿਆਪਕ ਨੇ ਕਮਲਪ੍ਰੀਤ ਕੌਰ ਦੇ ਲੰਮੇ ਕੱਦ ਨੂੰ ਦੇਖ ਕੇ ਉਸ ਨੂੰ ਡਿਸਕਸ ਥਰੋਅ ਖੇਡ ਨਾਲ ਜੋੜਨ ਦੀ ਸੋਚੀ। ਕਮਲਪ੍ਰੀਤ ਚਾਈਂ-ਚਾਈਂ ਤਿਆਰ ਹੋ ਗਈ। ਉਸ ਤੋਂ ਦੋ-ਤਿੰਨ ਦਿਨ ਬਾਅਦ ਹੀ ਉਸ ਨੂੰ ਬਗੈਰ ਕਿਸੇ ਵੱਡੀ ਤਿਆਰੀ ਜ਼ਿਲ੍ਹਾ ਪੱਧਰੀ ਖੇਡਾਂ 'ਚ ਲਿਜਾਇਆ ਗਿਆ। ਚੰਗੇ ਭਾਗੀਂ ਕਮਲਪ੍ਰੀਤ ਕੌਰ ਨੂੰ ਡਿਸਕਸ ਥਰੋਅ ਵਿਚ ਪਹਿਲਾ ਅਤੇ ਸੂਬਾਈ ਪੱਧਰ 'ਤੇ ਚੌਥਾ ਸਥਾਨ ਹਾਸਲ ਹੋਇਆ।

ਚੰਗੇ ਪ੍ਰਦਰਸ਼ਨ ਮਗਰੋਂ ਉਸ ਦੇ ਪਿਤਾ ਕੁਲਦੀਪ ਸਿੰਘ ਅਤੇ ਪਰਿਵਾਰ ਨੂੰ ਕੰਧ 'ਤੇ ਲਿਖੇ 'ਸੱਚ' ਵਾਂਗ ਕਮਲਪ੍ਰੀਤ ਦਾ ਖੇਡਾਂ ਵਿਚ ਭਵਿੱਖ ਦਿਸਣ ਲੱਗਿਆ। ਉਸ ਦਾ ਦਾਖਲਾ ਪਿੰਡ ਬਾਦਲ ਦੇ ਦਸਮੇਸ਼ ਵਿੱਦਿਅਕ ਅਦਾਰੇ ਵਿਖੇ ਕਰਵਾ ਦਿੱਤਾ ਗਿਆ। ਪਹਿਲੇ ਸਾਲ ਸਪੋਰਟਸ ਅਥਾਰਟੀ ਆਫ ਇੰਡੀਆ (ਬਾਦਲ ਕੇਂਦਰ) ਵਿਚ ਟ੍ਰਾਇਲ ਦਾ ਸਮਾਂ ਲੰਘ ਗਿਆ। ਕਮਲਪ੍ਰੀਤ ਦੇ ਪਿਤਾ ਨੇ ਪੁੱਤਰੀ ਦੇ ਭਵਿੱਖ ਲਈ ਵਿੱਤ ਤੋਂ ਵਧ ਕੇ ਦਸਮੇਸ਼ ਸਕੂਲ ਦੇ ਮਹਿੰਗੇ ਖਰਚੇ ਵਾਲੇ ਹੋਸਟਲ 'ਚ ਦਾਖਲਾ ਕਰਵਾਇਆ ਜਿੱਥੇ 'ਸਾਈ' ਬਾਦਲ ਵਿਚ ਅਥਲੈਟਿਕਸ ਕੋਚ ਪ੍ਰਿਤਪਾਲ ਕੌਰ ਮਾਰੂ ਨੇ ਉਸ ਨੂੰ ਸ਼ੁਰੂਆਤੀ ਸਿਖਲਾਈ ਦਿੱਤੀ। ਕੌਮੀ ਸਕੂਲ ਖੇਡਾਂ ਅਤੇ ਜੂਨੀਅਰ ਕੌਮੀ ਖੇਡਾਂ 'ਚ ਉਸ ਨੇ ਚਾਰ ਤਗਮੇ ਜਿੱਤੇ। 2015 ਤੋਂ ਹੁਣ ਤੱਕ ਰਾਖੀ ਤਿਆਗੀ ਉਸ ਦੀ ਖੇਡ ਪ੍ਰਤਿਭਾ ਨੂੰ ਨਿਖਾਰ ਰਹੇ ਹਨ।

ਮਾਂ ਹਰਜਿੰਦਰ ਕੌਰ ਨੂੰ ਧੀ ਦੇ ਹੋਸਟਲ ਵਿਚ ਚੰਗੇ ਖਾਣ-ਪੀਣ ਅਤੇ ਰਹਿਣ-ਸਹਿਣ ਬਾਰੇ ਸ਼ੁਰੂਆਤੀ ਝਿਜਕ ਸੀ ਪਰ ਮਜ਼ਬੂਤ ਜੁੱਸੇ ਵਾਲੀ ਧੀ ਦੀਆਂ ਜਿੱਤਾਂ ਨੇ ਮਾਂ ਦੇ ਮਨ ਦੇ ਖਦਸ਼ੇ ਮੁਕਾ ਦਿੱਤੇ। ਬਾਰ੍ਹਵੀਂ ਜਮਾਤ ਵਿਚ ਕੌਮੀ ਪੱਧਰ 'ਤੇ ਤਗਮਾ ਆਉਣ 'ਤੇ ਟ੍ਰਾਇਲ ਵਿਚ ਕਮਲਪ੍ਰੀਤ ਕੌਰ ਦੀ 'ਸਾਈ' ਵਿਚ ਚੋਣ ਹੋ ਗਈ। ਪਿੰਡ ਬਾਦਲ ਦੇ ਦਸਮੇਸ਼ ਵਿੱਦਿਅਕ ਅਦਾਰੇ ਦੀ ਮਿੱਟੀ ਅਤੇ ਕਮਲਪ੍ਰੀਤ ਦੀ ਮਿਹਨਤ ਦਾ ਜਲੌਅ ਹੈ ਕਿ ਫਿਰ ਉਸ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਂਜ, ਸਰਕਾਰੀ ਸਿਖਲਾਈ ਸੈਂਟਰਾਂ 'ਚ ਹੋਰ ਦੇਸ਼ਾਂ ਦੇ ਖਿਡਾਰੀਆਂ ਦੇ ਮੁਕਾਬਲੇ ਬਿਹਤਰ ਸਹੂਲਤਾਂ ਦੀ ਅਣਹੋਂਦ ਅਤੇ ਚੰਗੀ ਤੇ ਖੁਰਾਕ ਨਾ ਮਿਲਣ ਦਾ ਰੰਜ ਉਸ ਨੂੰ ਲਗਾਤਾਰ ਰਿਹਾ।

ਮਾਪਿਆਂ ਦੇ ਸਹਿਯੋਗ ਸਦਕਾ ਪਿੰਡ ਬਾਦਲ ਦੀ 'ਸਾਈ' ਵਿਚੋਂ ਉੱਠੀ, ਸੇਮ ਮਾਰੇ ਪਿੰਡ ਕਬਰਵਾਲਾ ਦੀ ਧੀ ਨੇ ਪਿੰਡ ਨੂੰ ਸੰਸਾਰ ਪੱਧਰ 'ਤੇ ਚਮਕਾ ਦਿੱਤਾ। ਡਿਸਕਸ ਥਰੋਅ 'ਚ ਕਮਲਪ੍ਰੀਤ ਕੌਰ ਦੇ ਨਾਂ ਤਕਰੀਬਨ 37 ਤਗਮੇ ਹਨ।

ਉਹ ਨਾਮੀ ਅਥਲੀਟ ਕ੍ਰਿਸ਼ਨਾ ਪੂਨੀਆ ਨੂੰ ਆਪਣਾ ਰੋਲ ਮਾਡਲ ਮੰਨਦੀ ਹੈ। ਉਸ ਦੇ ਰਿਕਾਰਡ ਤੋੜਨ ਵਾਲੇ ਸੁਭਾਅ ਨੇ ਰੋਲ ਮਾਡਲ ਕ੍ਰਿਸ਼ਨਾ ਪੂਨੀਆ ਦਾ ਹੀ 64.76 (ਸਾਲ 2012) ਨੈਸ਼ਨਲ ਰਿਕਾਰਡ ਤੋੜ ਕੇ ਸਿੱਧਾ ਓਲੰਪਿਕ 'ਚ ਦਾਖਲਾ ਪਾਇਆ। ਉਹ ਡਿਸਕਸ ਥਰੋਅ 'ਚ 65 ਮੀਟਰ ਸਕੋਰ ਪਾਰ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਅਥਲੀਟ ਹੈ। ਟੋਕੀਓ 'ਚ ਫਾਈਨਲ ਲਈ ਕੁਆਲੀਫਾਇੰਗ ਸਮੇਂ ਵੀ ਕਮਲਪ੍ਰੀਤ ਨੇ 64 ਮੀਟਰ ਥਰੋਅ ਰਾਹੀਂ ਭਾਰਤ ਦੀ ਸਭ ਤੋਂ ਵੱਧ ਸਕੋਰ ਕਰਨ ਵਾਲੀ ਖਿਡਾਰੀ ਹੋਣ ਦਾ ਮਾਣ ਹਾਸਲ ਕੀਤਾ। ਉਸ ਨੇ ਹੁਣ ਤੱਕ ਤਿੰਨ ਮੀਟ ਅਤੇ ਇੱਕ ਨੈਸ਼ਨਲ ਰਿਕਾਰਡ ਤੋੜਿਆ ਹੈ।

ਤਕਰੀਬਨ ਨੌਂ ਸਾਲਾਂ 'ਚ ਡਿਸਕਸ ਥਰੋਅ 'ਚ ਸਿਖਰਲੇ ਪੜਾਅ 'ਤੇ ਪੁੱਜਣ ਵਾਲੀ ਕਮਲਪ੍ਰੀਤ ਦਾ ਖੇਡ ਸਫਰ ਸੌਖਾ ਨਹੀਂ ਰਿਹਾ। 2017 ਵਿਚ ਖੇਡ ਦੌਰਾਨ ਲੱਗੀ ਸੱਟ ਦੇ ਲਗਾਤਾਰ ਦਰਦ ਨੇ ਉਸ ਨੂੰ ਲਗਭਗ ਹਰਾ ਦਿੱਤਾ ਸੀ। ਤਿੱਖੇ ਦਰਦ ਨੇ ਖੇਡ ਛੱਡਣ ਤੱਕ ਦੇ ਖਦਸ਼ੇ ਖੜ੍ਹੇ ਕਰ ਦਿੱਤੇ ਸਨ। ਫਿਰ ਉਸ ਨੂੰ ਪਿਓ-ਦਾਦੇ ਦਾ ਲੋਕਾਂ ਦੀਆਂ ਜ਼ਮੀਨਾਂ ਠੇਕੇ 'ਤੇ ਵਾਹ ਕੇ ਜੱਦੀ ਸੱਤ ਏਕੜ ਜ਼ਮੀਨ ਨੂੰ 28 ਏਕੜ ਬਣਾਉਣ ਸਫਰ ਯਾਦ ਆਇਆ। ਉਸ ਨੇ ਪਿੱਠ ਦਰਦ ਨੂੰ ਤਾਕਤ ਬਣਾ ਲਿਆ। ਕਮਲਪ੍ਰੀਤ ਬੱਲ ਨੇ ਜਿੱਤਾਂ ਦੀ ਲੜੀ 2014 'ਚ ਜੂਨੀਅਰ ਨੈਸ਼ਨਲ ਡਿਸਕਸ ਥਰੋਅ ਵਿਚ 39 ਮੀਟਰ ਸਕੋਰ ਨਾਲ ਸੋਨ ਤਗਮੇ ਤੋਂ ਵਿੱਢੀ। ਉਸੇ ਸਾਲ ਸਕੂਲ ਗੇਮਜ਼ 'ਚ 42 ਮੀਟਰ ਸਕੋਰ ਨਾਲ ਸੋਨ ਤਗਮਾ ਅਤੇ 2016 'ਚ ਓਪਨ ਨੈਸ਼ਨਲ 'ਚ ਸੋਨ ਤਗਮਾ ਜਿੱਤਿਆ। ਸੀਨੀਅਰ ਨੈਸ਼ਨਲ ਫੈਡਰੇਸ਼ਨ ਮੁਕਾਬਲਿਆਂ 'ਚ ਸਾਲ 2018, 2019 ਤੇ 2021 ਵਿਚ ਲਗਾਤਾਰ ਸੋਨ ਤਗਮੇ ਜਿੱਤ ਕੇ ਖੁਦ ਨੂੰ ਸਾਬਿਤ ਕੀਤਾ। ਲਗਾਤਾਰ ਜਿੱਤਾਂ ਨੂੰ ਹੱਥਾਂ ਦੀ ਕਰਾਮਾਤ ਬਣਾਉਣ ਵਾਲੀ ਕਮਲਪ੍ਰੀਤ ਬੱਲ ਦਾ ਰਿਕਾਰਡ ਤੋੜਨ ਦਾ ਜਿਵੇਂ ਸੁਭਾਅ ਹੀ ਬਣ ਗਿਆ। ਉਸ ਨੇ 2016 'ਚ ਰਾਜਸਥਾਨ ਦੀ ਪਰਮਿਲਾ ਦਾ ਜੂਨੀਅਰ ਖੇਡਾਂ 'ਚ ਰਿਕਾਰਡ ਤੋੜਿਆ। 2107 'ਚ ਉਸ ਨੇ ਹਰਵੰਤ ਕੌਰ ਵੱਲੋਂ 2001 ਵਿਚ ਕਾਇਮ ਕੀਤਾ ਕਰੀਬ 53 ਮੀਟਰ ਦਾ ਰਿਕਾਰਡ 55.11 ਮੀਟਰ ਸਕੋਰ ਨਾਲ ਤੋੜਿਆ।

ਉਸ ਨੇ ਆਲ ਇੰਡੀਆ ਇੰਟਰ ਰੇਲਵੇ ਖੇਡਾਂ 'ਚ ਲਖਨਊ ਵਿਖੇ ਕ੍ਰਿਸ਼ਨਾ ਪੂਨੀਆ ਦਾ ਮੀਟ ਰਿਕਾਰਡ ਤੋੜਿਆ। ਓਲੰਪਿਕ 'ਚ ਪੁੱਜਣ ਲਈ 24ਵੇਂ ਨੈਸ਼ਨਲ ਫੈਡਰੇਸ਼ਨ ਕੱਪ 'ਚ ਕ੍ਰਿਸ਼ਨਾ ਪੂਨੀਆ ਦਾ ਪੁਰਾਣਾ ਰਿਕਾਰਡ ਹੀ ਉਸ ਲਈ ਗੇਟਵੇਅ ਬਣਿਆ। ਉਹ ਰੋਜ਼ਾਨਾ ਅੱਠ ਘੰਟੇ ਪ੍ਰੈਕਟਿਸ ਕਰਦੀ ਰਹੀ ਹੈ। ਖੇਡਾਂ 'ਚ ਮੱਲਾਂ ਮਾਰਨ ਦੇ ਨਾਲ-ਨਾਲ ਉਸ ਨੇ ਗ੍ਰੈਜੂਏਸ਼ਨ ਕੀਤੀ। ਓਲੰਪਿਕ ਲਈ ਸਿਖਲਾਈ ਖਾਤਰ ਪੰਜਾਬ ਸਰਕਾਰ ਨੇ ਦਸ ਲੱਖ ਰੁਪਏ, ਜ਼ਿਲ੍ਹਾ ਪ੍ਰਸ਼ਾਸਨ ਨੇ ਪੰਜ ਲੱਖ ਰੁਪਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੋ ਲੱਖ ਰੁਪਏ ਦਿੱਤੇ ਸਨ। ਇਸ ਦੇ ਬਾਵਜੂਦ ਉਸ ਨੂੰ ਰੇਲਵੇ ਵਿਚ ਮਹਿਜ਼ ਤੀਜੇ ਦਰਜੇ 'ਤੇ ਸੀਨੀਅਰ ਕਲਰਕ ਦੀ ਨੌਕਰੀ ਦਿੱਤੀ ਗਈ।

ਕਮਲਪ੍ਰੀਤ ਪਟਿਆਲਾ ਦੇ 'ਸਾਈ' ਸੈਂਟਰ 'ਚ ਕੋਚ ਰਾਖੀ ਤਿਆਗੀ ਦੀ ਦੇਖ-ਰੇਖ ਹੇਠ ਓਲੰਪਿਕ ਲਈ ਪ੍ਰਵਾਨ ਚੜ੍ਹੀ। ਓਲੰਪਿਕ ਪ੍ਰਦਰਸ਼ਨ ਮੌਕੇ ਸਮੁੱਚੇ ਪੰਜਾਬ ਅਤੇ ਸਮੁੱਚੇ ਦੇਸ਼ ਦੀਆਂ ਨਿਗਾਹਾਂ ਉਸ 'ਤੇ ਲੱਗੀਆਂ ਰਹੀਆਂ। ਖਰਾਬ ਮੌਸਮ ਕਾਰਨ ਫਾਈਨਲ 'ਚ ਉਸ ਦੇ ਖੇਡ ਪ੍ਰਦਰਸ਼ਨ 'ਤੇ ਫਰਕ ਪਿਆ। ਉਸ ਨੇ ਪਹਿਲੇ ਅੱਧ ਵਿਚ ਮੋਹਰੀ ਅੱਠ ਅਥਲੀਟਾਂ ਵਿਚ ਰਹਿ ਭਾਰਤ ਨੂੰ ਜਿੱਤ ਲਈ ਤਿੰਨ ਹੋਰ ਮੌਕੇ ਦਿਵਾਏ ਅਤੇ ਤਗਮੇ ਦੀ ਉਮੀਦ ਨੂੰ ਆਖਰ ਤੱਕ ਬਣਾਈ ਰੱਖਿਆ। ਆਖਰ 63.70 ਸਕੋਰ ਨਾਲ ਛੇਵੇਂ ਸਥਾਨ 'ਤੇ ਰਹੀ। ਰਾਖੀ ਤਿਆਗੀ ਮੁਤਾਬਿਕ ਕਮਲਪ੍ਰੀਤ ਨੇ ਛੋਟੀ ਉਮਰੇ ਵੱਡਾ ਮੁਕਾਮ ਹਾਸਲ ਕੀਤਾ ਹੈ। ਟੋਕੀਓ ਓਲੰਪਿਕ ਵਿਚ ਤਗਮਾ ਜਿੱਤਣ ਤੋਂ ਵਾਂਝੀ ਰਹਿ ਜਾਣ ਦੇ ਬਾਵਜੂਦ ਕਮਲਪ੍ਰੀਤ ਕੌਰ ਪੰਜਾਬੀਆਂ ਲਈ ਰੋਲ ਮਾਡਲ ਬਣ ਕੇ ਉੱਭਰੀ ਹੈ।

### ਟੋਕੀਓ ਓਲੰਪਿਕ ਵਿਚ ਭਾਰਤ ਦੇ ਤਗਮੇ

***ਐਤਕੀਂ ਭਾਰਤ ਨੇ ਓਲੰਪਿਕ ਵਿਚ ਸੱਤ ਤਗਮੇ ਜਿੱਤੇ ਹਨ ਜੋ ਹੁਣ ਤੱਕ ਗਿਣਤੀ ਪੱਖੋਂ ਸਭ ਤੋਂ ਵੱਧ ਹਨ।***

*ਨੀਰਜ ਚੋਪੜਾ (ਜੈਵਲਿਨ): ਸੋਨ*

*ਚਾਨੂ (ਵੇਟ ਲਿਫਟਿੰਗ): ਚਾਂਦੀ*

*ਰਵੀ ਦਾਹੀਆ (ਕੁਸ਼ਤੀ): ਚਾਂਦੀ*

*ਹਾਕੀ ਟੀਮ (ਮੁੰਡੇ): ਕਾਂਸੀ*

*ਲਵਲੀਨਾ (ਮੁੱਕੇਬਾਜ਼ੀ): ਕਾਂਸੀ*

*ਪੀ. ਵੀ. ਸਿੰਧੂ (ਬੈਡਮਿੰਟਨ): ਕਾਂਸੀ*

*ਬਜਰੰਗ ਪੂਨੀਆ (ਕੁਸ਼ਤੀ): ਕਾਂਸੀ*

# ਭਾਰਤੀ ਹਾਕੀ ਦੀ ਟਹਿਕ

ਕਹਿੰਦੇ ਨੇ ਚੜ੍ਹਦੇ ਸੂਰਜ ਨੂੰ ਸਲਾਮ ਹੁੰਦੀ ਹੈ; ਜਦੋਂ ਤਕ ਭਾਰਤੀ ਹਾਕੀ ਟੀਮ ਦੁਨੀਆ ਵਿਚ ਛਾਈ ਰਹੀ, ਇਸ ਨੂੰ ਕੌਮੀ ਖੇਡ ਦਾ ਦਰਜਾ ਦਿੱਤਾ ਗਿਆ। ਜਿਵੇਂ-ਜਿਵੇਂ ਇਹ ਹਾਸ਼ੀਏ 'ਤੇ ਜਾਂਦੀ ਰਹੀ, ਇਸ ਦਾ ਰੁਤਬਾ ਖੁੱਸ ਗਿਆ। ਟੋਕੀਓ ਓਲੰਪਿਕਸ ਨੇ ਭਾਰਤੀ ਹਾਕੀ ਨੂੰ ਮੁੜ ਇੱਜ਼ਤਦਾਰ ਬਣਾ ਦਿੱਤਾ। ਇਸ ਲਈ ਸਭ ਤੋਂ ਵੱਧ ਵਧਾਈ ਦੇ ਪਾਤਰ ਟੀਮ ਚੁਣਨ ਵਾਲੇ ਹਨ। ਟੀਮ ਦੀ ਚੋਣ ਤੋਂ ਲੱਗਦਾ ਹੈ ਕਿ ਉਨ੍ਹਾਂ ਨੇ ਇਲਾਕਾਪ੍ਰਸਤੀ ਨੂੰ ਤਿਆਗਿਆ ਅਤੇ

**ਨਰਿੰਦਰ ਸਿੰਘ**

ਪ੍ਰਤਿਭਾ ਨੂੰ ਮੌਕਾ ਦਿੱਤਾ ਹੈ। ਚੋਣਕਾਰ ਜੇ ਇਲਾਕਾਪ੍ਰਸਤੀ ਅਤੇ ਧਰਮ ਦੇ ਚੱਕਰ ਵਿਚ ਪੈ ਜਾਂਦੇ ਤਾਂ ਜਿਹੜੇ ਜਸ਼ਨ ਮਨਾਉਣ ਦਾ ਮੌਕਾ ਮਿਲਿਆ ਹੈ, ਉਹ ਨਸੀਬ ਨਹੀਂ ਸੀ ਹੋਣਾ। ਟੀਮ ਵਿਚ ਭਾਵੇਂ ਬਹੁਗਿਣਤੀ ਪੰਜਾਬੀਆਂ ਦੀ ਸੀ ਪਰ ਇਸ ਓਲੰਪਿਕਸ ਵਿਚ ਜਿੱਤ ਦੇ ਜਸ਼ਨ ਕਸ਼ਮੀਰ ਤੋਂ ਕੰਨਿਆਕੁਮਾਰੀ ਤਕ ਮਨਾਏ ਜਾ ਰਹੇ ਹਨ। ਜ਼ਾਹਿਰ ਹੈ ਕਿ ਕਾਗਜ਼ਾਂ ਵਿਚੋਂ ਭਾਵੇਂ ਕੌਮੀ ਖੇਡ ਵਜੋਂ ਹਾਕੀ ਦਾ ਨਾਮ ਸਾਫ ਕਰ ਦਿੱਤਾ ਗਿਆ ਪਰ ਦਿਲਾਂ ਵਿਚ ਇਹ ਅਜੇ ਵੀ ਵੱਸਦੀ ਹੈ। ਹੈਰਾਨੀ ਹੈ ਕਿ ਜੇ ਇਹ ਦਿਲਾਂ ਵਿਚ ਵੱਸਦੀ ਹੈ ਤਾਂ ਤਗਮਿਆਂ ਤੋਂ ਦੂਰ ਕਿਵੇਂ ਹੋ ਗਈ। ਇਸ ਦੂਰੀ ਲਈ ਵੀ ਭਾਰਤ ਜ਼ਿੰਮੇਵਾਰ ਹੈ।

ਸਭ ਤੋਂ ਵੱਡੀ ਖਾਮੀ ਤਕਨਾਲੋਜੀ ਪੱਖੋਂ ਪੱਛੜ ਜਾਣਾ ਹੈ। ਜਿਵੇਂ ਹੀ ਕੌਮਾਂਤਰੀ ਹਾਕੀ ਫੈਡਰੇਸ਼ਨ ਦੀ ਸਰਦਾਰੀ ਏਸ਼ੀਆਈ ਹੱਥਾਂ 'ਚੋਂ ਖਿਸਕ ਕੇ ਯੂਰਪ ਦੇ ਹੱਥ ਗਈ, ਭਾਰਤੀ ਹਾਕੀ ਗਰਕਣੀ ਸ਼ੁਰੂ ਹੋ ਗਈ। ਇਹ ਐਨੀ ਹੇਠਾਂ ਗਈ ਕਿ ਬਹੁਤ ਸਾਰੇ ਮਹਾਨ ਖਿਡਾਰੀ ਜਿਹੜੇ 41 ਸਾਲਾਂ ਵਿਚ ਹੋਏ ਹਨ, ਓਲੰਪਿਕਸ ਦੇ ਤਗਮੇ ਨੂੰ ਤਰਸਦੇ ਰਹਿ ਗਏ। ਭਾਰਤ ਦੀ ਕਲਾਤਮਕ ਹਾਕੀ ਦਾ ਭਾਵੇਂ ਕੋਈ ਮੁਕਾਬਲਾ ਨਹੀਂ ਪਰ ਤਕਨਾਲੋਜੀ ਨਹੀਂ ਹੈ। ਇਸ ਗੱਲ ਨੂੰ ਯੂਰਪੀ ਮੁਲਕ ਜਾਣਦੇ ਹਨ ਕਿ ਏਸ਼ੀਆਈ ਖਾਸ ਤੌਰ 'ਤੇ, ਭਾਰਤੀ ਹੁਨਰ (ਸਕਿਲ) ਦਾ ਮੁਕਾਬਲਾ ਅਸੰਭਵ ਹੈ। ਇਸ ਲਈ ਯੂਰਪੀ ਮੁਲਕਾਂ ਨੇ ਹਾਕੀ ਦੀ ਸਰਦਾਰੀ ਹੱਥ ਆਉਣ ਤੋਂ ਤੁਰੰਤ ਬਾਅਦ ਸਭ ਤੋਂ ਪਹਿਲਾ ਕੰਮ ਤਕਨੀਕਾਂ ਨੂੰ ਬਦਲਣ ਦਾ ਕੀਤਾ। ਉਹ ਕੁਝ ਸਮੇਂ ਬਾਅਦ ਇਸ ਦੀਆਂ ਤਕਨੀਕਾਂ ਵਿਚ ਵਾਰ-ਵਾਰ ਤਬਦੀਲੀ ਕਰਦੇ ਰਹੇ ਅਤੇ ਕਰ ਰਹੇ ਹਨ; ਭਾਵੇਂ ਇਹ ਹਾਕੀ ਹੋਵੇ, ਮੈਦਾਨ ਹੋਵੇ, ਖਿਡਾਰੀਆਂ ਬਾਰੇ ਹੋਏ ਜਾਂ ਖੇਡ ਬਾਰੇ ਹੋਵੇ। ਜਲਦ-ਜਲਦ ਆਈਆਂ ਤਬਦੀਲੀਆਂ ਨੂੰ ਭਾਰਤੀ ਹਾਕੀ ਸਹਿ ਨਹੀਂ ਸਕੀ। ਇਨ੍ਹਾਂ ਤਬਦੀਲੀਆਂ ਕਾਰਨ ਫਿਟਨੈੱਸ ਅਹਿਮ ਹੋ ਗਈ ਅਤੇ ਕਲਾਤਮਕ ਹਾਕੀ ਪਛੜ ਗਈ। ਇਸ ਵਾਰ ਭਾਰਤੀ ਖਿਡਾਰੀਆਂ ਨੇ ਇਸ ਫਿੱਟਨੈੱਸ 'ਤੇ ਕੰਮ ਕੀਤਾ। ਉਹ ਭਾਵੇਂ ਯੂਰਪੀ ਖਿਡਾਰੀਆਂ ਦੇ ਬਰਾਬਰ ਤਾਂ ਨਹੀਂ ਪੁੱਜੇ ਪਰ ਨੇੜੇ ਜ਼ਰੂਰ ਆ ਗਏ ਹਨ ਜਿਸ ਦਾ ਨਤੀਜਾ ਕਾਂਸੀ ਦਾ ਤਗਮਾ ਹੈ। ਜੇ ਇਹ ਫਿੱਟਨੈੱਸ ਹੋਰ ਚੰਗੀ ਹੋ ਗਈ ਤਾਂ ਸੋਨ ਤਗਮਾ ਪੱਕਾ।

ਕਹਿਣ ਨੂੰ ਤਾਂ ਇਸ ਵੇਲੇ ਕੌਮਾਂਤਰੀ ਹਾਕੀ ਫੈਡਰੇਸ਼ਨ ਦੀ ਪ੍ਰਧਾਨਗੀ ਭਾਰਤ ਕੋਲ ਹੈ ਪਰ ਤਕਨੀਕੀ ਕਮੇਟੀਆਂ ਵਿਚ ਯੂਰਪ ਦੀ ਚੜ੍ਹਾਈ ਹੈ। ਦੂਜਿਆਂ ਨੂੰ ਦੋਸ਼ ਦੇਣ ਨਾਲੋਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਲੋੜ ਹੈ। ਹਾਕੀ ਖੇਡਦੇ ਹਾਲੈਂਡ, ਜਰਮਨੀ ਤੇ ਬੈਲਜੀਅਮ ਸਣੇ ਲਗਭਗ ਹਰ ਯੂਰਪੀ ਮੁਲਕ ਦੇ ਸਕੂਲਾਂ ਅਤੇ ਕਾਲਜਾਂ ਵਿਚ ਮਸਨੂਈ ਘਾਹ ਦੇ ਮੈਦਾਨ ਹਨ। ਭਾਰਤ ਵਿਚ ਲੱਭਣ 'ਤੇ ਵੀ ਅਜਿਹੇ ਮੈਦਾਨ ਨਹੀਂ ਮਿਲਦੇ। ਜਦੋਂ ਖਿਡਾਰੀ ਬਚਪਨ ਤੋਂ ਕੁਦਰਤੀ ਘਾਹ ਵਾਲੇ ਮੈਦਾਨ ਵਿਚ ਖੇਡੇਗਾ ਤਾਂ ਅਚਾਨਕ ਕੌਮੀ ਕੈਂਪ ਵਿਚ ਮਸਨੂਈ ਘਾਹ 'ਤੇ ਤਾਂ ਗੇਂਦ ਨਾ ਉਸ ਤੋਂ ਰੁਕੇਗੀ ਤੇ ਨਾ ਹੀ ਉਹ ਦੌੜ ਸਕੇਗਾ। ਇਸ ਕਾਰਨ ਬਹੁਤ ਸਾਰੇ ਪ੍ਰਤਿਭਾਸ਼ਾਲੀ ਖਿਡਾਰੀਆਂ ਦੀ ਖੇਡ ਖਤਮ ਹੋ ਜਾਂਦੀ ਹੈ। ਖਿਡਾਰੀਆਂ ਕੋਲ ਜੁੱਤਿਆਂ ਤੋਂ ਲੈ ਕੇ ਖੁਰਾਕ ਤਕ ਦੀ ਤੋਟ ਟੁੱਟਦੀ ਹੀ ਨਹੀਂ। ਖੇਡ ਵਿੰਗਾਂ ਦਾ ਹਾਲ ਬੜਾ ਖਰਾਬ ਹੈ।

ਮੈਨੂੰ ਚੇਤੇ ਹੈ ਜਦੋਂ ਮੈਂ ਪਟਿਆਲਾ ਸਥਿਤ ਦੇਸ਼ ਦੀ ਨਾਮੀ ਸੰਸਥਾ ਵਿਚ ਡਰੈਗ ਫਲਿੱਕਰ ਸੰਦੀਪ ਨੂੰ ਮਿਲਣ ਗਿਆ ਤਾਂ ਉਸ ਦੇ ਕਮਰੇ ਦਾ ਹਾਲ ਦੇਖ ਕੇ ਦੰਗ ਰਹਿ ਗਿਆ। ਛੋਟੇ ਜਿਹੇ ਕਮਰੇ ਵਿਚ ਦੋ ਪਲਾਈ ਵਾਲੇ ਮੰਜੇ ਤੇ ਗੰਦਾ ਸਿਰਹਾਣਾ। ਰਸੋਈ ਦਾ ਤਾਂ ਹਾਲ ਹੀ ਨਾ ਪੁੱਛੋ। ਇਹ ਹਾਲ ਉਸ ਵੇਲੇ ਦਾ ਹੈ ਜਦੋਂ ਸੰਦੀਪ ਕੌਮਾਂਤਰੀ ਪੱਧਰ 'ਤੇ ਨਾਮ ਬਣਾ ਚੁੱਕਿਆ ਸੀ। ਬਾਕੀ ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹੇਠਲੇ ਪੱਧਰ 'ਤੇ ਹਾਲ ਕੀ ਹੋਵੇਗਾ। ਇਸ ਤੋਂ ਬਾਅਦ ਮੀਡੀਆ ਦਾ ਨੰਬਰ ਆਉਂਦਾ ਹੈ। ਕ੍ਰਿਕਟ ਨੂੰ ਛੱਡ ਕੇ ਭਾਰਤੀ ਮੀਡੀਆ ਨੂੰ ਸਿਰਫ ਓਲੰਪਿਕਸ ਵੇਲੇ ਹੀ ਹੋਰ ਖੇਡਾਂ ਦੀ ਯਾਦ ਆਉਂਦੀ ਹੈ। ਉਹ ਹੋਰ ਖੇਡਾਂ ਨਾਲ ਚੌਥੇ ਦਰਜੇ ਦਾ ਵਿਹਾਰ ਕਰਦਾ ਹੈ।

ਹਾਕੀ ਦੇ ਜਾਦੂਗਰ ਧਿਆਨ ਚੰਦ ਨੂੰ ਭਾਰਤ ਰਤਨ ਦੇਣ ਵੇਲੇ ਹੁਣ ਤੱਕ ਸਾਰਿਆਂ ਨੇ ਪੈਰ ਮਲੇ ਪਰ ਇਕ ਹੋਰ ਕ੍ਰਿਕਟਰ ਨੂੰ ਭਾਰਤ ਰਤਨ ਦੇਣ ਵਿਚ ਸਾਰਿਆਂ ਨੇ ਹਾਮੀ ਭਰੀ। ਇਸ 'ਤੇ ਮੀਡੀਆ ਤੋਂ ਆਵਾਜ਼ ਉਠਣ ਦੀ ਆਸ ਸੀ ਪਰ ਉਹ ਉਸ ਸ਼ਿੱਦਤ ਨਾਲ ਨਹੀਂ ਬੋਲਿਆ ਜਿਸ ਦੀ ਜ਼ਰੂਰਤ ਸੀ। ਕੇਂਦਰ ਸਰਕਾਰ ਨੇ ਭਾਵੇਂ ਰਾਜੀਵ ਗਾਂਧੀ ਖੇਲ ਰਤਨ ਪੁਰਸਕਾਰ ਦਾ ਨਾਮ ਬਦਲ ਕੇ ਧਿਆਨ ਚੰਦ ਖੇਲ ਰਤਨ ਕਰ ਕੇ ਹਾਕੀ ਜਾਦੂਗਰ ਨੂੰ ਮਹਾਨ ਸ਼ਰਧਾਂਜਲੀ ਦਿੱਤੀ ਹੈ ਪਰ ਨਾਮ ਬਦਲਣਾ ਹੀ ਕਾਫੀ ਨਹੀਂ। ਭਾਰਤੀ ਹਾਕੀ ਟੀਮ ਦੇ ਮੁੰਡਿਆਂ ਤੇ ਕੁੜੀਆਂ ਨੇ ਜਿਹੜੀਆਂ ਪ੍ਰਾਪਤੀਆਂ ਕੀਤੀਆਂ ਹਨ, ਉਨ੍ਹਾਂ ਨੇ ਸੋਚ ਤਾਂ ਬਦਲਣੀ ਸ਼ੁਰੂ ਕਰ ਦਿੱਤੀ ਹੈ; ਇਸ ਲਈ ਹਾਕੀ ਨੂੰ ਜਗਾਉਣ, ਮਨਾਉਣ ਅਤੇ ਨਾਲ ਰਲਾਉਣ ਦਾ ਇਹੀ ਵੇਲਾ ਹੈ।

***ਟੋਕੀਓ ਓਲੰਪਿਕ (2020) ਭਾਰਤ ਲਈ ਭਾਗਾਂ ਭਰੀ ਸਾਬਤ ਹੋਈ ਹੈ। ਇਸ ਵਾਰ ਤਗਮਿਆਂ ਦੀ ਗਿਣਤੀ ਦੇ ਪੱਖ ਤੋਂ ਵੀ ਭਾਰਤ ਦੀ ਝੋਲੀ ਭਰੀ ਹੈ। ਭਾਰਤੀ ਖਿਡਾਰੀਆਂ ਨੂੰ ਵੱਖ-ਵੱਖ ਖੇਡਾਂ ਵਿਚ ਸੱਤ ਤਗਮੇ ਹਾਸਲ ਹੋਏ ਹਨ। ਇਨ੍ਹਾਂ ਵਿਚੋਂ ਇਕ ਸੋਨ ਤਗਮਾ, ਦੋ ਚਾਂਦੀ ਅਤੇ ਚਾਰ ਕਾਂਸੀ ਦੇ ਤਗਮੇ ਹਨ। ਇਨ੍ਹਾਂ ਸੱਤ ਤਗਮਿਆਂ ਵਿਚ ਕਾਂਸੀ ਦਾ ਇਕ ਤਗਮਾ ਹਾਕੀ ਟੀਮ ਨੇ ਜਿੱਤਿਆ ਹੈ। ਹਾਕੀ ਦੀ ਟੀਮ ਨੇ ਓਲੰਪਿਕ ਵਿਚ ਕੋਈ ਤਗਮਾ ਚਾਰ ਦਹਾਕਿਆਂ ਬਾਅਦ ਜਿੱਤਿਆ ਹੈ। ਪਿਛਲੀ ਵਾਰ ਸੋਨ ਤਗਮਾ ਮਾਸਕੋ ਓਲੰਪਿਕ-1980 ਵਿਚ ਮਿਲਿਆ ਸੀ। ਇਸ ਤੋਂ ਇਲਾਵਾ ਐਤਕੀਂ ਕੁੜੀਆਂ ਦੀ ਹਾਕੀ ਟੀਮ ਪਹਿਲੀ ਵਾਰ ਸੈਮੀ ਫਾਈਨਲ ਵਿਚ ਪੁੱਜੀ। ਹਾਕੀ ਵਾਲੀਆਂ ਕੁੜੀਆਂ ਭਾਵੇਂ ਕੋਈ ਤਗਮਾ ਨਹੀਂ ਜਿੱਤ ਸਕੀਆਂ ਪਰ ਸੁਨਹਿਰੇ ਭਵਿੱਖ ਦੀ ਆਸ ਜਗਾ ਗਈਆਂ ਹਨ। ਇਨ੍ਹਾਂ ਸਾਰੇ ਹਾਲਾਤ ਨੂੰ ਭਾਰਤ ਵਿਚ ਹਾਕੀ ਦੇ ਉਭਾਰ ਨਾਲ ਜੋੜ ਕੇ ਦੇਖਿਆ ਜਾਣ ਲੱਗਾ ਹੈ। ਉਘੇ ਲਿਖਾਰੀ ਪ੍ਰਿੰਸੀਪਲ ਸਰਵਣ ਸਿੰਘ ਨੇ ਹਾਕੀ ਦੇ ਮੁੜ ਉਦੈ ਹੋ ਰਹੇ ਸੂਰਜ ਬਾਰੇ ਕੁਝ ਖਾਸ ਗੱਲਾਂ ਆਪਣੇ ਇਸ ਲੇਖ ਵਿਚ ਕੀਤੀਆਂ ਹਨ।***

# ਭਾਰਤੀ ਹਾਕੀ ਦਾ ਸੂਰਜ

**ਪ੍ਰਿੰ. ਸਰਵਣ ਸਿੰਘ**

ਭਾਰਤੀ ਹਾਕੀ ਦਾ ਸੂਰਜ 41 ਸਾਲਾਂ ਤੋਂ ਛਿਪਿਆ ਹੋਇਆ ਸੀ। ਟੋਕੀਓ ਓਲੰਪਿਕ ਵਿਚ ਇਹ ਮੁੜ ਉਦੈ ਹੋਇਆ ਹੈ। ਸੁੱਤਾ ਸੁਫਨਾ ਫਿਰ ਜਾਗ ਪਿਆ ਹੈ। ਹਾਕੀ ਦਾ ਉਜੜਿਆ ਬਾਗ ਮੁੜ ਮਹਿਕਿਆ ਹੈ। ਟੋਕੀਓ ਓਲੰਪਿਕ ਵਿਚ ਖੇਡੇ ਭਾਰਤੀ ਹਾਕੀ ਖਿਡਾਰੀਆਂ ਅਤੇ ਖਿਡਾਰਨਾਂ ਦੇ ਘਰੀਂ, ਪਿੰਡਾਂ, ਸ਼ਹਿਰਾਂ ਵਿਚ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ। ਦੇਸ਼ ਭਰ ਵਿਚ ਹਾਕੀ ਦੀ ਬੱਲੇ ਬੱਲੇ ਹੋ ਰਹੀ ਹੈ। ਖਿਡਾਰੀਆਂ ਨੂੰ ਨਕਦ ਇਨਾਮ, ਮਾਣ ਸਨਮਾਨ ਤੇ ਚੰਗੀਆਂ ਨੌਕਰੀਆਂ ਦੇਣ ਦੇ ਐਲਾਨ ਹੋ ਰਹੇ ਹਨ। ਭਾਰਤ ਦੀਆਂ ਦੋਹਾਂ ਟੀਮਾਂ ਵਿਚੋਂ ਕੋਈ ਟੀਮ ਭਾਵੇਂ ਸੋਨੇ ਜਾਂ ਚਾਂਦੀ ਦਾ ਤਗਮਾ ਨਹੀਂ ਜਿੱਤ ਸਕੀ ਪਰ ਗਭਰੂਆਂ ਦੀ ਟੀਮ ਵੱਲੋਂ ਕਾਂਸੀ ਦਾ ਤਗਮਾ ਜਿੱਤਣਾ ਅਤੇ ਮੁਟਿਆਰਾਂ ਦੀ ਟੀਮ ਵੱਲੋਂ ਚੌਥੇ ਸਥਾਨ 'ਤੇ ਆਉਣਾ ਗੋਲਡ ਮੈਡਲ ਤੋਂ ਘੱਟ ਨਹੀਂ ਸਮਝੇ ਜਾ ਰਹੇ। ਕੋਈ ਪੁੱਛ ਸਕਦਾ, ਏਡੇ ਚਾਅ-ਉਤਸ਼ਾਹ ਤੇ ਹੁਲਾਸ ਦਾ ਕੀ ਕਾਰਨ ਹੈ? ਕੀ ਕਾਰਨ ਹੈ ਕਿ ਭਾਰਤੀ ਖਿਡਾਰੀਆਂ ਤੇ ਖਿਡਾਰਨਾਂ ਦੇ ਜਿੱਤਣ ਵੇਲੇ ਹਾਸੇ ਖੇੜੇ ਖਿੜਦੇ ਰਹੇ ਅਤੇ ਹਾਰਨ ਵੇਲੇ ਹੰਝੂਆਂ ਦੀਆਂ ਧਾਰਾਂ ਵੀ ਵਹਿਣੋਂ ਨਾ ਰੁਕ ਸਕੀਆਂ। ਕਹਿਣ ਨੂੰ ਜਿੱਤ-ਹਾਰ ਬਰਾਬਰ ਕਹੀ ਜਾਂਦੀ ਹੈ ਪਰ ਬੜਾ ਫਰਕ ਹੁੰਦਾ ਹੈ। ਪਿੰਡਾਂ ਦੀਆਂ ਪੇਂਡੂ ਖੇਡਾਂ ਤੋਂ ਸੰਸਾਰ ਦੀਆਂ ਓਲੰਪਿਕ ਖੇਡਾਂ ਤਕ ਇਸ ਫਰਕ ਦੇ ਪ੍ਰਤੱਖ ਦਰਸ਼ਨ ਹੁੰਦੇ ਹਨ ਜੋ ਟੋਕੀਓ ਵਿਚ ਵੀ ਹੋਏ।

1928 ਤੋਂ 1980 ਤਕ ਹਾਕੀ ਦੀ ਦੁਨੀਆ ਵਿਚ ਭਾਰਤ ਮੀਰੀ ਮੰਨਿਆ ਜਾਂਦਾ ਸੀ। ਇਸ ਦੌਰਾਨ 12 ਓਲੰਪਿਕ ਖੇਡਾਂ ਹੋਈਆਂ ਜਿਨ੍ਹਾਂ ਵਿਚੋਂ ਭਾਰਤੀ ਹਾਕੀ ਟੀਮਾਂ ਨੇ 8 ਸੋਨ ਤਗਮੇ, 1 ਚਾਂਦੀ ਤੇ 2 ਤਾਂਬੇ ਦੇ ਤਗਮੇ ਜਿੱਤੇ ਸਨ। ਕੇਵਲ 1976 ਦੀ ਓਲੰਪਿਕ ਵਿਚੋਂ ਕੋਈ ਤਗਮਾ ਨਹੀਂ ਸੀ ਜਿੱਤਿਆ, ਕਿਉਂਕਿ ਯੂਰਪ ਦੇ ਹਾਕੀ ਅਧਿਕਾਰੀ ਕੁਦਰਤੀ ਘਾਹ ਵਾਲੇ ਖੇਡ ਮੈਦਾਨ ਦੀ ਥਾਂ ਮਸਨੂਈ ਆਸਟਰੋ ਟਰਫ ਲੈ ਆਏ ਸਨ। ਜਦੋਂ ਤਕ ਭਾਰਤ ਹਾਕੀ ਰਾਹੀਂ ਦੁਨੀਆ ਉਤੇ ਲੱਤ ਫੇਰਦਾ ਰਿਹਾ, ਉਦੋਂ ਤਕ ਭਾਰਤ ਹਾਕੀ ਦੀ ਖੇਡ ਨੂੰ ਆਪਣੀ ਕੌਮੀ ਖੇਡ ਮੰਨਦਾ ਰਿਹਾ। ਫਿਰ ਆਮ ਭਾਰਤ ਵਾਸੀਆਂ ਦਾ ਧਿਆਨ ਕ੍ਰਿਕਟ ਵੱਲ ਕਰ ਦਿੱਤਾ ਗਿਆ। ਕ੍ਰਿਕਟ ਵਿਚ ਅਰਬਾਂ ਖਰਬਾਂ ਰੁਪਏ ਆ ਗਏ। ਲੱਖਾਂ ਕਰੋੜਾਂ ਰੁਪਈਆਂ ਨਾਲ ਖਿਡਾਰੀ ਖਰੀਦੇ ਤੇ ਵੇਚੇ ਜਾਣ ਲੱਗੇ। 'ਭਾਰਤ ਦੇ ਰਤਨ' ਹਾਕੀ ਦੇ 'ਗੋਲਡਨ ਹੈਟ ਟ੍ਰਿਕ' ਮਾਰਨ ਵਾਲੇ ਖਿਡਾਰੀ ਨਹੀਂ, ਕ੍ਰਿਕਟ ਦੇ ਚੌਕੇ ਛਿੱਕੇ ਮਾਰਨ ਵਾਲੇ ਮੰਨੇ ਜਾਣ ਲੱਗੇ।

ਕ੍ਰਿਕਟ ਦੇ ਹਾਵੀ ਹੋਣ ਨਾਲ ਭਾਰਤੀ ਹਾਕੀ ਦਾ ਅੱਧੀ ਸਦੀ ਤੋਂ ਲਿਸ਼ਕਦਾ ਸੂਰਜ ਐਸਾ ਅਸਤ ਹੋਇਆ ਕਿ ਲਗਾਤਾਰ ਨੌਂ ਓਲੰਪਿਕ ਖੇਡਾਂ ਵਿਚ ਤਿਰੰਗਾ ਨਾ ਲਹਿਰਾਇਆ ਜਾ ਸਕਿਆ। 41 ਸਾਲਾਂ ਤੋਂ ਭਾਰਤੀ ਹਾਕੀ ਟੀਮ ਕਿਸੇ ਵੀ ਤਗਮੇ ਲਈ ਵਿਕਟਰੀ ਸਟੈਂਡ 'ਤੇ ਚੜ੍ਹਨ ਜੋਗੀ ਨਾ ਹੋਈ। ਇਥੋਂ ਤਕ ਕਿ ਫਾਡੀ ਵੀ ਰਹਿੰਦੀ ਰਹੀ ਤੇ ਬੀਜਿੰਗ-2008 ਦੀਆਂ ਓਲੰਪਿਕ ਖੇਡਾਂ ਵਿਚ ਹਿੱਸਾ ਲੈਣ ਲਈ ਕੁਆਲੀਫਾਈ ਵੀ ਨਾ ਕਰ ਸਕੀ। 41 ਸਾਲ ਨਾ ਸਿਰਫ ਓਲੰਪਿਕ ਖੇਡਾਂ ਵਿਚ ਬਲਕਿ ਸੰਸਾਰਵਰਲਡ ਹਾਕੀ ਕੱਪ ਜਾਂ ਚੈਂਪੀਅਨਜ਼ ਟਰਾਫੀ ਦੇ ਜਿੱਤ-ਮੰਚ 'ਤੇ ਵੀ ਨਹੀਂ ਚੜ੍ਹ ਸਕੀ। ਅੱਧੀ ਸਦੀ ਤਕ ਹਾਕੀ ਦੀਆਂ ਪੁਰਾਣੀਆਂ ਸ਼ਾਨਦਾਰ ਜਿੱਤਾਂ ਅਤੇ ਅੱਧੀ ਸਦੀ ਦੇ ਨੇੜ ਦੀਆਂ ਨਮੋਸ਼ੀ ਭਰੀਆਂ ਹਾਰਾਂ ਪਿੱਛੋਂ ਹੁਣ ਹਾਕੀ ਦੇ ਵਿਕਟਰੀ ਸਟੈਂਡ 'ਤੇ ਚੜ੍ਹਨਾ ਜਾਂ ਚੜ੍ਹਨ ਦੇ ਨੇੜੇ ਖੜ੍ਹਨਾ ਚਾਵਾਂ ਮਲ੍ਹਾਰਾਂ ਦੇ ਖੇੜੇ ਨਾ ਲਿਆਉਂਦਾ ਤਾਂ ਹੋਰ ਕੀ ਲਿਆਉਂਦਾ? ਜਿਨ੍ਹਾਂ ਨੇ ਟੋਕੀਓ ਦੇ ਹਾਕੀ ਮੈਚ ਟੀ.ਵੀ. ਤੋਂ ਅੱਖੀਂ ਦੇਖੇ ਹਨ, ਉਨ੍ਹਾਂ ਤੋਂ ਪੁੱਛੋ, ਕਿਵੇਂ ਉਨ੍ਹਾਂ ਦਾ ਸੇਰ ਸੇਰ ਲਹੂ ਵਧਿਆ। ਭਾਰਤੀ ਖਿਡਾਰੀ ਜਿੱਤੇ ਵੀ ਸ਼ਾਨ ਨਾਲ ਤੇ ਹਾਰੇ ਤਾਂ ਵੀ ਜੁਝਾਰੂਆਂ ਵਾਂਗ। ਹੁਣ ਉਨ੍ਹਾਂ ਨੇ ਹਾਕੀ ਦੀ ਖੇਡ ਨੂੰ ਮੁੜ ਕੌਮੀ ਖੇਡ ਬਣਨ ਦੇ ਰਾਹ ਪਾ ਦਿੱਤਾ ਹੈ।

ਟੋਕੀਓ ਹਾਕੀ ਮੁਕਾਬਲਿਆਂ ਵਿਚ ਬੈਲਜੀਅਮ ਦੀ ਹਾਕੀ ਟੀਮ ਪਹਿਲੇ, ਆਸਟਰੇਲੀਆ ਦੂਜੇ, ਭਾਰਤ ਤੀਜੇ ਅਤੇ ਜਰਮਨੀ ਦੀ ਟੀਮ ਚੌਥੇ ਥਾਂ ਰਹੀ। ਔਰਤਾਂ ਦੇ ਮੁਕਾਬਲਿਆਂ ਵਿਚ ਨੀਦਰਲੈਂਡਜ਼ ਪਹਿਲੇ, ਅਰਜਨਟੀਨਾ ਦੂਜੇ, ਬਰਤਾਨੀਆ ਤੀਜੇ ਤੇ ਭਾਰਤ ਚੌਥੀ ਥਾਂ ਰਹੇ। ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਹੁਣ ਤਕ ਮਰਦਾਂ ਦੀਆਂ ਹਾਕੀ ਟੀਮਾਂ ਦੇ 24 ਵਾਰ ਮੁਕਾਬਲੇ ਹੋਏ ਹਨ ਜਿਨ੍ਹਾਂ ਵਿਚੋਂ ਭਾਰਤ ਨੇ 8 ਗੋਲਡ ਮੈਡਲ, ਪਾਕਿਸਤਾਨ ਨੇ 3, ਬਰਤਾਨੀਆ 3, ਜਰਮਨੀ 3, ਨੀਦਰਲੈਂਡਜ਼ 2, ਆਸਟਰੇਲੀਆ 1, ਵੈਸਟ ਜਰਮਨੀ 1, ਅਰਜਨਟੀਨਾ 1, ਨਿਊਜ਼ੀਲੈਂਡ 1 ਅਤੇ ਬੈਲਜੀਅਮ ਨੇ 1 ਗੋਲਡ ਮੈਡਲ ਜਿੱਤਿਆ ਹੈ। ਔਰਤਾਂ ਦੀਆਂ ਹਾਕੀ ਟੀਮਾਂ ਦੇ ਓਲੰਪਿਕ ਖੇਡਾਂ ਵਿਚ 1980 ਤੋਂ ਹੁਣ ਤਕ 11 ਵਾਰ ਓਲੰਪਿਕ ਮੁਕਾਬਲੇ ਹੋਏ ਹਨ। ਉਨ੍ਹਾਂ ਵਿਚੋਂ ਨੀਦਰਲੈਂਡਜ਼ ਨੇ 4 ਗੋਲਡ ਮੈਡਲ, ਆਸਟ੍ਰੇਲੀਆ 3, ਜਰਮਨੀ 1, ਬਰਤਾਨੀਆ 1, ਜ਼ਿੰਬਾਵੇ 1 ਅਤੇ ਸਪੇਨ ਨੇ 1 ਗੋਲਡ ਮੈਡਲ ਜਿੱਤਿਆ ਹੈ। ਭਾਰਤ ਦੀ ਹਾਕੀ ਟੀਮ ਟੋਕੀਓ ਵਿਚ ਪਹਿਲੀ ਵਾਰ ਸੈਮੀ ਫਾਈਨਲ ਖੇਡੀ ਹੈ ਅਤੇ ਖੂਬ ਖੇਡੀ ਹੈ। ਭਾਰਤ ਦੀਆਂ ਦੋਹਾਂ ਟੀਮਾਂ ਨੇ ਭਾਰਤੀਆਂ ਦਾ ਹਾਕੀ ਵਿਚ ਭਰੋਸਾ ਪੱਕਾ ਕਰ ਦਿੱਤਾ ਹੈ ਜਿਸ ਤੋਂ ਆਉਂਦੇ ਸਾਲਾਂ ਵਿਚ ਵੱਡੀਆਂ ਉਮੀਦਾਂ ਰੱਖੀਆਂ ਜਾ ਰਹੀਆਂ ਹਨ। ਇਹਦੇ ਵਿਚ ਜਿਥੇ ਖਿਡਾਰੀਆਂ ਤੇ ਕੋਚ ਸਾਹਿਬਾਨ ਦੀ ਮਿਹਨਤ ਅਤੇ ਖੇਡ ਪ੍ਰਬੰਧਕਾਂ ਦਾ ਹੱਥ ਹੈ, ਉਥੇ ਉੜੀਸਾ ਦੀ ਨਵੀਨ ਪਟਨਾਇਕ ਸਰਕਾਰ ਦਾ ਵੀ ਵਿਸ਼ੇਸ਼ ਸਹਿਯੋਗ ਹੈ; ਉਵੇਂ ਹੀ ਜਿਵੇਂ 1975 ਵਿਚ ਪੰਜਾਬ ਸਰਕਾਰ ਨੇ ਭਾਰਤ ਨੂੰ ਸੰਸਾਰ ਹਾਕੀ ਕੱਪ ਜਿੱਤਣ ਵਾਲੀ ਹਾਕੀ ਟੀਮ ਤਿਆਰ ਕਰਨ ਵਿਚ ਦਿੱਤਾ ਸੀ।

ਬਿਨਾ ਸ਼ੱਕ, ਟੋਕੀਓ ਓਲੰਪਿਕ ਭਾਰਤੀ ਹਾਕੀ ਦੀ ਭਾਗਾਂ ਭਰੀ ਸਵੇਰ ਬਣ ਕੇ ਆਈ ਹੈ। ਇਹੋ ਕਾਰਨ ਹੈ ਕਿ ਓਲੰਪਿਕ ਖੇਡਾਂ ਵਿਚੋਂ ਹਾਕੀ ਦਾ ਕਾਂਸੀ ਤਗਮਾ ਜਿੱਤਣ ਨੂੰ ਸੋਨ ਤਗਮਾ ਸਮਝਿਆ ਜਾ ਰਿਹਾ ਹੈ। ਜਿੰਨੀ ਖੁਸ਼ੀ ਹੁਣ ਭਾਰਤ ਨੇ ਹਾਕੀ ਦੇ ਕਾਂਸੀ ਤਗਮਾ ਜਿੱਤਣ ਦੀ ਮਨਾਈ ਹੈ, ਇੰਨੀ ਖੁਸ਼ੀ ਕਦੇ ਓਲੰਪਿਕ ਦੇ 'ਗੋਲਡਨ ਹੈਟ ਟ੍ਰਿਕ' ਮਾਰਨ 'ਤੇ ਵੀ ਨਹੀਂ ਸੀ ਮਨਾਈ ਗਈ। ਪਹਿਲੇ ਓਲੰਪਿਕ ਜੇਤੂਆਂ ਨੂੰ ਨਕਦ ਇਨਾਮ ਨਹੀਂ ਸਨ ਮਿਲਦੇ ਹੁੰਦੇ। ਮਾੜੀਆਂ ਮੋਟੀਆਂ ਨੌਕਰੀਆਂ ਮਿਲਦੀਆਂ। ਹੁਣ ਹਰਿਆਣੇ, ਪੰਜਾਬ ਅਤੇ ਹੋਰ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਕਰੋੜਾਂ ਦੇ ਇਨਾਮ ਅਤੇ ਖਿਡਾਰੀਆਂ ਨੂੰ ਚੰਗੀਆਂ ਨੌਕਰੀਆਂ ਦੇਣ ਦੇ ਐਲਾਨ ਹੋ ਰਹੇ ਹਨ। ਇਹ ਸਰਕਾਰਾਂ ਦਾ ਪ੍ਰਸੰਸਾਯੋਗ ਕਾਰਜ ਹੈ।

ਇਹਦੇ ਨਾਲ ਹੀ ਜਿਹੜੇ ਖਿਡਾਰੀ ਭਾਰਤ ਲਈ 'ਗੋਲਡਨ ਹੈਟ ਟ੍ਰਿਕ' ਮਾਰਦੇ ਰਹੇ, ਰਤਾ ਉਨ੍ਹਾਂ ਦੇ ਪਰਿਵਾਰਾਂ ਵੱਲ ਵੀ ਨਜ਼ਰ ਮਾਰ ਲੈਣੀ ਚਾਹੀਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਭਾਰਤੀ ਹਾਕੀ ਟੀਮ ਨੂੰ ਕਰੋੜ ਰੁਪਏ ਦੇ ਇਨਾਮ ਦੇਣ ਦਾ ਨੇਕ ਕਾਰਜ ਤਾਂ ਕਰਦੀ ਹੈ ਪਰ ਬਿਧੀ ਚੰਦ ਦੇ ਵਾਰਸ ਸੰਸਾਰ ਦੇ ਅੱਵਲ ਨੰਬਰ ਹਾਕੀ ਖਿਡਾਰੀ ਬਲਬੀਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਸ਼ਸ਼ੋਭਿਤ ਕਰਨ ਦਾ 2020 ਵਿਚ ਐਲਾਨ ਕਰ ਕੇ ਵੀ ਹੁਣ ਤਕ ਪਤਾ ਨਹੀਂ ਅਮਲ ਕਿਉਂ ਨਹੀਂ ਕਰਦੀ? ਟੋਕੀਓ ਓਲੰਪਿਕ ਦੇ ਖਿਡਾਰੀਆਂ ਨੂੰ ਵੀ ਐਲਾਨੇ ਜਾ ਰਹੇ ਇਨਾਮ ਅਤੇ ਚੰਗੀਆਂ ਨੌਕਰੀਆਂ ਕਿਤੇ ਐਲਾਨ ਹੀ ਨਾ ਰਹਿ ਜਾਣ ਬਲਕਿ ਤੁਰੰਤ ਅਮਲ ਹੋਵੇ। ਇਨਾਮ ਸਨਮਾਨ ਤੇ ਹੋਰ ਸਹੂਲਤਾਂ ਖਿਡਾਰੀਆਂ ਨੂੰ ਮੰਗਤਿਆਂ ਵਾਂਗ ਮੰਗਣੀਆਂ ਨਾ ਪੈਣ; ਤੇ ਖਿਡਾਰੀ ਦੀ ਜਿੱਤ ਦੇ ਜਲੌਅ ਵਿਚ ਕਿਤੇ ਆਪਣੀ ਖੇਡ ਤੋਂ ਅਵੇਸਲੇ ਨਾ ਹੋ ਜਾਣ। ਅੱਗੇ ਚੈਂਪੀਅਨਜ਼ ਟਰਾਫੀ ਆਉਣ ਵਾਲੀ ਹੈ, ਸੰਸਾਰ ਹਾਕੀ ਕੱਪ ਵੀ ਤੇ ਤਿੰਨਾਂ ਸਾਲਾਂ ਤਕ ਪੈਰਿਸ ਦੀਆਂ ਓਲੰਪਿਕ ਖੇਡਾਂ ਵੀ। ਜਿੱਤ ਦੀਆਂ ਖੁਸ਼ੀਆਂ ਜ਼ਰੂਰ ਮਨਾਓ ਪਰ ਅਗਲੀ ਜਿੱਤ ਲਈ ਕਮਰ ਵੀ ਕੱਸੀ ਰੱਖੋ।



> ***ਭਾਰਤ ਦੀਆਂ ਹਾਕੀ ਟੀਮਾਂ ਨੇ ਭਾਰਤੀਆਂ ਦਾ ਹਾਕੀ ਵਿਚ ਭਰੋਸਾ ਪੱਕਾ ਕਰ ਦਿੱਤਾ ਹੈ ਜਿਸ ਤੋਂ ਆਉਂਦੇ ਸਾਲਾਂ ਵਿਚ ਵੱਡੀਆਂ ਉਮੀਦਾਂ ਰੱਖੀਆਂ ਜਾ ਰਹੀਆਂ ਹਨ। ਇਹਦੇ ਵਿਚ ਜਿਥੇ ਖਿਡਾਰੀਆਂ ਤੇ ਕੋਚ ਸਾਹਿਬਾਨ ਦੀ ਮਿਹਨਤ ਅਤੇ ਖੇਡ ਪ੍ਰਬੰਧਕਾਂ ਦਾ ਹੱਥ ਹੈ, ਉਥੇ ਉੜੀਸਾ ਦੀ ਨਵੀਨ ਪਟਨਾਇਕ ਸਰਕਾਰ ਦਾ ਵੀ ਵਿਸ਼ੇਸ਼ ਸਹਿਯੋਗ ਹੈ; ਉਵੇਂ ਹੀ ਜਿਵੇਂ 1975 ਵਿਚ ਪੰਜਾਬ ਸਰਕਾਰ ਨੇ ਭਾਰਤ ਨੂੰ ਸੰਸਾਰ ਹਾਕੀ ਕੱਪ ਜਿੱਤਣ ਵਾਲੀ ਹਾਕੀ ਟੀਮ ਤਿਆਰ ਕਰਨ 'ਚ ਦਿੱਤਾ ਸੀ।***

ਭਾਰਤ ਵਿਚ ਹਾਕੀ ਦੀ ਖੇਡ ਅੰਗਰੇਜ਼ ਲਿਆਏ ਸਨ। ਉਨੀਵੀਂ ਸਦੀ ਦੇ ਅਖੀਰ ਵਿਚ ਬ੍ਰਿਟਿਸ਼ ਹਾਕੀ ਐਸੋਸੀਏਸ਼ਨ ਬਣੀ ਅਤੇ 1894 ਵਿਚ ਇੰਗੈਂਡ ਤੇ ਆਇਰਲੈਂਡ ਵਿਚਕਾਰ ਹਾਕੀ ਮੈਚ ਹੋਇਆ। 1900 ਵਿਚ ਕੌਮਾਂਤਰੀ ਹਾਕੀ ਬੋਰਡ ਦੀ ਸਥਾਪਨਾ ਹੋਈ ਜਿਸ ਦੇ ਦਸ ਦੇਸ਼ ਮੈਂਬਰ ਬਣੇ। ਕੌਮਾਂਤਰੀ ਹਾਕੀ ਫੈਡਰੇਸ਼ਨ 1924 'ਚ ਬਣੀ ਜਿਸ ਦਾ ਛੋਟਾ ਨਾਂ ਐਫ.ਆਈ.ਐਚ. ਹੈ। ਹੁਣ ਇਸ ਦੇ 130 ਤੋਂ ਵੱਧ ਦੇਸ਼ ਮੈਂਬਰ ਹਨ। 1908 ਵਿਚ ਲੰਡਨ ਓਲੰਪਿਕ ਖੇਡਾਂ 'ਚ ਹਾਕੀ ਪਹਿਲੀ ਵਾਰ ਖੇਡੀ ਗਈ ਜਿਸ ਦਾ ਗੋਲਡ ਮੈਡਲ ਇੰਗਲੈਂਡ ਨੇ ਜਿੱਤਿਆ। 1920 ਵਿਚ ਐਂਟਵਰਪ ਦੀਆਂ ਓਲੰਪਿਕਸ 'ਚ ਹਾਕੀ ਦੁਬਾਰਾ ਸ਼ਾਮਲ ਕੀਤੀ ਤਾਂ ਇੰਗਲੈਂਡ ਫਿਰ ਜੇਤੂ ਰਿਹਾ। ਤਦ ਤਕ ਅੰਗਰੇਜ਼ਾਂ ਨੇ ਹਾਕੀ ਭਾਰਤ ਵੀ ਪੁਚਾ ਦਿੱਤੀ ਸੀ। ਫੌਜੀ ਛਾਉਣੀਆਂ ਵਿਚ ਮੈਚ ਹੋਣ ਲੱਗ ਪਏ ਸਨ। ਭਾਰਤ ਵਿਚ ਹਾਕੀ ਵਰਗੀ ਖੇਡ ਖਿੱਦੋ ਖੂੰਡੀ ਪਹਿਲਾਂ ਹੀ ਖੇਡੀ ਜਾਂਦੀ ਸੀ ਜਿਸ ਕਰਕੇ ਹਾਕੀ ਛੇਤੀ ਹੀ ਭਾਰਤੀਆਂ 'ਚ ਮਕਬੂਲ ਹੋ ਗਈ। ਜਲੰਧਰ ਛਾਉਣੀ ਦੇ ਲਾਗੇ ਪਿੰਡਾਂ ਕਈ ਹਾਕੀ ਦੀ ਖੇਡ 'ਰੱਬ ਨੇ ਦਿੱਤੀਆਂ ਗਾਜਰਾਂ ਵਿਚੇ ਰੰਬਾ ਰੱਖ' ਵਾਲੀ ਗੱਲ ਬਣ ਗਈ। ਨਿੱਕੇ ਜਿਹੇ ਪਿੰਡ ਸੰਸਾਰਪੁਰ ਨੇ ਭਾਰਤੀ ਹਾਕੀ ਟੀਮਾਂ ਨੂੰ ਪੂਰੀ ਇਲੈਵਨ ਤੋਂ ਕਿਤੇ ਵੱਧ ਹਾਕੀ ਖਿਡਾਰੀ ਦਿੱਤੇ। ਪਿੰਡ ਮਿੱਠਾਪੁਰ ਨੇ ਓਲੰਪਿਕ ਕਪਤਾਨ ਪਰਗਟ ਸਿੰਘ ਹੀ ਨਹੀਂ ਦਿੱਤਾ, ਟੋਕੀਓ ਓਲੰਪਿਕ ਲਈ ਤਿੰਨ ਖਿਡਾਰੀ, ਟੀਮ ਕਪਤਾਨ ਮਨਪ੍ਰੀਤ ਸਿੰਘ, ਮਨਦੀਪ ਸਿੰਘ ਤੇ ਵਰੁਣ ਕੁਮਾਰ ਵੀ ਦਿੱਤੇ। ਇਸ ਟੀਮ ਦੇ ਵੀਹ ਖਿਡਾਰੀਆਂ ਵਿਚ ਗਿਆਰਾਂ ਖਿਡਾਰੀ ਪੰਜਾਬ ਦੇ ਪਿੰਡਾਂ ਤੋਂ ਖੇਡੇ; ਤੇ ਲੜਕੀਆਂ ਦੀ ਹਾਕੀ ਟੀਮ ਵਿਚ 9 ਖਿਡਾਰਨਾਂ ਹਰਿਆਣੇ ਦੇ ਪਿੰਡਾਂ ਦੀਆਂ ਖੇਡੀਆਂ। ਲਗਭਗ ਸਾਰੇ ਖਿਡਾਰੀ ਤੇ ਖਿਡਾਰਨਾਂ ਸਾਧਾਰਨ ਕਿਰਤੀ ਕਿਸਾਨਾਂ ਦੇ ਜਾਏ ਹਨ।

1975 ਵਿਚ ਭਾਰਤੀ ਟੀਮ ਨੇ ਸੰਸਾਰ ਹਾਕੀ ਕੱਪ (ਅਜੇ ਤਕ ਇਕੋ ਵਾਰ) ਜਿੱਤਿਆ ਸੀ ਤੇ 1980 ਵਿਚ ਮਾਸਕੋ ਦੀਆਂ ਉਲੰਪਿਕ ਖੇਡਾਂ 'ਚੋਂ ਸੋਨੇ ਦਾ ਤਗਮਾ ਹਾਸਲ ਕੀਤਾ ਸੀ। ਇਹ ਤਗਮਾ ਆਸਟਰੇਲੀਆ, ਪਾਕਿਸਤਾਨ, ਹਾਲੈਂਡ, ਜਰਮਨੀ ਤੇ ਨਿਊਜ਼ੀਲੈਂਡ ਦੀਆਂ ਟੀਮਾਂ ਦੇ ਬਾਈਕਾਟ ਕਾਰਨ ਭਾਰਤ ਦੇ ਹੱਥ ਆਇਆ ਸੀ ਪਰ ਚਾਰ ਦਹਾਕਿਆਂ ਤੋਂ ਭਾਰਤੀ ਟੀਮ ਓਲੰਪਿਕ, ਵਰਲਡ ਕੱਪ ਤੇ ਚੈਂਪੀਅਨਜ਼ ਟਰਾਫੀ ਵਿਚ ਖਾਲੀ ਹੱਥ ਰਹਿੰਦੀ ਰਹੀ। ਸੁਆਲ ਪੈਦਾ ਹੁੰਦਾ ਹੈ ਕਿ ਇੰਨਾ ਸ਼ਾਨਦਾਰ ਪਿਛੋਕੜ ਰੱਖਦੀ ਭਾਰਤੀ ਹਾਕੀ ਨੂੰ ਹੋ ਕੀ ਗਿਆ ਸੀ?

ਓਲੰਪਿਕ ਖੇਡਾਂ ਦੇ ਸੋਨ ਤਗਮੇ ਇੰਡੀਆ ਨੇ ਉਦੋਂ ਜਿੱਤਣੇ ਸ਼ੁਰੂ ਕੀਤੇ ਸਨ ਜਦੋਂ ਮੁਲਕ ਅੰਗਰੇਜ਼ਾਂ ਦਾ ਗੁਲਾਮ ਸੀ। ਉਸ ਵਿਚ ਐਂਗਲੋ ਇੰਡੀਅਨ ਖਿਡਾਰੀ ਵੀ ਖੇਡਦੇ ਸਨ। ਬਰਤਾਨੀਆ ਆਪਣੇ ਨਾਂ 'ਤੇ ਟੀਮ ਨਹੀਂ ਸੀ ਭੇਜਦਾ, ਪਈ ਉਨ੍ਹਾਂ ਦਾ ਗੁਲਾਮ ਇੰਡੀਆ ਕਿਤੇ ਹਰਾ ਨਾ ਦੇਵੇ! ਭਾਰਤ ਆਜ਼ਾਦ ਹੋਇਆ ਤਾਂ ਐਂਗਲੋ ਇੰਡੀਅਨ ਵਾਪਸ ਚਲੇ ਗਏ ਅਤੇ ਪੰਜਾਬ ਦਾ ਹਾਕੀ ਖੇਡਣ ਵਾਲਾ ਕਾਫੀ ਸਾਰਾ ਇਲਾਕਾ ਪਾਕਿਸਤਾਨ ਵਿਚ ਚਲਾ ਗਿਆ ਪਰ ਭਾਰਤ ਫਿਰ ਵੀ ਜਿੱਤਦਾ ਰਿਹਾ। ਫਿਰ ਪਾਕਿਸਤਾਨ ਦੀ ਹਾਕੀ ਟੀਮ ਜਿੱਤਣ ਲੱਗੀ ਤਾਂ ਸੋਚਿਆ, ਚਲੋ ਪਾਕਿਸਤਾਨ ਵੀ ਤਾਂ ਪਹਿਲਾਂ ਇੰਡੀਆ ਹੀ ਹੁੰਦਾ ਸੀ। ਪਿਛਲੇ ਕਾਫੀ ਸਾਲਾਂ ਤੋਂ ਨਾ ਪਾਕਿਸਤਾਨ ਜਿੱਤ ਰਿਹਾ, ਤੇ ਨਾ ਭਾਰਤ ਸਗੋਂ ਉਹ ਮੁਲਕ ਜਿੱਤ ਰਹੇ ਨੇ ਜਿਹੜੇ ਕਦੇ ਹਾਕੀ ਵਿਚ ਬਹੁਤ ਪਿੱਛੇ ਸਨ। ਜਿਵੇਂ ਬੀਜਿੰਗ ਓਲੰਪਿਕ ਖੇਡਣ ਲਈ ਭਾਰਤ ਦੀ ਟੀਮ ਕੁਆਲੀਫਾਈ ਨਹੀਂ ਸੀ ਕਰ ਸਕੀ, ਉਵੇਂ ਟੋਕੀਓ ਓਲੰਪਿਕ ਵਿਚ ਪਾਕਿਸਤਾਨ ਦੀ ਹਾਕੀ ਟੀਮ ਕੁਆਲੀਫਾਈ ਨਹੀਂ ਕਰ ਸਕੀ।

ਬਰੀਕੀ ਨਾਲ ਘੋਖੀਏ ਤਾਂ ਭਾਰਤ ਦੀਆਂ ਹਾਕੀ ਟੀਮਾਂ ਉਦੋਂ ਸੋਨ ਤਗਮੇ ਜਿੱਤਦੀਆਂ ਰਹੀਆਂ ਜਦੋਂ ਘੱਟ ਮੁਲਕ ਹਾਕੀ ਖੇਡਦੇ ਸਨ ਜਾਂ ਭਾਰਤ ਵਾਂਗ ਸ਼ਿੱਦਤ ਨਾਲ ਹਾਕੀ ਨਹੀਂ ਸਨ ਖੇਡਦੇ। ਉਦੋਂ ਜਿੱਤ-ਮੰਚ 'ਤੇ ਚੜ੍ਹਨਾ ਸੁਖਾਲਾ ਸੀ। 1932 ਵਿਚ ਲਾਸ ਏਂਜਲਸ ਦੀਆਂ ਓਲੰਪਿਕ ਖੇਡਾਂ ਸਮੇਂ ਤਾਂ ਟੀਮਾਂ ਹੀ ਸਿਰਫ ਤਿੰਨ ਸਨ। ਉਹ ਵੀ ਜਾਪਾਨ ਅਤੇ ਮੇਜ਼ਬਾਨ ਅਮਰੀਕਾ ਦੀਆਂ ਜਿਨ੍ਹਾਂ ਸਿਰ ਇੰਡੀਆ ਨੇ 11 ਤੇ 24 ਗੋਲ ਕੀਤੇ। ਹੁਣ ਕੋਈ ਟੀਮ ਏਨੀ ਮਾੜੀ ਨਹੀਂ ਹੁੰਦੀ ਕਿ 24 ਗੋਲ ਖਾਵੇ!

ਮੌਂਟਰੀਅਲ ਓਲੰਪਿਕ-1976 ਤੋਂ ਹਾਕੀ ਆਸਟਰੋ ਟਰਫ 'ਤੇ ਖੇਡੀ ਜਾਣ ਲੱਗੀ ਹੈ। ਹਾਕੀ ਦੇ ਨਿਯਮਾਂ ਵਿਚ ਵੀ ਬੜੀ ਤਬਦੀਲੀ ਆਈ ਹੈ। ਇਹ ਡਰਿਬਲਿੰਗ ਤੇ ਨਿੱਕੇ ਪਾਸਾਂ ਦੀ ਥਾਂ ਲੰਮੇ ਪਾਸ, ਜ਼ੋਰਦਾਰ ਹਿੱਟ, ਤੇਜ਼ ਰਫਤਾਰ ਤੇ ਤਾਕਤ ਦੀ ਖੇਡ ਬਣ ਗਈ ਹੈ। ਇਹਦੇ ਲਈ ਸਰੀਰਕ ਤੌਰ 'ਤੇ ਵਧ ਤਕੜੇ ਤੇ ਵਧੇਰੇ ਤੇਜ਼ ਦੌੜਨ ਵਾਲੇ ਖਿਡਾਰੀਆਂ ਦੀ ਲੋੜ ਹੈ। ਪੈਨਲਟੀ ਕਾਰਨਰ ਦੇ ਗੋਲ ਕਰਨ ਲਈ ਬਲਵਾਨ ਬਾਹਾਂ ਚਾਹੀਦੀਆਂ ਹਨ। ਸੱਠ ਮਿੰਟਾਂ ਦੇ ਚਾਰ ਕੁਆਟਰ ਖੇਡਣ ਲਈ ਸੌ ਮਿੰਟ ਖੇਡਣ ਦਾ ਦਮ ਚਾਹੀਦੈ। ਨਾਲ ਜੂਝ ਮਰੋਂ ਤੇ ਨਿਸਚੈ ਕਰ ਆਪਨੀ ਜੀਤ ਕਰੋਂ ਦਾ ਜਜ਼ਬਾ ਵੀ ਹੋਵੇ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਕੁਝ ਸਾਲ ਇਹ ਜਜ਼ਬਾ ਮਘਦਾ ਰਿਹਾ। ਸਮੇਂ ਨਾਲ ਇਹ ਜਜ਼ਬਾ ਵੀ ਸਮੇਂ ਦੇ ਭਾਰਤੀ ਸਿਆਸਤਦਾਨਾਂ ਵਾਂਗ ਹੀ ਮੀਸਣਾ ਹੁੰਦਾ ਗਿਆ।

ਅਜੋਕੇ ਦੌਰ ਵਿਚ ਆਸਟਰੇਲੀਆ, ਜਰਮਨੀ, ਨੀਦਰਲੈਂਡਜ਼, ਬੈਲਜੀਅਮ, ਬਰਤਾਨੀਆ, ਅਰਜਨਟੀਨਾ, ਸਪੇਨ, ਨਿਊਜ਼ੀਲੈਂਡ ਆਦਿ ਦੀਆਂ ਟੀਮਾਂ ਬੜੀਆਂ ਤਕੜੀਆਂ ਹਨ। ਭਾਰਤ ਦੇ ਮਰਦਾਂ ਤੇ ਔਰਤਾਂ ਦੀਆਂ ਹਾਕੀ ਟੀਮਾਂ ਹੁਣ ਉਪਰਲੀਆਂ ਟੀਮਾਂ ਵਿਚ ਆ ਖੜ੍ਹੀਆਂ ਹਨ। ਭਾਰਤੀ ਖਿਡਾਰੀਆਂ ਦੀ ਖੇਡ ਘਾਹ ਵਾਲੇ ਮੈਦਾਨਾਂ 'ਤੇ ਬਿਹਤਰ ਸੀ। ਹੁਣ ਕੌਮਾਂਤਰੀ ਹਾਕੀ ਮੈਚ ਕਿਉਂਕਿ ਆਸਟਰੋ ਟਰਫ ਉਤੇ ਹੀ ਖੇਡੇ ਜਾਂਦੇ ਹਨ ਇਸ ਲਈ ਲੋੜ ਹੈ ਭਾਰਤ ਵਿਚ ਆਸਟਰੋ ਟਰਫ ਮੈਦਾਨ ਵਧੇਰੇ ਬਣਾਏ ਜਾਣ। ਜੇ ਹੋਰਨਾਂ ਮੁਲਕਾਂ 'ਤੇ ਨਜ਼ਰ ਮਾਰੀਏ ਤਾਂ ਇੰਗਲੈਂਡ ਵਿਚ 1000, ਹਾਲੈਂਡ 'ਚ 625, ਆਸਟਰੇਲੀਆ 'ਚ 410, ਜਰਮਨੀ 'ਚ 350 ਅਤੇ ਨਿਊਜ਼ੀਲੈਂਡ ਵਿਚ 80 ਆਸਟਰੋ ਟਰਫ ਹਾਕੀ ਮੈਦਾਨ ਹਨ। ਵਿਸ਼ਾਲ ਦੇਸ਼ ਭਾਰਤ ਵਿਚ ਇਨ੍ਹਾਂ ਦੀ ਗਿਣਤੀ ਅਜੇ ਵੀ ਅੱਧਾ ਸੈਂਕੜਾ ਪਾਰ ਨਹੀਂ ਹੋਈ। ਦੱਖਣੀ ਅਫਰੀਕਾ ਅਜੇ ਕੱਲ੍ਹ ਹਾਕੀ ਖੇਡਣ ਲੱਗਾ ਹੈ ਤੇ ਉਥੇ 58 ਆਸਟਰੋ ਟਰਫ ਹਨ। ਦੱਖਣੀ ਕੋਰੀਆ ਦੀ ਹਾਕੀ ਵਿਚ ਪਛਾਣ 1986 ਤੋਂ ਬਣੀ ਹੈ ਤੇ ਉਸ ਨੇ ਭਾਰਤ ਤੋਂ ਵੱਧ ਆਸਟਰੋ ਟਰਫ ਵਿਛਾ ਲਏ ਹਨ।

'ਕੱਲੇ ਆਸਟਰੋ ਟਰਫ ਵੀ ਕੁਝ ਨਹੀਂ ਕਰ ਸਕਦੇ ਜੇ ਇਨ੍ਹਾਂ ਦੀ ਸਦਵਰਤੋਂ ਨਾ ਕੀਤੀ ਜਾਵੇ। ਜੇ ਟਰਫਾਂ ਨੂੰ ਜਿੰਦੇ ਹੀ ਲੱਗੇ ਰਹਿਣ ਤਾਂ ਜਿਹੇ ਬਣਾਏ, ਜਿਹੇ ਨਾ ਬਣਾਏ। ਹਰ ਟਰਫ ਨਾਲ ਬਚਪਨ ਤੋਂ ਹਾਕੀ ਖਿਡਾਰੀ ਜੋੜੇ ਜਾਣ। ਘੱਟੋ-ਘੱਟ 100 ਆਸਟਰੋ ਟਰਫਾਂ ਉਤੇ 400 ਟੀਮਾਂ ਦੀ ਕੋਚਿੰਗ ਹੋਵੇ, ਭਾਵ ਦੇਸ਼ ਭਰ ਚੋਂ 5000 ਹੋਣਹਾਰ ਖਿਡਾਰੀ ਚੁਣੇ ਜਾਣ। ਉਨ੍ਹਾਂ ਦੀ ਖੁਰਾਕ, ਰਹਾਇਸ਼ ਤੇ ਪੜ੍ਹਾਈ ਦਾ ਪ੍ਰਬੰਧ ਹੋਵੇ ਅਤੇ 100 ਖਾਸ ਕੋਚਾਂ ਤੇ ਬਾਕੀ ਆਮ ਕੋਚਾਂ ਰਾਹੀਂ ਕੋਚਿੰਗ ਦਿੱਤੀ ਜਾਵੇ। ਸੌ ਵਿਚੋਂ ਦਸ ਸੈਂਟਰ ਸਪੈਸ਼ਲ ਕੋਚਿੰਗ ਦੇ ਹੋਣ। ਇਹੋ ਜਿਹੇ ਕਾਰਜ ਸੂਝ ਸਿਆਣਪ ਤੇ ਪ੍ਰਚੰਡ ਜਜ਼ਬੇ ਨਾਲ ਹੀ ਕੀਤੇ ਜਾ ਸਕਦੇ ਹਨ। ਜਦੋਂ ਦੇਸ਼ਵਾਸੀਆਂ 'ਚ ਆਜ਼ਾਦੀ ਦਾ ਜਜ਼ਬਾ ਜਾਗਿਆ ਸੀ ਤਾਂ ਜਿੱਤਣ ਲਈ ਖੇਡ ਜਜ਼ਬਾ ਵੀ ਬੁਲੰਦ ਹੋਇਆ ਸੀ। ਅਗਾਂਹ ਵੀ ਜੇ ਭਾਰਤੀ ਹਾਕੀ ਨੂੰ ਪਹਿਲਾਂ ਵਾਲੀ ਬੁਲੰਦੀ 'ਤੇ ਪਹੁੰਚਾਉਣਾ ਹੈ ਤਾਂ ਜੂਝ ਮਰੋਂ ਵਾਲੇ ਨਿਸਚੈ ਦੀ ਲੋੜ ਹੈ। ਐਸੀ ਤੜਫ ਜਗਾਈ ਜਾਵੇ ਜਿਹੜੀ ਜਿੱਤ-ਮੰਚ 'ਤੇ ਚੜ੍ਹੇ ਬਿਨਾ ਚੈਨ ਨਾ ਲੈਣ ਦੇਵੇ!



# ਖੇਡ ਮੈਦਾਨ 'ਚ ਅੱਧੀ ਸਦੀ ਲਾਉਣ ਵਾਲਾ ਸੋਹਣ ਚੀਮਾ

ਪੰਜਾਬੀ ਖੇਡ ਸਾਹਿਤ 54



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਸੋਹਣ ਸਿੰਘ ਚੀਮਾ ਆਲਮੀ ਕਬੱਡੀ ਫੈਡਰੇਸ਼ਨ ਦਾ ਜਨਰਲ ਸਕੱਤਰ ਰਿਹਾ। ਹੁਣ ਉਹ ਇੰਗਲੈਂਡ ਦੇ ਸ਼ਹਿਰ ਕਾਵੈਂਟਰੀ 'ਚ ਰਹਿੰਦਾ ਹੈ। ਆਪ ਭਾਵੇਂ ਵਾਲੀਬਾਲ ਦਾ ਖਿਡਾਰੀ ਸੀ, ਪਰ ਪੰਜਾਹ ਸਾਲ ਕਬੱਡੀ ਦੀ ਬਿਹਤਰੀ ਲਈ ਜੂਝਿਆ। ਉਸ ਦਾ ਜਨਮ 3 ਫਰਵਰੀ 1937 ਨੂੰ ਨੂਰਮਹਿਲ ਕੋਲ ਪਿੰਡ ਚੀਮਾ ਖੁਰਦ ਵਿਚ ਹੋਇਆ। 1954 ਵਿਚ ਉਹ ਇੰਗਲੈਂਡ ਚਲਾ ਗਿਆ, ਜਿਥੇ ਦੇਸੀ ਖੇਡ ਕਬੱਡੀ ਦਾ ਬੂਟਾ ਲਾਇਆ। ਅਸੀਂ ਪੰਜਾਬ, ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਦੇ ਕਬੱਡੀ ਮੇਲਿਆਂ ਵਿਚ 'ਕੱਠੇ ਹੁੰਦੇ ਰਹੇ ਤੇ ਕਬੱਡੀ ਦੀਆਂ ਬਾਤਾਂ ਪਾਉਂਦੇ ਰਹੇ। ਉਸ ਨੇ 2005 ਵਿਚ ਤਿੰਨ ਸੌ ਸਫਿਆਂ ਦੀ ਸਚਿੱਤਰ ਪੁਸਤਕ 'ਖੇਡ ਮੈਦਾਨ 'ਚ ਅੱਧੀ ਸਦੀ' ਛਪਵਾਈ, ਜਿਸ ਵਿਚ ਕਬੱਡੀ ਦਾ ਅੱਖੀਂ ਡਿੱਠਾ ਇਤਿਹਾਸ ਦਰਜ ਕੀਤਾ। ਇਹ ਕਿਤਾਬ ਉਹਦੀ ਅੱਧੀ ਸਦੀ ਦੀ ਹੱਡਬੀਤੀ ਹੈ। ਇਸ ਤੋਂ ਪਹਿਲਾਂ ਉਸ ਨੇ 'ਸ਼ਹੀਦ ਊਧਮ ਸਿੰਘ ਸਿਲਵਰ ਜੁਬਲੀ' ਤੇ 'ਕਬੱਡੀ ਸਰਕਲ ਦੇ ਨਿਯਮ' ਨਾਂ ਦੇ ਕਿਤਾਬਚੇ ਲਿਖੇ ਅਤੇ 'ਪ੍ਰਦੇਸੀਂ ਵਸੇ ਕਬੱਡੀ' ਨਾਂ ਦਾ ਤ੍ਰੈਮਾਸਕ ਕੱਢਿਆ। 'ਖੇਡ ਮੈਦਾਨ 'ਚ ਅੱਧੀ ਸਦੀ' ਦੇ ਸਰਵਰਕ ਉਤੇ ਬਾਬਾ ਭਗਤ ਸਿੰਘ ਬਿਲਗਾ ਨੇ ਇਹ ਸ਼ਬਦ ਲਿਖੇ:

ਸੋਹਣ ਚੀਮਾ ਪੰਜ ਦਹਾਕਿਆਂ ਤੋਂ ਲੈ ਕੇ ਅੱਜ ਤਾਈਂ ਆਪਣੀ ਆਤਮਾ ਦੇ ਰੋਮ-ਰੋਮ ਵਿਚ ਦੇਸ਼-ਭਗਤੀ ਅਤੇ ਖੇਡਾਂ ਦਾ ਸਾਗਰ ਸਮੋਈ ਬੈਠਾ ਹੈ। ਪੰਜਾਬ ਦੀ ਮਾਂ ਖੇਡ ਕਬੱਡੀ ਬਾਰੇ ਇਸ ਦਾ ਸ਼ੌਕ ਦੇਖੀਏ, ਜਿਸ ਨੇ ਖੇਡਾਂ ਲਈ ਆਪਣੀ ਸਿਆਸੀ ਜ਼ਿੰਦਗੀ ਵੀ ਦਾਅ 'ਤੇ ਲਾ ਦਿੱਤੀ। ਸਿਆਸਤ ਅਤੇ ਦੇਸ਼-ਭਗਤੀ ਸੋਹਣ ਚੀਮੇ ਨੂੰ ਵਿਰਸੇ 'ਚੋਂ ਮਿਲੀ ਹੈ। ਮੈਨੂੰ ਯਾਦ ਹੈ ਕਿ ਇਸ ਦੇ ਬਾਬਾ ਘਣੱਈਆ ਸਿੰਘ ਨੇ ਸਾਥੋਂ ਅੱਗੜ-ਪਿੱਛੜ, ਅਰਜਨਟੀਨਾ, ਕਿਊਬਾ ਤੋਂ ਆ ਕੇ ਦੇਸ਼ ਦੀ ਆਜ਼ਾਦੀ ਲਈ ਯੋਗਦਾਨ ਪਾਇਆ। ਸੋਹਣ ਦੇ ਪਿਤਾ ਬਾਬੂ ਕਰਮ ਸਿੰਘ ਚੀਮਾ ਨੇ, ਸ਼ਹੀਦ ਊਧਮ ਸਿੰਘ ਅਤੇ ਹੋਰ ਸਾਥੀਆਂ ਨਾਲ ਰਲ ਕੇ ਇੰਗਲੈਂਡ 'ਚ 1939 ਵਿਚ ਭਾਰਤੀ ਮਜ਼ਦੂਰ ਸਭਾ (ਗਦਰ ਪਾਰਟੀ) ਦੀ ਨੀਂਹ ਰੱਖੀ। ਸੋਹਣ ਦੇ ਖੂਨ ਵਿਚ ਦੇਸ਼ ਦੇ ਸ਼ਹੀਦਾਂ ਦਾ ਸਤਿਕਾਰ ਭਰਿਆ ਪਿਆ ਹੈ। ਮਿਸਾਲ ਵਜੋਂ ਜਲ੍ਹਿਆਂ ਵਾਲੇ ਬਾਗ ਦੇ ਕਾਤਲ ਦਾ ਬਦਲਾ ਲੈਣ ਤੋਂ ਕੁਝ ਸਮਾਂ ਪਹਿਲਾਂ ਸ਼ਹੀਦ ਊਧਮ ਸਿੰਘ, ਸੋਹਣ ਦੇ ਪਿਤਾ ਕਰਮ ਸਿੰਘ ਚੀਮਾ ਨੂੰ 'ਵਾਰਸ ਸ਼ਾਹ ਦੀ ਹੀਰ' ਕਿਤਾਬ ਸੌਂਪ ਗਿਆ ਸੀ। ਬਾਬੂ ਜੀ ਦੀ ਮੌਤ ਤੋਂ ਬਾਅਦ ਉਹ ਕਿਤਾਬ ਸੋਹਣ ਨੇ 30 ਸਾਲ ਸੰਭਾਲ ਕੇ ਰੱਖੀ ਅਤੇ 1988 ਨੂੰ ਹਿੰਦੁਸਤਾਨ ਮਜ਼ਦੂਰ ਸਭਾ ਦੀ 59ਵੀਂ ਵਰ੍ਹੇਗੰਢ ਸਮੇਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਰੱਖਣ ਲਈ ਮੈਨੂੰ ਭੇਟ ਕਰ ਦਿੱਤੀ।

ਮੈਂ ਸੋਹਣ ਚੀਮੇ ਨੂੰ ਇਸ ਗੱਲ ਲਈ ਸ਼ਾਬਾਸ਼ ਦਿੰਦਾ ਹਾਂ ਕਿ ਉਸ ਨੇ ਇੰਗਲੈਂਡ ਵਿਚ ਵਸ ਕੇ ਭਾਰਤੀ ਪ੍ਰਵਾਸੀਆਂ ਦੀ ਜ਼ਿੰਦਗੀ ਦਾ ਇਤਿਹਾਸ ਸਾਂਭ ਕੇ ਰੱਖਿਆ ਹੈ ਤੇ ਉਮੀਦ ਕਰਦਾਂ ਕਿ ਪ੍ਰਦੇਸਾਂ ਵਿਚ ਨੌਜੁਆਨ ਕਬੱਡੀ ਖੇਡਦੇ ਹੋਏ ਸੋਹਣ ਚੀਮੇ ਵਾਂਗ ਆਪਣੇ ਦੇਸ਼ ਨੂੰ ਨਹੀਂ ਭੁੱਲਣਗੇ।

ਸੋਹਣ ਚੀਮੇ ਨੇ ਕਿਤਾਬ ਭੇਟ ਕਰਨ ਦੇ ਨਾਲ ਦੇਸ਼ ਭਗਤ ਯਾਦਗਾਰ ਹਾਲ ਲਈ ਅਲਮਾਰੀ ਵੀ ਭੇਟ ਕੀਤੀ, ਜਿਸ ਵਿਚ ਸ਼ਹੀਦ ਊਧਮ ਸਿੰਘ ਦੀ ਯਾਦਗਾਰੀ ਨਿਸ਼ਾਨੀ ਸੰਭਾਲੀ ਹੋਈ ਹੈ।


**ਚੀਮੇ ਨੇ ਲਿਖਿਆ:** ਇਹ ਪੁਸਤਕ ਪਾਠਕਾਂ ਨੂੰ ਭੇਟ ਕਰਦਿਆਂ ਮੈਂ ਉਨ੍ਹਾਂ ਸਾਰੇ ਹੀ ਸੱਜਣਾਂ ਦਾ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਨੇ ਹਮੇਸ਼ਾ ਨਿਸ਼ਕਾਮ ਸਾਥ ਦਿੱਤਾ। ਮੈਂ ਆਪਣੇ ਆਪ ਨੂੰ ਕੋਈ ਲਿਖਾਰੀ ਨਹੀਂ ਸਮਝਦਾ ਅਤੇ ਨਾ ਹੀ ਵੱਡੇ ਲਿਖਾਰੀਆਂ ਵਾਂਗ ਕਿਸੇ ਕਿਸਮ ਦਾ ਮਾਣ ਕਰਦਾ ਹਾਂ...।

ਗੱਲ 1995 ਦੀ ਹੈ, ਜਦੋਂ ਟੋਰਾਂਟੋ ਵਿਖੇ ਦੁਨੀਆਂ ਦੀ ਪਹਿਲੀ ਆਲਮੀ ਕਬੱਡੀ ਚੈਂਪੀਅਨਸ਼ਿਪ ਹੋਣੀ ਸੀ। ਹੈਮਿਲਟਨ ਦਾ ਕੌਪਿਸ ਕੋਲੀਜ਼ੀਅਮ ਲੋਕਾਂ ਨਾਲ ਭਰਿਆ ਪਿਆ ਸੀ। ਭੀੜ ਦੇਖ ਕੇ ਮੈਂ ਸੰਖੇਪ ਜਿਹੀ ਸਪੀਚ ਕਰ ਕੇ ਬੈਠ ਗਿਆ। ਉਸੇ ਰਾਤ ਕਰਨੈਲ ਸਿੰਘ ਖਹਿਰਾ ਦੇ ਭਰਾਵਾਂ ਕੋਲ ਅਸੀਂ ਠਹਿਰਨਾ ਸੀ। ਸਾਡੇ ਨਾਲ ਬਾਈ ਜਸਵੰਤ ਸਿੰਘ ਕੰਵਲ ਵੀ ਸੀ। ਸਾਰੀ ਰਾਤ ਕਬੱਡੀ ਦੀਆਂ ਗੱਲਾਂ ਚਲਦੀਆਂ ਰਹੀਆਂ, ਮੀਨ ਮੇਖ ਕੱਢੀ ਜਾਂਦੀ ਰਹੀ ਤਾਂ ਸਵੇਰੇ ਉਠਦਿਆਂ ਹੀ ਬਾਈ ਜੀ ਕਹਿਣ ਲੱਗੇ, ਚੀਮਿਆ ਗੱਲ ਸੁਣ! ਆਪਣੇ ਦਿਲ ਕੇ ਦਾਗ ਕਿਸੀ ਕੋ ਦਿਖਾਇਆ ਨਾ ਕਰੋ, ਲੋਗ ਮੁੱਠੀਓਂ ਮੇਂ ਨਮਕ ਲੀਏ ਫਿਰਤੇ ਹੈਂ...।

ਅਤੇ ਨਾਲ ਹੀ ਕਹਿਣ ਲੱਗੇ, ਸਾਡੇ ਕਈ ਪ੍ਰਾਚੀਨ ਲਿਖਾਰੀ, ਵੈਦ ਤੇ ਸਨਿਆਸੀ ਆਪਣੇ ਤਜ਼ਰਬੇ ਆਪਣੇ ਨਾਲ ਹੀ ਲੈ ਗਏ। ਇਸ ਲਈ ਮੈਂ ਤੈਨੂੰ ਕਹਿੰਦਾ ਹਾਂ, ਚੀਮਿਆ, ਕੁਝ ਲਿਖ ਜਾ। ਮੇਰਾ ਬਾਈ ਜੀ ਨੂੰ ਜਵਾਬ ਸੀ ਕਿ ਮੈਂ ਥੋੜ੍ਹਾ ਪੜ੍ਹਿਆ ਹੋਣ ਕਰਕੇ ਲਿਖ ਨਹੀਂ ਸਕਦਾ ਤਾਂ ਉਸ ਨੇ ਕਿਹਾ, ਜੇ ਤੂੰ ਘੰਟਾ ਦੋ ਘੰਟੇ ਸਟੇਜ 'ਤੇ ਅਤੇ ਸਾਰਾ ਦਿਨ ਕਬੱਡੀ ਟੂਰਨਾਮੈਂਟ ਵਿਚ ਕੁਮੈਂਟਰੀ ਕਰ ਸਕਦਾ ਏਂ ਤਾਂ ਲਿਖਣਾ ਤੇਰੇ ਲਈ ਕੋਈ ਮੁਸ਼ਕਿਲ ਕੰਮ ਨਹੀਂ। ਤੇਰੇ ਕੋਲ ਤਜ਼ਰਬੇ ਤੇ ਸਮੱਗਰੀ ਦਾ ਭੰਡਾਰ ਹੈ। ਉਸ ਵੇਲੇ ਦਿੱਤੇ ਹੌਂਸਲੇ ਲਈ ਮੈਂ ਬਾਈ ਜਸਵੰਤ ਸਿੰਘ ਕੰਵਲ ਜੀ ਦਾ ਸਾਰੀ ਉਮਰ ਰਿਣੀ ਰਹਾਂਗਾ। ਇਕ ਵਾਰ ਅਜਮੇਰ ਕਾਵੈਂਟਰੀ ਨੇ ਵੀ ਹੌਂਸਲਾ ਦਿੰਦੇ ਹੋਏ ਆਖਿਆ ਸੀ, ਜਿਹੜਾ ਇਨਸਾਨ ਪੰਜਾਬੀ ਵਿਚ ਚਿੱਠੀ ਲਿਖ ਸਕਦਾ ਹੈ, ਉਹ ਕਿਤਾਬ ਵੀ ਲਿਖ ਸਕਦਾ ਹੈ। ਤੇਰੇ ਕੋਲ ਜਾਤੀ ਤਜ਼ਰਬਾ ਹੈ, ਤੂੰ ਸਾਰੀ ਉਮਰ ਖੇਡਾਂ ਕਰਾਈਆਂ ਅਤੇ ਹੱਥੀਂ ਖਿਡਾਈ ਕਬੱਡੀ ਦਾ ਹਾਲ ਲਿਖਣਾ ਤੇਰੇ ਲਈ ਕੋਈ ਮੁਸ਼ਕਿਲ ਕੰਮ ਨਹੀਂ। ਇਸ ਤਰ੍ਹਾਂ ਦੀ ਹੱਲਾਸ਼ੇਰੀ ਨਾਲ ਹੀ ਮੈਂ ਕਿਤਾਬ ਲਿਖ ਸਕਿਆ, ਜਿਸ ਲਈ ਮੈਂ ਸਭਨਾਂ ਦਾ ਧੰਨਵਾਦੀ ਹਾਂ।



1988 ਵਿਚ ਬਾਬਾ ਭਗਤ ਸਿੰਘ ਬਿਲਗਾ ਨੂੰ 'ਵਾਰਸ ਸ਼ਾਹ ਦੀ ਹੀਰ' ਕਿਤਾਬ ਸੌਂਪਦੇ ਹੋਏ ਲੇਖਕ ਸੋਹਣ ਚੀਮਾ




### ਮੇਰਾ ਦੇਸੀ ਤੇ ਵਲਾਇਤੀ ਪਿੰਡ

ਮੈਂ ਉਦਾਸ ਸਾਂ। ਬੇਸ਼ਕ ਮੇਰਾ ਇਹ ਨਵਾਂ ਵਲਾਇਤੀ ਪਿੰਡ ਮੇਰੇ ਦੇਸੀ ਪਿੰਡ ਨਾਲੋਂ ਕਈ ਗੁਣਾਂ ਵੱਡਾ ਅਤੇ ਸੁੰਦਰ ਸੀ। ਇਸ ਪਿੰਡ ਵਿਚ ਮੈਨੂੰ ਹਰ ਤਰ੍ਹਾਂ ਦੀਆਂ ਸੁਖ-ਸਹੂਲਤਾਂ ਪ੍ਰਦਾਨ ਸਨ। ਮੈਂ ਆਪਣੇ ਪਰਿਵਾਰ, ਖੂਨ ਅਤੇ ਮੋਹ ਬਿਨਾ ਵੀ ਇਕੱਲਾ ਨਹੀਂ ਸੀ, ਕਿਉਂਕਿ ਮਾਤਾ ਜੀ ਹਰਨਾਮ ਕੌਰ ਨਾਲ ਬੰਬਈ ਤੋਂ ਸਮੁੰਦਰੀ ਜਹਾਜ਼ 'ਤੇ ਜਨਵਰੀ 1954 'ਚ ਚੜ੍ਹ ਕੇ ਕੋਈ ਪੰਝੀ ਕੁ ਦਿਨਾਂ ਬਾਅਦ 22 ਫਰਵਰੀ 1954 ਨੂੰ ਟੈਲਵਰੀ (ਲੰਡਨ) ਪੁੱਜੇ ਸੀ। ਪਿਤਾ ਜੀ ਕੋਲ ਵੱਡੇ ਭਾਈ ਅਜੀਤ ਸਿੰਘ ਤੇ ਭੈਣ ਜੋਗਿੰਦਰੋ ਇਕ ਸਾਲ ਪਹਿਲਾਂ ਹੀ ਪਹੁੰਚ ਚੁਕੇ ਸਨ। ਗੱਲ ਕੀ, ਚਾਚਾ ਗੁਰਦਿਆਲ ਸਿੰਘ ਸਮੇਤ ਸਾਰਾ ਪਰਿਵਾਰ ਹੀ ਇਥੇ ਮੇਰੇ ਕੋਲ ਸੀ।

ਪਰ ਮੈਂ ਫਿਰ ਵੀ ਉਦਾਸ ਸਾਂ ਤੇ ਰਾਤ ਨੂੰ ਚੋਰੀ ਰਜਾਈ ਵਿਚ ਮੂੰਹ ਦੇ ਕੇ ਭੁੱਬਾਂ ਨਿਕਲ ਜਾਣੀਆਂ। ਮੈਨੂੰ ਹਰ ਰੋਜ਼, ਹਰ ਘੜੀ ਯਾਦ ਆਉਂਦੇ ਸਨ ਮੇਰੇ ਯਾਰ-ਬੇਲੀ, ਮੇਰੇ ਜਮਾਤੀ, ਜਿਨ੍ਹਾਂ ਨਾਲ ਸਕੂਲ ਤੋਂ ਮੁੜਦਿਆਂ ਨੂਰਮਹਿਲ ਦੇ ਚਮਗਿੱਦੜਾਂ ਵਾਲੇ ਤਲਾਬ 'ਚ ਤਾਰੀਆਂ ਲਾਉਣੀਆਂ ਤੇ ਪੌੜੀਆਂ ਵਾਲੀ ਬੁਰਜੀ 'ਤੇ ਚੜ੍ਹ ਕੇ ਇਕ ਦੂਜੇ ਨਾਲੋਂ ਉਚੀਆਂ ਛਾਲਾਂ ਮਾਰਨੀਆਂ। ਇਤਿਹਾਸਕ ਸ਼ਹਿਰ ਦੇ ਪੁਰਾਣੇ ਸਮਿਆਂ ਦਾ ਨਿੱਕੀਆਂ ਇੱਟਾਂ ਦਾ ਬਣਾਇਆ ਹੋਇਆ ਤਲਾਬ ਜਦ ਬਰਸਾਤ ਦੇ ਦਿਨਾਂ ਵਿਚ ਨੱਕੋ-ਨੱਕ ਭਰ ਜਾਂਦਾ ਤਾਂ ਕੰਢੇ ਖੜ੍ਹੇ ਬਾਬੇ ਬੋਹੜ ਦੀ ਦਾੜ੍ਹੀ ਦੀਆਂ ਲਿਟਾਂ ਫੜ ਕੇ ਦੂਰ ਲੈ ਜਾਂਦੇ ਅਤੇ ਇਕ ਦੂਜੇ ਨਾਲ ਜਿਦੋ-ਜਿਦੀ ਲੰਬੀਆਂ ਛਾਲਾਂ ਮਾਰਦੇ।

ਗੋਰੇ (ਸ਼ਾਮਲਾਟ) ਦੇ ਇਕ ਖੂੰਜੇ ਮਿੱਟੀ ਦੇ ਭਾਂਡੇ ਪਕਾਉਣ ਵਾਲਾ ਆਵਾ ਅਤੇ ਉਸ ਦੇ ਨਾਲ ਹੀ ਦਾਣੇ ਭੁੰਨਣ ਵਾਲੀ ਛੱਜੂ ਦੀ ਭੱਠੀ ਅਤੇ ਭੱਠੀ ਤੋਂ ਜ਼ਰਾ ਕੁ ਹਟ ਕੇ ਵਾਲੀਬਾਲ ਦੀ ਗਰਾਊਂਡ ਸੀ। ਸਕੂਲ ਦਾ ਕੰਮ ਮੁਕਾ ਕੇ ਇਸ ਗਰਾਊਂਡ ਵਿਚ ਵਾਲੀਬਾਲ ਖੇਡਦੇ। ਤਰਕਾਲਾਂ ਨੂੰ ਸੂਰਜ ਡੁੱਬਣ ਲੱਗਦਾ ਤੇ ਬਾਲ ਦਿਸਣੋਂ ਹਟ ਜਾਂਦੀ ਤਾਂ ਲੰਮੀ ਤੇ ਢਾਹ ਕਬੱਡੀ ਖੇਡਣੀ ਸ਼ੁਰੂ ਕਰ ਦਿੰਦੇ। ਫਿਰ ਹੱਥ-ਪੈਰ ਧੋਣ ਜਾਂ ਨਹਾਉਣ ਲਈ ਅੱਧੇ ਕੁ ਖੇਤ ਦੀ ਵਿੱਥ 'ਤੇ ਭਗਤੇ ਦੀ ਹਲਟੀ 'ਤੇ ਪੁੱਜ ਜਾਂਦੇ। ਇਸ ਹਲਟੀ 'ਤੇ ਕਦੀ-ਕਦੀ ਭਗਤਾ ਆਪਣੇ ਬਹਿੜਕੇ ਦੁੜਾਉਣ ਲਈ ਖੂਹ ਜੋੜ ਦਿੰਦਾ ਤੇ ਪਿੰਡ ਦੇ ਮੁੰਡਿਆਂ ਨੂੰ ਵੇਖ ਕੇ ਗਾਧੀ 'ਤੇ ਬੈਠ ਜਾਂਦਾ। ਆਪਣੇ ਖੱਬੇ ਹੱਥ ਨਾਲ ਹੇਠਲੇ ਪਾਸੇ ਚਲਦੇ ਗੋਰੇ ਦੀ ਪੂਛ ਫੜ, ਲਲਕਾਰਾ ਮਾਰਦਾ ਹੋਇਆ ਕਹਿੰਦਾ, "ਓ ਬੱਗਿਆ, ਜਿਉਣ ਜੋਗਿਆ, ਚਾਰ ਛਾਲਾਂ ਮਾਰ ਕੇ ਦਿਖਾ ਦੇ ਮੁੰਡਿਆਂ ਨੂੰ...।" ਨਾਲ ਦੀ ਨਾਲ ਗਾਉਂਦਾ:

ਗਾਧੀ ਤਖਤ ਲਾਹੌਰ ਦਾ
ਉਤੇ ਬਹਿਣ ਅਮੀਰ,
ਚੰਨੇ ਆਹਮੋ-ਸਾਹਮਣੇ
ਕਾਂਜਣ ਸਿੱਧੀ ਸ਼ਤੀਰ।
ਚਕਲਾ ਚਕਲੀ ਇਉਂ ਮਿਲਦੇ
ਜਿਵੇਂ ਭੈਣਾਂ ਨੂੰ ਮਿਲਦੇ ਵੀਰ,
ਕੁੱਤਾ ਟਊਂ-ਟਊਂ ਕਰ ਰਿਹਾ
ਜਿਵੇਂ ਦਰ ਵਿਚ ਖੜ੍ਹਾ ਫਕੀਰ।
ਲੱਠ ਇਉਂ ਗੇੜੇ ਦੇ ਰਹੀ
ਜਿਵੇਂ ਸਈਆਂ ਦੇ ਵਿਚ ਹੀਰ,
ਟਿੰਡਾਂ ਦੇ ਗਲ ਗਾਨੀਆਂ
ਭਰ ਲਿਆਉਣ ਯਮਨਾ ਤੋਂ ਨੀਰ,
ਨਸਾਰੋਂ ਪਾਣੀ ਚੱਲਿਆ
ਜਿਵੇਂ ਨਿਕਲੇ ਕਮਾਨੋਂ ਤੀਰ।
ਆਡੇ ਪਾਣੀ ਬਹਿ ਪਿਆ
ਜਿਵੇਂ ਚੋਵੇ ਪਈ ਵਹੀਰ,
ਮੋਹਰੇ ਨਾਕੀ ਇਉਂ ਫਿਰੇ
ਜਿਵੇਂ ਤਕੀਏ ਫਿਰੇ ਫਕੀਰ...।

1960 ਵਿਚ ਛੇ ਸਾਲਾਂ ਬਾਅਦ ਮੈਨੂੰ ਆਪਣੇ ਪਿੰਡ ਪਹਿਲੀ ਵਾਰ ਜਾਣ ਦਾ ਮੌਕਾ ਮਿਲਿਆ। 1973 ਵਿਚ ਬਾਰਾਂ ਸਾਲਾਂ ਬਾਅਦ ਫਿਰ ਪਿੰਡ ਪਰਤਿਆ। ਮੈਂ ਤਾਂ ਆਪਣੇ ਪਿੰਡ ਦੂਜੀ ਵਾਰ ਗਿਆ ਸਾਂ, ਪਰ ਮੇਰੀ ਭੈਣ ਆਪਣੇ ਸਹੁਰੇ ਘਰੋਂ ਪਹਿਲੀ ਵਾਰ ਆਪਣੇ ਪੇਕੀਂ ਆਈ ਸੀ। 'ਆ ਧੀਏ ਜੀ ਆਈ ਨੂੰ, ਆ ਬੈਠ ਜਾ' ਕਹਿਣ ਵਾਲੀ ਮਾਂ ਦੀ ਠੰਢੀ ਛਾਂ ਵੀ ਕਿਤੇ ਉਡ ਗਈ ਸੀ...। ਇਸ ਤੋਂ ਬਾਅਦ ਪਤਾ ਨਹੀਂ ਕਿੰਨੀ ਵਾਰ ਆਪਣੇ ਪਿੰਡ ਜਾਂਦਾ ਰਿਹਾ ਹਾਂ। ਕੁਝ ਦਿਨ ਰਹਿ ਕੇ ਜਦ ਵਾਪਸ ਆਉਣ ਲੱਗਦਾ ਹਾਂ ਤਾਂ ਰਾਹ ਵਿਚ ਉਦਾਸ ਹੋਇਆ ਪਿੰਡ ਤੋਂ ਬਾਹਰ ਹਸਰਤ ਭਰੀਆਂ ਅੱਖਾਂ ਨਾਲ ਪਿੰਡ ਦੇ ਸਿਵੇ ਤੱਕ ਕੇ ਸੁਰਜੀਤ ਪਾਤਰ ਦਾ ਲਿਖਿਆ ਸ਼ੇਅਰ ਯਾਦ ਕਰਦਾ ਹਾਂ: ਕੁਝ ਤਾਂ ਸੇਕਣਗੇ ਮਾਂ ਦੇ ਸਿਵੇ ਦੀ ਅਗਨ, ਬਾਕੀ ਕਬਰਾਂ ਦੇ ਰੁੱਖਾਂ ਹੇਠ ਜਾ ਬਹਿਣਗੇ...।

### ਸ਼ਹੀਦ ਊਧਮ ਸਿੰਘ ਦੀ ਨਿਸ਼ਾਨੀ

ਸੋਹਣ ਚੀਮਾ, ਸ਼ਹੀਦ ਊਧਮ ਸਿੰਘ ਦੀ ਆਪਣੇ ਪਿਤਾ ਬਾਬੂ ਕਰਮ ਸਿੰਘ ਚੀਮਾ ਨਾਲ ਹੋਈ ਮੁਲਾਕਾਤ ਦਾ ਜ਼ਿਕਰ ਇਸ ਪੁਸਤਕ ਵਿਚ ਇਉਂ ਕਰਦਾ ਹੈ: ਜੁਲਾਈ 1938 ਵਿਚ ਚਰਨ ਚੀਮਾ ਤੇ ਕਰਮਾ ਚੀਮਾ ਖੁਰਦ ਸਮੁੰਦਰੀ ਜਹਾਜ਼ ਰਾਹੀਂ ਲੰਡਨ ਦੇ ਘਾਟ ਤਿਲਵਰੀ ਪੁੱਜੇ ਤਾਂ ਇਨ੍ਹਾਂ ਨੂੰ ਲੈਣ ਵਾਸਤੇ ਬਾਬੂ ਕਰਮ ਸਿੰਘ ਚੀਮਾ ਪਹੁੰਚੇ ਹੋਏ ਸਨ। ਉਥੋਂ ਉਹ ਅੰਡਰ ਗਰਾਊਂਡ ਰੇਲਵੇ ਰਾਹੀਂ ਸ਼ੈਫਰਡ ਬੁਸ਼ ਨਾਗਰਾ ਭਰਾਵਾਂ ਦੇ ਘਰ ਪੁੱਜੇ। ਚਰਨ ਸਿੰਘ ਚੀਮੇ ਨੇ ਦੱਸਿਆ ਕਿ ਇਕ ਭਾਰੇ ਮੂੰਹ ਵਾਲਾ ਆਦਮੀ ਪਿਛਲੇ ਦਰਵਾਜ਼ੇ ਰਾਹੀਂ ਸਾਡੇ ਕੋਲ ਆ ਬੈਠਾ ਤੇ ਬੈਠਦਿਆਂ ਹੀ ਕਹਿਣ ਲੱਗਾ, "ਜੇ ਕੋਈ ਟਾਪ ਪੱਕੀ ਹੋਈ ਹੈ ਤਾਂ ਲੈ ਆਓ, ਬੜੀ ਭੁੱਖ ਲੱਗੀ ਹੈ।" ਕਿਚਨ ਵਿਚੋਂ ਕੋਈ ਆਵਾਜ਼ ਨਾ ਆਉਣ ਕਰਕੇ ਉਹ ਆਪ ਉਠ ਕੇ ਦੋ ਰੋਟੀਆਂ 'ਤੇ ਸਬਜ਼ੀ ਪਾ ਕੇ ਖੜ੍ਹਾ ਹੀ ਖਾਣ ਲੱਗ ਪਿਆ। ਜਦ ਨੂੰ ਬਾਬੂ ਚੀਮਾ ਜੀ ਵੀ ਬਾਹਰਲੇ ਪਖਾਨੇ ਤੋਂ ਆ ਕੇ ਉੱਚੀ ਉੱਚੀ ਬੋਲਣ ਲੱਗ ਪਏ, "ਓਏ ਬਾਵਿਆ ਸਾਧਾ ਤੈਨੂੰ ਕੁਝ ਪਤਾ ਹੋਣਾ ਚਾਹੀਦਾ ਕਿ ਮੁੰਡੇ ਅਜੇ ਆ ਕੇ ਬੈਠੇ ਈ ਹਨ। ਇਨ੍ਹਾਂ ਵਿਚਾਰਿਆਂ ਨੇ 20 ਦਿਨਾਂ ਤੋਂ ਰੋਟੀ ਨਹੀਂ ਖਾਧੀ, ਜਹਾਜ਼ ਵਿਚ ਬ੍ਰੈਡਾਂ ਈ ਚੱਬਦੇ ਆਏ ਨੇ। ਤੈਨੂੰ ਕਿਧਰ ਦਾ ਭੋਖੜਾ ਪਿਐ?" ਬਾਵਾ, "ਮੇਰੀ ਕਿਹੜਾ ਏਥੇ ਚੂੜੇ ਵਾਲੀ ਬੈਠੀ ਐ, ਯਾਰਾਂ ਦੋਸਤਾਂ ਦੇ ਆਸਰੇ ਈ ਚਾਰ ਦਿਨ ਲੰਘ ਜਾਣੇ ਆਂ, ਫੇਰ ਬੇੜੀ ਪੂਰ ਤ੍ਰਿੰਜਣ ਦੀਆਂ ਕੁੜੀਆਂ...।" ਆਖ ਕੇ ਹੀਰ ਗਾਉਣ ਲੱਗ ਪਿਆ। "ਚੰਗਾ ਬਾਬੂ ਚੀਮਿਆ, ਜੇ ਕਦੇ ਕਾਵੈਂਟਰੀ ਆਇਆ ਤਾਂ ਮਿਲੂੰਗਾ" ਕਹਿ ਕੇ ਜਿਧਰੋਂ ਆਇਆ ਸੀ, ਉਧਰ ਹੀ ਚਲਾ ਗਿਆ। ਪਿੱਛੋਂ ਸਾਨੂੰ ਦੱਸਿਆ ਗਿਆ ਕਿ ਉਸ ਦਾ ਨਾਂ ਊਧਮ ਸਿੰਘ ਹੈ ਤੇ ਅਸੀਂ ਉਸ ਨੂੰ ਬਾਵਾ ਜਾਂ ਸਾਧ ਕਹਿ ਕੇ ਹੀ ਬੁਲਾਉਂਦੇ ਹਾਂ।

ਦੂਜੀ ਵਾਰ ਉਹ ਕ੍ਰਿਸਮਿਸ ਤੋਂ ਪਹਿਲਾਂ ਕਾਵੈਂਟਰੀ ਆਇਆ। ਇਸ ਵਾਰ ਅਸੀਂ 2 ਗੈਸ ਸਟਰੀਟ ਵਿਚ ਇਕੱਠੇ ਹੋਏ ਸਾਂ। ਇਸੇ ਤਰ੍ਹਾਂ ਇਕ ਵਾਰੀ 15 ਸਪਾਰਕ ਬਰੁੱਕ ਸਟਰੀਟ ਕਾਵੈਂਟਰੀ, ਜੋ ਬਾਬੂ ਕਰਮ ਸਿੰਘ ਦਾ ਘਰ ਸੀ, ਅੱਧੀ ਰਾਤ ਤੋਂ ਵੀ ਬਾਅਦ ਉਥੇ ਆਇਆ। ਉਸ ਦਿਨ ਉਸ ਦੀ ਬੀਅਰ ਛਕੀ ਹੋਈ ਸੀ ਤੇ ਬੈਠੇ ਬੈਠੇ 'ਗਦਰ ਦੀ ਗੂੰਜ' ਵਿਚ ਲੱਗੀ ਸ਼ਹੀਦ ਭਗਤ ਸਿੰਘ ਦੀ ਫੋਟੋ ਵੱਲ ਇਸ਼ਾਰਾ ਕਰਦਿਆਂ ਕਿਹਾ, 'ਜੇ ਟਾਈਮ ਆਇਆ ਤਾਂ ਇਸ ਸਰਦਾਰ ਨਾਲ ਮੈਂ ਵੀ ਫੋਟੋ ਲਗਵਾ ਲਵਾਂਗਾ।' ਨਸ਼ੇ ਵਿਚ ਹੋਣ ਕਾਰਨ ਉਹ ਕਹਿ ਤਾਂ ਬੈਠਾ, ਪਰ ਪਿੱਛੋਂ ਇਸ 'ਤੇ ਪਰਦਾ ਪਾਉਣ ਦੀ ਬਹੁਤ ਕੋਸ਼ਿਸ਼ ਕੀਤੀ...।

ਅਚਾਨਕ ਇਕ ਐਤਵਾਰ ਸਵੇਰੇ ਹੀ ਦਰਵਾਜ਼ਾ ਖੜਕਿਆ। ਊਧਮ ਸਿੰਘ ਕਾਰ ਵਿਚ ਆਇਆ ਤੇ ਕਹਿਣ ਲੱਗਾ ਕਿ ਮੈਂ ਕਿਸੇ ਦੂਰ ਦੇਸ ਚਲੇ ਜਾਣਾ। ਉਸ ਦਿਨ ਉਹਨੇ ਆਪ ਹੀ ਚਾਹ ਦਾ ਪਤੀਲਾ ਗੈਸ ਉਤੇ ਰੱਖਿਆ ਤੇ ਸਾਰਿਆਂ ਨੂੰ ਚਾਹ ਪਿਲਾਈ ਅਤੇ ਬਾਬੂ ਚੀਮੇ ਨੂੰ ਜੱਫੀ ਵਿਚ ਲੈ ਕੇ ਕਿਹਾ, "ਤੇਰੀ ਜ਼ੁਬਾਨ ਹੀ ਕੌੜੀ ਹੈ, ਪਰ ਬਾਬੂ ਤੇਰਾ ਦਿਲ ਬੜਾ ਸਾਫ ਹੈ। ਆਹ ਵਾਰਿਸ ਸ਼ਾਹ ਦੀ ਹੀਰ ਵਾਲੀ ਕਿਤਾਬ ਰੱਖ ਲੈ, ਇਸ 'ਤੇ ਮੇਰੇ ਦਸਤਖਤ ਹਨ। ਜੇ ਕਦੇ ਵਾਪਸ ਆ ਗਿਆ ਤਾਂ ਲੈ ਲਵਾਂਗਾ ਨਹੀਂ ਤਾਂ ਸੰਭਾਲ ਕੇ ਰੱਖੀਂ। ਮੇਰੀ ਏਸ ਨਿਸ਼ਾਨੀ ਨੂੰ ਪੜ੍ਹਦਿਆਂ ਕਦੇ ਕਦੇ ਯਾਦ ਕਰ ਲਿਆ ਕਰੀਂ।"

ਉਸ ਦਿਨ ਉਹ ਬਹੁਤ ਖੁਸ਼ ਸੀ। ਜਾਣ ਲੱਗੇ ਨੇ ਸਭ ਨੂੰ ਘੁੱਟ ਕੇ ਜੱਫੀਆਂ ਪਾਈਆਂ। ਫਿਰ ਇਕ ਹੱਥ ਨਾਲ ਕਾਰ ਚਲਾਉਂਦਾ ਤੇ ਦੂਜੇ ਹੱਥ ਨਾਲ 'ਬਾਏ ਬਾਏ' ਕਰਦਾ ਮੋੜ ਮੁੜ ਗਿਆ। ਉਦੋਂ ਦੂਜੀ ਜੰਗ ਦੇ ਦਿਨ ਸਨ। 14 ਮਾਰਚ 1940 ਨੂੰ ਸਵੇਰੇ ਅਸੀਂ ਕਾਵੈਂਟਰੀ ਏਅਰਪੋਰਟ ਦੀ ਸੜਕ ਬਣਾ ਰਹੇ ਸਾਂ। ਇਕ ਅੰਗਰੇਜ਼ ਮਜ਼ਦੂਰ ਸਾਡੇ ਕੋਲ ਅੰਗਰੇਜ਼ੀ ਅਖਬਾਰ 'ਡੇਲੀ ਮੇਲ' ਲੈ ਆਇਆ ਤੇ ਕਹਿਣ ਲੱਗਾ, "ਕੱਲ੍ਹ ਲੰਡਨ ਵਿਚ ਤੁਹਾਡੇ ਇਕ ਆਦਮੀ ਨੇ ਸਾਡੇ ਇਕ ਰਿਟਾਇਰ ਅਫਸਰ ਦਾ ਕਤਲ ਕਰ ਦਿੱਤਾ।" ਅਖਬਾਰ ਵਿਚ ਦੋ ਪੁਲਿਸ ਵਾਲਿਆਂ ਵਿਚਾਲੇ ਹੱਥਕੜੀ ਲੱਗੀ ਹੋਈ ਬਾਵੇ ਦੀ ਫੋਟੋ ਛਪੀ ਹੋਈ ਸੀ।

31 ਜੁਲਾਈ 2021 ਨੂੰ ਜਦੋਂ ਮੈਂ ਇਹ ਸਤਰਾਂ ਲਿਖ ਰਿਹਾ ਸਾਂ ਤਾਂ ਕਾਵੈਂਟਰੀ ਤੋਂ ਸੋਹਣ ਚੀਮੇ ਨਾਲ ਗੱਲ ਬਾਤ ਹੋਈ। ਉਸ ਨੇ ਦੱਸਿਆ ਕਿ ਅੱਜ ਸ਼ਹੀਦ ਊਧਮ ਸਿੰਘ ਦਾ ਬੁੱਤ ਚੀਮਾ ਖੁਰਦ ਸੜਕ ਨਾਲ ਲੱਗਦੇ ਸਾਡੇ ਖੇਤ ਵਿਚ ਸਥਾਪਿਤ ਕਰ ਦਿੱਤਾ ਗਿਐ। ਉਹ ਬਿਮਾਰ ਹੋਣ ਕਰਕੇ ਪਿੰਡ ਨਹੀਂ ਸੀ ਪੁੱਜ ਸਕਿਆ।

### ਇੰਗਲੈਂਡ ਵਿਚ ਕਬੱਡੀ ਦਾ ਅਰੰਭ

1963 ਤੋਂ ਇੰਗਲੈਂਡ ਵਿਚ ਕਬੱਡੀ ਦੀ ਸ਼ੁਰੂਆਤ ਦਾ ਸੰਖੇਪ ਜਿਹਾ ਇਤਿਹਾਸ ਲਿਖਣ ਲੱਗਾ ਹਾਂ। ਉਦੋਂ ਤੋਂ ਲੈ ਕੇ ਭਰਾਵਾਂ, ਪੁੱਤਰਾਂ ਤੇ ਪੋਤਿਆਂ ਯਾਨਿ ਤਿੰਨ ਪੀੜ੍ਹੀਆਂ ਦੀ ਅੱਖੀਂ ਡਿੱਠੀ ਤੇ ਹੱਥੀਂ ਖਿਡਾਈ ਕਬੱਡੀ ਦਾ ਹਾਲ ਲਿਖਣ ਵਿਚ ਮਾਣ ਮਹਿਸੂਸ ਕਰਦਾ ਹਾਂ। ਕਾਵੈਂਟਰੀ ਤੇ ਬਰਮਿੰਘਮ ਵਿਚ ਪੰਜਾਬੀਆਂ ਦੀ ਵਸੋਂ ਵਾਹਵਾ ਹੋ ਗਈ ਸੀ। ਇਥੇ ਇੰਡਸਟਰੀ ਤੇ ਕਾਰਾਂ ਦੇ ਕਾਰਖਾਨੇ ਸਾਰੇ ਇੰਗਲੈਂਡ 'ਚੋਂ ਵੱਧ ਸਨ। 1959 ਤੋਂ 62 ਤਾਈਂ ਇਥੇ ਪੰਜਾਬੀਆਂ ਦੇ ਕਾਫੀ ਪਰਿਵਾਰ ਆ ਗਏ ਸਨ। ਕਈ ਬੱਚੇ ਪੰਜਾਬ ਦੇ ਸਕੂਲਾਂ 'ਚੋਂ ਪੜ੍ਹਦੇ ਆਏ ਸਨ। ਪੰਦਰਾਂ ਸੋਲਾਂ ਸਾਲਾਂ ਦੇ ਤਾਂ ਸਿੱਧੇ ਕੰਮ ਲੱਗ ਜਾਂਦੇ, ਜਦ ਕਿ ਛੋਟੇ ਅੰਗਰੇਜ਼ੀ ਸਿੱਖਣ ਲਈ ਸਕੂਲਾਂ ਵਿਚ ਦਾਖਲ ਹੋ ਜਾਂਦੇ। ਅੱਧੀ ਛੁੱਟੀ ਵੇਲੇ ਉਹ ਅੰਗਰੇਜ਼ ਬੱਚਿਆਂ ਨਾਲ ਖੇਡਣ ਦੀ ਥਾਂ ਆਪਸ ਵਿਚ ਬੰਟੇ, ਕੌਡੀਆਂ ਤੇ ਗੁੱਲੀ ਡੰਡਾ ਖੇਡਦੇ। ਕਦੇ ਕਦੇ ਹੱਥੋਪਾਈ ਹੁੰਦੇ ਕਬੱਡੀ ਵੀ ਖੇਡਣ ਲੱਗ ਪੈਂਦੇ। ਇਸੇ ਇਲਾਕੇ ਵਿਚ ਫੌਂਡਰੀਆਂ ਨੇ ਬਹੁਤ ਸਾਰੇ ਕਾਮੇ ਰੱਖ ਲਏ ਸਨ। ਉਹ ਕੰਮਾਂ ਤੋਂ ਵਿਹਲੇ ਹੋ ਕੇ ਵੀਕ ਐਂਡ 'ਤੇ ਘਾਹ ਦੇ ਮੈਦਾਨ 'ਚ ਫੁੱਟਬਾਲ ਤੇ ਹੋਰ ਖੇਡਾਂ ਖੇਡਣ ਲੱਗਦੇ। ਇਕ ਦਿਨ ਇਸੇ ਹੀ ਪਾਰਕ ਵਿਚ ਕੁਝ ਏਧਰਲੇ ਪੰਜਾਬ ਦੇ ਤੇ ਕੁਝ ਓਧਰਲੇ ਪੰਜਾਬ 'ਚੋਂ ਮੀਰਪੁਰ ਇਲਾਕੇ ਦੇ ਮੁੰਡੇ 'ਕੱਠੇ ਹੋ ਗਏ।

ਗੱਪਾਂ ਸ਼ੱਪਾਂ ਮਾਰਦਿਆਂ ਗੱਲਾਂ ਗੱਲਾਂ ਵਿਚ ਕਬੱਡੀ ਦੀ ਗੱਲ ਤੁਰ ਪਈ ਅਤੇ ਸ਼ੋਅ ਮੈਚ ਉਥੇ ਈ ਪੱਕਾ ਹੋ ਗਿਆ। ਮੀਰਪੁਰ ਦੇ ਇਕ ਖਿਡਾਰੀ ਨੇ ਕਿਹਾ, "ਜਨਾਬ ਇਕ ਗੱਲ ਮੈਂ ਮੂੰਹ ਪਰ ਜ਼ਰੂਰ ਕਰਸਾਂ, ਬਾਅਦ ਵਿਚ ਤੁਸੀਂ ਕੋਈ ਇਤਰਾਜ਼ ਨਾ ਕਰਸੀ। ਇਸ ਲਈ ਗੱਲ ਪਹਿਲਾਂ ਟੁੱਕ ਛੱਡਣੀ ਹੀ ਠੀਕ ਹੈ। ਉਹ ਵਜ੍ਹਾ ਇਹ ਵੇ ਕਿ ਸਾਡੇ ਪਾਕਿਸਤਾਨ ਦੇ ਲੋਕ ਏਥੇ ਘੱਟ ਈ, ਇਸ ਲਈ ਅਸਾਂ ਕੁਝ ਖਿਡਾਰੀ ਬਰਮਿੰਘਮ ਤੋਂ ਖੜਨੇ ਨੇ।" ਏਧਰੋਂ ਕਿਸੇ ਨੇ ਕਿਹਾ ਕਿ ਆਪਾਂ ਸ਼ੁਗਲ ਈ ਕਰਨਾ ਹੈ, ਤੁਹਾਡੇ ਖਿਡਾਰੀ ਘੱਟ ਹੋਏ ਤਾਂ ਆਪਾਂ ਰਲ ਮਿਲ ਕੇ ਖੇਡ ਲਵਾਂਗੇ। ਇਹ ਕਹਿ ਕੇ ਮੈਚ 1963 'ਚ ਜੂਨ ਮਹੀਨੇ ਦੇ ਆਖਰੀ ਐਤਵਾਰ ਦਾ ਪੱਕਾ ਕਰ ਦਿੱਤਾ।

ਮੈਚ ਖੇਡਣ ਦਾ ਦਿਨ ਆ ਗਿਆ। ਮੌਸਮ ਬਹੁਤ ਚੰਗਾ ਸੀ, ਪਰ ਮੀਰਪੁਰ ਦੇ ਜੁਆਨਾਂ ਨੇ ਆ ਕੇ ਕਿਹਾ ਕਿ ਜਿਹੜੇ ਖਿਡਾਰੀ ਬਰਮਿੰਘਮ ਤੋਂ ਆਉਣੇ ਸਨ ਉਹ ਕਿਸੇ ਵਜ੍ਹਾ ਕਰਕੇ ਪੁੱਜ ਨਹੀਂ ਸਕੇ। ਉਨ੍ਹਾਂ ਖਿਡਾਰੀਆਂ ਦਾ ਇੰਤਜ਼ਾਰ ਕੀਤਾ ਗਿਆ। ਤਦ ਤਕ ਇਹ ਮੈਚ ਖੇਡਣ ਲਈ ਮੀਰਪੁਰ ਦੇ ਦੋ ਖਿਡਾਰੀ ਅਤੇ ਸਿੰਘਾਂ ਵੱਲੋਂ ਗਿਆਨ ਸਿੰਘ ਸੰਧੂ, ਦੀਪ ਵੱਢ ਖਾਣਾ, ਗੁਰਮੇਲ ਗੇਲੀ, ਬੰਸੂ ਲਿੱਤਰ, ਜੈਲਾ ਬੇਂਡਲ, ਅਮਰੀਕ ਭੰਗਲ, ਪ੍ਰੀਤਮ ਸਿੰਘ ਕਾਵੈਂਟਰੀ ਵਾਲਾ, ਸ਼ਿੰਦਾ ਸੰਧੂ ਚੱਪਣ, ਦਾਲੋ, ਗੇਲੋ, ਮੱਟੂ, ਦੇਵ ਬੌਨਾ ਤੇ ਪਾਲੀ ਪੁਰੇਵਾਲ ਇਕੱਠੇ ਹੋ ਚੁੱਕੇ ਸਨ। ਸੁਰਜੀਤ ਬੱਗਾ ਤੇ ਸੋਢੀ ਉਸ ਸਮੇਂ ਹਲਕੇ ਸਨ, ਜਿਸ ਕਰਕੇ ਉਨ੍ਹਾਂ ਨੂੰ ਹੀਥ ਪੱਬ 'ਚੋਂ ਕੋਈ ਹੋਰ ਖਿਡਾਰੀ ਲੱਭਣ ਭੇਜ ਦਿੱਤਾ। ਉਥੇ ਉਨ੍ਹਾਂ ਨੂੰ ਦਾਤੇ ਚੇਲੇ ਵਾਲਾ ਸਤਨਾਮ

*(ਬਾਕੀ ਅਗਲੇ ਸਫੇ 'ਤੇ)*

ਚੱਲ ਸੋ ਚੱਲ

# ਕਸਬਾ ਗੋਰਾਇਆ ਟੋਕਾ ਮਸ਼ੀਨਾਂ ਦਾ ਸੀ ਗੜ੍ਹ

ਕਸਬਾ ਗੋਰਾਇਆ ਜਰਨੈਲੀ ਸੜਕ (ਜੀ. ਟੀ. ਰੋਡ) 'ਤੇ ਫਗਵਾੜਾ ਅਤੇ ਫਿਲੌਰ ਦੇ ਐਨ ਵਿਚਕਾਰ ਦੋਹਾਂ ਤੋਂ ਪੂਰੀ ਸੱਤ ਮੀਲ ਦੀ ਦੂਰੀ ਉਤੇ ਸਥਿਤ ਹੈ। ਇੱਥੋਂ ਲੰਘਦੀ ਦੋਹਰੀ ਰੇਲਵੇ ਲਾਈਨ ਤੇ ਰੇਲਵੇ ਸਟੇਸ਼ਨ ਵੀ ਹੈ। ਬਹੁਤੇ ਹੋਰ ਵਿਦਿਆਰਥੀਆਂ ਵਾਂਗ ਮੈਂ ਵੀ ਕੁਝ ਸਾਲ ਇੱਥੋਂ ਰੇਲ ਗੱਡੀ ਚੜ੍ਹ ਜਲੰਧਰ ਪੜ੍ਹਨ ਜਾਂਦਾ ਹੁੰਦਾ ਸੀ। ਸਟੇਸ਼ਨ ਨੂੰ ਜਾਂਦਿਆਂ ਰੇਲਵੇ ਲਾਈਨ ਦੇ ਦੁਆਲੇ ਦੇਗੀ ਲੋਹਾ ਅਤੇ ਪੱਥਰੀ ਕੋਲੇ ਦੇ ਢੇਰਾਂ ਦੇ ਢੇਰ ਪਏ ਹੁੰਦੇ ਸਨ। ਪਾਸੇ ਰੇਲ ਲਾਈਨ ਤੇ ਦੇਗੀ ਲੋਹਾ ਅਤੇ ਪੱਥਰੀ ਕੋਲੇ ਦੀਆਂ ਭਰੀਆਂ ਮਾਲ ਗੱਡੀਆਂ ਦੇ ਡੱਬੇ, ਆਪਣਾ ਸਮਾਨ ਲਾਹੁਣ ਦੇ ਇੰਤਜ਼ਾਰ 'ਚ ਖੜ੍ਹੇ ਆਮ ਨਿਗ੍ਹਾ ਪੈਂਦੇ ਰਹੇ



ਕਲਵੰਤ ਸਿੰਘ ਸਹੋਤਾ
ਫੋਨ: 604-589-5919

ਹਨ। ਇਸ ਦਾ ਵੱਡਾ ਕਾਰਨ ਇਹ ਸੀ ਕਿ ਇਸ ਕਸਬੇ 'ਚ 1950-60 ਦੇ ਦਹਾਕਿਆਂ ਦੌਰਾਨ ਛੋਟੀ ਇੰਡਸਟਰੀ ਬਹੁਤ ਵਧ-ਫੁਲ ਰਹੀ ਸੀ। ਦੇਗੀ ਲੋਹਾ ਢਾਲਣ ਦੀਆਂ ਰਾਤ ਨੂੰ ਪੱਥਰੀ ਕੋਲੇ ਨਾਲ ਚੱਲਦੀਆਂ ਭੱਠੀਆਂ ਦੀਆਂ ਲਾਟਾਂ, ਇਨ੍ਹਾਂ ਕਾਰਖਾਨਿਆਂ ਦੇ ਧੜਾ ਧੜ ਵਧਦੇ ਕਾਰੋਬਾਰ ਦਾ ਪ੍ਰਤੱਖ ਸਬੂਤ ਸਨ। ਢਲੇ ਲੋਹੇ ਨਾਲ ਪੱਠੇ ਕੁਤਰਨ ਵਾਲੀਆਂ ਮਸ਼ੀਨਾਂ (ਟੋਕਾ ਮਸ਼ੀਨਾਂ) ਦੇ ਪੁਰਜੇ ਢਾਲ ਢਾਲ ਇਹ ਮਸ਼ੀਨਾਂ ਮਾਰੋ ਮਾਰ ਬਣ ਰਹੀਆਂ ਸਨ। ਕੁਝ ਕਾਰਖਾਨੇਦਾਰਾਂ ਅਤੇ ਹੋਰ ਸਬੰਧਤ ਵਪਾਰੀਆਂ ਨੂੰ ਪੱਥਰੀ ਕੋਲਾ ਅਤੇ ਦੇਗੀ ਲੋਹੇ ਦੇ ਕੋਟੇ ਮਿਲੇ ਹੋਏ ਸਨ, ਜਿਸ ਦੇ ਆਧਾਰ 'ਤੇ ਉੜੀਸਾ ਅਤੇ ਬਿਹਾਰ ਤੋਂ ਇਨ੍ਹਾਂ ਨਾਲ ਲੱਦੀਆਂ ਮਾਲ ਗੱਡੀਆਂ ਦੇ ਲਾਰੇ ਤੁਰੇ ਹੀ ਆਇਆ ਕਰਦੇ ਸਨ। ਗੋਰਾਇਆ ਦੇ ਕਾਰਖਾਨਿਆਂ ਵਿਚ ਬਣੀਆਂ ਇਹ ਮਸ਼ੀਨਾਂ ਇਕੱਲੇ ਪੰਜਾਬ 'ਚ ਹੀ ਨਹੀਂ, ਸਗੋਂ ਸਾਰੇ ਭਾਰਤ ਦੇ ਕੋਨੇ ਕੋਨੇ ਅਤੇ ਵਿਦੇਸ਼ਾਂ 'ਚ ਵੀ ਮਾਲ ਗੱਡੀਆਂ ਅਤੇ ਟਰੱਕਾਂ 'ਚ ਧੜਾ ਧੜ ਬਣ ਬਣ ਜਾਂਦੀਆਂ ਸਨ।

ਪਹਿਲਾਂ ਪਹਿਲ ਹੱਥੀਂ ਛੋਟੇ ਗੰਡਾਸੇ ਨਾਲ ਚਰ੍ਹੀ, ਬਾਜਰਾ, ਮੱਕੀ ਦੇ ਸਖਤ ਟਾਂਡਿਆਂ ਦਾ ਕੁਤਰਾ ਕਰਕੇ ਪਸ਼ੂਆਂ ਨੂੰ ਪਾਈਦਾ ਸੀ। ਕਿਸੇ ਮਜ਼ਬੂਤ ਲੱਕੜ ਦੇ ਗੱਟੂ (ਬਲਾਕ) ਤੇ, ਪੱਠਿਆਂ ਦਾ ਰੁੱਗ ਖੱਬੇ ਹੱਥ ਨਾਲ ਫੜ ਤੇ ਸੱਜੇ ਹੱਥ ਫੜੇ ਗੰਡਾਸੇ ਨਾਲ ਚਾਰ ਪੰਜ ਇੰਚ ਦਾ ਕੁਤਰਾ ਕਰ ਪਸ਼ੂਆਂ ਦੀਆਂ ਖੁਰਲੀਆਂ ਭਰਨੀਆਂ ਪੈਂਦੀਆਂ ਸਨ। ਇਹ ਕਾਫੀ ਔਖਾ ਤੇ ਮੁਸ਼ੱਕਤ ਭਰਿਆ ਕੰਮ ਸੀ। ਟੋਕਾ ਮਸ਼ੀਨ ਨਾਲ ਪੱਠੇ ਕੁਤਰਦਿਆਂ ਰੰਗ-ਬਰੰਗੀਆਂ ਪੱਗਾਂ ਅਤੇ ਤੰਬੇ (ਚਾਦਰੇ) ਲਾਈ ਗੱਭਰੂਆਂ ਦੀ ਫੋਟੋ ਦੇਖ ਕੇ ਮੇਰੇ ਅੰਦਰੋਂ ਇਉਂ ਫੁਰਿਆ:

ਪਹਿਲਾਂ ਹੱਥੀਂ ਟੋਕਾ ਕਰ
ਪਸ਼ੂਆਂ ਨੂੰ ਪਾਈਦਾ ਸੀ,
ਉਹ ਵੀ ਬੜੀ ਮੁਸ਼ੱਕਤ,
ਸਿਰ ਸਿਰਤ ਨਿਭਾਈਦਾ ਜੀ।
ਫੇਰ ਹੱਥ ਗੇੜ ਗੋਲ ਚੱਕਰ
ਮਸ਼ੀਨ ਆਈ ਜੀ,
ਗੋਰਾਇਆ ਟੋਕਾ ਮਸ਼ੀਨ ਦੀ
ਬੜੀ ਧੁੰਮ ਪਈ ਸੀ।
ਬਲਦਾਂ ਦੇ ਨਾਲ ਦੇਖੋ
ਗੇੜੀਆਂ ਚਲਣ ਲਈਆਂ,
ਫੇਰ ਪਟੇ ਚਾੜ੍ਹ
ਇੰਜਣ ਮੋਟਰਾਂ 'ਤੇ ਲਾਏ ਜੀ।
ਨੀਲੀ ਪੀਲੀ ਲਾਲ ਪੱਗਾਂ,
ਤੰਬੇ ਲਾ ਇਹ ਗੱਭਰੂ,
ਯਾਦਾਂ ਕਿਵੇਂ ਤਾਜ਼ਾ ਪੱਠੇ
ਕੁਤਰਨ ਦੀਆਂ ਕਰਾਏ ਜੀ।

ਗੰਡਾਸਿਆਂ ਵਾਲੀਆਂ ਗੋਲ ਚੱਕਰ ਮਸ਼ੀਨਾਂ ਨਾਲ, ਹੱਥ ਟੋਕੇ ਨਾਲੋਂ ਕੁਤਰਾ ਕਰਨਾ ਬਹੁਤ ਸੌਖਾ ਹੋ ਗਿਆ। ਫਿਰ ਇਹੀ ਮਸ਼ੀਨਾਂ ਪਸ਼ੂਆਂ ਵਾਲੀ ਗੇੜੀ ਨਾਲ ਚੱਲਣ ਲੱਗੀਆਂ; ਜਿਸ 'ਚ ਇੱਕ ਬੰਦਾ ਪੱਠਿਆਂ ਦੇ ਗਾਲੇ ਲਾਉਂਦਾ ਤੇ ਇੱਕ ਪਸ਼ੂਆਂ ਦੀ ਜੋੜੀ ਨੂੰ ਹੱਕਦਾ ਤੇ ਇਉਂ ਕੰਮ ਹੱਥੀਂ ਕੁਤਰਨ ਵਾਲੀ ਮਸ਼ੀਨ ਨਾਲੋਂ ਵੀ ਤੇਜ਼ ਤੇ ਸੌਖਾ ਹੋ ਗਿਆ। ਫਿਰ ਜਿਉਂ ਜਿਉਂ ਪਿੰਡਾਂ 'ਚ ਖੂਹਾਂ ਤੇ ਬਿਜਲੀ ਆਈ ਅਤੇ ਡੀਜ਼ਲ ਇੰਜਣਾਂ ਦੀ ਭਰਮਾਰ ਹੋਣ ਲੱਗੀ ਤਾਂ ਇਨ੍ਹਾਂ ਹੀ ਟੋਕਾ ਮਸ਼ੀਨਾਂ ਦੇ ਮੋਹਰੇ ਪੁਲੀ ਪਾ ਕੇ ਪਟੇ ਚਾੜ੍ਹ ਇੰਜਣਾਂ ਅਤੇ ਬਿਜਲੀ ਮੋਟਰਾਂ ਨਾਲ ਚਲਣ ਲੱਗੀਆਂ। ਇਹ ਸਭ ਕਸਬਾ ਗੋਰਾਇਆ 'ਚ ਧੜਾ ਧੜ ਚਲਦੇ ਕਾਰਖਾਨਿਆਂ 'ਚ ਬਨਦੀਆਂ ਟੋਕਾ ਮਸ਼ੀਨਾਂ ਕਰਕੇ ਹੀ ਸੰਭਵ ਹੋ ਸਕਿਆ। ਸਿਰਫ ਪੰਜਾਬ 'ਚ ਹੀ ਨਹੀਂ, ਸਗੋਂ ਸਾਰੇ ਭਾਰਤ 'ਚ ਹੀ ਪਸ਼ੂਆਂ ਨੂੰ ਪੱਠੇ ਕੁਤਰ ਕੇ ਪਾਉਣ ਦਾ ਕੰਮ ਡਾਢਾ ਅਸਾਨ ਹੋ ਗਿਆ। ਗੋਰਾਇਆਂ ਦੇ ਇਨ੍ਹਾਂ ਟੋਕਾ ਮਸ਼ੀਨਾਂ ਦੇ ਕਾਰਖਾਨਿਆਂ 'ਚ ਕੰਮ ਕਰਨ ਲਈ ਬਿਹਾਰ ਅਤੇ ਯੂ. ਪੀ. ਤੋਂ ਲਾਰਿਆਂ ਦੇ ਲਾਰੇ ਮਜ਼ਦੂਰਾਂ ਦੇ ਰੇਲ ਗੱਡੀਆਂ ਭਰ ਭਰ ਸਾਲਾਂ ਬੱਧੀ ਆਉਂਦੇ ਰਹੇ।

ਗੋਰਾਇਆ ਸਾਡੇ ਪਿੰਡ ਤੋਂ ਤਿੰਨ ਮੀਲ ਦੀ ਦੂਰੀ 'ਤੇ ਹੈ। ਗੋਰਾਇਆ ਤੋਂ ਦਸ ਮੀਲ ਦੇ ਵਿਆਸ (ਰੇਡੀਅਸ) ਦੇ ਘੇਰੇ ਦੀ ਦੂਰੀ ਤੋਂ ਕਾਮਿਆਂ ਦੇ ਕਾਫਲੇ ਸਾਈਕਲਾਂ 'ਤੇ ਆਉਂਦੇ-ਜਾਂਦੇ ਆਮ ਦੇਖੀਦੇ ਸੀ। ਦਿਨੇ ਰਾਤ ਸ਼ਿਫਟਾਂ 'ਚ ਕੰਮ ਕਰਦੇ ਮਜ਼ਦੂਰ ਸਾਈਕਲਾਂ 'ਤੇ ਚੜ੍ਹੇ ਸਾਈਕਲਾਂ ਦੀਆਂ ਘੰਟੀਆਂ ਵਜਾਉਂਦੇ, ਜਦੋਂ ਰਾਤ ਨੂੰ ਸਾਡੇ ਬਾਹਰ ਵਾਰ ਘਰ ਦੇ ਮੋਹਰਦੀ ਲੰਘਦੇ ਤਾਂ ਮਾਨੋ ਵੱਜਦੀਆਂ ਸਾਈਕਲਾਂ ਦੀਆਂ ਘੰਟੀਆਂ ਦੀ ਟਨ ਟਨ ਦੀ ਆਵਾਜ਼ ਉਨ੍ਹਾਂ ਦੀ ਕੀਤੀ ਹੱਡ ਭੰਨਵੀਂ ਮੁਸ਼ੱਕਤ ਦਾ ਰਾਗ ਅਲਾਪਦੀਆਂ ਕੰਨੀਂ ਪੈਂਦੀਆਂ। ਉਹ ਸ਼ਿੱਦਤ ਨਾਲ ਘਰਾਂ ਨੂੰ ਮੁੜਨ ਦੇ ਆਹਰ 'ਚ ਹੋਰ ਤੇਜ਼ ਤੇਜ਼ ਸਾਈਕਲ ਚਲਾਉਂਦੇ ਜਾਂਦੇ ਤੇ ਉਨ੍ਹਾਂ ਦੇ ਸਾਈਕਲਾਂ ਦੀ ਪੈਛੜ ਇੱਕ ਖਾਸ ਕਿਸਮ ਦਾ ਪ੍ਰਭਾਵ ਦਰਸਾ, ਤੁਹਾਡੇ ਅੰਦਰ ਨੂੰ ਟੁੰਬਦੀ ਸੀ। ਸਾਡੇ ਪਿੰਡੋਂ ਬੇਰਾਂ ਦੇ ਬਾਗ ਟੱਪਦਿਆਂ ਹੀ, ਰੇਤੇ ਦੇ ਬਹੁਤ ਉੱਚੇ ਉੱਚੇ ਟਿੱਬੇ ਸਨ। ਉੱਥੇ ਸਿਰਫ ਬਰਸਾਤਾਂ ਨੂੰ ਮੂੰਗਫਲੀ, ਗੁਆਰਾ ਤੇ ਚਰ੍ਹੀ ਹੀ ਹੁੰਦੀ ਸੀ। ਚਾਰ-ਚੁਫੇਰੇ ਰੇਤਾ ਹੀ ਰੇਤਾ ਸੀ। ਲਾਗਲੇ ਪਿੰਡਾਂ ਸਮਰਾੜੀ, ਰਾਜਪੁਰਾ ਤੇ ਲੱਲੀਆਂ ਸਭ ਰੇਤੇ ਦੇ ਟਿੱਬਿਆਂ 'ਚ ਘਿਰੇ ਹੋਏ ਸਨ। ਜਿਉਂ ਹੀ ਗੋਰਾਇਆ ਵਿਚ ਜਰਨੈਲੀ ਸੜਕ ਦੇ ਦੋਹੀਂ ਪਾਸੀਂ ਟੋਕਾ ਮਸ਼ੀਨਾਂ ਦੇ ਕਾਰਖਾਨੇ ਲੱਗਣ ਲੱਗੇ ਤਾਂ ਨੀਵੇਂ ਥਾਂਵਾਂ 'ਤੇ ਭਰਤੀ ਪਾਉਣ ਲਈ ਸਾਡੇ ਪਿੰਡ ਦੇ ਟਿੱਬਿਆਂ ਦਾ ਸਾਰਾ ਹੀ ਰੇਤਾ ਟਰੱਕਾਂ ਅਤੇ ਟਰਾਲੀਆਂ ਨਾਲ ਢੋਹ ਢੋਹ ਕੇ ਗੋਰਾਇਆ ਲਿਆ ਸੁੱਟਿਆ। ਹੋਇਆ ਇਹ ਕਿ ਕੁਝ ਸਾਲਾਂ 'ਚ ਹੀ ਪਿੰਡ ਦੇ ਸਾਰੇ ਟਿੱਬੇ ਪੱਧਰੇ ਹੋ ਗਏ। ਸਾਰੀ ਪੱਧਰੀ ਹੋ ਗਈ ਜ਼ਮੀਨ 'ਚ ਕਣਕ, ਮੱਕੀ, ਗੰਨਾ ਅਤੇ ਝੋਨੇ ਦੀ ਬਿਜਾਈ ਹੋਣ ਲੱਗੀ।



1950 ਤੋਂ ਲੈ ਕੇ ਤਿੰਨ-ਚਾਰ ਦਹਾਕਿਆਂ ਦਾ ਸਮਾਂ ਗੋਰਾਇਆ 'ਚ ਟੋਕਾ ਮਸ਼ੀਨਾਂ ਬਣਾਉਣ ਵਾਲੇ ਕਾਰਖਾਨਿਆਂ ਦੇ ਪਸਾਰ ਦਾ ਸਮਾਂ ਸੀ। ਉਪਰੰਤ ਇਹ ਹੌਲੀ-ਹੌਲੀ ਨਿਘਾਰ ਵਲ ਨੂੰ ਜਾਣਾ ਸ਼ੁਰੂ ਹੋ ਗਿਆ, ਜੋ ਅੱਜ ਤੱਕ ਜਾਰੀ ਹੈ। ਇਸ ਦੇ ਕਈ ਕਾਰਨ ਹਨ, ਜਿਨ੍ਹਾਂ 'ਚੋਂ ਪ੍ਰਮੁੱਖ ਹਨ ਜਿਵੇਂ ਕੋਲੇ ਅਤੇ ਲੋਹੇ ਦੇ ਕੋਟਿਆਂ ਦਾ ਖਤਮ ਕਰ ਦੇਣਾ, ਪੰਜਾਬ ਦੇ ਪਿੰਡਾਂ ਦੇ ਲੋਕਾਂ ਦਾ ਕਾਰਖਾਨਿਆਂ 'ਚ ਕੰਮ ਕਰਨ ਦੀ ਥਾਂ ਮਿਡਲ ਈਸਟ ਮੁਲਕਾਂ ਨੂੰ ਵਹੀਰਾਂ ਘੱਤ ਨਿਕਲਣਾ, ਬਿਜਲੀ ਦੇ ਕੱਟ, ਡੀਜ਼ਲ ਦਾ ਬਹੁਤ ਮਹਿੰਗਾ ਹੋਈ ਜਾਣਾ, ਮਨਰੇਗਾ ਦੀ ਸਰਕਾਰੀ ਸਕੀਮ ਮੁਤਾਬਕ ਬਿਹਾਰ ਅਤੇ ਯੂ. ਪੀ. ਤੋਂ ਮਜ਼ਦੂਰਾਂ ਦਾ ਪੰਜਾਬ ਆਉਣਾ ਘਟ ਜਾਣਾ, ਪੰਜਾਬ ਅਤੇ ਕੇਂਦਰ ਦੀ ਸਰਕਾਰ ਦਾ ਇਸ ਵਧਦੀ ਫੁਲਦੀ ਇੰਡਸਟਰੀ (ਲਘੂ ਉਦਯੋਗ) ਪ੍ਰਤੀ ਇਕੱਲਾ ਬੇਰੁਖੀ ਵਾਲਾ ਵਤੀਰਾ ਹੀ ਨਹੀਂ, ਸਗੋਂ ਪੈਰ ਦਰ ਪੈਰ ਹਰ ਸੰਭਵ ਅੜਿੱਕੇ ਖੜ੍ਹੇ ਕਰਦੇ ਰਹਿਣਾ; ਅਤੇ ਬੇਤਹਾਸ਼ਾ ਟੈਕਸਾਂ 'ਚ ਵਾਧਾ ਆਦਿ ਬਹੁਤੇ ਕਾਰਨਾਂ 'ਚੋਂ ਕੁਝ ਕਾਰਨ ਹਨ। ਇਸੇ ਕਰਕੇ ਗੁਰਾਇਆ ਦਾ ਇਹ ਬਹੁ ਪੱਖੀ ਲਘੂ ਉਦਯੋਗ ਬੰਦ ਹੋਣ ਦੇ ਕਿਨਾਰੇ ਹੈ। ਕੁਝ ਕਾਰਖਾਨੇਦਾਰ ਬਾਹਰਲੇ ਸੂਬਿਆਂ ਨੂੰ ਖਿਸਕ ਗਏ ਤੇ ਉੱਥੇ ਉਦਯੋਗ ਸ਼ੁਰੂ ਕਰ ਲਏ, ਜਿੱਥੇ ਸਰਕਾਰ ਸਹੂਲਤ ਦਿੰਦੀ ਹੈ ਅਤੇ ਲਘੂ ਉਦਯੋਗ ਨੂੰ ਉਤਸ਼ਾਹਤ ਵੀ ਕਰਦੀ ਹੈ। ਕੁਝ ਕਾਰਖਾਨੇ ਦਿਨ-ਬ-ਦਿਨ ਵਾਪਰ ਰਹੀਆਂ ਆਰਥਕ, ਸਿਆਸੀ, ਅਤਿਵਾਦ ਅਤੇ ਹੋਰ ਕਰੋਪੀਆਂ ਨਾ ਸਹਾਰਦੇ ਹੋਏ ਬੰਦ ਹੀ ਹੋ ਗਏ।

ਗੋਰਾਇਆ ਸਿਰਫ ਟੋਕਾ ਮਸ਼ੀਨਾਂ ਬਣਾਉਣ ਦਾ ਹੀ ਗੜ੍ਹ ਨਹੀਂ ਸੀ, ਸਗੋਂ ਇੱਥੋਂ ਦੀਆਂ ਬਣੀਆਂ ਬਾਣ ਵੱਟਣ ਵਾਲੀਆਂ ਮਸ਼ੀਨਾਂ, ਬਾਲ ਬੀਅਰਿੰਗ ਅਤੇ ਆਟੋ ਪਾਰਟਸ ਵੀ ਬਣਦੇ ਸਨ। ਇਹ ਇਕੱਲੇ ਭਾਰਤ 'ਚ ਹੀ ਨਹੀਂ, ਸਗੋਂ ਵਿਦੇਸ਼ਾਂ ਨੂੰ ਵੀ ਬਰਾਮਦ ਕੀਤੇ ਜਾਂਦੇ ਸਨ। ਇਨ੍ਹਾਂ ਕਾਰਖਾਨਿਆਂ ਦਾ ਬਹੁਤਾ ਗੜ੍ਹ ਪਿੰਡ ਅੱਟਾ ਤੋਂ ਲੈ ਕੇ ਪਿੰਡ ਮਾਹਲਾਂ ਦੇ ਰਾਹ ਤੱਕ ਜਰਨੈਲੀ ਸੜਕ ਦੇ ਦੋਹੀਂ ਪਾਸੀਂ ਪਸਰਿਆ ਹੋਇਆ ਹੈ। ਵਿਰਲੇ ਟਾਂਵੇਂ ਰੁੜਕਾ ਕਲਾਂ ਅਤੇ ਧੁਲੇਤਾ ਨੂੰ ਜਾਂਦੀ ਸੜਕ ਦੇ ਦੋਵੇਂ ਪਾਸੇ ਵੀ ਸਥਿਤ ਹਨ। ਮੇਰੀ ਅੱਧੀ ਸਦੀ ਪੁਰਾਣੀ ਯਾਦਦਾਸ਼ਤ ਮੁਤਾਬਕ ਕੁਝ ਪ੍ਰਮੁੱਖ ਕਾਰਖਾਨੇ ਇਹ ਸਨ ਜਿਵੇਂ "ਰੱਖਾ ਸਿੰਘ ਐਂਡ ਸਨਜ਼", 'ਲੇਖ ਰਾਜ ਐਂਡ ਸਨਜ਼', 'ਸਾਧੂ ਸਿੰਘ ਐਂਡ ਸਨਜ਼', 'ਅਜੀਤ ਸਿੰਘ ਐਂਡ ਸਨਜ਼', 'ਜੀ. ਐਨ. ਏ.' ਇਤਿਆਦਿ। ਹੁਣ ਕੁਝ ਵਿਰਲੇ ਟਾਂਵੇਂ ਹੀ ਚਲਦੇ ਹਨ, ਪਰ ਵੀਰਾਨ ਪਏ ਖੰਡਰ ਅਤੇ ਢਹਿ ਢੇਰੀ ਹੋਈਆਂ ਇਮਾਰਤਾਂ ਉਨ੍ਹਾਂ ਦੀ ਨਿਸ਼ਾਨੀ ਵਜੋਂ ਦੇਖੀਆਂ ਜਾ ਸਕਦੀਆਂ ਹਨ।

ਟੋਕਾ ਅਤੇ ਹੋਰ ਲਘੂ ਉਦਯੋਗ ਦਾ ਸਰਕਾਰਾਂ ਦੀ ਬੇਰੁਖੀ ਕਾਰਨ ਭਾਵੇਂ ਭੋਗ ਪੈ ਚੁਕਾ ਹੈ, ਪਰ ਇਹ ਪੰਝੀ ਕੁ ਹਜ਼ਾਰ ਦੀ ਆਬਾਦੀ ਵਾਲੇ ਕਸਬੇ ਗੋਰਾਇਆ 'ਚ ਚਹਿਲ-ਪਹਿਲ ਹਾਲੇ ਵੀ ਦੇਖੀ ਜਾ ਸਕਦੀ ਹੈ; ਖਾਸ ਕਰਕੇ ਸਿਆਲਾਂ ਦੇ ਦਿਨਾਂ 'ਚ ਅਮਰੀਕਾ, ਕੈਨੇਡਾ, ਇੰਗਲੈਂਡ, ਨਿਊਜ਼ੀਲੈਂਡ, ਅਸਟਰੇਲੀਆ ਸਮੇਤ ਹੋਰ ਯੂਰਪੀਅਨ ਦੇਸ਼ਾਂ ਅਤੇ ਮਿਡਲ ਈਸਟ ਤੋਂ ਪਰਤੇ ਪੰਜਾਬੀ ਪਰਦੇਸੀਆਂ ਨੂੰ ਮਹਿੰਗੀਆਂ ਮੋਟਰਾਂ-ਕਾਰਾਂ 'ਚ ਘੁੰਮਦਿਆਂ ਤੇ ਖਰੀਦੋ-ਫਰੋਖਤ ਕਰਦਿਆਂ ਆਮ ਦੇਖਿਆ ਜਾ ਸਕਦਾ ਹੈ। ਬੱਸਾਂ ਅਤੇ ਨਿੱਜੀ ਮੋਟਰਾਂ-ਕਾਰਾਂ ਦੀ ਭਰਮਾਰ ਹੋ ਜਾਣ ਕਾਰਨ ਜੀ. ਟੀ. ਰੋਡ 'ਤੇ ਆਵਾਜਾਈ ਬਹੁਤ ਵਧ ਗਈ ਹੈ ਤੇ ਲੋਕਾਂ ਦਾ ਰੇਲ ਗੱਡੀਆਂ ਨਾ ਚੜ੍ਹਨ ਦਾ ਦ੍ਰਿਸ਼ ਸੁੰਨ ਸਾਨ ਪਏ ਗੋਰਾਇਆ ਰੇਲਵੇ ਸਟੇਸ਼ਨ ਤੋਂ ਸਹਿਜੇ ਹੀ ਦੇਖਿਆ ਜਾ ਸਕਦਾ ਹੈ, ਜਦ ਕਿ ਕਿਸੇ ਵੇਲੇ ਇਹ ਸਟੇਸ਼ਨ ਰੇਲ ਗੱਡੀਆਂ ਚੜ੍ਹਨ-ਉਤਰਨ ਵਾਲੇ ਮੁਸਾਫਿਰਾਂ ਨਾਲ ਭਰਿਆ ਰਹਿੰਦਾ ਸੀ ਅਤੇ ਪਾਸੇ (ਸਾਈਡ ਟਰੈਕ) ਖੜ੍ਹੀਆਂ ਮਾਲ ਗੱਡੀਆਂ ਦੇ ਡੱਬਿਆਂ 'ਚ ਤਿਆਰ ਟੋਕਾ ਮਸ਼ੀਨਾਂ ਲੱਦ ਹੋ ਬਾਹਰ ਨੂੰ ਭੇਜੀਆਂ ਜਾਇਆ ਕਰਦੀਆਂ ਸਨ। ਅੱਜ ਉਹ ਦ੍ਰਿਸ਼ ਉੱਕਾ ਹੀ ਗਾਇਬ ਹੈ।

## ਖੇਡ ਮੈਦਾਨ 'ਚ ਅੱਧੀ ਸਦੀ ਲਾਉਣ ਵਾਲਾ ਸੋਹਣ ਚੀਮਾ

*(ਪਿਛਲੇ ਸਫੇ ਦੀ ਬਾਕੀ)*

ਗਿੱਲ ਮਿਲ ਗਿਆ। ਸਤਨਾਮ ਗਿੱਲ ਤੇ ਹੋਰ ਦੋ ਚਾਰ ਖਿਡਾਰੀਆਂ ਨੂੰ ਮੀਰਪੁਰੀਆਂ ਦੀ ਟੀਮ ਵਿਚ ਪਾ ਦਿੱਤਾ। ਫੁੱਟਬਾਲ ਖੇਡਦਾ ਹੋਣ ਕਰਕੇ ਸਤਨਾਮ ਦਾ ਸਟੈਮਿਨਾ ਕਾਫੀ ਸੀ। ਉਹਦੀ ਟੀਮ ਹਲਕੀ ਹੋਣ ਕਰਕੇ ਬਹੁਤਾ ਜ਼ੋਰ ਉਸੇ ਨੂੰ ਲਾਉਣਾ ਪਿਆ ਤੇ ਕੁੱਟ ਵੀ ਬਹੁਤੀ ਉਹਨੂੰ ਹੀ ਖਾਣੀ ਪਈ। ਇਸ ਤਰ੍ਹਾਂ ਸ਼ੁਗਲ-ਮੇਲੇ ਵਜੋਂ ਇੰਗਲੈਂਡ ਦੀ ਧਰਤੀ 'ਤੇ ਪਹਿਲਾ ਕਬੱਡੀ ਮੈਚ ਹੋਇਆ।

ਕਬੱਡੀ ਦਾ ਦੂਜਾ ਮੈਚ ਕਾਵੈਂਟਰੀ ਦੇ ਮੌਰਸ ਪਾਰਕ ਵਿਚ ਜੁਲਾਈ 1964 ਦੇ ਇਕ ਐਤਵਾਰ ਨੂੰ ਹੋਇਆ। ਬਰਮਿੰਘਮ ਦੇ ਅੱਠ ਖਿਡਾਰੀ ਫੋਰਡ ਜੈਫਰ ਕਾਰ ਵਿਚ ਬੈਠ ਕੇ ਔਖੇ ਸੌਖੇ ਪਹੁੰਚੇ, ਜਿਨ੍ਹਾਂ ਦੇ ਨਾਂ ਗਿਆਨ ਸੰਧੂ, ਸੰਤੋਖ ਮੋਰ, ਰੇਸ਼ਮ ਦੁਸਾਂਝ, ਜਾਗਰ ਰੁੜਕਾ ਤੇ ਗੁਰਦੇਵ ਪਰਤਾਬਪੁਰਾ ਸਨ। ਬਾਕੀਆਂ ਦੇ ਨਾਂ ਭੁੱਲ ਗਏ ਹਨ। ਕਾਵੈਂਟਰੀ ਵੱਲੋਂ ਗੁਰਮੇਲ ਸੰਧੂ, ਗੁਰਮੇਲ ਗੋਲੀ, ਸਤਨਾਮ ਗਿੱਲ, ਲਸ਼ਕਰ, ਦੀਪ ਵੱਢਖਾਣਾ, ਦੇਵ ਜੌਹਲ, ਦੇਵ ਸਮਰਾ, ਪ੍ਰੀਤਾ, ਵਿੰਦਾ, ਚੱਪਨ ਤੇ ਦਾਲੋ ਖੇਡੇ। ਮੈਚ ਵੇਖਣ ਪੰਜਾਹ ਕੁ ਦਰਸ਼ਕ ਆਏ। ਬਜ਼ੁਰਗ ਕਹਿਣ ਲੱਗੇ, "ਆਹ ਤਾਂ ਬਈ ਜੁਆਨਾਂ ਨੇ ਇਕ ਘੰਟਾ ਪੰਜਾਬ ਦੀ ਸੈਰ ਕਰਾ'ਤੀ, ਲੈ ਹੁਣ ਛੇ ਮਹੀਨੇ ਨੀਂ ਡੋਲਦੇ।"

1965 ਵਿਚ ਬਰਮਿੰਘਮ ਸ਼ਹੀਦ ਊਧਮ ਸਿੰਘ ਦੀ ਯਾਦ ਵਿਚ ਇੰਗਲੈਂਡ ਦਾ ਪਹਿਲਾ ਕਬੱਡੀ ਟੂਰਨਾਮੈਂਟ ਹੋਇਆ। 1966 ਵਿਚ ਕਾਵੈਂਟਰੀ ਵਿਚ ਵੀ ਸ਼ਹੀਦ ਊਧਮ ਸਿੰਘ ਯਾਦਗਾਰੀ ਟੂਰਨਾਮੈਂਟ ਕਰਾਇਆ ਗਿਆ। ਟੂਰਨਾਮੈਂਟ ਦੇ ਪ੍ਰਬੰਧ ਲਈ ਪੱਬਾਂ 'ਚ ਜਾ ਕੇ ਢਾਈ ਢਾਈ ਸ਼ਲਿੰਗ ਤੇ ਕੋਲੋਂ ਪੰਜ-ਪੰਜ ਦਸ-ਦਸ ਸ਼ਲਿੰਗ 'ਕੱਠੇ ਕੀਤੇ ਗਏ। ਪਾਰਕ ਵਿਚ ਇਕ ਵੇਲੇ ਪ੍ਰੈਕਟਿਸ ਕਰਨ ਦਾ ਕਿਰਾਇਆ ਦਸ ਸ਼ਲਿੰਗ ਲੱਗਦਾ ਸੀ। 1967 ਵਿਚ ਇੰਡੀਅਨ ਸਪੋਰਟਸ ਕਮੇਟੀ ਕਾਵੈਂਟਰੀ ਦੀ ਨੀਂਹ ਰੱਖੀ ਗਈ। 1968 ਦੇ ਟੂਰਨਾਮੈਂਟ 'ਚ ਹਾਕੀ ਤੇ ਰੱਸਾਕਸ਼ੀ ਦੀ ਖੇਡ ਵੀ ਸ਼ਾਮਲ ਕਰ ਲਈ ਗਈ। 1969 ਤੋਂ ਖੇਡ ਮੁਕਾਬਲੇ ਕਰਾਉਣ ਦੇ ਪੱਕੇ ਨਿਯਮ ਬਣਾ ਲਏ ਗਏ। 1970 ਵਿਚ ਖੇਡਾਂ ਦੀ ਨੈਸ਼ਨਲ ਜਥੇਬੰਦੀ ਦੀ ਸਥਾਪਨਾ ਹੋਈ। 1971 ਵਿਚ ਉਮਰਾਓ ਸਿੰਘ ਨੂੰ ਚਿੱਠੀ ਲਿਖੀ ਬਈ ਅਸੀਂ ਆਪਣੀਆਂ ਟੀਮਾਂ ਪੰਜਾਬ ਲੈ ਕੇ ਆਉਣਾ ਚਾਹੁੰਦੇ ਹਾਂ, ਤੁਸੀਂ ਸਾਨੂੰ ਸੱਦਾ ਪੱਤਰ ਭੇਜੋ।

1972 ਵਿਚ ਪੰਜਾਬ ਖੇਡ ਪ੍ਰੀਸ਼ਦ ਦੇ ਸਕੱਤਰ ਮੁਖਤਿਆਰ ਸਿੰਘ ਜਗਤਪੁਰੀਏ ਦਾ ਸੱਦਾ ਪੱਤਰ ਆ ਗਿਆ। 1973 'ਚ ਇੰਗਲੈਂਡ ਦੀ ਕਬੱਡੀ ਟੀਮ ਪੰਜਾਬ ਮੈਚ ਖੇਡਣ ਗਈ। ਪਹਿਲਾ ਟੈਸਟ ਮੈਚ 19 ਫਰਵਰੀ 1973 ਨੂੰ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਚ ਖੇਡਿਆ ਗਿਆ, ਜੋ ਇੰਗਲੈਂਡ ਦੀ ਟੀਮ ਨੇ 62-60 ਅੰਕਾਂ ਨਾਲ ਜਿੱਤਿਆ। 21 ਫਰਵਰੀ ਨੂੰ ਬਠਿੰਡੇ ਵਿਚ ਸ਼ੋਅ ਮੈਚ ਹੋਇਆ, ਜੋ ਇੰਗਲੈਂਡ ਦੀ ਟੀਮ ਨੇ 60-47 ਅੰਕਾਂ ਨਾਲ ਜਿੱਤਿਆ। 23 ਫਰਵਰੀ ਨੂੰ ਫਰੀਦਕੋਟ ਵਿਚ ਸ਼ੋਅ ਮੈਚ ਹੋਇਆ, ਜਿੱਥੇ ਇੰਗਲੈਂਡ ਨੇ ਆਪਣੇ ਦੋ ਤਿੰਨ ਤਕੜੇ ਖਿਡਾਰੀਆਂ ਨੂੰ ਨਾ ਖਿਡਾਇਆ। ਇੰਗਲੈਂਡ ਦੀ ਟੀਮ 49-68 ਅੰਕਾਂ ਨਾਲ ਹਾਰ ਗਈ। 25 ਫਰਵਰੀ ਨੂੰ ਫਿਰੋਜ਼ਪੁਰ ਵਾਲਾ ਸ਼ੋਅ ਮੈਚ ਫਿਰ ਪੰਜਾਬ ਦੀ ਟੀਮ ਨੇ 52-29 ਪੈਂਟਾਂ (ਪੁਆਇੰਟਾਂ) ਨਾਲ ਜਿੱਤ ਲਿਆ। ਜੇ ਦਸ ਮਿੰਟ ਰਹਿੰਦਿਆਂ ਮੀਂਹ ਨਾ ਆਉਂਦਾ ਤਾਂ ਪੰਜਾਬ ਦੀ ਟੀਮ ਨੇ ਹੋਰ ਵੀ ਫਰਕ ਪਾ ਜਾਣਾ ਸੀ। 26 ਫਰਵਰੀ ਨੂੰ ਅੰਮ੍ਰਿਤਸਰ ਵਾਲਾ ਸ਼ੋਅ ਮੈਚ ਫੇਰ ਇੰਗਲੈਂਡ ਦੀ ਟੀਮ 56-52 ਅੰਕਾਂ ਨਾਲ ਜਿੱਤੀ। 28 ਫਰਵਰੀ ਨੂੰ ਗੁਰਦਾਸਪੁਰ ਦੇ ਸ਼ੋਅ ਮੈਚ ਵਿਚ ਇੰਗਲੈਂਡ ਦੀ ਟੀਮ ਨੇ 64-57 ਨੰਬਰਾਂ ਨਾਲ ਪੰਜਾਬ ਦੀ ਗੋਡੀ ਲੁਆ ਦਿੱਤੀ।

5 ਮਾਰਚ ਨੂੰ ਨੂਰਪੁਰ ਬੇਦੀ ਵਿਚ ਦੂਜਾ ਟੈਸਟ ਮੈਚ ਖੇਡਿਆ ਗਿਆ, ਜੋ ਭਾਰਤ ਦੀ ਟੀਮ ਨੇ 70-50 ਅੰਕਾਂ ਨਾਲ ਜਿੱਤ ਕੇ ਸੀਰੀਜ਼ 1-1 'ਤੇ ਬਰਾਬਰ ਕਰ ਲਈ। ਫਗਵਾੜੇ ਵਾਲਾ ਸ਼ੋਅ ਮੈਚ ਪੰਜਾਬ ਨੇ 63-59 ਅੰਕਾਂ ਨਾਲ ਜਿੱਤਿਆ। ਪੁਲਿਸ ਲਾਈਨ ਜਲੰਧਰ ਦੀਆਂ ਗਰਾਊਂਡਾਂ ਵਿਚ ਖੇਡਿਆ ਤੀਜਾ ਤੇ ਆਖਰੀ ਟੈਸਟ ਮੈਚ ਬਹੁਤ ਜ਼ੋਰ ਲਾ ਕੇ ਇੰਗਲੈਂਡ ਦੀ ਟੀਮ ਨੇ 55-43 ਅੰਕਾਂ ਨਾਲ ਜਿੱਤ ਲਿਆ ਤੇ ਸੀਰੀਜ਼ ਜਿੱਤਣ ਦੀ ਝੰਡੀ ਕਰ ਦਿੱਤੀ। ਕਿਲਾ ਰਾਇਪੁਰ ਦੇ ਸ਼ੋਅ ਮੈਚ ਤਕ ਇੰਗਲੈਂਡ ਦੇ ਕਈ ਖਿਡਾਰੀ ਕੰਡਮ ਹੋ ਚੁੱਕੇ ਸਨ। ਉਥੇ ਉਨ੍ਹਾਂ ਨੇ ਪੰਜਾਬ ਤੋਂ 43-28 ਅੰਕਾਂ ਨਾਲ ਪੂਰੇ ਸਮੇਂ ਤੋਂ ਪਹਿਲਾਂ ਹੀ ਹਾਰ ਮੰਨ ਲਈ, ਜਿਸ ਕਰਕੇ ਦਰਸ਼ਕਾਂ ਨੂੰ ਮੈਚ ਦਾ ਪੂਰਾ ਅਨੰਦ ਨਾ ਆ ਸਕਿਆ। ਢੁੱਡੀਕੇ ਦੇ ਦੇਸ਼ ਭਗਤ ਸਟੇਡੀਅਮ ਵਿਚ ਮਾਲਵੇ ਤੇ ਇੰਗਲੈਂਡ ਦੀਆਂ ਟੀਮਾਂ ਵਿਚਾਲੇ ਹੋਇਆ ਦੋਸਤਾਨਾ ਮੈਚ ਮਾਲਵੇ ਦੀ ਟੀਮ ਨੇ ਜਿੱਤਿਆ। ਉਸ ਮੈਚ ਦੀ ਕੁਮੈਂਟਰੀ ਨਾਵਲਕਾਰ ਜਸਵੰਤ ਸਿੰਘ ਕੰਵਲ ਤੇ ਪ੍ਰੋ. ਸਰਵਣ ਸਿੰਘ ਨੇ ਕੀਤੀ। 1974 ਵਿਚ ਪੰਜਾਬ ਦੀ ਕਬੱਡੀ ਟੀਮ ਸਾਡੇ ਸੱਦੇ 'ਤੇ ਇੰਗਲੈਂਡ ਖੇਡਣ ਗਈ। ਉਦੋਂ ਤੋਂ ਪੰਜਾਬ ਦੀ ਪੇਂਡੂ ਖੇਡ ਕਬੱਡੀ ਦੇ ਖਿਡਾਰੀ ਹਵਾਈ ਜਹਾਜ਼ਾਂ ਦੇ ਝੂਟੇ ਲੈਂਦੇ ਆ ਰਹੇ ਹਨ ਅਤੇ ਹੁਣ ਤਕ ਸੈਂਕੜੇ ਪਰਿਵਾਰ ਕਬੱਡੀ ਦੇ ਸਿਰ 'ਤੇ ਪੱਛਮੀ ਮੁਲਕਾਂ ਦੇ ਪੱਕੇ ਵਸਨੀਕ ਬਣ ਚੁਕੇ ਹਨ।

ਅਜਿਹਾ ਕਰਨ ਵਿਚ ਸੋਹਣ ਚੀਮੇ ਵਰਗੇ ਅਨੇਕਾਂ ਕਬੱਡੀ ਪ੍ਰੋਮੋਟਰਾਂ ਦਾ ਯੋਗਦਾਨ ਹੈ।

## ਸੇਂਟ ਗੁਰਗੁਰੀ ਪਬਲਿਕ ਸਕੂਲ

ਕਾਫੀ ਸਮਾਂ ਪਹਿਲਾਂ ਮੇਰੇ ਇਕ ਵਾਕਫ ਨੇ ਬਿਹਾਰ 'ਚ ਚਲਦੇ ਇਕ ਅੰਗਰੇਜ਼ੀ ਪਬਲਿਕ ਸਕੂਲ ਬਾਰੇ ਦੱਸਿਆ ਸੀ, ਜਿਸ ਦਾ ਨਾਂ ਸੀ, 'ਸੇਂਟ ਗੁਰ ਗੁਰੀ ਪਬਲਿਕ ਸਕੂਲ।' ਉਸ ਦਾ ਨਾਂ ਕੁਝ ਅਜੀਬ ਲੱਗਿਆ ਤਾਂ ਉਸ ਨੇ ਇਸ ਬਾਰੇ ਜੋ ਜਾਣਕਾਰੀ ਹਾਸਲ ਕੀਤੀ, ਬੜੀ ਦਿਲਚਸਪ ਨਿਕਲੀ। ਇਕ ਸੱਜਣ ਨੇ ਇਲਾਕੇ 'ਚ ਅੰਗਰੇਜ਼ੀ ਸਕੂਲਾਂ ਨੂੰ ਚੰਗੀ ਕਮਾਈ ਕਰਦੇ ਦੇਖ ਇਕ ਇੰਗਲਿਸ਼ ਸਕੂਲ ਖੋਲ੍ਹਣ ਬਾਰੇ ਫੈਸਲਾ ਕੀਤਾ। ਬਿਲਡਿੰਗ ਤੇ ਫਰਨੀਚਰ ਦਾ ਪ੍ਰਬੰਧ ਹੋਣ ਉਪਰੰਤ ਸਸਤੀਆਂ ਤੇ ਸਮਾਰਟ ਟੀਚਰਾਂ ਰੱਖੀਆਂ ਗਈਆਂ।

ਹੁਣ ਸਕੂਲ ਦਾ ਨਾਂ ਰੱਖਣ ਬਾਰੇ ਸੋਚਿਆ ਗਿਆ। ਸੇਂਟ ਸਟੀਫਨ, ਸੇਂਟ ਫਰਾਂਸਿਸ, ਸੇਂਟ ਲੁਈਸ ਵਰਗੇ ਹੋਰ ਕਈ ਨਾਂ ਉਸ ਦੇ ਮਿੱਤਰਾਂ ਤਜਵੀਜ਼ ਕੀਤੇ, ਪਰ ਇਸ ਨਾਂ ਦਾ ਹੋਰ ਕੋਈ ਸਕੂਲ ਵੀ ਹੋ ਸਕਦਾ ਹੈ, ਤੇ ਕੋਈ ਕਾਨੂੰਨੀ ਪੰਗਾ ਪੈਣ ਦੇ ਡਰੋਂ ਕਿਸੇ ਅਣਵਰਤੇ ਸੰਤ ਦੇ ਨਾਂ ਦੀ ਖੋਜ ਸ਼ੁਰੂ ਹੋਈ। ਕਿਉਂਕਿ ਮਿੱਤਰ ਮੰਡਲੀ ਨੂੰ ਬਹੁਤੇ ਅੰਗਰੇਜ਼ੀ ਸੰਤਾਂ ਬਾਰੇ ਜਾਣਕਾਰੀ ਨਹੀਂ ਸੀ, ਕਿਸੇ ਦੇਸੀ ਸੰਤ ਨੂੰ ਵਰਤਣ ਦੀ ਸਲਾਹ ਬਣੀ। ਸਾਡੇ ਮੁਲਕ ਵਿਚ ਕੋਈ ਵਿਗਿਆਨਕ ਭਾਵੇਂ ਦੀਵਾ ਲੈ ਕੇ ਲੱਭੇ ਵੀ ਨਾ ਮਿਲੇ, ਪਰ ਦੇਸੀ ਸੰਤਾਂ ਦਾ ਕੋਈ ਘਾਟਾ ਨਹੀਂ ਸੀ, ਇੱਟ ਚੁੱਕਿਆਂ ਚਾਰ ਸੰਤ ਨਿਕਲਦੇ ਹਨ।

ਮੁਸ਼ਕਿਲ ਇਹ ਵੀ ਸੀ ਕਿ ਜੀਵਤ ਸੰਤ ਸਕੂਲ ਦੀ ਕਮਾਈ ਵਿਚੋਂ ਆਪਣੇ ਨਾਂ ਦੀ ਰਾਇਲਟੀ ਮੰਗ ਕੋਈ ਪੰਗਾ ਨਾ ਪਾ ਦੇਵੇ। ਫਿਰ ਸਵਰਗਵਾਸੀ ਸੰਤ ਦੇ ਨਾਂ 'ਤੇ ਰੱਖਣ ਦਾ ਫੈਸਲਾ ਕੀਤਾ ਗਿਆ। ਕਈ ਨਾਂ ਸੁਝਾਏ ਗਏ, ਮਸਲਨ ਲੰਗੋਟੀ ਬਾਬਾ ਜਿਨ੍ਹਾਂ ਇਕ ਲੰਗੋਟੀ ਤੋਂ ਸਿਵਾ ਹੋਰ ਕਾਸੇ ਦਾ ਲਾਲਚ ਨਹੀਂ ਕੀਤਾ, ਪਿੰਡੋਂ ਬਾਹਰ ਸਮਾਧ ਲਾਈ ਰੱਖਦੇ ਤੇ ਭਗਤਾਂ ਨੂੰ ਸੁਲਫੇ ਦਾ ਸੂਟਾ ਲੁਆ ਨਿਹਾਲ ਕਰਦੇ।

ਇਕ ਹੋਰ ਸੰਤ ਬਾਬਾ ਜੀ ਨੇ ਤਾਂ ਲੰਗੋਟ ਦਾ ਵੀ ਲਾਲਚ ਨਹੀਂ ਕੀਤਾ ਤੇ ਇਹ ਅਮੂਮਨ ਨੰਗੇ ਹੀ ਰਹਿੰਦੇ ਸਨ, ਇਸ ਲਈ ਨਾਗਾ ਸੰਤ ਵਜੋਂ ਮਸ਼ਹੂਰ ਹੋਏ, ਪਰ ਇਹ ਨਾਂ ਕਿਉਂਕਿ ਮਹਿਲਾਵਾਂ ਵਾਸਤੇ ਇਤਰਾਜ਼ਯੋਗ ਹੋ ਸਕਦੇ ਸੀ, ਇਸ ਲਈ ਰੱਦ ਕਰ ਦਿੱਤੇ ਗਏ। ਇਕ ਹੋਰ ਮਿੱਤਰ ਨੇ ਸੰਤ ਗੁੜਗੁੜੀ ਬਾਬਾ ਦਾ ਨਾਂ ਪੇਸ਼ ਕੀਤਾ। ਇਹ ਬਾਬਾ ਜੀ ਚੌਵੀ ਘੰਟੇ ਚਿਲਮ (ਹੁੱਕਾ, ਪੇਂਡੂ ਭਾਸ਼ਾ 'ਚ ਗੁੜਗੁੜੀ) ਦਾ ਸੇਵਨ ਕਰਦੇ ਰਹਿੰਦੇ, ਇਸ ਲਈ ਗੁੜਗੁੜੀ ਬਾਬਾ ਕਰਕੇ ਮਸ਼ਹੂਰ ਹੋਏ।

ਵਿਚਾਰੇ ਪੇਂਡੂ ਲੋਕਾਂ ਕੋਲ ਹੋਰ ਬਹੁਤ ਕੁਝ ਭਾਵੇਂ ਨਾ ਹੋਵੇ ਸ਼ਰਧਾ ਬੇਅੰਤ ਹੁੰਦੀ ਹੈ, ਸੋ ਇਹ ਬਾਬਾ ਜੀ ਅਣਗਿਣਤ ਸ਼ਰਧਾਲੂਆਂ ਦੇ ਚਹੇਤੇ ਬਣੇ।

ਅਖੀਰ ਸੰਤ ਬਾਬਾ ਗੁੜਗੁੜੀ ਦਾਸ ਬਾਰੇ ਸਹਿਮਤੀ ਬਣ ਗਈ, ਤੇ ਸੰਤ ਗੁੜਗੁੜੀ ਪਬਲਿਕ ਸਕੂਲ ਦਾ ਵਲਾਇਤੀ 'ਟੱਚ ਅੱਪ' ਕਰਕੇ ਇਹ 'ਸੇਂਟ ਗੁਰਗੁਰੀ ਪਬਲਿਕ ਸਕੂਲ' ਕਾਮਯਾਬੀ ਨਾਲ ਚੱਲਿਆ ਤੇ ਚੰਗੀ ਕਮਾਈ ਦਾ ਸਾਧਨ ਬਣਿਆ। ਗਰੀਬ ਮਾਪੇ ਵੀ ਔਖੇ-ਸੌਖੇ ਹੋ ਕੇ ਆਪਣੇ ਬੱਚੇ ਇਸ ਸਕੂਲ 'ਚ ਦਾਖਲ ਕਰਾਉਂਦੇ, ਟਾਈ ਵਾਲੀ ਡਰੈਸ ਪਵਾ ਸਕੂਲ ਤੋਰਦਿਆਂ ਨੂੰ 'ਟਾਟਾ, ਬਾਏ ਬਾਏ' ਕਹਿ ਫੁੱਲੇ ਨਾ ਸਮਾਉਂਦੇ।

*-ਹਰਜੀਤ ਦਿਓਲ, ਬਰੈਂਪਟਨ*

# ਬੈਚ ਫੁੱਲ ਰੌਕ ਵਾਟਰ: ਨੈਤਿਕ ਕੱਟੜਤਾ

ਰੌਕ ਵਾਟਰ (Rock Water) ਇਕ ਵਿਲੱਖਣ ਤਰ੍ਹਾਂ ਦੀ 'ਫੁੱਲ' ਦਵਾਈ ਹੈ; ਨਾਂ ਵਲੋਂ ਵੀ, ਸੋਮੇ ਵਲੋਂ ਵੀ ਤੇ ਕੰਮ ਵਲੋਂ ਵੀ। ਇਸ ਦਾ ਸੋਮਾ ਬੈਚ ਫੁੱਲ ਦਵਾਈਆਂ ਦਾ ਅਪਵਾਦ ਹੈ। ਇਹ ਇਕੋ ਇਕ ਅਜਿਹੀ ਦਵਾਈ ਹੈ, ਜੋ ਫੁੱਲਾਂ ਤੋਂ ਨਹੀਂ ਸਗੋਂ ਪਾਣੀ ਤੋਂ ਬਣੀ ਹੈ; ਪਰ ਤਾਂ ਵੀ ਡਾ. ਬੈਚ ਦੀ ਖੋਜ ਨਾਲ ਸਬੰਧਿਤ ਹੋਣ ਕਰਕੇ ਇਸ ਨੂੰ ਫੁੱਲ ਦਵਾਈ ਹੀ ਕਿਹਾ ਜਾਂਦਾ ਹੈ। ਇਸ ਦਾ ਅੰਗਰੇਜ਼ੀ ਨਾਂ ਐਕੁਆ ਪਿਟਰਾ (Aqua Petra) ਹੈ, ਪਰ ਇਹ 'ਐਕੁਆ ਪਿਟਰਾ' ਕਿਸ ਸੋਮੇ ਦਾ ਪਾਣੀ ਹੈ? ਅੰਗਰੇਜ਼ੀ ਦਾ ਪਿਟਰ ਸ਼ਬਦ ਪਿਟਰੀਫਾਈਡ (Petrified) ਨਾਲ ਮਿਲਦਾ ਜੁਲਦਾ ਹੈ, ਇਸ ਲਈ ਇਸ ਦੇ ਅੰਗਰੇਜ਼ੀ ਨਾਂ ਨੂੰ ਲੈ ਕੇ ਕਈ ਲੋਕ ਇਸ ਨੂੰ ਸੜੇ ਬੇਹੇ ਪਾਣੀ ਤੋਂ ਪ੍ਰਾਪਤ ਕੀਤੀ ਗਈ ਦੱਸਦੇ ਹਨ। ਇਕ ਲੇਖਕ ਨੇ ਤਾਂ ਪੂਰੇ ਵੇਰਵੇ ਨਾਲ ਦੱਸਿਆ ਹੈ ਕਿ ਅਣਜਾਣ ਵਾਦੀਆਂ ਤੇ ਪਹਾੜਾਂ ਵਿਚ ਸਭਿਅਤਾ ਦੇ ਆਗਾਜ਼

**ਡਾ. ਗੋਬਿੰਦਰ ਸਿੰਘ ਸਮਰਾਓ**
**ਫੋਨ: 408-634-2310**

ਤੋਂ ਪਹਿਲਾਂ ਦੇ ਖੂਹ ਜੋ ਅੱਜ ਤੀਕ ਉਸੇ ਤਰ੍ਹਾਂ ਬੇਕਾਰ ਪਏ ਹਨ, ਧੁੱਪ, ਹਵਾ ਤੇ ਮਿੱਟੀ ਵਿਚ ਗਲ਼ਦੇ ਪਾਣੀ ਨਾਲ ਭਰੇ ਪਏ ਹਨ। ਸਦੀਆਂ ਤੋਂ ਜੀਵਾਂ ਤੇ ਬਨਸਪਤੀ ਦੇ ਪੱਤਿਆਂ ਨਾਲ ਸੜਦਾ ਇਹ ਪਾਣੀ ਦਵਾਈ ਦੀਆਂ ਸ਼ਕਤੀਆਂ ਪ੍ਰਾਪਤ ਕਰ ਜਾਂਦਾ ਹੈ। ਇਸ ਪਾਣੀ ਨੂੰ ਸਾਫ ਕਰਕੇ ਹੀ ਡਾ. ਬੈਚ ਨੇ ਇਹ ਦਵਾਈ ਬਣਾਈ ਹੈ; ਪਰ ਇਹ ਵਿਚਾਰ ਗਲਤ ਹੈ। ਅਸਲ ਵਿਚ ਪੀਟਰਾ (Petra) ਯੂਨਾਨੀ ਮੂਲ ਦਾ ਸ਼ਬਦ ਹੈ, ਜਿਸ ਦੇ ਅਰਥ ਪੱਥਰ ਜਾਂ ਚੱਟਾਨ ਹਨ। ਇੰਗਲੈਂਡ ਦੇ ਇਕ ਪਹਾੜ ਵਿਚ ਪੁਰਾਤਨ ਚੱਟਾਨਾਂ ਵਿਚੋਂ ਘਸ ਕੇ ਵਹਿਣ ਵਾਲੇ ਪਾਣੀ ਵਿਚ ਖਣਿਜੀ (Mineral) ਗੁਣ ਪੈਦਾ ਹੋ ਜਾਂਦੇ ਹਨ। ਡਾ. ਬੈਚ ਨੇ ਇਨ੍ਹਾਂ ਗੁਣਾਂ ਨੂੰ ਪਰਖ ਕੇ ਇਸ ਪਾਣੀ ਨੂੰ ਦਵਾਈ ਦੇ ਤੌਰ 'ਤੇ ਵਰਤਿਆ ਹੈ। ਇਸੇ ਕਰਕੇ ਇਸ ਨੂੰ ਚੱਟਾਨੀ ਪਾਣੀ ਜਾਂ ਰੌਕ ਵਾਟਰ ਕਹਿੰਦੇ ਹਨ।

ਕੰਮ ਪੱਖੋਂ ਇਹ ਇਸ ਲਈ ਵਿਚਿਤਰ ਹੈ ਕਿ ਇਸ ਜਿਹੀ ਦਵਾਈ ਕਿਸੇ ਹੋਰ ਪ੍ਰਣਾਲੀ ਵਿਚ ਨਹੀਂ ਹੈ। ਵੈਸੇ ਤਾਂ ਸਾਰੀਆਂ ਬੈਚ ਫੁੱਲ ਦਵਾਈਆਂ ਹੀ ਅਲੌਕਿਕ ਹਨ, ਕਿਉਂਕਿ ਉਹ ਮਨੁੱਖ ਨੂੰ ਕਿਸੇ ਨਾ ਕਿਸੇ ਲਾਇਲਾਜ ਸਮਝੇ ਜਾਂਦੇ ਰਿਣਾਤਮਿਕ ਝੁਕਾਓ ਤੋਂ ਮੁਕਤ ਕਰਦੀਆਂ ਹਨ, ਪਰ ਰੌਕ ਵਾਟਰ ਦਾ ਦਾਇਰਾ ਜਰਾ ਵੱਖਰਾ ਹੈ। ਇਹ ਹਿੰਦੁਸਤਾਨ ਦੀ ਜਨਤਾ ਦੇ ਬੜੇ ਵੱਡੇ ਤਬਕੇ 'ਤੇ ਲਾਗੂ ਹੁੰਦਾ ਹੈ, ਜਿਸ ਨੂੰ ਪਰੰਪਰਾਗਤ ਆਦਰਸ਼ਵਾਦ ਨੇ ਜਕੜਿਆ ਹੋਇਆ ਹੈ। ਉੱਥੇ ਹਰ ਵਿਅਕਤੀ ਦਾ ਆਪਣਾ ਪ੍ਰੇਰਣਾ ਸ੍ਰੋਤ ਹੈ, ਆਪਣੀ ਨਿਜੀ ਫਿਲਾਸਫੀ ਹੈ ਤੇ ਆਪਣਾ ਜੀਵਨ-ਜ਼ਾਬਤਾ ਹੈ। ਹਰੇਕ ਆਦਮੀ ਆਪਣੀ ਅਕਲ ਨੂੰ ਜ਼ਿਆਦਾ ਟਿਕਾਊ ਤੇ ਵਧੇਰੇ ਭਰੋਸੇਮੰਦ ਸਮਝਦਾ ਹੈ ਤੇ ਕੱਟੜਤਾ ਨਾਲ ਇਸ ਦਾ ਪ੍ਰਚਾਰ ਵੀ ਕਰਦਾ ਹੈ। ਹਰ ਇਕ ਦਾ ਆਦਰਸ਼ਵਾਦ ਦੂਜਿਆਂ 'ਤੇ ਛਾ ਜਾਣਾ ਚਾਹੁੰਦਾ ਹੈ, ਇਸ ਲਈ ਇਹ ਕਲੀਮੈਟਿਸ ਦੇ ਆਦਰਸ਼ਵਾਦ ਤੋਂ ਵੀ ਵਧੇਰੇ ਸਖਤ ਹੁੰਦਾ ਹੈ। ਇਸੇ ਵਿਕਾਰ ਕਾਰਨ ਉਸ ਸਮਾਜ ਦੀਆਂ ਸ਼ਾਤਰ ਤਾਕਤਾਂ ਅੱਜ ਤਾਨਾਸ਼ਾਹੀ ਸਥਾਪਤ ਕਰਨ ਵਲ ਵਧੀਆਂ ਹੋਈਆਂ ਹਨ। ਜਦੋਂ ਉਹ ਸ਼ਕਤੀ ਪ੍ਰਦਰਸ਼ਨ ਦੇ ਨਾਲ ਨਾਲ ਜਨਤਾ ਤੇ ਨੈਤਿਕ ਪਰਹਾਰ ਵੀ ਕਰਦੀਆਂ ਹਨ ਤਾਂ ਜਨਤਾ ਉਨ੍ਹਾਂ ਅੱਗੇ ਵਿਛ ਜਾਂਦੀ ਹੈ। ਦਵਾਈ ਬੂਟੀ ਦੇ ਪੱਧਰ 'ਤੇ ਅਜਿਹੇ ਸਮਾਜਾਂ ਵਿਚ ਲੋਕ-ਹੱਕਾਂ ਦੇ ਬਚਾਓ ਲਈ ਰੌਕ ਵਾਟਰ ਤੋਂ ਵੱਡੀ ਹੋਰ ਕੋਈ ਚਾਰਾਜੋਈ ਨਹੀਂ ਹੋ ਸਕਦੀ।

ਸੁਣਿਆ ਹੈ ਕਿ ਫੌਜ ਤੋਂ ਸਖਤ ਕੋਈ ਅਨੁਸ਼ਾਸਨ ਨਹੀਂ ਹੁੰਦਾ। ਫੌਜੀ ਲੋਕ ਆਪਣੀ ਨੌਕਰੀ ਪੁਗਾ ਕੇ ਘਰ ਵਿਚ ਔਰਤਾਂ ਤੇ ਬੱਚਿਆਂ 'ਤੇ ਵੀ ਉਵੇਂ ਦਾ ਸਖਤ ਹੁਕਮ ਚਲਾਉਂਦੇ ਹਨ। ਮੰਨ ਲਓ ਉਹ ਇਸ ਦੇ ਨਾਲ ਨਾਲ ਕੋਈ ਧਾਰਮਿਕ ਜਾਂ ਨੈਤਿਕ ਲੀਡਰ ਵੀ ਹੋਣ ਤੇ ਇਹੋ ਜਿਹਾ ਹੀ ਡਿਸਿਪਲਿਨ ਉਹ ਨੈਤਿਕ ਮਸਲਿਆਂ ਵਿਚ ਸਥਾਪਤ ਕਰਨ ਦੀ ਕੋਸ਼ਿਸ਼ ਕਰਨ ਅਰਥਾਤ ਆਪਣੇ ਅਸੂਲ, ਰਹਿਤਨਾਮੇ ਤੇ ਨੈਤਿਕ ਸੇਧਾਂ ਰਾਹੀਂ ਦੂਜਿਆਂ ਨੂੰ ਆਪਣੇ ਅਧੀਨ ਕਰਨ ਦੀ ਕੋਸ਼ਿਸ਼ ਕਰਨ ਤਾਂ ਉਹ ਰੌਕ ਵਾਟਰ ਦੀਆਂ ਅਲਾਮਤਾਂ ਦਰਸਾ ਰਹੇ ਹੋਣਗੇ। ਜੇ ਕੋਈ ਉਨ੍ਹਾਂ ਦਾ ਵਿਰੋਧ ਕਰੇ ਤੇ ਉਹ ਨੈਤਿਕ ਆਧਾਰ ਵਰਤਦੇ ਹੋਏ ਉਨ੍ਹਾਂ ਨੂੰ ਸਮਝਾਉਣ ਲਈ ਕੁਰਬਾਨੀ ਦੇਣ ਜਾਂ ਮਰਨ ਵਰਤ ਰੱਖਣ ਤੀਕ ਜਾਣ ਫਿਰ ਤਾਂ ਉਹ ਇਸ ਫੁੱਲ ਦਵਾਈ ਦੇ ਪੱਕੇ ਮਰੀਜ਼ ਹੋਏ। ਦਰਅਸਲ ਉਹ ਇਹ ਦੱਸਣ ਦੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਦਾ ਸਖਤ ਅਨੁਸ਼ਾਸਨ ਸਭ ਦੇ ਭਲੇ ਲਈ ਹੈ ਤੇ ਇਸ ਦੀ ਸਰਬਉੱਚਤਾ ਕਾਇਮ ਰੱਖਣ ਲਈ ਉਨ੍ਹਾਂ ਦੀ ਆਪਣੀ ਕੁਰਬਾਨੀ ਸਮੇਤ ਕੋਈ ਬਲੀਦਾਨ ਵੀ ਵੱਡਾ ਨਹੀਂ। ਭਾਰਤ ਦੇ ਹਠੀ, ਯੋਗੀ, ਤਪੱਸਵੀ, ਸਖਤ ਮਰਿਆਦਾ ਵਾਲੇ ਹੱਠ-ਧਰਮੀ, ਕੱਟੜਤਾ ਨੂੰ ਪ੍ਰਣਾਏ ਧਰਮ-ਠੇਕੇਦਾਰ, ਮਰਨ ਵਰਤਾਂ ਨੂੰ ਕਾਹਲੇ ਨੇਤਾਗਣ ਆਦਿ ਸਭ ਇਸੇ ਪਰਿਭਾਸ਼ਾ ਵਿਚ ਆਉਂਦੇ ਹਨ। ਖੇਤੀ ਕਾਨੂੰਨਾਂ ਨੂੰ ਅੱਛਾ ਸਮਝ ਕੇ ਅੜੀਅਲ ਰੁਖ ਅਪਨਾਉਣ ਵਾਲੇ ਸਰਕਾਰੀ ਕਾਰਕੁਨ, ਭਾਵੇਂ ਉਹ ਆਤਮ ਤਿਆਗ ਭਾਵਨਾ ਤੋਂ ਕੋਰੇ ਹੀ ਕਿਉਂ ਨਾ ਹੋਣ, ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ। ਦੂਜਿਆਂ ਨੂੰ ਸੁਤੰਤਰਤਾ ਦੀ ਰਾਹਤ ਦੇਣਾ ਤੇ ਆਪਣੀ ਤਰਜ਼ 'ਤੇ ਜ਼ਿੰਦਗੀ ਜਿਊਣ ਦੇਣਾ ਉਨ੍ਹਾਂ ਦੇ ਸੁਭਾਅ ਵਿਚ ਸ਼ਾਮਲ ਨਹੀਂ। ਉਨ੍ਹਾਂ ਦਾ ਮੁੱਖ ਉਦੇਸ਼ ਆਪਣੇ ਆਦਰਸ਼ ਘੜ੍ਹ ਕੇ ਦੂਜਿਆਂ 'ਤੇ ਥੋਪਣਾ ਹੁੰਦਾ ਹੈ, ਪਰ ਉਨ੍ਹਾਂ ਨੂੰ ਇਹ ਨਹੀਂ ਪਤਾ ਹੁੰਦਾ ਕਿ ਉਨ੍ਹਾਂ ਦਾ ਆਪਣਾ ਹੀ ਕਲਿਆਣ ਹੋਣ ਵਾਲਾ ਹੈ। ਉਨ੍ਹਾਂ ਦਾ ਸਹੀ ਇਲਾਜ ਚੱਟਾਨਾ 'ਚੋਂ ਨਿਕਲੇ ਪਾਣੀ ਤੋਂ ਬਣੀ ਬੈਚ ਦਵਾਈ ਰੌਕ ਵਾਟਰ ਹੈ।

ਰੌਕ ਵਾਟਰ ਦੇ ਸਨਾਖਤੀ ਸ਼ਬਦ ਹਨ-ਸਖਤ ਸਭਾਅ, ਕਠੋਰ ਵਿਚਾਰ, ਅਨਮੋੜ ਸ਼ੈਲੀ, ਅੰਦਰੂਨੀ ਲੋੜਾਂ ਦਾ ਤਿਆਗ ਤੇ ਕੁਰਬਾਨੀ ਦੀ ਭਾਵਨਾ। ਇਹ ਲੋਕ ਆਪਣਾ ਸੁੱਖ-ਦੁੱਖ ਭੁਲਾ ਕੇ ਆਪਣੇ ਆਦਰਸ਼ ਪੂਰੇ ਕਰਦੇ ਹਨ ਤੇ ਇਸ ਕੰਮ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਲਈ ਤਿਆਰ ਰਹਿੰਦੇ ਹਨ। ਡਾ. ਬੈਚ ਇਸ ਫੁੱਲ ਦਵਾਈ ਦੀ ਸ਼ਖਸੀਅਤ ਪੇਸ਼ ਕਰਦੇ ਲਿਖਦੇ ਹਨ, 'ਇਹ ਉਨ੍ਹਾਂ ਲਈ ਹੈ, ਜੋ ਕਠੋਰ ਰਹਿਣੀ-ਸਹਿਣੀ ਦੇ ਮਾਲਕ ਹੁੰਦੇ ਹਨ ਅਤੇ ਆਪਣੇ ਆਪ ਨੂੰ ਜੀਵਨ ਦੀਆਂ ਬਹੁਤ ਸਾਰੀਆਂ ਖੁਸ਼ੀਆਂ ਤੇ ਮਾਨਸਿਕ ਲੋੜਾਂ ਤੋਂ ਦੂਰ ਰੱਖਦੇ ਹਨ। ਉਹ ਸੋਚਦੇ ਹਨ ਕਿ ਇਹ ਲੋੜਾਂ ਵਾਸ਼ਨਾਵਾਂ ਹਨ, ਜੋ ਉਨ੍ਹਾਂ ਦੇ ਸਾਦੇ ਜੀਵਨ ਵਿਚ ਅੜਿਕਾ ਪੈਦਾ ਕਰਨਗੀਆਂ।'

ਡਾ. ਬੈਚ ਦੀ ਵਾਰਤਾ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਦਵਾਈ ਦੇ ਚਾਰ ਮੁੱਖ ਪਹਿਲੂ ਸਾਹਮਣੇ ਆਉਂਦੇ ਹਨ। ਪਹਿਲਾ ਇਹ ਕਿ ਇਸ ਦੇ ਮਰੀਜ਼ ਸਾਦਾ ਜੀਵਨ ਬਤੀਤ ਕਰਦੇ ਹਨ। ਉਹ ਐਸ਼ੋ-ਆਰਾਮ, ਫਜ਼ੂਲ ਖਰਚੀ ਤੇ ਦਿਖਾਵੇ ਤੋਂ ਪਰਹੇਜ਼ ਕਰਦੇ ਹਨ। ਉਨ੍ਹਾਂ ਦੀਆਂ ਲੋੜਾਂ ਬਹੁਤ ਸੀਮਤ ਤੇ ਸਾਦੀਆਂ ਹੁੰਦੀਆਂ ਹਨ। ਉਹ ਤਿਆਗ ਦੇ ਹਾਮੀ ਹੁੰਦੇ ਹਨ ਤੇ ਆਪਣੇ ਜੀਵਨ ਲਈ ਘੱਟ ਤੋਂ ਘੱਟ ਕੁਦਰਤੀ ਸੋਮੇ ਵਰਤਦੇ ਹਨ। ਜੇ ਕੋਈ ਝੋਂਪੜੀ ਵਿਚ ਰਹਿੰਦਾ ਹੋਵੇ, ਲੰਗੋਟੀ ਪਹਿਨਦਾ ਹੋਵੇ, ਘਾਹ ਫੂਸ ਦੇ ਵਿਛੌਣੇ ਤੇ ਸੌਂਦਾ ਹੋਵੇ, ਪੈਰਾਂ ਤੋ ਨੰਗਾ ਫਿਰਦਾ ਹੋਵੇ, ਫਲ-ਫੁੱਲ ਖਾ ਕੇ ਗੁਜ਼ਾਰਾ ਕਰਦਾ ਹੋਵੇ ਤੇ ਨਦੀ ਵਿਚੋਂ ਪਾਣੀ ਪੀ ਆਉਂਦਾ ਹੋਵੇ ਤਾਂ ਉਹ ਇਸ ਦਵਾਈ ਦਾ ਅਸਲ ਪ੍ਰਤਿਨਿਧਿਤਵ ਕਰਦਾ ਹੋਵੇਗਾ। ਦੂਜੇ, ਉਹ ਆਪਣੀ ਤਿਆਗਮਈ ਰਹਿਣੀ-ਸਹਿਣੀ ਨੂੰ ਆਦਰਸ਼ਕ ਮੰਨਦੇ ਹਨ। ਉਨ੍ਹਾਂ ਕੋਲ ਆਪਣਾ ਇਕ ਤਰਕ ਤੇ ਇਕ ਦਰਸ਼ਨ ਹੁੰਦਾ ਹੈ, ਜਿਸ ਰਾਹੀਂ ਉਹ ਆਪਣੇ ਵਿਚਾਰਾਂ ਨੂੰ ਪ੍ਰਣਾਏ ਰਹਿੰਦੇ ਹਨ। ਉਹ ਆਪਣੀ ਵਿਚਾਰਧਾਰਾ ਦੇ ਇਕ ਇਕ ਅਸੂਲ 'ਤੇ ਡਟ ਕੇ ਪਹਿਰਾ ਦਿੰਦੇ ਹਨ ਤੇ ਇਨ੍ਹਾਂ ਨੂੰ ਖੋਰਾ ਨਹੀਂ ਲੱਗਣ ਦਿੰਦੇ। ਅਜਿਹਾ ਉਪਰਾਲਾ ਕਰਦੇ ਉਹ ਬਿਲਕੁਲ ਖੁਸ਼ਕ ਬਣ ਜਾਂਦੇ ਹਨ ਤੇ ਅਕਸਰ ਲੋਕਾਂ ਤੋਂ ਟੁੱਟ ਜਾਂਦੇ ਹਨ। ਤੀਜੇ, ਉਹ ਆਪਣੀ ਜੀਵਨ ਸ਼ੈਲੀ ਪ੍ਰਤੀ ਇੰਨੇ ਦ੍ਰਿੜ-ਸਨਮਾਨੀ ਹੁੰਦੇ ਹਨ ਕਿ ਇਸ ਲਈ ਹਰ ਬਲਿਦਾਨ ਕਰ ਸਕਦੇ ਹਨ। ਉਹ ਤਿਆਗ ਤੇ ਬਲੀਦਾਨ ਕਰ ਕੇ ਕਿਸੇ 'ਤੇ ਅਹਿਸਾਨ ਨਹੀਂ ਜਤਾਉਂਦੇ ਤੇ ਨਾ ਹੀ ਇਨ੍ਹਾਂ ਭਾਵਨਾਵਾਂ ਦਾ ਕੋਈ ਹੋਰ ਮੁੱਲ ਪਾਉਂਦੇ ਹਨ। ਉਹ ਤਾਂ ਇਨ੍ਹਾਂ ਨੂੰ ਆਪਣੇ ਸਿਦਕ ਦਾ ਪ੍ਰਤੀਕ ਮੰਨਦੇ ਹਨ। ਇਸ ਗੁਣ ਕਾਰਨ ਉਹ ਹਰਮਨ ਪਿਆਰੇ ਵੀ ਬਣ ਜਾਂਦੇ ਹਨ। ਚੌਥੇ, ਉਹ ਆਪਣੇ ਵਿਚਾਰਾਂ ਨੂੰ ਸਿਰਫ ਆਪਣੇ ਲਈ ਹੀ ਆਦਰਸ਼ਕ ਨਹੀਂ ਮੰਨਦੇ, ਸਗੋਂ ਸਭ ਲਈ ਯੋਗ ਸਮਝਦੇ ਹਨ। ਇਸ ਲਈ ਉਹ ਇਨ੍ਹਾਂ ਦਾ ਪ੍ਰਚਾਰ ਤੇ ਪਰਸਾਰ ਕਰਨ ਲਈ ਟਿੱਲ ਦਾ ਜੋਰ ਲਾ ਦਿੰਦੇ ਹਨ। ਕਠਿਨ ਕੰਮ ਕਰਕੇ ਜਾਤੀ ਮਿਸਾਲਾਂ ਪੈਦਾ ਕਰਨਾ, ਪੁੰਨ ਦਾਨ ਕਰਨਾ, ਯੱਗ-ਭੰਡਾਰੇ ਕਰਨਾ, ਲੰਗਰ ਵਰਤਾਉਣਾ ਤੇ ਨਿਮਾਣੇ ਬਣ ਕੇ ਦੂਜਿਆਂ ਦੀ ਸੇਵਾ ਕਰਨਾ ਉਨ੍ਹਾਂ ਦੇ ਕੁਝ ਕੁ ਪ੍ਰਚਾਰ ਸਾਧਨ ਹਨ।




ਰੌਕ ਵਾਟਰ ਦੇ ਉਪਰੋਕਤ ਵੇਰਵੇ ਤੋਂ ਇਸ ਫੁੱਲ ਦਵਾਈ ਦੀ ਜੋ ਛਵੀ ਬਣਦੀ ਹੈ, ਉਹ ਪੁਰਾਤਨ ਰਿਸ਼ੀਆਂ ਮੁਨੀਆਂ ਤੇ ਮਹਾਤਮਾਵਾਂ ਨਾਲ ਮੇਲ ਖਾਂਦੀ ਹੈ। ਉਹ ਵੀ ਸਖਤ ਸੁਭਾਅ ਕਾਰਨ ਦੂਜਿਆਂ 'ਤੇ ਛਾਏ ਰਹਿੰਦੇ ਸਨ ਤੇ ਗੱਲ ਗੱਲ 'ਤੇ ਸਰਾਪ ਦੇ ਦਿੰਦੇ ਸਨ। ਜੋਤਿਸ਼ ਗਿਆਨੀ ਇਸ ਨੂੰ 'ਸਨੀ ਸੁਭਾਅ' ਕਹਿੰਦੇ ਹਨ, ਕਿਉਂਕਿ ਪੁਰਾਤਨ ਸਾਸ਼ਤਰਾਂ ਅਨੁਸਾਰ ਸਨਿਚਰ ਗ੍ਰਹਿ ਜਬਤ, ਕੰਟਰੋਲ, ਮਿਹਨਤ, ਇਨਸਾਫ ਤੇ ਦੰਡ ਦਾ ਪ੍ਰਤੀਕ ਹੈ। ਕਹਿਣ ਨੂੰ ਤਾਂ ਇਹ ਮਹਾਂਭਾਰਤ ਦੇ ਕਿਰਦਾਰ ਭੀਸਮ ਪਿਤਾਮਾ ਨਾਲ ਵੀ ਮਿਲਦਾ ਹੈ, ਜੋ ਹਮੇਸ਼ਾ ਪਰੰਪਰਾ, ਅਨੁਸ਼ਾਸਨ ਤੇ ਤਿਆਗ ਦੀ ਭਾਸ਼ਾ ਬੋਲਦਾ ਸੀ। ਅਜੋਕੇ ਯੁਗ ਵਿਚ ਮਹਾਤਮਾ ਗਾਂਧੀ, ਵਿਨੋਭਾ ਤੇ ਖਦਰਧਾਰੀ ਅੰਨਾ ਵੀ ਇਸ ਸੂਚੀ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ, ਕਿਉਂਕਿ ਇਨ੍ਹਾਂ ਦਾ ਕਿਰਦਾਰ ਵੀ ਕੁਝ ਕੁਝ ਇੱਦਾਂ ਦੇ ਹੀ ਹੈ। ਜੇ ਇਸ ਨੂੰ ਹੀ ਸੱਚ ਮੰਨ ਲਈਏ ਤਾਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਰੌਕ ਵਾਟਰ ਇਕ 'ਵੀ. ਆਈ. ਪੀ.' ਦਵਾਈ ਹੈ, ਜੋ ਕੁਝ ਕੁ ਨੇਤਾਗਣਾਂ ਲਈ ਹੀ ਬਣੀ ਹੈ? ਅਰਥਾਤ ਕੀ ਆਮ ਆਦਮੀ ਆਪਣੀ ਕਿਸੇ ਤਕਲੀਫ ਲਈ ਰੌਕ ਵਾਟਰ ਤੋਂ ਕੋਈ ਲਾਭ ਨਹੀਂ ਉਠਾ ਸਕਦਾ? ਇਹ ਧਾਰਨਾ ਸਰਾਸਰ ਗਲਤ ਹੈ।

ਇਸ ਦਾ ਕਾਰਨ ਇਹ ਹੈ ਕਿ ਸੰਪੂਰਨ ਰੌਕ ਵਾਟਰ ਸੁਭਾਅ ਦੇ ਕਈ ਭਾਗ ਜਾਂ ਤੱਤ ਹਨ, ਜੋ ਘੱਟ ਜਾਂ ਵੱਧ ਮਾਤਰਾ ਵਿਚ ਇਸ ਦੇ ਹਰ ਮਰੀਜ਼ ਦੇ ਸੁਭਾਅ ਵਿਚ ਪਾਏ ਜਾਂਦੇ ਹਨ। ਇਨ੍ਹਾਂ ਵਿਚੋਂ ਸਾਦੀ ਰਹਿਣੀ-ਬਹਿਣੀ, ਕੱਟੜ ਵਿਚਾਰਧਾਰਾ, ਬੇਲਚਕ ਵਿਚਾਰ, ਕੜੀ ਨਿਯਮ-ਪਾਲਣਾ, ਕਠੋਰ ਅਨੁਸ਼ਾਸਨ, ਵਫਾਦਾਰੀ ਦੀ ਭਾਵਨਾ, ਆਤਮ ਤਿਆਗ ਜਾਂ ਕੁਰਬਾਨੀ ਦਾ ਜਜ਼ਬਾ ਆਦਿ ਇਸ ਦੇ ਮੁੱਖ ਭਾਗ ਹਨ। ਰੌਕ ਵਾਟਰ ਦੇ ਕਿਰਦਾਰ ਭਾਵ ਇਸ ਫੁੱਲ ਦਵਾਈ ਦੇ ਮਰੀਜ਼ ਵਿਚ ਜਰੂਰੀ ਨਹੀਂ ਕਿ ਸਾਰੇ ਤੱਤ ਮਿਲਦੇ ਹੋਣ। ਉਸ ਵਿਚ ਕੋਈ ਤੱਤ ਵੱਧ, ਕੋਈ ਘੱਟ ਤੇ ਕੋਈ ਗੈਰਹਾਜ਼ਰ ਵੀ ਹੋ ਸਕਦਾ ਹੈ। ਇਸ ਲਈ ਸਾਰੇ ਤੱਤਾਂ ਦੇ ਸਾਵੇ ਹੋਣ 'ਤੇ ਜੋਰ ਦੇਣਾ ਠੀਕ ਨਹੀਂ। ਜੇ ਇਨ੍ਹਾਂ 'ਚੋਂ ਕੋਈ ਇਕ ਤੱਤ ਵੀ ਉੱਭਰਿਆ ਹੋਇਆ ਮਿਲਦਾ ਹੈ ਤਾਂ ਇਹ ਦਵਾਈ ਦਿੱਤੀ ਜਾ ਸਕਦੀ ਹੈ। ਇਸ ਦੀ ਇਕ ਖੁਰਾਕ ਹੀ ਉਸ ਨੂੰ ਦਰਸਾ ਦੇਵੇਗੀ ਕਿ ਉਹ ਕਿਸ ਪਾਸਿਓਂ ਗਲਤ ਸੀ। ਇੱਥੇ ਇਹ ਜਾਣ ਲੈਣਾ ਜਰੂਰੀ ਹੈ ਕਿ ਹੋਮਿਓਪੈਥੀ ਹੋਵੇ ਭਾਵੇਂ ਬੈਚ ਪ੍ਰਣਾਲੀ, ਕਿਸੇ ਵੀ ਦਵਾਈ ਦਾ ਸਾਰੇ ਦਾ ਸਾਰਾ ਮੈਟੀਰੀਆ ਮੈਡੀਕਾ ਕਿਸੇ ਮਰੀਜ਼ 'ਤੇ ਨਹੀਂ ਠੋਸਣਾ ਹੁੰਦਾ। ਬਸ ਮਰੀਜ਼ ਦੀ ਹਾਲਤ ਦਾ ਖੁਲਾਸਾ (ਆਤਮਾ) ਦਵਾਈ ਦੇ ਪ੍ਰਭਾਵ (ਆਤਮਾ) ਨਾਲ ਮਿਲਦਾ ਹੋਣਾ ਚਾਹੀਦੀ ਹੈ। ਇਸ ਨੂੰ ਹੋਮਿਓਪੈਥੀਸਿਟੀ (Homeopathicity) ਦਾ ਸਬੰਧ ਕਹਿੰਦੇ ਹਨ। ਸਾਦੇ ਸ਼ਬਦਾਂ ਵਿਚ ਜਦੋਂ ਮਰੀਜ਼ ਅਤੇ ਮੈਟੀਰੀਆ ਮੈਡੀਕਾ ਦੇ ਭਰਵੇਂ ਅਧਿਐਨ ਤੋਂ ਇਹ ਜਾਪੇ ਕਿ ਇਹੀ ਉਸ ਦੀ ਦਵਾਈ ਹੈ ਤੇ ਇਸ ਤੋਂ ਬਿਨਾ ਦੂਜੀ ਕੋਈ ਹੋਰ ਨਹੀਂ ਹੈ ਤਾਂ ਹੋਮਿਓਪੈਥੀਸਿਟੀ ਦਾ ਸਬੰਧ ਕਾਇਮ ਹੋਇਆ ਮੰਨਿਆ ਜਾਂਦਾ ਹੈ। ਜਿਸ ਦਵਾਈ ਨਾਲ ਮਰੀਜ਼ ਦਾ ਇਹ ਸਬੰਧ ਬਣਦਾ ਹੋਵੇ, ਉਸ ਨੂੰ ਉਹੀ ਦਿੱਤੀ ਜਾਂਦੀ ਹੈ ਤੇ ਉਹੀ ਦੇ ਦੇਣੀ ਚਾਹੀਦੀ ਹੈ। ਇੱਥੇ ਇਹ ਪ੍ਰਣਾਲੀਆਂ ਐਲੋਪੈਥੀ ਨਾਲੋਂ ਵੱਖ ਹਨ, ਜਿਸ ਵਿਚ ਮਰੀਜ਼ ਆਪਣੀ ਬਿਮਾਰੀ ਸਮੇਤ ਅਲੋਪ ਹੁੰਦਾ ਹੈ ਤੇ ਦਵਾਈ ਦਾ ਸਬੰਧ ਬਹੁਤਾ ਉਸ ਦੇ ਸਰੀਰ ਵਿਚਲੇ ਜਰਮਾਂ, ਕਿਰਮਾਂ ਤੇ ਪ੍ਰੀਕ੍ਰਿਆਵਾਂ ਦੇ ਮਾਪ ਸੂਚਕਾਂ ਨਾਲ ਹੁੰਦਾ ਹੈ।

ਇਸ ਤਰ੍ਹਾਂ ਦੂਜੀਆਂ ਦਵਾਈਆਂ ਵਾਂਗ ਰੌਕ ਵਾਟਰ ਵੀ ਵੱਡੇ ਪੈਮਾਨੇ 'ਤੇ ਇਸਤੇਮਾਲ ਹੋਣ ਵਾਲੀ ਦਵਾਈ ਹੈ। ਜੇ ਕੋਈ ਵਿਅਕਤੀ ਆਪਣੇ ਆਦਰਸ਼ ਪ੍ਰਤੀ ਇੰਨਾ ਸੰਵੇਦਨਸ਼ੀਲ ਹੋਵੇ ਕਿ ਉਹ ਇਨਸਾਨੀਅਤ ਤੋਂ ਬੇਮੁਖ ਹੋ ਜਾਵੇ ਭਾਵ ਲੋਕਾਂ ਦੀ ਪ੍ਰਵਾਹ ਨਾ ਕਰੇ, ਉਹ ਇਸ ਦਵਾਈ ਦਾ ਮਰੀਜ਼ ਹੈ। ਇਹ ਜਰੂਰੀ ਨਹੀਂ ਕਿ ਉਹ ਕਿਸੇ ਦੇਸ਼ ਦਾ ਪ੍ਰਧਾਨ ਮੰਤਰੀ ਜਾਂ ਕਿਸੇ ਪ੍ਰਦੇਸ਼ ਦਾ ਮੁੱਖ ਮੰਤਰੀ ਹੀ ਹੋਵੇ, ਸਗੋਂ ਆਮ ਚਲਦਾ ਕੋਈ ਸਾਧਾਰਨ ਵਿਅਕਤੀ ਵੀ ਹੋ ਸਕਦਾ ਹੈ। ਮੇਰੀ ਪ੍ਰੈਕਟਿਸ ਵਿਚ ਇਕ ਵਿਲੱਖਣ ਕੇਸ ਆਇਆ, ਜਿਸ ਵਿਚ ਇਕ ਲੜਕਾ ਆਪਣੇ ਪਿਤਾ ਨੂੰ ਇਲਾਜ ਕਰਵਾਉਣ ਲਈ ਲਿਆਇਆ। ਉਸ ਨੇ ਕਿਹਾ ਕਿ ਉਸ ਦਾ ਪਿਓ ਬੜਾ ਝਗੜਾਲੂ ਹੈ ਤੇ ਜਣੇ-ਖਣੇ ਨਾਲ ਪੰਗਾ ਲੈਂਦਾ ਹੈ। ਉਸ ਨੇ ਕਿਹਾ ਕਿ ਕਈ ਵਾਰ ਤਾਂ ਮਸਲਾ ਗੰਭੀਰ ਹੋ ਜਾਂਦਾ ਹੈ ਤੇ ਉਨ੍ਹਾਂ ਨੂੰ ਨਮੋਸ਼ੀ ਉਠਾਉਣੀ ਪੈਂਦੀ ਹੈ। 'ਐਲੋਪੈਥੀ ਡਾਕਟਰਾਂ ਨੇ ਇਸ ਨੂੰ ਗੁੱਸੇ ਦੀਆਂ ਦਵਾਈਆਂ ਦਿੱਤੀਆਂ ਹਨ, ਪਰ ਗੁੱਸਾ ਤਾਂ ਇਸ ਨੂੰ ਆਉਂਦਾ ਨਹੀਂ। ਇਹ ਤਾਂ ਗਲਤ ਚਲਦੇ ਲੋਕਾਂ ਨੂੰ ਸਮਝਾਉਣ ਲਈ ਉਲਝਦਾ ਹੈ ਤੇ ਅਗਲੇ ਇਸ ਨੂੰ ਘੇਰ ਲੈਂਦੇ ਹਨ।' ਮੇਰਾ ਮੱਥਾ ਠਣਕਿਆ ਕਿ ਉਹ ਕੋਈ ਅਸੂਲ-ਪਸੰਦ ਪਰਉਪਕਾਰੀ ਲਗਦਾ ਮਾਣਸ ਕਿਤੇ ਰੌਕ ਵਾਟਰ ਦਾ ਮਰੀਜ਼ ਨਾ ਹੋਵੇ। ਆਪਣਾ ਸ਼ੱਕ ਪੱਕਾ ਕਰਨ ਲਈ ਮੈਂ ਪੁੱਛਿਆ, 'ਦੂਜਿਆਂ ਨੂੰ ਵੀ ਤਾਂ ਹੀ ਸਮਝਾਉਂਦਾ ਹੋਊ ਜੇ ਆਪ ਰਹਿਣੀ ਸਹਿਣੀ ਦਾ ਪੱਕਾ ਹੋਊ?'

ਲੜਕਾ ਖੁੱਲ੍ਹ ਕੇ ਬੋਲਿਆ, 'ਬਸ ਪੁੱਛੋ ਨਾ ਜੀ। ਅੰਮ੍ਰਿਤ ਛਕਿਆ ਹੋਇਆ ਹੈ, ਕੱਕਾਰ ਪਹਿਨੇ ਹੋਏ ਹਨ ਤੇ ਪੂਰੇ ਨਿੱਤਨੇਮੀ ਹਨ। ਸਵੇਰੇ ਚਾਰ ਵਜੇ ਉੱਠਣਾ, ਬਾਬਾ ਜੀ ਦਾ ਪ੍ਰਕਾਸ਼ ਕਰਨਾ, ਸਭ ਬਾਣੀਆਂ ਪੜ੍ਹਨ ਉਪਰੰਤ ਸੱਤ ਵਜੇ ਅਰਦਾਸ ਕਰਨਾ ਇਨ੍ਹਾਂ ਦਾ ਰੋਜ਼ ਦਾ ਕੰਮ ਹੈ। ਇਸ ਤੋਂ ਬਾਅਦ ਸੈਰ ਵੀ ਜਰੂਰ ਕਰਦੇ ਹਨ।'

'ਕਦੇ ਕਦਾਈ ਤਾਂ ਨਾਗਾ ਪਾ ਦਿੰਦੇ ਹੋਣਗੇ?' ਮੈਂ ਸੁਭਾਵਿਕ ਤੌਰ 'ਤੇ ਪੁੱਛਿਆ। ਉਹ ਬੋਲਿਆ, 'ਨਾ ਜੀ ਨਾ, ਸਵਾਲ ਹੀ ਪੈਦਾ ਨਹੀਂ ਹੁੰਦਾ। ਪਿੱਛੇ ਜਿਹੇ ਇਨ੍ਹਾਂ ਦੇ ਦੋਸਤ ਦੇ ਮੁੰਡੇ ਦੀ ਸ਼ਾਦੀ ਸੀ। ਬਰਾਤ ਦੂਰ ਅੰਮ੍ਰਿਤਸਰ ਜਾਣੀ ਸੀ, ਇਸ ਲਈ ਇੱਥੋਂ ਛੇ ਵਜੇ ਚੱਲਣ ਦਾ ਪ੍ਰੋਗਰਾਮ ਸੀ। ਇਨ੍ਹਾਂ ਨੇ ਆਪਣੇ ਨਿੱਤ ਨੇਮ ਕਰਕੇ ਅੱਠ ਵਜੇ ਤੋਂ ਪਹਿਲਾਂ ਜਾਣ ਤੋਂ ਜਵਾਬ ਦੇ ਦਿੱਤਾ। ਅਸੀਂ ਬੜਾ ਜੋਰ ਲਾਇਆ ਕਿ ਇਕ ਦਿਨ ਪਾਠ ਘੱਟ ਕਰ ਲਿਓ, ਪਰ ਇਹ ਨਾ ਮੰਨੇ। ਅਖੀਰ ਇਨ੍ਹਾਂ ਨੂੰ ਲਿਜਾਉਣ ਲਈ ਬਰਾਤ ਦਾ ਸਮਾਂ ਹੀ ਬਦਲ ਕੇ ਅੱਠ ਵਜੇ ਦਾ ਕਰਨਾ ਪਿਆ।' ਮੈਂ ਉਸ ਨੂੰ ਤਿੰਨ ਮਹੀਨੇ ਫੁੱਲ ਦਵਾਈ ਰੌਕ ਵਾਟਰ ਦਿੱਤੀ ਤੇ ਉਸ ਦਾ ਸੁਭਾਓ ਸਹਿਨਸ਼ੀਲ ਹੋ ਗਿਆ। ਹੁਣ ਉਹ ਲੋਕਾਂ ਦੀਆਂ 'ਕੁਰਹਿਤਾਂ' ਅਣਗੌਲੀਆਂ ਕਰ ਕੇ ਚੁੱਪ ਚਾਪ ਲੰਘ ਜਾਂਦਾ ਹੈ।

ਰੌਕ ਵਾਟਰ ਦੇ ਮਰੀਜ਼ ਨਿਯਮਾਂ ਨੂੰ ਜੀਵਨ ਦੀਆਂ ਖੁਸ਼ੀਆਂ ਤੋਂ ਉੱਪਰ ਰੱਖਦੇ ਹਨ, ਇਸ ਲਈ ਉਹ ਆਪਣੇ ਵਿਹਾਰ ਵਿਚ ਰੁੱਖੇ, ਵਹਿਮੀ ਤੇ ਗੈਰ-ਅਮਲੀ ਹੋ ਜਾਂਦੇ ਹਨ। ਹੌਲੀ ਹੌਲੀ ਇਹ ਵਿਕਾਰ ਉਨ੍ਹਾਂ ਦੀ ਮਾਨਸਿਕਤਾ ਵਿਚ ਘਰ ਕਰ ਜਾਂਦੇ ਹਨ। ਕਿਉਂਕਿ ਉਨ੍ਹਾਂ ਦੇ ਖੁਸ਼ਕ ਅਸੂਲ ਦੂਜੇ ਲੋਕਾਂ ਦੀ ਸਮਝ ਤੋਂ ਬਾਹਰ ਤੇ ਕਰਨੀ ਤੋਂ ਪਰ੍ਹੇ ਹੁੰਦੇ ਹਨ, ਇਸ ਲਈ ਲੋਕ ਉਨ੍ਹਾਂ ਦੀ ਕਦਰ ਕਰਨਾ ਛੱਡ ਜਾਂਦੇ ਹਨ। ਇਸ ਨਾਲ ਉਹ ਲੋਕਾਂ ਦੇ ਪਰਿਹਾਸ ਦੇ ਪਾਤਰ ਬਣ ਜਾਂਦੇ ਹਨ ਤੇ ਸਮਾਜ ਵਿਚ ਇਕੱਲੇ ਪੈ ਜਾਂਦੇ ਹਨ। ਆਪਣੇ ਘਟਦੇ ਵੱਕਾਰ ਕਾਰਨ ਉਹ ਮਨ ਹੀ ਮਨ ਧੁਖਦੇ ਰਹਿੰਦੇ ਹਨ ਤੇ ਉਨ੍ਹਾਂ ਵਿਚ ਗੁੱਸਾ ਤੇ ਚਿੜਚਿੜਾਪਨ ਆ ਜਾਂਦਾ ਹੈ। ਸਖਤ ਡਿਸਿਪਲਨ ਤੇ ਖਾਣ ਪੀਣ ਦੇ ਬੰਧੇਜ ਕਾਰਨ ਉਨ੍ਹਾਂ ਦਾ ਸਰੀਰ ਪਹਿਲਾਂ ਹੀ ਕਮਜ਼ੋਰ ਪੈ ਪਿਆ ਹੁੰਦਾ ਹੈ। ਇਸ ਲਈ ਦਿਲ ਦੀ ਤਕਲੀਫ, ਐਨਜਾਈਨਾ ਦਰਦ, ਦਿਲ ਦੇ ਦੌਰੇ ਉਨ੍ਹਾਂ ਲਈ ਮੁੱਖ ਸਮੱਸਿਆ ਬਣ ਜਾਂਦੇ ਹਨ। ਪੱਠੇ ਸਖਤ ਹੋਣ ਕਾਰਨ ਉਨ੍ਹਾਂ ਦੇ ਅੰਗਾਂ ਵਿਚ ਕੜੱਲ ਪੈਣ ਲਗਦੇ ਹਨ ਤੇ ਰੀੜ੍ਹ ਦੀਆਂ ਬਿਮਾਰੀਆਂ ਲੱਗ ਜਾਂਦੀਆਂ ਹਨ। ਧੌਣ ਦਾ ਅਕੜੇਵਾਂ ਤੇ ਗਿੱਚੀ ਵਿਚ ਦਰਦ ਆਮ ਹੋ ਜਾਂਦਾ ਹੈ। ਕਿਉਂਕਿ ਇਹ ਲੋਕ ਬ੍ਰਹਮਚਾਰਤਾ ਨੂੰ ਵੀ ਆਪਣੇ ਉਚ ਨੈਤਿਕ ਅਸੂਲਾਂ ਵਿਚ ਜੋੜਦੇ ਹਨ, ਇਸ ਲਈ ਉਨ੍ਹਾਂ ਨੂੰ ਉਹ ਸਾਰੇ ਰੋਗ ਹੋ ਸਕਦੇ ਹਨ ਜੋ ਯੌਨ-ਦਮਨ (Sex suppression) ਕਾਰਨ ਅਕਸਰ ਹੋ ਜਾਂਦੇ ਹਨ। ਇਨ੍ਹਾਂ ਸਭ ਸਮੱਸਿਆਵਾਂ ਦਾ ਅਸਲ ਇਲਾਜ ਫੁੱਲ ਦਵਾਈ ਰੌਕ ਵਾਟਰ ਵਿਚ ਹੈ, ਜਿਸ ਦੇ ਸੇਵਨ ਨਾਲ ਉਨ੍ਹਾਂ ਦੀਆਂ ਮਾਨਸਿਕ ਦੁਬਿਧਾਵਾਂ ਤੇ ਸਰੀਰਕ ਬਿਮਾਰੀਆਂ ਛੂ-ਮੰਤਰ ਹੋ ਸਕਦੀਆਂ ਹਨ।

ਅੰਦਰੋਂ ਬਿਮਾਰ ਰਹਿ ਕੇ ਇਹ ਵਿਅਕਤੀ ਸੋਚਦੇ ਹਨ ਕਿ ਉਨ੍ਹਾਂ ਦਾ ਜ਼ਾਬਤਾ ਉਨ੍ਹਾਂ ਦੇ ਕਿਸੇ ਕੰਮ ਨਹੀਂ ਆਇਆ। ਨੈਤਿਕਤਾ ਦੀ ਸਖਤ ਪਾਲਣਾ ਉਪਰੰਤ ਉਹ ਵੀ ਉਨ੍ਹਾਂ ਵਾਂਗ ਹੀ ਬੀਮਾਰ ਰਹਿੰਦੇ ਹਨ, ਜੋ ਜ਼ਾਬਤੇ ਵਿਚ ਨਹੀਂ ਹਨ। ਉਹ ਇਹ ਵੀ ਸੋਚਦੇ ਹਨ ਕਿ ਸੰਸਾਰ ਵਿਚ ਪਾਪ ਵਧ ਰਿਹਾ ਹੈ, ਜਿਸ ਕਾਰਨ ਦੁਨੀਆਂ ਦਾ ਅੰਤ ਨੇੜੇ ਹੈ। ਅਜਿਹੇ ਵਿਚਾਰ ਉਨ੍ਹਾਂ ਨੂੰ ਡਿਪ੍ਰੈਸ਼ਨ ਵਿਚ ਲੈ ਜਾਂਦੇ ਹਨ, ਜਿਸ ਵਿਚ ਆਪਣੀ ਕਾਰਗੁਜ਼ਾਰੀ ਤੋਂ ਬਿਨਾ ਉਨ੍ਹਾਂ ਨੂੰ ਸਭ ਕੁਝ ਕਾਲਾ ਦਿਖਾਈ ਦਿੰਦਾ ਹੈ। ਬਾਹਰਲੀਆਂ ਖੁਸ਼ੀਆਂ ਤਾਂ ਉਨ੍ਹਾਂ ਨੇ ਪਹਿਲਾਂ ਹੀ ਦੁਰਕਾਰ ਦਿੱਤੀਆਂ ਹੁੰਦੀਆਂ ਹਨ, ਪਰ ਅੰਦਰੋਂ ਵੀ ਠੀਕ ਨਾ ਰਹਿ ਕੇ ਅੰਤ ਸਮੇਂ ਉਹ ਆਪਣੇ ਆਪ ਨੂੰ ਦੁਰਭਾਗੇ ਸਮਝਦੇ ਹਨ। ਇਹੀ ਕਾਰਨ ਹੈ ਕਿ ਕਦੇ ਕਦੇ ਇਸ ਪਛਤਾਵੇ ਦੇ ਅਸੀਮ ਭਾਰ ਪੈਣ 'ਤੇ ਉਹ ਟੁੱਟ ਵੀ ਜਾਂਦੇ ਹਨ ਤੇ ਸਾਧਾਰਨ ਜੀਵਨ ਬਤੀਤ ਕਰਨ ਲੱਗਦੇ ਹਨ। ਕਈ ਸਾਲ ਪਹਿਲਾਂ ਸਾਡੇ ਪਿੰਡ ਦੇ ਬਾਹਰ ਇਕ ਸਾਧ ਆ ਕੇ ਰਹਿਣ ਲੱਗਿਆ। ਬਸਤੀ ਤੋਂ ਦੂਰ ਦੋ ਪਿੰਡਾਂ ਦੇ ਦੰਦੇ 'ਤੇ ਉਸ ਨੇ ਇਕ ਦਰਖਤ ਹੇਠ ਰਹਿਣ ਲਈ ਇਕ ਘਾਹ ਫੂਸ ਦੀ ਥਾਂ ਬਣਾ ਲਈ। ਪਿੰਡ ਵਿਚ ਇਸ ਗੱਲ ਦੀ ਚਰਚਾ ਹੋਈ ਤਾਂ ਕਈ ਪਿੰਡ ਵਾਸੀ ਉਸ ਕੋਲ ਗਏ। ਉਨ੍ਹਾਂ ਨੇ ਦੇਖਿਆ ਕਿ ਸਾਧ ਬਿਲਕੁਲ ਨੰਗਾ ਹੈ ਤੇ ਬੋਲਦਾ ਵੀ ਨਹੀਂ। ਉਸ ਨੇ ਧਰਤੀ 'ਤੇ ਲਿਖ ਕੇ ਦੱਸਿਆ ਕਿ ਉਸ ਦਾ ਨਾਂ ਸਿਵਨਾਥ ਸੀ; ਉਹ ਗੁੰਗਾ ਨਹੀਂ ਸੀ, ਪਰ ਆਪਣੇ ਨਾਗਾ ਪੰਥ ਦੇ ਨਿਯਮਾਂ ਅਨੁਸਾਰ ਮੌਨ ਰਹਿੰਦਾ ਸੀ। ਪਿੰਡ ਵਾਲਿਆਂ ਨੇ ਉਸ ਦੇ ਰੋਟੀ ਪਾਣੀ ਦੀ ਵਾਰੀ ਬੰਨ ਲਈ। ਉਨ੍ਹਾਂ ਨੇ ਉਸ ਨੂੰ ਆਬਾਦੀ ਨੇੜੇ ਚਲਣ ਲਈ ਕਿਹਾ, ਪਰ ਉਸ ਨੇ ਮਨ੍ਹਾਂ ਕਰ ਦਿੱਤਾ। ਪਿੰਡ ਵਾਲਿਆਂ ਨੇ ਉਸ ਨੂੰ ਉੱਥੇ ਹੀ ਪੱਕੀ ਕੁਟੀਆ ਬਣਾਉਣ ਦੀ ਪੇਸ਼ਕਸ਼ ਕੀਤੀ, ਪਰ ਉਸ ਨੇ ਉਹ ਵੀ ਠੁਕਰਾ ਦਿੱਤੀ। ਉਸ ਨੇ ਕਿਹਾ ਕਿ ਉਹ ਗਰਮੀ, ਸਰਦੀ ਤੇ ਬਰਸਾਤ ਦਰਖਤ ਹੇਠ ਰਹਿ ਕੇ ਹੀ ਗੁਜ਼ਾਰੇਗਾ। ਪਿੰਡ ਵਾਲਿਆਂ ਤੋਂ ਇਹ ਹੱਠ ਜਰਿਆ ਨਾ ਗਿਆ। ਉਨ੍ਹਾਂ ਕਿਹਾ, ਬਾਬਾ ਜੀ ਤੁਸੀਂ ਜਿੱਥੇ ਬੈਠੇ ਹੋ, ਬੈਠੇ ਰਹੋ। ਅਸੀਂ ਤੁਹਾਨੂੰ ਕੁਝ ਨਹੀਂ ਕਹਿੰਦੇ, ਤੁਸੀਂ ਸਾਨੂੰ ਨਾ ਕਿਹੋ। ਉਨ੍ਹਾਂ ਨੇ ਉਸ ਦੇ ਬੈਠੇ ਬਿਠਾਏ ਹੀ ਚਾਰੇ ਪਾਸੇ ਚਾਰ ਡੰਡੇ ਗੱਡ ਕੇ ਟਾਟ ਬੋਰੀਆਂ ਦੀ ਕੁਟੀਆ ਉਸਾਰ ਦਿੱਤੀ।


ਸਾਧ ਕੋਲ ਵਡੇਰੀ ਉਮਰ ਦੇ ਮਰਦ ਹੀ ਜਾਂਦੇ ਸਨ; ਔਰਤਾਂ ਤੇ ਬੱਚੇ ਉਸ ਤੋਂ ਦੂਰ ਰਹਿੰਦੇ ਸਨ। ਕਿਸੇ ਕਿਸੇ ਵੇਲੇ ਸਾਧ ਕੁਟੀਆ ਤੋਂ ਬਾਹਰ ਨਿਕਲ ਕੇ ਰੋਹੀਆਂ ਵਿਚ ਘੁੰਮਦਾ ਤੇ ਕਦੇ ਕਦੇ ਉਹ ਕਿਸੇ ਹਲ ਵਾਹੁੰਦੇ ਹਾਲੀ ਦੇ ਪਿੱਛੇ ਪਿੱਛੇ ਵੀ ਚਲਦਾ ਰਹਿੰਦਾ। ਅਜਿਹੇ ਵੇਲੇ ਹੀ ਮੈਨੂੰ ਉਸ ਨੂੰ ਦੂਰੋਂ ਦੇਖਣ ਦਾ ਇਤਫਾਕ ਹੋਇਆ। ਲੰਮੀ ਕਾਲੀ ਦਾਹੜੀ, ਖੁੱਲ੍ਹੇ ਲੰਮੇ ਵਾਲ ਤੇ ਮਿੱਟੀ ਲਿਬੜਿਆ ਸਡੌਲ ਸਰੀਰ ਦੇਖ ਕੇ ਮੈਨੂੰ ਉਸ ਵਿਚ ਕੁਝ ਵੀ ਖਾਸ ਨਾ ਲੱਗਿਆ। ਸਿਰਫ ਇਕ ਘ੍ਰਿਣਾ ਭਰਿਆ ਅਹਿਸਾਸ ਹੋਇਆ ਕਿ ਜੇ ਕਪੜੇ ਨਾ ਪਾਏ ਹੋਣ ਤਾਂ ਬੰਦੇ ਵੀ ਜਾਨਵਰਾਂ ਜਿਹੇ ਹੀ ਲੱਗਣ। ਮੇਰੇ ਪਿਤਾ ਦੇ ਦੱਸਣ ਅਨੁਸਾਰ ਉਸ ਦੀ ਉਮਰ ਕੋਈ ਖਾਸ ਨਹੀਂ ਸੀ, ਐਵੇਂ ਤੀਹ ਪੈਂਤੀ ਸਾਲ ਹੀ ਸੀ। ਉਹ ਆਪਣੇ ਪਿਛਲੇ ਠਿਕਾਣੇ ਬਾਰੇ ਕੁਝ ਨਹੀਂ ਸੀ ਦੱਸਦਾ, ਬਸ ਇਹੀ ਕਹਿੰਦਾ ਸੀ ਕਿ ਉਹ ਨਾਭੇ ਵੱਲ ਦਾ ਹੈ।

ਦੋ ਕੁ ਸਾਲ ਇੱਦਾਂ ਰਹਿਣ ਤੋਂ ਬਾਅਦ ਬਾਬੇ ਨੇ ਕਿਹਾ ਕਿ ਉਹ ਪਿੰਡ ਵਾਲਿਆਂ ਦੀ ਸੇਵਾ ਤੋਂ ਬਹੁਤ ਖੁਸ਼ ਹੈ ਤੇ ਪਿੰਡ ਦੀ ਖੁਸ਼ਹਾਲੀ ਲਈ ਮਿੱਠੇ ਚੌਲਾਂ ਦਾ ਜੱਗ ਕਰਨਾ ਚਾਹੁੰਦਾ ਹੈ, ਪਰ ਅਸੀਰਵਾਦ ਤੋਂ ਪਹਿਲਾਂ ਉਹ ਪੰਦਰਾਂ ਦਿਨਾਂ ਦੀ ਤਪੱਸਿਆ ਕਰਨੀ ਚਾਹੁੰਦਾ ਹੈ, ਇਸ ਲਈ ਭੋਜਨ ਦੇਣ ਤੋਂ ਬਿਨਾ ਕੋਈ ਉਸ ਨੂੰ ਮਿਲਣ ਨਾ ਆਵੇ। ਪਿੰਡ ਵਾਲਿਆਂ ਨੇ ਉਸ ਦੀ ਉੱਚ ਕਰਨੀ ਦੇਖਦਿਆਂ

*(ਬਾਕੀ ਅਗਲੇ ਸਫੇ 'ਤੇ)*

# ਹੰਸੁ ਨ ਛਡੈ ਮਾਨਸਰ ਬਗੁਲਾ ਬਹੁ ਛਪੜ ਫਿਰਿ ਆਵੈ

ਸਿੱਖ ਧਰਮ ਚਿੰਤਨ ਵਿਚ ਮਨੁੱਖ ਦੀਆਂ ਦੋ ਹੀ ਕੋਟੀਆਂ ਪ੍ਰਵਾਨ ਕੀਤੀਆਂ ਗਈਆਂ ਹਨ: ਗੁਰਮੁਖਿ, ਜੋ ਗੁਰੂ ਦੇ ਦੱਸੇ ਰਸਤੇ 'ਤੇ ਚੱਲਦਾ ਹੈ ਅਤੇ ਮਨਮੁਖਿ, ਜੋ ਆਪਣੇ ਮਨ ਦੀ ਮਤਿ ਅਨੁਸਾਰ ਚੱਲਦਾ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਪੰਜ ਵਿਕਾਰ ਮੰਨੇ ਗਏ ਹਨ, ਜੋ ਮਨ ਨੂੰ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਤੋਂ ਵਿਚਲਿਤ ਕਰ ਸਕਦੇ ਹਨ ਅਤੇ ਮਨ ਨੂੰ ਚੰਗਿਆਈ ਦੇ ਰਸਤੇ ਤੋਂ ਮੋੜ ਕੇ ਆਪਹੁਦਰੀਆਂ ਕਰਨ ਦੇ ਰਾਹ 'ਤੇ ਤੋਰਨ ਦਾ ਕਾਰਨ ਬਣ ਸਕਦੇ ਹਨ। ਇਸ ਲਈ ਸਿੱਖ ਨੈਤਿਕਤਾ ਵਿਚ ਇਨ੍ਹਾਂ ਨੂੰ 'ਪੰਚ ਚੋਰ' ਜਾਂ 'ਪੰਚਦੂਤ' ਵੀ ਕਿਹਾ ਗਿਆ ਹੈ, ਜੋ ਮਨੁੱਖ ਕੋਲੋਂ ਨੇਕੀ ਜਾਂ ਚੰਗਿਆਈ ਖੋਹ ਲੈਂਦੇ ਹਨ ਅਤੇ ਬਦੀ ਨੂੰ ਜਨਮ ਦਿੰਦੇ ਹਨ। ਗੁਰਮੁਖਿ ਅਤੇ ਮਨਮੁਖਿ ਦੀਆਂ ਦੋ ਕੋਟੀਆਂ ਤੋਂ ਬਿਨਾ ਮਨੁੱਖ ਦੀ ਜਨਮ, ਜਾਤਿ, ਲਿੰਗ ਜਾਂ ਜਮਾਤ ਆਧਾਰਤ



ਡਾ. ਗੁਰਨਾਮ ਕੌਰ, ਕੈਨੇਡਾ

ਆਦਿ ਹੋਰ ਕਿਸੇ ਵੀ ਵੰਡ ਨੂੰ ਸਵੀਕਾਰ ਨਹੀਂ ਕੀਤਾ ਗਿਆ। ਭਾਈ ਗੁਰਦਾਸ ਗੁਰਮੁਖਿ ਅਤੇ ਮਨਮੁਖਿ ਦੀ ਇਸੇ ਵੰਡ ਨੂੰ ਲੈ ਕੇ ਵੱਖ ਵੱਖ ਦ੍ਰਿਸ਼ਟਾਂਤਾਂ ਰਾਹੀਂ ਸਮਝਾਉਂਦੇ ਹਨ ਕਿ ਗੁਰਮੁਖਿ ਅਤੇ ਮਨਮੁਖਿ ਦੇ ਕਾਰ-ਵਿਹਾਰ, ਰੁਚੀਆਂ ਆਦਿ ਵਿਚ ਕਿਸ ਕਿਸਮ ਦਾ ਫਰਕ ਹੁੰਦਾ ਹੈ ਜਾਂ ਗੁਰਮੁਖਿ ਅਤੇ ਮਨਮੁਖਿ ਆਪਣੀਆਂ ਬਿਰਤੀਆਂ ਅਨੁਸਾਰ ਕਿਹੋ ਜਿਹੇ ਰਸਤੇ ਅਪਨਾਉਂਦੇ ਹਨ।

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਗੁਰਮੁਖਿ ਅਤੇ ਮਨਮੁਖਿ-ਦੋਹਾਂ ਦੀਆਂ ਬਿਰਤੀਆਂ ਦੇ ਫਰਕ ਨੂੰ ਦੱਸਣ ਲਈ ਹੰਸ ਅਤੇ ਬਗਲੇ ਦੀ ਮਿਸਾਲ ਆਮ ਮਿਲ ਜਾਂਦੀ ਹੈ। ਗੁਰੂ ਅਰਜਨ ਦੇਵ ਜੀ ਗੁਰਮੁਖਿ ਦੀ ਬਿਰਤੀ ਅਤੇ ਮਨਮੁਖਿ ਦੀ ਬਿਰਤੀ ਨੂੰ ਦੱਸਣ ਲਈ ਹੰਸ ਤੇ ਬਗਲੇ ਦੀ ਮਿਸਾਲ ਦਿੰਦੇ ਹਨ ਕਿ ਹੰਸ ਮੋਤੀ ਚੁਗਦਾ ਹੈ ਤੇ ਬਗਲਾ ਡੱਡੀਆਂ ਮੱਛੀਆਂ ਭਾਲਣ ਜਾਂਦਾ ਹੈ, "ਹੰਸਾ ਹੀਰਾ ਮੋਤੀ ਚੁਗਣਾ ਬਗੁ ਡਡਾ ਭਾਲਣ ਜਾਵੈ॥" ਭਾਈ ਗੁਰਦਾਸ ਪੰਜਵੀਂ ਵਾਰ ਦੀ ਉਨੀਵੀਂ ਪਉੜੀ ਵਿਚ ਦੱਸਦੇ ਹਨ ਕਿ ਹੰਸ ਦੀ ਇਹ ਬਿਰਤੀ ਹੈ ਕਿ ਉਹ ਮਾਨਸਰੋਵਰ ਨੂੰ ਆਪਣਾ ਸਦੀਵੀ ਨਿਵਾਸ ਬਣਾ ਕੇ ਰੱਖਦਾ ਹੈ, ਪਰ ਬਗਲਾ ਥਾਂ ਥਾਂ ਗੰਦੇ ਛੱਪੜਾਂ 'ਤੇ ਜਾ ਬੈਠਦਾ ਹੈ (ਇਹ ਮੰਨਿਆ ਜਾਂਦਾ ਹੈ ਕਿ ਹੰਸ ਮਾਨਸਰੋਵਰ ਵਿਚ ਮੋਤੀਆਂ ਦੀ ਚੋਗ ਚੁਗਦਾ ਹੈ ਅਤੇ ਬਗਲੇ ਨੇ ਛੱਪੜ ਵਿਚੋਂ ਡੱਡੀਆਂ-ਮੱਛੀਆਂ ਨੂੰ ਆਪਣਾ ਭੋਜਨ ਬਣਾਉਣਾ ਹੁੰਦਾ ਹੈ, ਜਿਸ ਦੀ ਉਡੀਕ 'ਚ ਉਹ ਇੱਕ ਟੰਗ ਦੇ ਭਾਰ ਖੜ੍ਹਾ ਰਹਿੰਦਾ ਹੈ)।

ਹੰਸ ਇੱਥੇ ਗੁਰਮੁਖਿ ਦੀ ਬਿਰਤੀ ਦਾ ਪ੍ਰਤੀਕ ਹੈ ਅਤੇ ਬਗਲਾ ਮਨਮੁਖਿ ਦੀ ਬਿਰਤੀ ਦਾ। ਇਸੇ ਤਰ੍ਹਾਂ ਕੋਇਲ ਸਦਾ ਅੰਬਾਂ ਦੇ ਬਾਗਾਂ ਵਿਚ ਜਾ ਕੇ ਗਾਉਂਦੀ ਹੈ, ਆਪਣੇ ਮਿੱਠੇ ਬੋਲ ਸੁਣਾਉਂਦੀ ਹੈ ਅਤੇ ਕਾਂ ਜੰਗਲ ਦੇ ਕਿਸੇ ਵੀ ਉਜੜੀ ਥਾਂ 'ਤੇ ਜਾ ਬੈਠਦਾ ਹੈ। ਭਾਈ ਗੁਰਦਾਸ ਅੱਗੇ ਹੋਰ ਕਹਿੰਦੇ ਹਨ ਕਿ ਕੁੱਤੀਆਂ ਕਦੇ ਗਊਆਂ ਵਾਂਗ ਵੱਗ ਨਹੀਂ ਬਣਾਉਂਦੀਆਂ, ਕਿਉਂਕਿ ਇਹ ਉਨ੍ਹਾਂ ਦੇ ਸੁਭਾਅ ਵਿਚ ਨਹੀਂ ਹੈ। ਗਊਆਂ ਦੁੱਧ ਦਿੰਦੀਆਂ ਹਨ ਅਤੇ ਆਪਣੇ ਵੰਸ਼ ਅੱਗੇ ਵਧਾਉਂਦੀਆਂ ਹਨ। ਇੱਥੇ ਗੁਰਮੁਖਿ ਅਤੇ ਮਨਮੁਖਿ ਦੇ ਸੁਭਾਅ ਨੂੰ ਹੰਸ ਅਤੇ ਬਗਲਾ, ਕੋਇਲ ਅਤੇ ਕਾਂ, ਗਊਆਂ ਅਤੇ ਕੁੱਤੀਆਂ, ਜਿਨ੍ਹਾਂ ਦੇ ਸੁਭਾਅ ਇੱਕ ਦੂਸਰੇ ਤੋਂ ਬਿਲਕੁਲ ਉਲਟ ਹਨ, ਦੇ ਦ੍ਰਿਸ਼ਟਾਂਤਾਂ ਰਾਹੀਂ ਸਮਝਾਇਆ ਹੈ। ਇਸ ਤੋਂ ਅੱਗੇ ਦੱਸਦੇ ਹਨ ਕਿ ਇੱਕ ਫਲਦਾਰ ਰੁੱਖ ਫਲਾਂ ਨਾਲ ਲੱਦਿਆ ਸਥਿਰ ਮਤਿ ਵਾਲਾ ਹੈ, ਜੋ ਇੱਕ ਟਿਕਾਣੇ 'ਤੇ ਟਿਕਿਆ ਰਹਿੰਦਾ ਹੈ, ਪਰ ਮੂਰਖ ਬੰਦਾ ਜਿਸ ਨੂੰ ਕੋਈ ਕੰਮ ਨਾ ਹੋਵੇ, ਇੱਧਰ-ਉੱਧਰ ਤੁਰਿਆ ਫਿਰਦਾ ਹੈ। ਇਸੇ ਤਰ੍ਹਾਂ ਅੱਗ ਸੇਕ ਨਾਲ ਭਰੀ ਹੋਈ ਆਪਣੇ ਹੰਕਾਰ ਵਿਚ ਉਤਾਂਹ ਵੱਲ ਸਿਰ ਉਠਾ ਕੇ ਰੱਖਦੀ ਹੈ ਅਤੇ ਉਸ ਦੇ ਉਲਟ ਪਾਣੀ ਸੀਤਲਤਾ ਦਾ ਭਰਿਆ ਹੋਇਆ ਨਿਵਾਣ ਵੱਲ ਵੱਗਦਾ ਹੈ। ਇਸੇ ਤਰ੍ਹਾਂ ਗੁਰਮੁਖਿ ਆਪਣੇ ਅੰਦਰੋਂ ਹਉਮੈ ਨੂੰ ਦੂਰ ਕਰਕੇ ਨਿਮਰਤਾ, ਹਲੀਮੀ ਨਾਲ ਵਿਚਰਦਾ ਹੈ, ਆਪਣੇ ਆਪ ਨੂੰ ਗਿਣਾਉਂਦਾ ਨਹੀਂ, ਜਦੋਂ ਕਿ ਮਤਿਹੀਣ ਮਨਮੁਖਿ ਹੰਕਾਰ ਦਾ ਭਰਿਆ ਹੋਇਆ ਹਮੇਸ਼ਾ ਆਪਣੀ 'ਮੈਂ' ਨੂੰ ਜਤਾਉਂਦਾ ਹੈ। ਨਤੀਜਾ ਇਹ ਕੱਢਦੇ ਹਨ ਕਿ ਮਨ ਵਿਚ ਦਵੈਤ ਪਾਲਣੀ ਕੋਈ ਵਧੀਆ ਵਿਹਾਰ ਨਹੀਂ ਹੈ; ਇਸ ਨਾਲ ਹਾਰ ਹੀ ਹੁੰਦੀ ਹੈ:

ਹੰਸੁ ਨ ਛਡੈ ਮਾਨਸਰ ਬਗੁਲਾ<br>
ਬਹੁ ਛਪੜ ਫਿਰਿ ਆਵੈ।<br>
ਕੋਇਲ ਬੋਲੈ ਅੰਬ ਵਣਿ ਵਣਿ<br>
ਕਾਉ ਕੁਥਾਉ ਸੁਖਾਵੈ।<br>
ਵਗ ਨ ਹੋਵਨਿ ਕੁਤੀਆਂ<br>
ਗਾਈਂ ਗੋਰਸੁ ਵੰਸੁ ਵਧਾਵੈ।<br>
ਸਫਲ ਬਿਰਖ ਨਿਹਚਲ ਮਤੀ<br>
ਨਿਹਫਲ ਮਾਣਸ ਦਹ ਦਿਸਿ ਧਾਵੈ।<br>
ਅਗਿ ਤਤੀ ਜਲੁ ਸੀਅਲਾ<br>
ਸਿਰੁ ਉਚਾ ਨੀਵਾਂ ਦਿਖਲਾਵੈ।<br>
ਗੁਰਮੁਖਿ ਆਪੁ ਗਵਾਇਆ<br>
ਮਨਮੁਖੁ ਮੂਰਖਿ ਆਪੁ ਗਣਾਵੈ।<br>
ਦੂਜਾ ਭਾਉ ਕੁਦਾਉ ਹਰਾਵੈ॥19॥

ਭਾਈ ਗੁਰਦਾਸ ਦੀ ਇਹ ਖਾਸੀਅਤ ਹੈ ਕਿ ਉਹ ਕਿਸੇ ਵੀ ਵਿਚਾਰ ਨੂੰ ਸਮਝਾਉਣ ਲਈ ਚਾਰ-ਚੁਫੇਰੇ ਦੇ ਜ਼ਿੰਦਗੀ ਦੇ ਆਮ ਵਰਤਾਰੇ ਵਿਚੋਂ ਦ੍ਰਿਸ਼ਟਾਂਤ ਲੈ ਕੇ ਸਮਝਾਉਂਦੇ ਹਨ। ਜਿਵੇਂ ਉਪਰ ਵੀ ਜ਼ਿਕਰ ਕੀਤਾ ਸੀ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਹਉਮੈ ਇਹ ਪੰਜ ਵਿਕਾਰ ਹਨ; ਜੇ ਮਨ ਇਨ੍ਹਾਂ ਬਿਰਤੀਆਂ ਦੇ ਮਗਰ ਲੱਗ ਕੇ ਉਲਾਰ ਕੰਮ ਕਰਦਾ ਹੈ ਤਾਂ ਉਹ ਮਨਮੁਖਤਾ ਹੈ, ਜਦੋਂ ਕਿ ਇਨ੍ਹਾਂ ਬਿਰਤੀਆਂ ਨੂੰ ਸੰਜਮ ਵਿਚ ਰੱਖ ਕੇ ਸਹੀ ਰਸਤੇ 'ਤੇ ਤੁਰਨਾ ਗੁਰਮੁਖਤਾ ਹੈ। ਅਗਲੀ ਪਉੜੀ ਵਿਚ ਭਾਈ ਗੁਰਦਾਸ ਮਨਮੁਖਿ ਦੀਆਂ ਰੁਚੀਆਂ ਅਤੇ ਉਨ੍ਹਾਂ ਅਨੁਸਾਰ ਕਾਰਜ ਕਰਨ ਨਾਲ ਪਏ ਬੰਧਨਾਂ ਦੀ ਵਿਆਖਿਆ ਕਰਨ ਲਈ ਹਾਥੀ, ਹਿਰਨ, ਮੱਛੀ, ਪਤੰਗੇ ਅਤੇ ਭਉਰੇ ਦੇ ਦ੍ਰਿਸ਼ਟਾਂਤ ਰਾਹੀਂ ਸਮਝਾਉਂਦੇ ਹਨ। ਭਾਈ ਗੁਰਦਾਸ ਦਾ ਕਹਿਣਾ ਹੈ ਕਿ ਇਹ ਪੰਜੇ ਜੀਵ ਆਪਣੇ ਮਨ ਦੀ ਬਿਰਤੀ ਅਨੁਸਾਰ ਇੱਕ ਇੱਕ ਰੋਗ ਨਾਲ ਗ੍ਰਸੇ ਹੋਏ ਹਨ, ਜਿਸ ਕਰਕੇ ਇਹ ਦੁੱਖ ਭੋਗਦੇ ਹਨ। ਇਨ੍ਹਾਂ ਦੇ ਬੰਧਨ ਦਾ ਕਾਰਨ ਇਨ੍ਹਾਂ ਦੇ ਮਨ ਦੀਆਂ ਬਿਰਤੀਆਂ ਹਨ। ਹਾਥੀ ਕਾਮ ਨਾਲ ਗ੍ਰਸਿਆ ਹੋਇਆ ਹੋਣ ਕਰਕੇ ਬੰਧਨ ਵਿਚ ਫਸ ਜਾਂਦਾ ਹੈ (ਕਿਹਾ ਜਾਂਦਾ ਹੈ ਕਿ ਹਾਥੀ ਨੂੰ ਫੜਨ ਲਈ ਟੋਆ ਪੁੱਟ ਕੇ ਉਸ ਵਿਚ ਹਥਨੀ ਦਾ ਢਾਂਚਾ ਬਣਾ ਕੇ ਖੜ੍ਹਾ ਕਰ ਦਿੱਤਾ ਜਾਂਦਾ, ਜਿਸ ਵੱਲ ਖਿੱਚ ਮਹਿਸੂਸ ਕਰਕੇ ਹਾਥੀ ਟੋਏ ਵਿਚ ਕੁੱਦ ਪੈਂਦਾ ਹੈ ਅਤੇ ਫਸ ਜਾਂਦਾ ਹੈ); ਇਸੇ ਤਰ੍ਹਾਂ ਹਿਰਨ ਨਾਦ ਅਰਥਾਤ ਆਵਾਜ਼ ਵੱਲ ਖਿੱਚਿਆ ਉਸ ਪਾਸੇ ਦੌੜਦਾ ਹੈ ਤੇ ਸ਼ਿਕਾਰੀ ਦੇ ਕਾਬੂ ਆ ਜਾਂਦਾ ਹੈ ਅਤੇ ਮੱਛੀ ਪਾਣੀ ਵਿਚ ਅਠਖੇਲੀਆਂ ਕਰਦੀ ਜਾਲ ਵਿਚ ਫਸ ਜਾਂਦੀ ਹੈ; ਪਤੰਗਾ ਦੀਪਕ ਜਾਂ ਭਾਂਬੜ ਦੀ ਲੋਅ ਵੱਲ ਖਿੱਚਿਆ ਸੜ ਕੇ ਮਰ ਜਾਂਦਾ ਹੈ ਤੇ ਭੌਰਾ ਖੁਸ਼ਬੋ ਨਾਲ ਪਾਗਲ ਹੋ ਕੇ ਫੁੱਲਾਂ ਵੱਲ ਜਾਂਦਾ ਹੈ ਅਤੇ ਫੁੱਲ ਅੰਦਰ ਕੈਦ ਹੋ ਕੇ ਮਰ ਜਾਂਦਾ ਹੈ। ਇਹ ਪੰਜੇ ਰੁਚੀਆਂ ਇਨ੍ਹਾਂ ਜੀਵਾਂ ਦੇ ਫਸਣ ਅਤੇ ਤਬਾਹੀ ਦਾ ਕਾਰਨ ਬਣਦੀਆਂ ਹਨ। ਇਸੇ ਤਰ੍ਹਾਂ ਮਨੁੱਖੀ ਦੇਹ ਵਿਚ ਵੀ ਕਾਮ, ਲੋਭ, ਮੋਹ, ਕ੍ਰੋਧ ਤੇ ਹਉਮੈ ਆਦਿ ਪੰਜ ਰੋਗ ਵਸਦੇ ਹਨ ਅਤੇ ਆਪਣੇ ਮਨ ਦੀਆਂ ਬਿਰਤੀਆਂ ਦੇ ਪਿੱਛੇ ਲੱਗ ਕੇ ਚੱਲਣ ਵਾਲਾ ਮਨਮੁਖਿ ਇਨ੍ਹਾਂ ਪੰਜਾਂ ਦੂਤਾਂ ਦੇ ਕਾਰਨ ਕਸੂਤਾ ਫਸ ਜਾਂਦਾ ਹੈ। ਇਹ ਪੰਜੇ ਉਸ ਦੇ ਦੁੱਖ ਦਾ ਕਾਰਨ ਬਣਦੇ ਹਨ। ਆਸ਼ਾ (ਆਸ) ਤੇ ਖਾਹਿਸ਼ (ਇੱਛਾ) ਦੋ ਡਾਇਣਾਂ ਹਨ, ਜੋ ਮਨੁੱਖ ਦੇ ਦੁੱਖਾਂ ਦਾ ਕਾਰਨ ਬਣਦੀਆਂ ਹਨ ਅਤੇ ਇਸ ਦੇ ਨਾਲ ਹੀ ਖੁਸ਼ੀ (ਕਿਸੇ ਚੀਜ਼ ਦੇ ਹੋਣ ਦੀ) ਤੇ ਗਮੀ (ਕਿਸੇ ਚੀਜ਼ ਦੇ ਨਾ ਹੋਣ ਦੀ) ਇਨ੍ਹਾਂ ਦੁੱਖਾਂ ਵਿਚ ਹੋਰ ਵਾਧਾ ਕਰ ਦਿੰਦੀਆਂ ਹਨ। ਮਨਮੁਖਿ, ਜਿਸ ਦੇ ਅੰਦਰ ਸਦਾ ਦਵੈਤ ਵਸਦੀ ਹੈ, ਇੱਧਰ ਉੱਧਰ ਭਟਕਦਾ ਰਹਿੰਦਾ ਹੈ, ਉਸ ਦੇ ਮਨ ਵਿਚ ਟਿਕਾਉ ਨਹੀਂ ਹੁੰਦਾ। ਸੱਚਾ ਗੁਰੂ ਸੱਚਾ ਪਾਤਿਸ਼ਾਹ ਹੈ, ਜਿਸ ਦੀ ਸਿੱਖਿਆ ਨੂੰ ਮੰਨ ਕੇ ਗੁਰਮੁਖਿ ਗੁਰੂ ਦੇ ਦੱਸੇ 'ਗਾਡੀ ਰਾਹ' ਉਤੇ ਚੱਲਦਿਆਂ ਇੱਕ ਸੰਤੁਲਿਤ, ਟਿਕਾਉ ਵਾਲਾ ਜੀਵਨ ਬਸਰ ਕਰਦੇ ਹਨ, ਭਟਕਣਾ ਵਿਚ ਨਹੀਂ ਜਿਉਂਦੇ। ਜਦੋਂ ਮਨੁੱਖ ਚੰਗੇ ਲੋਕਾਂ ਦੀ ਸੰਗਤਿ ਵਿਚ ਗੁਰਮੁਖਾਂ ਨਾਲ ਮਿਲ ਕੇ ਚੱਲਦੇ ਹਨ, ਫਿਰ ਮਨ ਨੂੰ ਠੱਗਣ ਵਾਲੇ ਅਤੇ ਗੁਰਮੁਖਤਾ ਦੇ ਰਸਤੇ ਤੋਂ ਵਿਚਲਿਤ ਕਰਨ ਵਾਲੇ ਕਾਮ, ਕ੍ਰੋਧ, ਲੋਭ, ਮੋਹ ਤੇ ਹਉਮੈ ਆਦਿ ਚੋਰ ਅਤੇ ਠੱਗ ਜੋ ਮਨੁੱਖ ਪਾਸੋਂ ਨੇਕੀ ਨੂੰ ਖੋਹਣ ਦਾ ਕਾਰਨ ਬਣਦੇ ਹਨ, ਆਪਣੇ ਆਪ ਭੱਜ ਜਾਂਦੇ ਹਨ। ਸਾਧ ਸੰਗਤਿ ਵਿਚ ਗੁਰਮੁਖਿ ਲਾਹਾ ਲੈ ਕੇ ਆਪਣੇ ਨਿਜ-ਘਰ ਵਿਚ ਸਥਿਤ ਹੋ ਜਾਂਦੇ ਹਨ, ਭਾਵ ਆਪਣੇ ਅੰਦਰ ਵੱਸ ਰਹੀ ਰੱਬੀ ਜੋਤਿ ਨਾਲ ਇਕਸੁਰ ਹੁੰਦੇ ਹਨ:

ਗਜ ਮ੍ਰਿਗ ਮੀਨ ਪਤੰਗ ਅਲਿ<br>
ਇਕਤੁ ਇਕਤੁ ਰੋਗਿ ਪਚੰਦੇ।<br>
ਮਾਣਸ ਦੇਹੀ ਪੰਜਿ ਰੋਗ<br>
ਪੰਜੇ ਦੂਤ ਕੁਸੂਤੁ ਕਰੰਦੇ।<br>
ਆਸਾ ਮਨਸਾ ਡਾਇਣੀ<br>
ਹਰਖ ਸੋਗ ਬਹੁ ਰੋਗ ਵਧੰਦੇ।<br>
ਮਨਮੁਖ ਦੂਜੈ ਭਾਇ ਲਗਿ<br>
ਭੰਭਲਭੂਸੇ ਖਾਇ ਭਵੰਦੇ।<br>
ਸਤਿਗੁਰ ਸਚਾ ਪਾਤਸਾਹ<br>
ਗੁਰਮੁਖਿ ਗਾਡੀ ਰਾਹੁ ਚਲੰਦੇ।<br>
ਸਾਧ ਸੰਗਤਿ ਮਿਲਿ ਚਲਣਾ<br>
ਭਜਿ ਗਏ ਠਗ ਚੋਰ ਡਰੰਦੇ।<br>
ਲੈ ਲਾਹਾ ਨਿਜਿ ਘਰਿ ਨਿਬਹੰਦੇ॥20॥

ਗੁਰੂ ਅਮਰਦਾਸ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ ਅਤੇ ਅੰਹਕਾਰ ਆਦਿ 'ਪੰਚ ਚੋਰ' ਉਨ੍ਹਾਂ ਦਾ ਹਿਰਦਾ ਰੂਪੀ ਘਰ ਲੁੱਟਦੇ ਹਨ, ਜੋ ਵਾਹਿਗੁਰੂ ਦੇ ਨਾਮ ਨੂੰ ਵਿਸਾਰ ਦਿੰਦੇ ਹਨ; ਅਜਿਹੇ ਮਨੁੱਖਾਂ ਦੇ ਅੰਦਰ ਹਉਮੈ ਰੋਗ ਦੀ ਸੰਨ੍ਹ ਲੱਗੀ ਰਹਿੰਦੀ ਹੈ। ਅਜਿਹੇ ਮਨੁੱਖਾਂ ਨੂੰ ਪਰਮਾਤਮਾ ਨਾਲੋਂ ਟੁੱਟੇ ਹੋਏ ਖੋਟੀ ਮਤ ਵਾਲੇ ਕਿਹਾ ਹੈ, ਜਿਹੜੇ ਵਿਕਾਰਾਂ ਹੱਥੋਂ ਲੁੱਟੇ ਜਾਂਦੇ ਹਨ। ਉਹ ਪਰਮਾਤਮਾ ਦੇ ਨਾਮ ਦਾ ਨਾ ਸੁਆਦ ਮਾਣਦੇ ਹਨ ਅਤੇ ਨਾ ਹੀ ਨਾਮ ਦੀ ਪਛਾਣ ਕਰਦੇ ਹਨ। ਉਹ ਅੰਮ੍ਰਿਤ ਨਾਮ ਨੂੰ ਭਰਮਾਂ ਵਿਚ ਹੀ ਲੁਟਾ ਦਿੰਦੇ ਹਨ ਅਤੇ ਮਾਇਆ ਰੂਪੀ ਜ਼ਹਿਰ ਨਾਲ ਪਿਆਰ ਪਾ ਕੇ ਰੱਖਦੇ ਹਨ। ਅਜਿਹੇ ਮਨੁੱਖਾਂ ਦਾ ਭੈੜੀ ਕਿਸਮ ਦੀ ਮੱਤ ਵਾਲੇ ਮਨੁੱਖਾਂ ਨਾਲ ਹੀ ਪਿਆਰ ਹੁੰਦਾ ਹੈ ਅਤੇ ਉਹ ਪਰਮਾਤਮਾ ਦੇ ਸੇਵਕਾਂ ਨਾਲ ਝਗੜਦੇ ਰਹਿੰਦੇ ਹਨ। ਅਜਿਹੇ ਮਨੁੱਖ ਮੌਤ ਦੇ ਭੈ ਵਿਚ ਬੱਝੇ ਹੋਏ ਨਰਕ ਵਿਚ ਪਏ ਦੁੱਖ ਭੋਗਦੇ ਰਹਿੰਦੇ ਹਨ। ਜਿਹੜੇ ਕਮਜ਼ੋਰ ਮਨੁੱਖ ਵੀ ਗੁਰੂ ਦੇ ਦੱਸੇ ਰਸਤੇ 'ਤੇ ਚੱਲਦੇ ਹਨ ਅਤੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਦੇ ਹਨ, ਉਨ੍ਹਾਂ ਨਿਤਾਣਿਆਂ ਵਿਚ ਵੀ ਆਤਮਕ ਬਲ ਆ ਜਾਂਦਾ ਹੈ। ਉਹ ਹਰ ਇੱਕ ਸਾਹ ਦੇ ਨਾਲ, ਹਰ ਇੱਕ ਗਿਰਾਹੀ ਦੇ ਨਾਲ ਪਰਮਾਤਮਾ ਨੂੰ ਧਿਆਉਂਦੇ ਹਨ ਅਤੇ ਉਨ੍ਹਾਂ ਦੇ ਅੰਦਰੋਂ ਮੌਤ ਦਾ ਭੈਅ ਮੁੱਕ ਜਾਂਦਾ ਹੈ। ਪਰਮਾਤਮਾ ਦੇ ਨਾਮ ਦੇ ਰਸ ਦੇ ਸੁਆਦ ਵਿਚ ਮਾਇਆ ਵੀ ਉਨ੍ਹਾਂ ਦੇ ਅਧੀਨ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਭਰਮਾ ਨਹੀਂ ਸਕਦੀ। (ਪੰਨਾ 854)

ਇਸ ਪੰਜਵੀਂ ਵਾਰ ਦੀ ਅਖੀਰਲੀ ਪਉੜੀ ਵਿਚ ਭਾਈ ਗੁਰਦਾਸ ਆਮ ਸੰਸਾਰਕ ਪ੍ਰਬੰਧ ਅਤੇ ਜੀਵਨ-ਸ਼ੈਲੀ ਵਿਚੋਂ ਦ੍ਰਿਸ਼ਟਾਂਤ ਲੈ ਕੇ ਸਮਝਾਉਂਦੇ ਹਨ ਕਿ ਕਿਸ ਤਰ੍ਹਾਂ ਇੱਕ ਸੱਚੇ ਗੁਰੂ ਦੀ ਮਿਹਰ ਨਾਲ ਸਾਰੀ ਸੰਗਤਿ ਸੰਸਾਰ ਸਾਗਰ ਤੋਂ ਗੁਰੂ ਸ਼ਬਦ ਦੇ ਰਾਹੀਂ ਪਾਰ ਲੱਗ ਜਾਂਦੀ ਹੈ। ਭਾਈ ਗੁਰਦਾਸ ਇੱਕ ਮਲਾਹ ਦੀ ਮਿਸਾਲ ਰਾਹੀਂ, ਜੋ ਲੋਕਾਂ ਨੂੰ ਨਦੀ ਤੋਂ ਪਾਰ ਲੰਘਾਉਣ ਦਾ ਕਾਰਜ ਕਰਦਾ ਹੈ, ਦੱਸਦੇ ਹਨ ਕਿ ਬੇੜੀ ਦਾ ਮਲਾਹ ਇੱਕ ਹੀ ਹੁੰਦਾ ਹੈ, ਪਰ ਬੇੜੀ ਵਿਚ ਬਿਠਾ ਕੇ ਉਹ ਕਿੰਨੇ ਲੋਕਾਂ ਨੂੰ ਨਦੀ ਦੇ ਇੱਕ ਕਿਨਾਰੇ ਤੋਂ ਦੂਸਰੇ ਤੱਕ ਪਾਰ ਲੈ ਜਾਂਦਾ ਹੈ। ਇਸੇ ਤਰ੍ਹਾਂ ਇੱਕੋ ਆਗੂ ਸੁਲਤਾਨਾਂ, ਬਾਦਸ਼ਾਹਾਂ ਦੇ ਲਸ਼ਕਰਾਂ (ਫੌਜਾਂ) ਦੀ ਅਗਵਾਈ ਕਰਕੇ ਉਨ੍ਹਾਂ ਨੂੰ ਨਿਬਾਹ ਲੈਂਦਾ ਹੈ। ਇਸੇ ਤਰ੍ਹਾਂ ਇੱਕ ਚੌਕੀਦਾਰ ਜਾਂ ਪਹਿਰੇਦਾਰ ਮਹੱਲੇ ਵਿਚ ਰਾਖੀ ਕਰਨ ਲਈ ਪਹਿਰਾ ਦਿੰਦਾ ਹੈ ਅਤੇ ਅਮੀਰ ਲੋਕ ਉਸ ਇੱਕ ਦੇ ਸਿਰ ਤੇ ਬੇਫਿਕਰ ਹੋ ਕੇ ਆਰਾਮ ਦੀ ਨੀਂਦ ਸੌਂਦੇ ਹਨ। ਇਸੇ ਤਰ੍ਹਾਂ ਵਿਆਹ ਦੀ ਮਿਸਾਲ ਦਿੱਤੀ ਹੈ ਕਿ ਵਿਆਹੁਣ ਜਾਣ ਲਈ ਲਾੜਾ ਇੱਕੋ ਹੀ ਹੁੰਦਾ ਹੈ, ਪਰ ਉਸ ਇੱਕ ਕਰਕੇ ਉਸ ਨਾਲ ਵਿਆਹੁਣ ਆਈ ਸਾਰੀ ਜੰਞ ਦਾ ਪ੍ਰਾਹੁਣਿਆਂ ਵਾਂਗ ਆਦਰ-ਸਤਿਕਾਰ ਅਤੇ ਸੇਵਾ ਕੀਤੀ ਜਾਂਦੀ ਹੈ। ਮੁਲਕ ਦਾ ਬਾਦਸ਼ਾਹ ਜਾਂ ਰਾਜਾ ਇੱਕ ਹੀ ਹੁੰਦਾ ਹੈ, ਪਰ ਬਾਕੀ ਉਸ ਦੀ ਪਰਜਾ ਹਿੰਦੂ, ਮੁਸਲਮਾਨ ਸਭ ਅਨੇਕ ਹੁੰਦੀ ਹੈ। ਸਤਿਗੁਰ ਸੱਚਾ ਪਾਤਿਸ਼ਾਹ ਹੈ, ਜੋ ਇੱਕ ਹੈ ਪਰ ਸਾਧਸੰਗਤਿ ਅਨੇਕ ਹੈ ਅਤੇ ਗੁਰੂ ਸ਼ਬਦ ਦਾ ਪਰਵਾਨਾ ਦੇ ਕੇ ਸਤਿਗੁਰੂ ਸਭ ਨੂੰ ਸੰਸਾਰ ਸਾਗਰ ਤੋਂ ਪਾਰ ਕਰ ਦਿੰਦਾ ਹੈ। ਭਾਈ ਗੁਰਦਾਸ ਕਹਿੰਦੇ ਹਨ, ਮੈਂ ਉਨ੍ਹਾਂ ਦੇ ਸਦਕੇ ਜਾਂਦਾ ਹਾਂ, ਕੁਰਬਾਨ ਜਾਂਦਾ ਹਾਂ, ਜੋ ਸਤਿਗੁਰੂ ਦਾ ਆਸਰਾ ਲੈਂਦੇ ਹਨ:

ਬੇੜੀ ਚਾੜਿ ਲੰਘਾਇਦਾ ਬਾਹਲੇ<br>
ਪੂਰ ਮਾਣਸ ਮੋਹਾਣਾ।<br>
ਆਗੂ ਇਕੁ ਨਿਬਾਹਿਦਾ<br>
ਲਸਕਰ ਸੰਗ ਸਾਹ ਸੁਲਤਾਨਾ।<br>
ਫਿਰੈ ਮਹਲੈ ਪਾਹਰੂ ਹੋਇ<br>
ਨਿਚਿੰਦ ਸਵਨਿ ਪਰਧਾਨਾ।<br>
ਲਾੜਾ ਇਕੁ ਵੀਵਾਹੀਐ<br>
ਬਾਹਲੇ ਜਾਞੀ ਕਰਿ ਮਿਹਮਾਣਾ।<br>
ਪਾਤਿਸਾਹੁ ਇਕੁ ਮੁਲਕ ਵਿਚਿ<br>
ਹੋਰੁ ਪ੍ਰਜਾ ਹਿੰਦੂ ਮੁਸਲਮਾਣਾ।<br>
ਸਤਿਗੁਰੁ ਸਚਾ ਪਾਤਿਸਾਹੁ<br>
ਸਾਧਸੰਗਤਿ ਗੁਰ ਸਬਦੁ ਨੀਸਾਣਾ।<br>
ਸਤਿਗੁਰ ਪਰਣੈ ਤਿਨ ਕੁਰਬਾਣਾ॥21॥5॥

ਗੁਰੂ ਨਾਨਕ 'ਵਾਰ ਆਸਾ ਕੀ' ਵਿਚ ਫਰਮਾਉਂਦੇ ਹਨ ਕਿ ਮੈਂ ਸਤਿਗੁਰ ਉਤੋਂ ਕੁਰਬਾਨ ਜਾਂਦਾ ਹਾਂ, ਜਿਸ ਨੂੰ ਮਿਲਣ ਕਰਕੇ ਮੈਂ ਉਸ ਸਭ ਦੇ ਮਾਲਕ ਪਰਮਾਤਮਾ ਨੂੰ ਚੇਤੇ ਕੀਤਾ ਹੈ। ਉਸ ਸੱਚੇ ਗੁਰੂ ਨੇ ਆਪਣੀ ਸਿੱਖਿਆ ਰਾਹੀਂ ਮੈਨੂੰ ਗਿਆਨ-ਰੂਪੀ ਸੁਰਮਾ ਦਿੱਤਾ ਹੈ, ਜਿਸ ਕਰਕੇ ਮੈਂ ਇਨ੍ਹਾਂ ਅੱਖਾਂ ਨਾਲ ਇਸ ਦੁਨੀਆਂ ਦੇ ਵਰਤਾਰੇ ਦੀ ਅਸਲੀਅਤ ਨੂੰ ਦੇਖਿਆ ਅਤੇ ਸਮਝਿਆ ਹੈ ਕਿ ਜਿਹੜੇ ਉਸ ਇੱਕ ਪਰਮਾਤਮਾ ਨੂੰ ਵਿਸਾਰ ਕੇ ਕਿਸੇ ਹੋਰ ਨਾਲ ਆਪਣੇ ਚਿੱਤ ਨੂੰ ਜੋੜ ਰਹੇ ਹਨ, ਉਹ ਸੰਸਾਰ ਸਾਗਰ ਵਿਚ ਡੁੱਬ ਰਹੇ ਹਨ। ਸਤਿਗੁਰੂ ਉਹ ਜਹਾਜ਼ ਹੈ, ਜੋ ਸੰਸਾਰ-ਸਮੁੰਦਰ ਤੋਂ ਪਾਰ ਲੈ ਜਾਂਦਾ ਹੈ, ਪਰ ਕਿਸੇ ਵਿਰਲੇ ਮਨੁੱਖ ਨੇ ਹੀ ਇਸ ਤੱਥ 'ਤੇ ਵਿਚਾਰ ਕੀਤਾ ਅਤੇ ਇਸ ਨੂੰ ਸਮਝਿਆ ਹੈ। ਸਤਿਗੁਰੂ ਨੇ ਆਪਣੀ ਮਿਹਰ ਕਰਕੇ ਮੈਨੂੰ ਇਸ ਸੰਸਾਰ ਸਮੁੰਦਰ ਤੋਂ ਪਾਰ ਲਾ ਦਿੱਤਾ ਹੈ। (ਪੰਨਾ 470)

## ਬੈਚ ਫੂਲ ਰੌਕ ਵਾਟਰ: ਨੈਤਿਕ ਕੱਟੜਤਾ

*(ਪਿਛਲੇ ਸਫੇ ਦੀ ਬਾਕੀ)*

ਪਿੰਡ ਦੀ ਫਿਰਨੀ 'ਤੇ ਭੰਡਾਰਾ ਕੀਤਾ ਤੇ ਬਾਬੇ ਨੂੰ ਉੱਥੇ ਆ ਕੇ ਉਦਘਾਟਨ ਕਰਨ ਲਈ ਕਿਹਾ। ਪਿੰਡ ਵਾਲਿਆਂ ਨੇ ਉਸ ਨੂੰ ਇਕ ਸੂਟ ਦੇ ਕੇ ਕਿਹਾ ਕਿ ਉਹ ਇਕ ਦਿਨ ਲਈ ਕੱਪੜੇ ਪਹਿਨ ਲਵੇ, ਕਿਉਂਕਿ ਭੰਡਾਰੇ ਵਿਚ ਔਰਤਾਂ ਵੀ ਹੋਣਗੀਆਂ, ਪਰ ਉਸ ਨੇ ਇਹ ਕਹਿ ਕੇ ਕੋਰਾ ਜਵਾਬ ਦੇ ਦਿੱਤਾ ਕਿ ਉਹ ਜਾਵੇਗਾ ਤਾਂ ਨੰਗਾ ਹੀ, ਨਹੀਂ ਤਾਂ ਨਹੀਂ ਜਾਵੇਗਾ। ਉਸ ਦਾ ਹੱਠ ਸੁਣ ਕੇ ਲੋਕਾਂ ਨੇ ਫਿਰ ਉਹੀ ਚਾਲ ਖੇਡੀ। ਉਨ੍ਹਾਂ ਬਾਬੇ ਨੂੰ ਨੰਗਾ ਹੀ ਚੱਲਣ ਲਈ ਕਿਹਾ ਤੇ ਦੁਆਲੇ ਚਾਰ ਆਦਮੀ ਬੋਰੀ ਦੀਆਂ ਪੱਲੀਆਂ ਦੇ ਪਰਦੇ ਫੜਾ ਕੇ ਤੋਰ ਦਿੱਤੇ। ਭੰਡਾਰੇ ਦੇ ਨੇੜੇ ਆ ਕੇ ਪਤਾ ਨਹੀਂ ਉਸ ਦੇ ਮਨ ਵਿਚ ਕੀ ਆਇਆ, ਸ਼ਾਇਦ ਉਹ ਪਿੰਡ ਵਾਸੀਆਂ ਦੀ ਸ਼ਰਧਾ ਅੱਗੇ ਟੁੱਟ ਗਿਆ ਸੀ, ਉਸ ਨੇ ਇਕ ਪੱਲੀ ਲੈ ਕੇ ਆਪਣੇ ਸਰੀਰ ਦੁਆਲੇ ਧੋਤੀ ਵਾਂਗ ਲਪੇਟ ਲਈ ਤੇ ਆ ਕੇ ਬੈਠ ਗਿਆ। ਦੁਨੀਆਂ ਉਸ ਨੂੰ ਇਕ ਹੀਰੋ ਵਾਂਗ ਦੇਖਣ ਆਈ ਤੇ ਉਸ ਦੇ ਚਰਨਾਂ 'ਤੇ ਮੱਥਾ ਟੇਕਣ ਲੱਗੀ। ਇਹ ਮੇਰੇ ਸਾਹਮਣੇ ਹੋਇਆ।

ਅਗਲੇ ਦਿਨ ਲੋਕ ਰੋਟੀ ਦੇਣ ਉਸ ਦੀ ਕੁਟੀਆ ਗਏ ਤਾਂ ਸਾਧ ਉੱਥੋਂ ਗਾਇਬ ਸੀ। ਭਾਲ ਕਰਨ ਤੋਂ ਵੀ ਉਹ ਨਾ ਲੱਭਿਆ। ਦੋ ਚਾਰ ਸਾਲ ਬੀਤ ਗਏ, ਉਸ ਦਾ ਕੁਝ ਪਤਾ ਨਾ ਚੱਲਿਆ। ਉਸ ਦੀ ਕੁਟੀਆ ਵੀ ਢਹਿ ਗਈ ਤੇ ਲੋਕ ਉਸ ਨੂੰ ਭੁੱਲ ਗਏ। ਕਹਿਣ ਲੱਗੇ ਸਾਡਾ ਪਰਉਪਕਾਰ ਕਰਨ ਆਇਆ ਸੀ ਤੇ ਕਰ ਕੇ ਚਲਾ ਗਿਆ।

ਇਕ ਦਿਨ ਮੇਰੇ ਪਿਤਾ ਜੀ ਪਟਿਆਲੇ ਕਣਕ ਵੇਚਣ ਗਏ। ਉਨ੍ਹਾਂ ਨੇ ਘਰ ਆ ਕੇ ਦੱਸਿਆ ਕਿ ਉਹ ਨਾਭਾ ਗੇਟ ਅਨਾਜ ਮੰਡੀ ਵਿਚ ਆਪਣੇ ਗੱਡੇ ਕੋਲ ਖੜ੍ਹੇ ਸਨ। ਕਿਸੇ ਨੇ ਪਿੱਛੋਂ ਆ ਕੇ ਉਨ੍ਹਾਂ ਦੇ ਮੋਢੇ ਤੇ ਹੱਥ ਰੱਖ ਕੇ ਪੁੱਛਿਆ, 'ਕੀ ਹਾਲ ਐ ਲੰਬੜਾ, ਸਿਹਤਾਂ ਕਿਵੇਂ?' ਸਿਰ 'ਤੇ ਘੋਟਵੀਂ ਪਗੜੀ ਤੇ ਤੇੜੀ ਚਾਦਰੇ ਵਿਚ ਉਹ ਅਲਬੇਲਾ ਨੌਜਵਾਨ ਪਿਤਾ ਜੀ ਦੀ ਪਛਾਣ ਵਿਚ ਨਾ ਆਇਆ। ਪਿਤਾ ਜੀ ਨੇ ਉਸ ਵਲ ਵੇਖ ਕੇ ਪੁੱਛਿਆ, 'ਕੌਣ ਐਂ ਬਾਈ, ਮੈਂ ਪਛਾਣਿਆ ਨ੍ਹੀਂ?' ਉਹ ਬੋਲਿਆ, 'ਨੰਬਰਦਾਰ ਮੈਂ ਸਿਵਨਾਥ। ਮੇਰਾ ਅਸਲ ਨਾਂ ਗੁਰਮੇਲ ਸਿੰਘ ਹੈ। ਕਣਕ ਵੇਚਣ ਆਇਆ ਹਾਂ।'

ਪਿਤਾ ਨੇ ਦੱਸਿਆ ਕਿ ਉਹ ਹੈਰਾਨੀ ਨਾਲ ਗੁੰਗ ਹੋ ਗਏ। ਉਨ੍ਹਾਂ ਨੂੰ ਭੌਰ-ਭੌਰ ਦੇਖ ਗੁਰਮੇਲ ਸਿੰਘ ਬੋਲਿਆ, 'ਮੈਂ ਬਹੁਤ ਸੋਚ ਵਿਚਾਰ ਕੀਤਾ, ਪਰ ਪਿੰਡ ਦੀ ਸ਼ਰਧਾ ਦੇਖ ਮੈਥੋਂ ਰਿਹਾ ਨਾ ਗਿਆ। ਤੁਹਾਡੇ ਦਿੱਤੇ ਕੱਪੜੇ ਪਹਿਨ ਮੈਂ ਆਪਣੇ ਪਿੰਡ ਚਲਾ ਆਇਆ ਤੇ ਇੱਥੇ ਮਾਂ-ਪਿਓ ਨਾਲ ਖੇਤੀ ਕਰਾਉਣ ਲੱਗਿਆ। ਵਿਆਹ ਹੋ ਗਿਆ ਹੈ, ਇਕ ਮੁੰਡਾ ਹੈ।' ਪਿਤਾ ਜੀ ਨੇ ਦੱਸਿਆ ਕਿ ਉਸ ਨੂੰ ਸਭ ਦੇ ਨਾਂ ਯਾਦ ਸਨ ਤੇ ਉਸ ਨੇ ਸਾਰਿਆਂ ਦਾ ਹਾਲ ਪੁੱਛਿਆ। ਉਨ੍ਹਾਂ ਉਸ ਨੂੰ ਪਿੰਡ ਆਉਣ ਲਈ ਕਿਹਾ, ਪਰ ਉਹ ਟਾਲ ਮਟੋਲ ਕਰ ਗਿਆ।

ਮੈਂ ਹੈਰਾਨ ਹੁੰਦਾ ਹਾਂ ਕਿ ਪਿੰਡੋਂ ਬਾਹਰ ਰਹਿੰਦੇ ਨੂੰ ਉਸ ਨੂੰ ਰੌਕ ਵਾਟਰ ਕੌਣ ਪਿਲਾ ਗਿਆ!

## ਤਾਲਿਬਾਨ

ਪ੍ਰੋਫੈਸਰ ਦਾਰਾ ਸਿੰਘ ਛੇ ਫੁੱਟ ਦੇ ਕਰੀਬ ਉੱਚਾ ਹੋਣੈ, ਉਮਰ ਪੈਹਟਾਂ ਦੀ ਹੋ ਗਈ, ਪਰ ਅਜੇ ਵੀ ਰੰਗ ਗੋਰਾ ਚਿੱਟਾ ਗੁਲਾਬੀ ਭੈਅ ਮਾਰਦਾ, ਸਰੀਰ 'ਚ ਚੁਸਤੀ-ਫੁਰਤੀ ਪੰਝੀ ਸਾਲਾ ਜਵਾਨਾਂ ਵਰਗੀ, ਚਿੱਟਾ ਦੁੱਧ ਦਾਹੜਾ ਖੁੱਲ੍ਹਾ ਰੱਖਦਾ। ਆਮ ਘਰ ਵਿਚ ਜਾਂ ਸੈਰ ਕਰਨ ਜਾਣ ਲਈ ਸਿਰ 'ਤੇ ਚਿੱਟਾ ਪਟਕਾ ਗੋਲ ਆਕਾਰ ਵਿਚ ਬੰਨ੍ਹਦਾ। ਸਵੇਰ-ਸ਼ਾਮ ਦੀ ਸੈਰ ਕਰਨੀ ਉਹਦਾ ਦਾ ਨੇਮ ਸੀ। ਇੰਡੀਆ ਵਿਚ ਉਸ ਨੇ ਪੂਰੇ ਤੀਹ ਸਾਲ ਗੌਰਮਿੰਟ ਕਾਲਜ 'ਚ ਇੰਗਲਿਸ਼ ਪੜ੍ਹਾਈ। ਇਸ ਨਵੇਂ ਪੋਸ਼ ਏਰੀਏ ਵਿਚ ਜ਼ਿਆਦਾ ਗੋਰੇ ਰਹਿੰਦੇ ਸਨ। ਹਫਤਾ ਹੋਇਆ ਨੂੰਹ ਪੁੱਤ ਨਾਲ ਏਥੇ ਮੂਵ ਹੋਇਆਂ। ਆਪਣੇ ਘਰ ਦੇ ਗੇਟ ਵਿਚੋਂ ਸਵੇਰ ਦੀ ਸੈਰ ਕਰਨ ਨਿਕਲਿਆ, ਥੋੜ੍ਹਾ ਹੀ ਤੁਰਿਆ ਸੀ ਕਿ ਇਕ ਘਰ ਦੇ ਡੋਰ ਅੱਗੇ ਛੋਟੀ ਬੱਚੀ ਦਾਰਾ ਸਿੰਘ ਵੱਲ ਉਂਗਲਾਂ ਕਰਕੇ ਰੌਲਾ ਪਾਉਣ ਲੱਗੀ, "ਮੌਮ! ਕਮ ਆਨ। ਗ੍ਰੈਂਡ ਪਾ... ਗ੍ਰੈਂਡ ਪਾ...ਹੀ ਇਜ਼ ਹੇਅਰ।" ਸੁਣ ਕੇ ਦਾਰਾ ਸਿੰਘ ਥੋੜ੍ਹਾ ਰੁਕ ਗਿਆ। ਬੱਚੀ ਦੀ ਆਵਾਜ਼ ਸੁਣ ਕੇ ਮਾਂ ਕਾਹਲੀ ਨਾਲ ਬਾਹਰ ਆਈ ਤੇ ਉਸ ਨੇ ਟੇਢੀ ਨਜ਼ਰ ਨਾਲ ਘੂਰ ਕੇ ਦਾਰਾ ਸਿੰਘ ਵੱਲ ਵੇਖਿਆ ਤੇ ਬੋਲੀ, "ਹੀ ਇਜ਼ ਨਾਟ ਯੂਅਰ ਗ੍ਰੈਂਡ ਪਾ... ਲੁਕਸ ਲਾਈਕ



ਏ ਤਾਲਿਬਨ ਗਏ।"

ਦਾਰਾ ਸਿੰਘ ਦੇ ਹੱਥਾਂ ਦੀਆਂ ਮੁੱਠੀਆਂ ਗੁੱਸੇ ਨਾਲ ਮੀਟੀਆਂ ਗਈਆਂ ਤੇ ਏਨਾ ਹੀ ਕਿਹਾ, "ਏ ਯੰਗ ਲੇਡੀ! ਆਈ ਡੂ ਨਾਟ ਬੀਲੌਂਗ ਟੂ ਤਾਲਿਬਾਨ... ਆਈ ਥਿੰਕ ਯੂ ਪੀਪਲ ਡੌਂਟ ਨੋ ਅਬਾਊਟ ਹਿਸਟਰੀ ਐਂਡ ਰੀਲੀਜੀਅਸ... ਆਈ ਐਮ ਏ ਸਿੱਖ... ਚੈੱਕ ਆਨ ਗੂਗਲ... ਸਿੱਖਨੈਟ.ਕਾਮ।" ਤੇ ਦਾਰਾ ਸਿੰਘ ਦੇ ਮੂੰਹੋਂ ਆਪਮੁਹਾਰੇ ਨਿਕਲ ਗਿਆ, 'ਵਿਚਾਰੇ ਖੂਹ ਦੇ ਡੱਡੂ।' ਤੇ ਉਹ ਅੱਗੇ ਤੁਰ ਪਿਆ, ਪਰ ਗੋਰੀ ਨੇ ਯਾਦ ਰੱਖਿਆ... ਸਿੱਖਨੈਟ.ਕਾਮ। ਉਹਨੇ ਆਪਣੇ ਲੈਪਟਾਪ 'ਤੇ ਸਿੱਖਨੈਟ.ਕਾਮ ਗੂਗਲ ਕੀਤਾ, ਹੈਰਾਨ ਹੋ ਗਈ ਸਿੱਖਾਂ ਦੀ ਬਹਾਦਰੀ ਤੇ ਕੁਰਬਾਨੀ ਦੇ ਜਜ਼ਬੇ ਪੜ੍ਹ ਕੇ। ਉਹ ਬੜੀ ਪਛਤਾਈ, ਮੈਂ ਮਿਸਟਰ ਸਿੰਘ ਤੋਂ ਸੌਰੀ ਮੰਗਾਂਗੀ। ਉਹ ਮਾਂਵਾਂ-ਧੀਆਂ ਕਈ ਦਿਨ ਸਵੇਰੇ ਆਪਣੇ ਡੋਰ 'ਤੇ ਖਲੋ ਕੇ ਮਿਸਟਰ ਸਿੰਘ ਨੂੰ ਵੇਖਦੀਆਂ, ਪਰ ਉਹ ਨਾ ਆਇਆ, ਕਿਉਂਕਿ ਅਗਲੇ ਦਿਨ ਉਹਦੀ ਇੰਡੀਆ ਦੀ ਫਲਾਈਟ ਸੀ।

*-ਚਰਨਜੀਤ ਸਿੰਘ ਸਾਹੀ*

# 'ਉੱਕੜ ਦੁੱਕੜ ਭੰਬਾ ਭੌ': ਸਮਾਜਿਕ-ਰਾਜਸੀ ਵਰਤਾਇਆਂ 'ਤੇ ਵਿਅੰਗ

ਮੈਂ ਪਟਿਆਲੇ ਜਿੰਨਾ ਵੀ ਥੋਹੜਾ ਬਹੁਤ ਰੰਗ-ਮੰਚ ਤੇ ਵਿਚਰਿਆ, ਅਦਾਕਾਰੀ ਹੀ ਕੀਤੀ। ਨਿਰਦੇਸ਼ਕ ਬਹੁਤ ਹੀ ਸੁਲਝੇ ਹੋਏ ਮਿਲੇ, ਉਨ੍ਹਾਂ ਦੁਆਰਾ ਕੀਤੀ ਗਈ ਨਾਟਕਾਂ ਦੀ ਚੋਣ ਬਹੁਤ ਵਧੀਆ ਹੁੰਦੀ ਸੀ। ਇਸ ਲ਼ਈ ਕਿਰਦਾਰ ਭਾਵੇਂ ਜੋ ਵੀ ਹੁੰਦਾ, ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਦਾ। ਹਾਂ, ਇਹ ਜਰੂਰ ਹੈ ਕਿ ਨਿਰਦੇਸ਼ਕਾਂ ਨੂੰ ਨੀਝ ਨਾਲ ਨਿਹਾਰਦਾ, ਨਾਟਕ ਦੀ ਸੈੱਟ ਵਿਉਂਤਕਾਰੀ, ਪਾਤਰਾਂ ਦੇ ਵਾਰਤਾਲਾਪ ਬੋਲਣ ਦਾ ਢੰਗ, ਅੱਖਾਂ ਦੀ ਭਾਸ਼ਾ, ਸੰਗੀਤ, ਰੌਸ਼ਨੀ ਪ੍ਰਭਾਵ, ਵੇਸ-ਭੂਸ਼ਾ ਵਰਗੇ ਮਹੱਤਵਪੂਰਨ ਨੁਕਤਿਆਂ ਨੂੰ ਮੈਂ ਸੁਚੇਤ ਜਾਂ ਅਚੇਤ ਰੂਪ ਵਿਚ ਗ੍ਰਹਿਣ ਕਰਦਾ ਰਿਹਾ। ਰੰਗ-ਮੰਚ ਦੀ ਅਜਿਹੀ ਸਿਖਿਆ ਦਾ ਸਭ ਤੋਂ ਪਹਿਲਾ ਇਨਾਮ ਮੈਨੂੰ ਇਹ ਮਿਲਿਆ ਕਿ ਮੈਂ ਨਾਟਕ ਲਿਖਣ ਵੱਲ ਪ੍ਰੇਰਿਤ ਹੋਇਆ।




**ਰਵਿੰਦਰ ਸਿੰਘ ਸੋਢੀ**
**ਫੋਨ: 604-369-2371**

ਇਕਾਂਗੀ ਤਾਂ ਮੈਂ ਵਿਦਿਆਰਥੀ ਜੀਵਨ ਸਮੇਂ ਹੀ ਲਿਖ ਲਿਆ ਸੀ। ਰੰਗ-ਮੰਚ ਕਰਨ ਦੇ ਦਿਨਾ ਵਿਚ ਮੈਂ 'ਹਿੰਦ ਦੀ ਚਾਦਰ' ਅਤੇ 'ਦੋ ਬੂਹਿਆਂ ਵਾਲਾ ਘਰ' ਪੂਰੇ ਨਾਟਕ ਲਿਖੇ। 'ਉੱਕੜ ਦੁੱਕੜ ਭੰਬਾ ਭੌ' ਨਾਟਕ ਦਾ ਵਿਸ਼ਾ ਤਾਂ ਭਾਵੇਂ ਵੱਡੇ ਨਾਟਕ ਵਾਲਾ ਹੀ ਸੀ, ਪਰ ਉਸ ਨੂੰ ਰੂਪ ਇਕਾਂਗੀ ਜਾਂ ਛੋਟੇ ਨਾਟਕ ਵਾਲਾ ਦਿੱਤਾ। ਉਨ੍ਹਾਂ ਦਿਨਾ ਵਿਚ ਪ੍ਰਯੋਗਵਾਦੀ ਜਾਂ ਐਕਸਪੈਰੀਮੈਂਟਲ ਨਾਟਕਾਂ ਦਾ ਰੁਝਾਨ ਸ਼ੁਰੂ ਹੋ ਚੁੱਕਿਆ ਸੀ। ਮੇਰੇ ਤੋਂ ਵੀ ਅਚੇਤ ਰੂਪ ਵਿਚ ਅਜਿਹੇ ਨਾਟਕ ਦੀ ਰਚਨਾ ਹੋ ਗਈ।

1981 ਵਿਚ ਮੇਰੀ ਨਿਯੁਕਤੀ ਪੰਜਾਬ ਪਬਲਿਕ ਸਕੂਲ ਨਾਭਾ ਵਿਚ ਬਤੌਰ ਪੰਜਾਬੀ ਅਧਿਆਪਕ ਹੋ ਗਈ। ਰਿਹਾਇਸ਼ੀ ਸਕੂਲ ਹੋਣ ਕਰਕੇ ਮੈਨੂੰ ਸਕੂਲ ਵਿਚ ਹੀ ਰਹਿਣਾ ਪੈਣਾ ਸੀ। ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ, ਜੁਲਾਈ ਮਹੀਨੇ ਵਿਚ ਕਲਾਸਾਂ ਸ਼ੁਰੂ ਹੋ ਗਈਆਂ। ਮੈਨੂੰ ਯਾਦ ਹੈ ਕਿ ਅਗਸਤ ਵਿਚ ਸਕੂਲ ਦੇ ਸੀਨੀਅਰ ਮਾਸਟਰ (ਡਿਪਟੀ ਹੈਡਮਾਸਟਰ) ਨੇ ਮੈਨੂੰ ਕਿਹਾ ਕਿ ਸਕੂਲ ਵਿਚ ਡਰਾਮਾਟਿਕ ਕਲਬ ਨੂੰ ਮੁੜ ਸੁਰਜੀਤ ਕੀਤਾ ਜਾਵੇ। ਮੈਂ ਲੰਚ ਤੋਂ ਬਾਅਦ ਬੱਚਿਆਂ ਨੂੰ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ। ਮੇਰੇ ਦਿਮਾਗ ਵਿਚ ਆਪਣਾ ਹੀ ਲਿਖਿਆ ਨਾਟਕ 'ਉੱਕੜ ਦੁੱਕੜ ਭੰਬਾ ਭੌ' ਮੰਚ ਤੇ ਪੇਸ਼ ਕਰਨ ਦਾ ਖਿਆਲ ਆਇਆ।

ਇਸ ਨਾਟਕ ਵਿਚ ਕੁਲ ਚਾਰ ਪਾਤਰ ਸਨ। ਮੁੱਖ ਤੌਰ ਤੇ ਤਿੰਨ ਪਾਤਰ ਹੀ ਮੰਚ ਤੇ ਰਹਿੰਦੇ ਹਨ। ਚੌਥਾ ਪਾਤਰ ਤਾਂ ਨਾਟਕ ਦੇ ਅੰਤ ਵਿਚ ਹੀ ਆਉਂਦਾ ਹੈ। ਇਹਨਾਂ ਤਿੰਨ ਪਾਤਰਾਂ ਨੇ ਹੀ ਵੱਖ-ਵੱਖ ਰੋਲ ਨਿਭਾਉਣੇ ਸੀ, ਮਸਲਨ, ਪਿੰਡ ਦਾ ਸਰਪੰਚ ਹੀ ਸਕੂਲ ਵਿਦਿਆਰਥੀ ਦਾ ਪਿਤਾ ਬਣ ਕੇ ਸਕੂਲ ਅਧਿਆਪਕਾ ਕੋਲ ਜਾਂਦਾ ਹੈ ਅਤੇ ਮਰੀਜ ਦੇ ਰੂਪ ਵਿਚ ਸਰਕਾਰੀ ਡਾਕਟਰ ਕੋਲ। ਸਕੂਲ ਅਧਿਆਪਕਾ, ਸਰਪੰਚ ਦੇ ਮੁੰਡੇ ਵੱਲੋਂ ਸਤਾਈ ਔਰਤ ਦੇ ਕਿਰਦਾਰ ਵਿਚ ਸਰਪੰਚ ਕੋਲ ਜਾਂਦੀ ਹੈ ਅਤੇ ਮਰੀਜ ਬਣ ਕੇ ਡਾਕਟਰ ਕੋਲ। ਡਾਕਟਰ ਨੇ ਹੀ ਸਰਪੰਚ ਦੇ ਮੁੰਡੇ ਦਾ, ਹੈਡਮਾਸਟਰ ਅਤੇ ਸਕੂਲੀ ਵਿਦਿਆਰਥੀ ਦਾ ਰੋਲ ਨਿਭਾਏ। ਵੱਖੋ-ਵੱਖ ਰੂਪਾਂ ਵਿਚ ਪਾਤਰਾਂ ਦੀ ਵੇਸ-ਭੂਸ਼ਾ ਵਿਚ ਚਿੰਨ੍ਹ ਆਤਮਕ ਬਦਲੀ ਹੀ ਕੀਤੀ ਸੀ। ਸਕੂਲ ਅਧਿਆਪਕਾ ਜਦੋਂ ਸਰਪੰਚ ਕੋਲ ਆਉਂਦੀ ਹੈ ਤਾਂ ਉਸ ਦੇ ਸਿਰ ਤੇ ਚੁੰਨੀ ਨਹੀਂ ਸੀ ਅਤੇ ਪੈਰਾਂ ਵਿਚ ਕੋਈ ਜੁੱਤੀ ਜਾਂ ਚੱਪਲ ਨਹੀਂ ਸੀ ਪਾਈ ਹੋਈ। ਜਦੋਂ ਉਹ ਮਰੀਜ ਦੇ ਤੌਰ ਤੇ ਆਉਂਦੀ ਹੈ ਤਾਂ ਉਸ ਦੇ ਹੱਥ ਵਿਚ ਸੋਟੀ ਸੀ ਅਤੇ ਸਿਰ ਤੇ ਪਟੀ ਹੋਈ ਵੱਡੀ ਚੁੰਨੀ। ਸਰਪੰਚ ਜਦੋਂ ਦੂਜੇ ਦੋ ਰੂਪਾਂ ਵਿਚ ਆਉਂਦਾ ਹੈ ਤਾਂ ਉਹ ਵੀ ਪੈਰਾਂ ਤੋਂ ਨੰਗਾ ਅਤੇ ਮੋਢੇ ਤੇ ਪਰਨਾ(ਡੱਬੀਆਂ ਵਾਲਾ ਛੋਟਾ ਕਪੜਾ) ਨਹੀਂ ਸੀ। ਡਾਕਟਰ ਜਦੋਂ ਵਿਦਿਆਰਥੀ ਬਣ ਕੇ ਆਉਂਦਾ ਹੈ ਤਾਂ ਅਸੀਂ ਪਹਿਲਾਂ ਹੀ ਉਸ ਨੂੰ ਪੈਂਟ ਦੇ ਨਿਚੇ ਨਿੱਕਰ ਪਵਾ ਦਿੱਤੀ ਸੀ। ਉਹ ਪੈਂਟ ਲਾਹ ਕੇ ਨਿੱਕਰ ਵਿਚ ਆਉਂਦਾ ਹੈ। ਸਰਪੰਚ ਦਾ ਲੜਕਾ ਬਣ ਕੇ ਉਹ ਪਹਿਲੇ ਦ੍ਰਿਸ਼ ਵਿਚ ਆਉਂਦਾ ਹੈ, ਉਦੋਂ ਉਸ ਦੇ ਸਿਰ ਤੇ ਮੜਾਸਾ ਬੰਨ੍ਹ ਦਿੱਤਾ ਸੀ। ਬਾਅਦ ਵਿਚ ਉਸ ਨੇ ਪੱਗ ਬੰਨ੍ਹ ਲਈ। ਨਾਟਕ ਜਦੋਂ ਸ਼ੁਰੂ ਹੁੰਦਾ ਹੈ ਤਾਂ ਇਹ ਤਿੰਨ ਪਾਤਰ ਹੀ ਮੰਚ ਤੇ ਇਕ ਕਤਾਰ ਵਿਚ ਖੜੇ ਦਿਖਾਏ ਸੀ। ਉਹ ਇਕੱਠੇ ਹੀ ਬੋਲਦੇ ਹਨ, "ਅਸੀਂ ਇਸ ਨਾਟਕ ਦੇ ਪਾਤਰ ਵੀ ਹਾਂ ਅਤੇ ਸੂਤਰਧਾਰ ਵੀ।" ਇਸ ਤੋਂ ਬਾਅਦ ਉਹ ਦਸਦੇ ਹਨ ਕਿ ਉਹ ਨਾਟਕ ਵਿਚ ਕਿਹੜੇ-ਕਿਹੜੇ ਹੋਰ ਪਾਤਰ ਦੇ ਰੂਪ ਵਿਚ ਆਉਣ ਗੇ। ਮੰਚ ਸਜਾਵਟ ਵੀ ਅਸੀਂ ਸੰਕੇਤਕ ਹੀ ਰੱਖੀ। ਮੰਚ ਦੇ ਵਿਚਕਾਰ ਤਖਤਪੋਸ਼ ਰਖ ਕੇ ਸਰਪੰਚ ਦਾ ਘਰ ਦਿਖਾਇਆ। ਇਕ ਪਾਸੇ ਸਕੂਲ ਦਿਖਾਉਣ ਲਈ ਲੱਕੜ ਦੀ ਕੁਰਸੀ ਰੱਖ ਦਿੱਤੀ ਅਤੇ ਦੂਜੇ ਪਾਸੇ ਛੋਟਾ ਜਿਹਾ ਲੱਕੜ ਦਾ ਮੇਜ ਅਤੇ ਮੇਜ ਦੇ ਪਿੱਛੇ ਕੁਰਸੀ। ਮੇਜ ਤੇ ਦਵਾਈਆਂ ਦੀਆਂ ਦੋ-ਚਾਰ ਸ਼ੀਸ਼ੀਆਂ ਅਤੇ ਡੱਬੇ ਰੱਖ ਦਿੱਤੇ।



(ਖੱਬੇ ਤੇ ਸੱਜੇ) ਨਾਟਕ ਦੇ ਦੋ ਦ੍ਰਿਸ਼

ਸਰਪੰਚ ਅਤੇ ਅਧਿਆਪਕਾ ਦੇ ਪਾਤਰਾਂ ਦੀ ਚੋਣ ਤਾਂ ਮੈਂ ਅਸਾਨੀ ਨਾਲ ਹੀ ਕਰ ਲਈ, ਪਰ ਡਾਕਟਰ ਦੇ ਕਿਰਦਾਰ ਲਈ ਕਾਫੀ ਪ੍ਰੇਸ਼ਾਨੀ ਹੋਈ। ਕਈ ਲੜਕੇ ਬਦਲੇ, ਪਰ ਗੱਲ ਨਹੀਂ ਸੀ ਬਣ ਰਹੀ। ਅਖੀਰ ਵਿਚ ਨੌਵੀਂ ਕਲਾਸ ਦੇ ਵਿਦਿਆਰਥੀ ਨਵਦੀਪ ਨੂੰ ਇਹ ਰੋਲ ਦਿੱਤਾ। ਉਹ ਦਰਮਿਆਨੇ ਜਿਹੇ ਕੱਦ ਦਾ ਸੀ(ਬਾਅਦ ਵਿਚ ਕੱਦ ਕਾਫੀ ਕੱਦ ਕੱਢ ਲਿਆ ਸੀ)। ਉਸ ਨੂੰ ਡਾਕਟਰ ਦੇ ਰੂਪ ਵਿਚ ਪੇਸ਼ ਕਰਨ ਲਈ ਡਾਕਟਰਾਂ ਵਾਲਾ ਚਿੱਟਾ ਕੋਟ, ਮੋਢੇ ਤੇ ਸਟੈਥੋਸਕੋਪ ਅਤੇ ਨਜਰ ਵਾਲੀਆਂ ਐਨਕਾਂ ਲਾ ਦਿੱਤੀਆਂ। ਗੁਰਮੀਤ ਕੌਰ(ਸਕੂਲ ਅਧਿਆਪਕਾ), ਸੂਰਜ ਕਾਲਰਾ(ਸਰਪੰਚ), ਨਵਦੀਪ ਸਿੰਘ( ਡਾਕਟਰ) ਨਾਲ ਮੈਂ ਰਿਹਰਸਲ ਸ਼ੁਰੂ ਕਰ ਦਿੱਤੀ। ਪਹਿਲੇ ਹਫਤੇ ਤਾਂ ਮੈਂ ਇਹੋ ਸੋਚਦਾ ਰਿਹਾ ਕਿ ਕਿਥੇ ਨਾਟਕ ਦਾ ਪੰਗਾ ਪਾ ਲਿਆ। ਬੱਚੇ ਜਲਦੀ ਜਲਦੀ ਗੱਲ ਨਹੀਂ ਸੀ ਸਮਝਦੇ ਜਾਂ ਇਹ ਵੀ ਹੋ ਸਕਦਾ ਹੈ ਕਿ ਮੈਂ ਹੀ ਠੀਕ ਤਰਾਂ ਨਾਲ ਸਮਝਾ ਨਹੀਂ ਸੀ ਸਕਦਾ। ਤਿੰਨੋ ਬੱਚੇ ਪਹਿਲੀ ਵਾਰ ਨਾਟਕ ਵਿਚ ਭਾਗ ਲੈ ਰਹੇ ਸੀ ਅਤੇ ਮੈਂ ਪਹਿਲੀ ਵਾਰ ਨਾਟਕ ਦਾ ਨਿਰਦੇਸ਼ਕ ਬਣਿਆ ਸੀ। ਪਰ ਹੌਲੀ ਹੌਲੀ ਗੱਡੀ ਲੀਹ ਤੇ ਆਉਣ ਲੱਗੀ। ਤਿੰਨੋ ਬੱਚੇ ਆਪਣੇ ਵੱਖਰੇ-ਵਖੱਰੇ ਪਾਤਰਾਂ ਨੂੰ ਸਮਝਣ ਲੱਗੇ। ਮੇਰੀ ਵੀ ਰੰਗ-ਮੰਚ ਦੀ ਭੁੱਖ ਤ੍ਰਿਪਤ ਹੋਣ ਲੱਗੀ।

ਉਨ੍ਹਾਂ ਦਿਨਾਂ ਵਿਚ ਹੀ ਸਟੇਟ ਬੈਂਕ ਆਫ ਪਟਿਆਲਾ(ਹੈਡ ਆਫਿਸ, ਪਟਿਆਲਾ) ਵੱਲੋਂ ਅੰਤਰ ਸਕੂਲ ਨਾਟਕ ਮੁਕਾਬਲੇ ਦਾ ਸੱਦਾ ਆ ਗਿਆ। ਸਾਡੇ ਕੋਲ ਪੰਦਰਾਂ ਕੁ ਦਿਨ ਹੋਰ ਸਨ। ਮੈਂ ਰਿਹਰਸਲ ਲਈ ਕੁਝ ਜਿਆਦਾ ਸਮਾਂ ਕੱਢਣਾ ਚਾਹੁਦਾ ਸੀ, ਪਰ ਸਕੂਲ ਦੀਆਂ ਕਈ ਹੋਰ ਗਤੀਵਿਧੀਆਂ ਕਰਕੇ ਆਡੀਟੋਰੀਅਮ ਖਾਲੀ ਨਹੀਂ ਸੀ ਹੁੰਦਾ। ਮੈਂ ਮਹਿਸੂਸ ਕੀਤਾ ਕਿ ਚਾਰੇ ਕਲਾਕਾਰ ਆਪਣੇ ਵੱਲੋਂ ਪੂਰਾ ਜੋਰ ਲਾ ਰਹੇ ਸੀ। ਗੁਰਮੀਤ ਆਪਣੇ ਚਿਹਰੇ ਦੇ ਹਾਵ-ਭਾਵ ਕੁਦਰਤੀ ਹੀ ਬਦਲ ਲੈਂਦੀ ਸੀ। ਉਸ ਵਿਚ ਸੁੱਚਜੀ ਅਦਾਕਾਰ ਵਾਲੇ ਗੁਣ ਸੀ। ਅਧਿਆਪਕ ਵਜੋਂ ਵਿਦਿਆਰਥੀ ਨਾਲ ਗੱਲ ਕਰਨ ਦਾ ਲਹਿਜ਼ਾ ਹੋਰ ਸੀ, ਵਿਦਿਆਰਥੀ ਦੇ ਪਿਓ ਨਾਲ ਹੋਰ ਅਤੇ ਹੈਡਮਾਸਟਰ ਨਾਲ ਚਾਪਲੂਸੀ ਵਾਲਾ। ਜਦੋਂ ਉਹ ਮਰੀਜ ਬਣ ਕੇ ਆਉਂਦੀ ਹੈ ਤਾਂ ਇਕੋ ਦਮ ਗਰੀਬੀ ਤੇ ਬਿਮਾਰੀ ਦੀ ਝੰਬੀ ਪੇਂਡੂ ਔਰਤ ਬਣ ਗਈ। ਸੂਰਜ ਕਾਲਰਾ ਅਤੇ ਨਵਦੀਪ ਨੇ ਵੀ ਬਹੁਤ ਮਿਹਨਤ ਕੀਤੀ ਅਤੇ ਵਧੀਆ ਅਦਾਕਾਰ ਦੇ ਤੌਰ ਤੇ ਆਪਣੇ ਆਪ ਨੂੰ ਪੇਸ਼ ਕੀਤਾ। ਨਵਦੀਪ ਨੂੰ ਵਿਦਿਆਰਥੀ ਦੇ ਰੂਪ ਵਿਚ ਦੇਖ ਕੇ ਅਤੇ ਉਸ ਤੋਂ ਬਾਅਦ ਡਾਕਟਰ ਦੇ ਕਿਰਦਾਰ ਵਿਚ ਦੇਖ ਕੇ ਇਹ ਅੰਦਾਜਾ ਲਾਉਣਾ ਮੁਸ਼ਕਲ ਸੀ ਕਿ ਦੋਵੇਂ ਰੋਲ ਇਕੋ ਪਾਤਰ ਕਰ ਰਿਹਾ ਹੈ। ਸੂਰਜ ਕਾਲਰਾ ਵੀ ਸਰਪੰਚ ਅਤੇ ਬੱਚੇ ਦੇ ਪਿਤਾ ਦੇ ਰੂਪ ਵਿਚ ਵਖਰੇ-ਵਖਰੇ ਅੰਦਾਜ ਵਿਚ ਸਾਹਮਣੇ ਆਇਆ। ਚੌਥੇ ਕਿਰਦਾਰ(ਦਰਸ਼ਕ) ਲਈ ਮੈਂ ਦੋ ਬੱਚੇ ਤਿਆਰ ਕੀਤੇ-ਅਦਵਿਤਆ ਮੋਹਨ ਅਤੇ ਜਸਬੀਰ ਸਿੰਘ। ਦੋਵਾਂ ਨੇ ਬਾਰੀ ਬਾਰੀ ਵਧੀਆ ਅਦਾਕਾਰੀ ਕੀਤੀ।

ਪਟਿਆਲਾ ਜਾਣ ਤੋਂ ਪਹਿਲਾਂ ਅਸੀਂ ਇਕ ਸ਼ੋਅ ਸਕੂਲ ਦੇ ਵਿਦਿਆਰਥੀਆਂ ਲਈ ਕੀਤਾ। ਸਕੂਲ ਦੇ ਵਿਦਿਆਰਥੀਆਂ ਦਾ ਇਸ ਨਾਟਕ ਪ੍ਰਤੀ ਉਤਸ਼ਾਹ ਬਹੁਤ ਸੀ। ਇਕ ਤਾਂ ਅੰਗਰੇਜੀ ਮਾਧਿਅਮ ਸਕੂਲ ਹੋਣ ਕਰਕੇ ਪੰਜਾਬੀ ਦੇ ਨਾਟਕ ਬਹੁਤ ਹੀ ਘੱਟ ਹੁੰਦੇ ਸਨ। ਦੂਜਾ ਨਾਟਕ ਦਾ ਨਾਂ 'ਉੱਕੜ ਦੁੱਕੜ ਭੰਬਾ ਭੌ' ਵੀ ਬੱਚਿਆਂ ਨੂੰ ਦਿਲਚਸਪ ਲੱਗਿਆ। ਤੀਜਾ, ਨਾਟਕ ਦੇ ਕਲਾਕਾਰ ਹੀ ਦੂਜੇ ਵਿਦਿਆਰਥੀਆਂ ਨਾਲ ਨਾਟਕ ਦੀਆਂ ਗੱਲਾਂ ਕਰਦੇ ਰਹਿੰਦੇ।

ਸਾਡੀ ਤਿਆਰੀ ਪੂਰੀ ਸੀ। ਚਾਰੇ ਕਲਾਕਾਰ ਚੜ੍ਹਦੀ ਕਲਾ ਵਿਚ ਸਨ। ਸਕੂਲ ਦੇ ਹੈੱਡ ਅਲੈਕਟਰੀਸ਼ੀਅਨ, ਪਿਲਾ ਰਾਮ ਨੇ ਖਰਾਬ ਪਏ ਡਿਮਰ ਦੇ ਤਿੰਨ ਯੂਨਿਟ ਚਾਲੂ ਕਰਕੇ ਮੇਰੀ ਰੌਸ਼ਨੀ ਦੇ ਕੁਝ ਪ੍ਰਭਾਵ ਦੇਣ ਦੀ ਸਮੱਸਿਆ ਹਲ ਕਰ ਦਿੱਤੀ ਸੀ। ਮੈਂ ਆਪਣੇ ਮਿੱਤਰ ਅਤੇ ਫਜਿਕਸ ਅਧਿਆਪਕ ਆਰ ਸੀ ਸਿੰਘ ਨੂੰ ਲਾਈਟਾਂ ਦੀ ਜਿਮੇਦਾਰੀ ਸੌਂਪ ਦਿੱਤੀ। ਪਿਛੋਕੜ ਸੰਗੀਤ ਦਾ ਮੈਨੂੰ ਬਹੁਤਾ ਗਿਆਨ ਨਹੀਂ ਸੀ, ਇਸ ਲਈ ਮੈਂ ਸਕੂਲ ਦੇ ਸੰਗੀਤ ਅਧਿਆਪਕ ਓ ਪੀ ਵਰਮਾ ਸਾਹਿਬ ਦੀ ਡਿਊਟੀ ਲਾਈ। ਵਰਮਾ ਸਾਹਿਬ ਹਰਮੋਨੀਅਮ ਦੇ ਤਾਂ ਮਾਹਿਰ ਸੀ ਪਰ ਉਨ੍ਹਾਂ ਨੂੰ ਵੀ ਨਾਟਕ ਦੇ ਪਿਛੋਕੜ ਸੰਗੀਤ ਸੰਬੰਧੀ ਕੁਝ ਨਹੀਂ ਸੀ ਪਤਾ। ਸੋ ਉਨ੍ਹਾਂ ਨੇ ਆਰਕੈਸਟਰਾ ਨਾਲ ਕੰਮ ਸਾਰ ਦਿੱਤਾ। ਸਾਰੇ ਸਕੂਲ ਸਾਹਮਣੇ ਇਹ ਮੇਰਾ ਪਹਿਲਾ ਨਾਟਕ ਸੀ। ਮੈਨੂੰ ਡਰ ਲੱਗ ਰਿਹਾ ਸੀ। ਮੇਰੇ ਸਾਥੀ ਅਧਿਆਪਕ ਰਵੀ ਨੇ ਮੇਰਾ ਹੌਂਸਲਾ ਵਧਾਇਆ। ਨਾਟਕ ਸ਼ੁਰੂ ਹੋਇਆ। ਪਹਿਲੇ ਦ੍ਰਿਸ਼ ਵਿਚ ਸਰਪੰਚ ਦੇ ਮੁੰਡੇ ਦੁਆਰਾ ਸਤਾਈ ਔਰਤ ਦੇ ਰੂਪ ਵਿਚ ਗੁਰਮੀਤ ਦਾ ਬੋਲਿਆ ਪਹਿਲਾ ਵਾਕ, " ਵੇ ਸਰਪੰਚਾਂ, ਮੈਂ ਲੁੱਟੀ ਗਈ। ਮੈਂ ਕਿਤੇ ਜੋਗੀ ਨਹੀਂ ਰਹੀ।" ਅਤੇ ਉਸ ਦੇ ਪ੍ਰਤੀਕਰਮ ਵਜੋਂ ਸਰਪੰਚ(ਸੂਰਜ ਕਾਲਰਾ) ਉਬੜਵਾਹੇ ਉਠਦਾ ਹੋਇਆ ਕਹਿੰਦਾ ਹੈਂ, " ਕੌਣ ਹੈ? ਕੀ ਹੋ ਗਿਆ? ਕੌਣ ਹੈ ਤੂੰ?" ਨਾਲ ਹੀ ਹਾਲ ਵਿਚ ਸਨਾਟਾ ਛਾ ਜਾਂਦਾ ਹੈ। ਗੁਰਮੀਤ ਅਤੇ ਸੂਰਜ ਬੜੇ ਸਹਿਜ ਨਾਲ ਨਾਟਕ ਨੂੰ ਸਹੀ ਦਿਸ਼ਾ ਵੱਲ ਲੈ ਜਾ ਰਹੇ ਸਨ। ਜਦੋਂ ਨਵਦੀਪ (ਸਰਪੰਚ ਦੇ ਮੁੰਡੇ ਦੇ ਰੂਪ ਵਿਚ) ਆ ਕੇ ਰੁੱਖੇ ਜਿਹੇ ਢੰਗ ਨਾਲ ਗੱਲ ਕਰਦਾ ਹੈ ਤਾਂ ਸਰਪੰਚ ਨੂੰ ਪਤਾ ਲੱਗ ਜਾਂਦਾ ਹੈ ਕਿ ਉਸ ਦੇ ਮੁੰਡੇ ਨੇ ਹੀ ਕੋਈ ਕਾਰਾ ਕੀਤਾ ਹੈ ਅਤੇ ਉਹ ਇਕੋ ਦਮ ਗੱਲ ਕਰਨ ਦਾ ਲਹਿਜ਼ਾ ਬਦਲ ਲੈਂਦਾ ਹੈ। ਕਹਿਣ ਤੋਂ ਭਾਵ ਕਿ ਨਾਟਕ ਦੇ ਕਿਰਦਾਰ ਸਥਿਤੀ ਅਨੁਸਾਰ ਬਦਲ ਰਹੇ ਸਨ ਅਤੇ ਉਹ ਆਪਣੇ ਅੰਦਰ ਛੁਪੀ ਪ੍ਰਤਿਭਾ ਨੂੰ ਪੇਸ਼ ਕਰ ਰਹੇ ਸਨ। ਨਾਟਕ ਦੀ ਅਜਿਹੀ ਸ਼ੁਰੂਆਤ ਤੋਂ ਮੈਂ ਦਿਲੋਂ ਖੁਸ਼ ਸੀ। ਦਰਸ਼ਕਾਂ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲ ਰਿਹਾ ਸੀ। ਨਾਟਕ ਸਹੀ ਦਿਸ਼ਾ ਵੱਲ ਜਾ ਰਿਹਾ ਸੀ। ਇਹਨਾਂ ਤਿੰਨੋ ਪਾਤਰਾਂ ਨੇ ਨਾਟਕ ਨੂੰ ਸਫਲਤਾ ਬਖਸ਼ੀ।

ਅਖੀਰਲੇ ਦ੍ਰਿਸ਼ ਵਿਚ ਪਾਤਰ 'ਦਰਸ਼ਕ' ਨੂੰ ਮੈਂ ਦਰਸ਼ਕਾਂ ਵਿਚ ਹੀ ਬਿਠਾਇਆ ਹੋਇਆ ਸੀ। ਜਦ ਉਹ ਆਪਣੀ ਸੀਟ ਤੋਂ ਉਠ ਕੇ ਮੰਚ ਵੱਲ ਜਾਂਦਾ ਹੈ ਤਾਂ ਦਰਸ਼ਕ ਹੈਰਾਨ ਹੁੰਦੇ ਹਨ। ਨਾਟਕ ਦੀ ਕਹਾਣੀ ਅਨੁਸਾਰ ਦਰਸ਼ਕਾਂ ਵਿਚੋਂ ਇਕ ਦਰਸ਼ਕ ਨੂੰ ਇਸ ਲਈ ਬੁਲਾਇਆ ਜਾਂਦਾ ਹੈ ਕਿ ਸਾਡੇ ਆਲੇ-ਦੁਆਲੇ ਜੋ ਵੀ ਗਲਤ ਹੋ ਰਿਹਾ ਹੈ, ਉਸਦਾ ਅਸਲੀ ਜਿਮੇਦਾਰ ਕੌਣ ਹੈ। ਇਕ ਪਾਤਰ ਕਹਿੰਦਾ ਹੈ ਕਿ ਉੱਕੜ ਦੁੱਕੜ—ਕਰ ਕੇ ਦੇਖ ਲੈਂਦੇ ਹਾਂ। ਜਿਸ ਤੇ 'ਖੋਟੇ' ਦਾ ਇਸ਼ਾਰਾ ਆ ਗਿਆ, ਉਹੀ ਜਿਮੇਦਾਰ ਮੰਨਿਆ ਜਾਵੇ ਗਾ। ਸਰਪੰਚ, ਅਧਿਆਪਕਾ ਅਤੇ ਡਾਕਟਰ "ਉੱਕੜ ਦੁੱਕੜ—ਵਾਲੀ ਮੁਹਾਰਨੀ ਇਸ ਤਰਾਂ ਬੋਲਦੇ ਹਨ ਕਿ ਆਈ ਵਾਰ 'ਖੋਟਾ' ਸ਼ਬਦ ਦਰਸ਼ਕ ਤੇ ਹੀ ਆਉਂਦਾ ਹੈ। ਇਥੇ ਹੀ ਨਾਟਕ ਖਤਮ ਹੋ ਜਾਂਦਾ ਹੈ। ਇਸ ਰਾਹੀਂ ਇਹ ਦਰਸਾਉਣ ਦਾ ਯਤਨ ਕੀਤਾ ਗਿਆ ਕਿ ਰਾਜਸੀ ਪੱਧਰ, ਸਰਕਾਰੀ ਕਰਮਚਾਰੀਆਂ ਅਤੇ ਵੱਡੇ ਰੁਤਬਿਆਂ ਤੱਕ ਜੋ ਰਿਸ਼ਵਤਖੋਰੀ ਦਾ ਮਾਹੌਲ ਹੈ, ਉਸਦੀ ਅਸਲੀ ਦੋਸ਼ੀ ਆਮ ਜਨਤਾ ਹੀ ਹੈ, ਜੋ ਅਜਿਹੇ ਵਤੀਰੇ ਵਿਰੁੱਧ ਅਵਾਜ ਨਹੀਂ ਉਠਾਉਂਦੀ। ਸਾਰੇ ਨਾਟਕ ਵਿਚ ਹੀ ਸਾਡੇ ਦੇਸ਼ ਵਿਚ ਫੈਲੇ ਬੇਈਮਾਨੀ ਅਤੇ ਰਿਸ਼ਵਤਖੋਰੀ ਦੇ ਹਾਲਾਤ ਨੂੰ ਉਜਾਗਰ ਕੀਤਾ ਗਿਆ ਸੀ।

ਜਦੋਂ ਮੈਂ ਸਾਰੇ ਪਾਤਰਾਂ ਦੀ ਜਾਣ ਪਹਿਚਾਣ ਕਰਵਾਈ ਤਾਂ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕ ਸਹਿਬਾਨ ਵੱਲੋਂ ਸਾਰਾ ਆਡੀਟੋਰੀਅਮ ਤਾੜੀਆਂ ਨਾਲ ਗੂੰਜ ਰਿਹਾ ਸੀ। ਮੁੱਖ ਅਧਿਆਪਕ ਗਰੁੱਪ ਕੈਪਟਨ ਏ ਜੀ ਐਸ ਗਰੇਵਾਲ ਵੱਲੋਂ ਪੂਰੀ ਟੀਮ ਦੀ ਬਹੁਤ ਤਾਰੀਫ ਕੀਤੀ ਗਈ ਅਤੇ ਅਗਲੇ ਦਿਨ ਦੇ ਨਾਟਕ

**ਯਾਦਾਂ ਦੇ ਝਰੋਖੇ 'ਚੋਂ**

ਮੁਕਾਬਲੇ ਲਈ ਸ਼ੁਭ ਇਛਾਵਾਂ ਦਿੱਤੀਆਂ।

ਅਗਲੇ ਦਿਨ ਸਾਰੇ ਕਲਾਕਾਰਾਂ ਨੇ ਨਵੇਂ ਜੋਸ਼ ਨਾਲ ਨਾਟਕ ਦੀ ਪੇਸ਼ਕਾਰੀ ਕੀਤੀ। ਮੈਨੂੰ ਯਾਦ ਹੈ ਕਿ ਮੁਕਾਬਲੇ ਵਿਚ ਛੇ ਜਾਂ ਸੱਤ ਟੀਮਾਂ ਸਨ। ਕੁਝ ਸਕੂਲਾਂ ਨੇ ਪੇਸ਼ੇਵਰ ਪੱਧਰ ਦੇ ਨਿਰਦੇਸ਼ਕਾਂ ਤੋਂ ਨਾਟਕ ਤਿਆਰ ਕਰਵਾਏ ਸਨ। ਪਰ ਨਤੀਜੇ ਨੇ ਪਾਰੀ ਪਲਟ ਦਿੱਤੀ। ਸਾਡੇ ਨਾਟਕ ਨੂੰ ਮੁਕਾਬਲੇ ਦਾ ਵਧੀਆ ਨਾਟਕ ਹੀ ਨਾ ਚੁਣਿਆ ਗਿਆ, ਸਗੋਂ ਵਧੀਆ ਅਦਾਕਾਰਾ, ਵਧੀਆ ਨਿਰਦੇਸ਼ਕ, ਅਤੇ ਮੇਕਅੱਪ ਲਈ ਦੂਜਾ ਸਥਾਨ ਮਿਲਿਆ। ਅਖਬਾਰਾਂ ਵਿਚ ਨਾਟਕ ਦੀ ਬਹੁਤ ਚਰਚਾ ਹੋਈ। ਪੰਜਾਬੀ ਦੇ ਪ੍ਰਸਿੱਧ ਨਾਟਕਕਾਰ ਸਰਦਾਰ ਕਪੂਰ ਸਿੰਘ ਘੁੰਮਣ ਨੇ ਲਿਖਿਆ, " ਨਾਟਕ ਉੱਕੜ ਦੁੱਕੜ ਭੰਬਾ ਭੌ ਦੀ ਖਾਸੀਅਤ ਇਸ ਦੀ ਸਕ੍ਰਿਪਟ ਹੈ। ਇਹ ਨਾਟਕ ਆਪਣੀ ਤਕਨੀਕ ਆਪ ਹੀ ਲੈ ਕੇ ਪੈਦਾ ਹੋਇਆ ਹੈ। ਦਰਸ਼ਕ ਆਪਣੇ ਆਪ ਤੇ ਹੀ ਹੱਸਣ ਲਈ ਮਜਬੂਰ ਹੁੰਦੇ ਹਨ।" ਡਾਕਟਰ ਕੁਲਦੀਪ ਸਿੰਘ ਧੀਰ ਨੇ 1981 ਦੇ ਨਾਟਕਾਂ ਦਾ ਲੇਖਾ-ਜੋਖਾ ਕਰਦੇ ਹੋਏ ਇਸ ਨਾਟਕ ਨੂੰ ਸਾਲ ਦਾ ਸਭ ਤੋਂ ਵਧੀਆ ਨਾਟਕ ਮੰਨਿਆ ਸੀ। ਵਿਦਵਾਨਾਂ ਦੀਆਂ ਅਜਿਹੀਆਂ ਉਸਾਰੀ ਟਿਪਣੀਆਂ ਤੋਂ ਮੈਨੂੰ ਜਿਥੇ ਹੋਰ ਨਾਟਕ ਲਿਖਣ ਦੀ ਪ੍ਰੇਰਣਾ ਮਿਲੀ, ਉਥੇ ਹੀ ਵਿਦਿਆਰਥੀਆਂ ਨਾਲ ਹੋਰ ਰੰਗ-ਮੰਚ ਕਰਨ ਲਈ ਵੀ ਉਤਸ਼ਾਹ ਮਿਲਿਆ।

ਇਹ ਨਾਟਕ ਨੂੰ ਪੰਜਾਬ ਪਬਲਿਕ ਸਕੂਲ ਦੀ ਐਗਜੈਕਟਿਵ ਕਮੇਟੀ ਨੂੰ ਵੀ ਵਿਸ਼ੇਸ਼ ਤੌਰ ਤੇ ਦਿਖਾਇਆ ਗਿਆ। ਕਮੇਟੀ ਦੇ ਉਸ ਸਮੇਂ ਦੇ ਚੇਅਰਮੈਨ ਮੇਜਰ ਜਨਰਲ ਰਾਜਿੰਦਰਾ ਨਾਥ, ਜੇ ਓ ਸੀ, ਪੰਜਾਬ, ਹਰਿਆਣਾ ਹਿਮਾਚਲ ਪ੍ਰਦੇਸ਼ ਇਸ ਨਾਟਕ ਤੋਂ ਐਨੇ ਖੁਸ਼ ਹੋਏ ਕਿ ਉਨ੍ਹਾਂ ਨੇ ਸਟੇਜ ਤੇ ਆ ਕੇ ਕਲਾਕਾਰਾਂ ਦੀ ਰਸਮੀ ਪ੍ਰਸੰਸਾ ਹੀ ਨਹੀਂ ਕੀਤੀ ਬਲਕਿ ਉਸ ਸਾਲ ਦੇ ਹੋਣ ਵਾਲੇ ਸਕੂਲ ਫਾਊਂਡਰ ਡੇ(ਸਲਾਨਾ ਸਮਾਗਮ) ਤੇ ਸਾਰੀ ਟੀਮ ਨੂੰ ਵਿਸ਼ੇਸ਼ ਸਨਮਾਨ ਕਰਨ ਦਾ ਐਲਾਨ ਵੀ ਕੀਤਾ।

ਇਥੇ ਮੈਂ ਇਹ ਲਿਖਣ ਵਿਚ ਫਖਰ ਮਹਿਸੂਸ ਕਰਦਾ ਹਾਂ ਕਿ ਇਸ ਨਾਟਕ ਵਿਚ ਭਾਗ ਲੈਣ ਵਾਲੇ ਚਾਰੇ ਵਿਦਿਆਰਥੀ ਵਧੀਆ ਕਲਾਕਾਰ ਹੀ ਨਹੀਂ ਸਗੋਂ ਮਿਹਨਤ ਕਰਕੇ ਆਪਣੀ ਜਿੰਦਗੀ ਵਿਚ ਉੱਚੇ ਮੁਕਾਮ ਤੱਕ ਪਹੁੰਚੇ। ਨਵਦੀਪ ਸਿੰਘ ਬ੍ਰਗੇਡੀਅਰ ਦੇ ਅਹੁਦੇ ਤੱਕ ਪਹੁੰਚਿਆ, ਗੁਰਮੀਤ ਅੰਗਰੇਜੀ ਦੀ ਲੈਕਚਰਾਰ ਹੈ, ਸੂਰਜ ਕਾਲਰਾ, ਐਮ ਬੀ ਏ ਕਰਕੇ ਅਹਿਮ ਜਿਮੇਦਾਰੀ ਨਿਭਾ ਰਿਹਾ ਹੈ, ਅਦਵਿਤਿਆ ਮੋਹਨ ਵੀ ਐਨ ਡੀ ਏ ਕਰਕੇ ਮਿਲਟਰੀ ਦੇ ਉੱਚ ਅਹੁਦੇ ਤੱਕ ਪਹੁੰਚਿਆ। ਇਸ ਆਰਟੀਕਲ ਲਈ ਗੁਰਮੀਤ ਕੌਰ ਵੱਲੋਂ ਚਾਲੀ ਸਾਲ ਤੋਂ ਸਾਂਭੀਆਂ ਫੋਟੋਆਂ ਕੰਮ ਆਈਆਂ। ਇਸ ਨਾਟਕ ਤੋਂ ਬਾਅਦ ਵੀ ਮੈਂ ਆਪਣੇ ਵਿਦਿਆਰਥੀਆਂ ਨਾਲ ਹੋਰ ਕਈ ਨਾਟਕ ਖੇਡੇ ਜਿਸ ਕਰਕੇ ਮੈਨੂੰ ਬੱਚਿਆਂ ਦੇ ਮਨੋਵਿਗਿਆਨ ਨੂੰ ਸਮਝਣ ਵਿਚ ਬਹੁਤ ਸਹਾਇਤਾ ਮਿਲੀ ਅਤੇ ਮੈਂ ਬਤੌਰ ਅਧਿਆਪਕ ਆਪਣੇ ਫਰਜ ਠੀਕ ਤਰਾਂ ਨਿਭਾ ਸਕਿਆ।



ਮੁੱਖ ਮਹਿਮਾਨ ਤੋਂ ਟਰਾਫੀ ਲੈਂਦੇ ਹੋਏ

# ਠੰਢੀ ਹਵਾ ਦਾ ਬੁੱਲਾ ਫਿਲਮ 'ਤੁਣਕਾ ਤੁਣਕਾ'

ਤਾਲਾਬੰਦੀ ਦੇ ਲੰਮੇ ਦੌਰ ਮਗਰੋਂ 5 ਅਗਸਤ ਦੀ ਰਾਤ ਨੂੰ ਪੰਜਾਬੀ ਫਿਲਮ 'ਤੁਣਕਾ ਤੁਣਕਾ' ਦਾ ਪ੍ਰੀਮੀਅਰ ਹੋਇਆ। ਇਹ ਫਿਲਮ ਚੰਡੀਗੜ੍ਹ ਸਣੇ ਪੰਜਾਬ ਦੇ ਵੱਡੀ ਗਿਣਤੀ ਸਿਨਮਿਆਂ ਦਾ ਸ਼ਿੰਗਾਰ ਬਣੀ ਹੈ।

ਇਹ ਫਿਲਮ ਸਾਈਕਲਿੰਗ ਨੂੰ ਸਮਰਪਿਤ ਹੈ ਜੋ ਕੋਚ ਅਤੇ ਬੱਚੇ ਦੀ ਯਾਤਰਾ ਹੈ। ਮਾਂ-

**ਦਵੀ ਦਵਿੰਦਰ ਕੌਰ**

ਮਹਿੱਟਰ ਬੱਚਾ ਦੌੜਦਾ ਹੈ, ਰੇਲ ਗੱਡੀ ਨਾਲ ਦੌੜ ਲਾਉਂਦਾ ਹੈ। ਦੂਰ ਤਕ ਦੌੜਦਾ ਉਹ ਦੁਨਿਆਵੀ ਨਜ਼ਰਾਂ ਵਿਚ ਅਸਫਲ ਮਨੁੱਖ ਮੰਨੇ ਜਾਂਦੇ ਇਕ ਕੋਚ ਦੀ ਨਜ਼ਰੇ ਚੜ੍ਹਦਾ ਹੈ ਤੇ ਚੰਗਾ ਸਾਈਕਲਿਸਟ ਬਣਦਾ ਹੈ। ਦੋਵਾਂ ਦਾ ਇਹ ਸਫਰ ਇਕ-ਦੂਜੇ ਦਾ ਭਰੋਸਾ ਜਿੱਤ ਕੇ ਦੁਨਿਆਵੀ ਅੜਿੱਕੇ ਪਾਰ ਕਰਕੇ ਵੱਡੀ ਬਿਮਾਰੀ ਨੂੰ ਮਾਤ ਦੇ ਕੇ ਅੱਗੇ ਵਧਣ ਦਾ ਸਫਰ ਹੈ। ਇਹੀ ਸਫਰ ਦੋਵਾਂ ਦੇ ਖਰਾ, ਖਾਲਸ ਮਨੁੱਖ ਬਣਨ ਦਾ ਗਵਾਹ ਹੈ। ਇਹ ਫਿਲਮ ਰਿਸ਼ਤਿਆਂ ਦਾ ਨਿੱਘ ਮੁੜ ਬਣਾ ਸਕਣ ਦੀ ਸਮਰੱਥਾ ਦੀ ਕਹਾਣੀ ਹੈ।

ਤਾਲਾਬੰਦੀ ਤੇ ਮਨਾਹੀਆਂ ਤੇ ਨਿਰਾਸ਼ਾ ਭਰਪੂਰ ਲੰਮੇ ਦੌਰ ਮਗਰੋਂ ਜਦੋਂ ਇਸ ਵੇਲੇ ਓਲੰਪਿਕ ਖੇਡਾਂ ਹੋ ਰਹੀਆਂ ਹਨ ਤੇ ਸਾਡੇ ਗੱਭਰੂ, ਮੁਟਿਆਰਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਹਾਕੀ ਵਿਚ ਗੱਭਰੂਆਂ ਨੇ ਮੈਡਲ ਦੀ ਮੱਲ ਮਾਰੀ ਹੈ ਤੇ ਮੁਟਿਆਰਾਂ ਜੀਅ-ਜਾਨ ਨਾਲ ਖੇਡੀਆਂ। ਜੇ ਇਸ ਨੂੰ ਖੇਤਰਵਾਦ ਦਾ ਨਾਮ ਨਾ ਦੇਈਏ ਤਾਂ ਪੰਜਾਬ ਦੇ ਖਿਡਾਰੀਆਂ 'ਤੇ ਨਾਜ਼ ਕੀਤਾ ਜਾ ਸਕਦਾ ਹੈ। ਸਾਡੇ ਲਈ ਇਹ ਠੰਢੀ ਹਵਾ ਦਾ ਬੁੱਲ੍ਹਾ ਹੈ। ਇਸੇ ਤਰਜ਼ 'ਤੇ ਠੰਢੀ ਹਵਾ ਦਾ ਬੁੱਲ੍ਹਾ ਲੈ ਕੇ ਆਈ ਹੈ ਫਿਲਮ 'ਤੁਣਕਾ ਤੁਣਕਾ'। ਇਸ ਵਿਚ ਜੱਟਵਾਦ ਤੇ ਹਥਿਆਰਾਂ, ਹਵੇਲੀਆਂ ਦੀਆਂ ਫੜ੍ਹਾਂ ਨਹੀਂ ਮਾਰੀਆਂ ਗਈਆਂ। ਪੁਰਾਣੇ ਸਭਿਆਚਾਰ ਨੂੰ ਜਿਊਂਦਾ ਰੱਖਣ ਦੇ ਨਾਮ 'ਤੇ ਫੂਹੜ ਕਿਸਮ ਦੀਆਂ ਜਗੀਰੂ ਰੁਚੀਆਂ ਤੇ ਰੂੜੀਆਂ ਦੇ ਕਸੀਦੇ ਨਹੀਂ ਪੜ੍ਹੇ ਗਏ ਸਗੋਂ ਫਿਲਮ ਦਾ ਨਾਇਕ ਤੇ ਉਸ ਦਾ ਕੋਚ ਆਪਣੀਆਂ ਹਾਰਾਂ, ਮੋਹ ਦੀ ਥੁੜ੍ਹ ਨੂੰ ਆਪਣੀ ਤਾਕਤ ਬਣਾ ਕੇ ਅੱਗੇ ਵਧਦੇ ਹਨ। ਉਹ ਆਲੇ ਦੁਆਲੇ ਪੈਦਾ ਹੁੰਦੇ ਅੜਿੱਕਿਆਂ ਨਾਲ ਸਹਿਜਤਾ ਨਾਲ ਦਸਤਪੰਜਾ ਲੈਂਦੇ ਰਾਹ ਲੱਭਦੇ ਹਨ। ਇਹੋ ਇਸ ਫਿਲਮ ਦੀ ਪ੍ਰਾਪਤੀ ਹੈ। ਫਿਲਮ ਦੀ ਗਾਇਕੀ ਨਾਅਰੇਬਾਜ਼ੀ ਤੇ ਮਾਅਰਕੇਬਾਜ਼ੀ ਤੋਂ ਹਟ ਕੇ ਹੈ।

ਕਸ਼ਮੀਰ ਵਿਚੋਂ ਧਾਰਾ 370 ਹਟਾਏ ਜਾਣ ਤੇ ਉਥੋਂ ਦੇ ਲੋਕਾਂ ਨੂੰ ਇੰਟਰਨੈੱਟ ਤੋਂ ਮਹਿਰੂਮ ਕਰਨ, ਨਾਗਰਿਕਤਾ ਸਬੰਧੀ ਸੋਧ ਕਾਨੂੰਨ ਲਿਆਂਦੇ ਜਾਣ ਮਗਰੋਂ ਤੇ ਫਿਰ ਸਭ ਤੋਂ ਵੱਡਾ ਮਸਲਾ ਨਵੇਂ ਖੇਤੀ ਕਾਨੂੰਨਾਂ ਦੀ ਆਮਦ ਨਾਲ ਪੰਜਾਬ ਵਿਚ ਬੌਧਿਕ, ਸਭਿਆਚਾਰਕ ਤਬਦੀਲੀ ਦੀਆਂ ਸੰਭਾਵਨਾਵਾਂ ਨਜ਼ਰ ਆਉਣ ਲੱਗੀਆਂ ਹਨ। ਪੰਜਾਬ ਨਵੇਂ ਸਿਰਿਓਂ ਲੋਕ ਪੱਖੀ ਕਲਾਵਾਂ, ਕਿਤਾਬਾਂ ਨਾਲ ਜੁੜਦਾ ਜਾਪ ਰਿਹਾ ਹੈ। ਆਰਥਕ, ਸਮਾਜਕ ਅਤੇ ਬੌਧਿਕ ਪਛੜੇਵੇਂ ਦੇ ਨਾਲ ਹੀ ਕੋਈ ਵੀ ਸਮਾਜ ਕਲਾ ਖੇਤਰ ਵਿਚ ਵੀ ਬਦਹਜ਼ਮੀ ਦਾ ਸ਼ਿਕਾਰ ਹੋ ਜਾਂਦਾ ਹੈ। ਸੋ, ਪੰਜਾਬ ਦੀਆਂ ਫਿਲਮਾਂ ਵੀ ਹੋਛੇਪਣ ਤੇ ਕੰਗਾਲੀ ਦਾ ਸ਼ਿਕਾਰ ਹੋਈਆਂ, ਹਾਲਾਂਕਿ ਮੁਨਾਫਾ ਵਧਿਆ ਸੀ। ਇਹ ਕੰਗਾਲੀ ਸੂਖਮ ਨਜ਼ਰ ਨਾਲ ਹੀ ਵਾਚੀ ਜਾ ਸਕਦੀ ਹੈ। ਓਪਰੀ ਨਜ਼ਰੇ ਇਨ੍ਹਾਂ ਵਿਚ ਕੁਝ ਵੀ ਮਾੜਾ ਨਜ਼ਰ ਨਹੀਂ ਆਉਂਦਾ। ਇਹ ਉਹ ਸਿਨਮਾ ਸੀ ਜਿਸ ਨੇ ਲੋਕਾਂ ਨੂੰ ਉਨ੍ਹਾਂ ਦੇ ਅਸਲਖਾਸੇ ਨਾਲੋਂ ਤੋੜ ਕੇ ਹਲਕੇ ਹੋਛੇ ਤੇ ਫੂਹੜ ਮਨੋਰੰਜਨ ਨਾਲ ਜੋੜਿਆ ਸੀ। ਹਾਲਾਂਕਿ ਕਿਤੇ ਚੰਗੀਆਂ ਫਿਲਮਾਂ ਵੀ ਬਣਦੀਆਂ ਰਹੀਆਂ ਪਰ ਬਹੁਤੀਆਂ ਵਿਚ ਜਗੀਰੂ ਤੇ ਪਿਛਾਖੜੀ ਸੋਚ ਦੇ ਤੱਤ ਭਾਰੂ ਸਨ। ਸੋ, ਜਾਪਦਾ ਹੈ ਕਿ ਇਹ ਫਿਲਮ ਪੰਜਾਬੀ ਦਰਸ਼ਕਾਂ ਦਾ ਜ਼ਾਇਕਾ ਬਦਲਣ ਵਿਚ ਸਫਲ ਹੋਵੇਗੀ। ਰਵਾਇਤੀ ਮਨੋਰੰਜਨਕਾਰੀ ਸਿਨਮਾ ਤੋਂ ਹਟ ਕੇ ਫਿਲਮ ਬਣਾਉਣ ਦਾ ਜ਼ੋਖਮ ਉਠਾਉਣ ਦੇ ਸਵਾਲ 'ਤੇ ਫਿਲਮ ਦੇ ਨਿਰਦੇਸ਼ਕ ਗੈਰੀ ਖਟਰਾਓ ਦਾ ਕਹਿਣਾ ਹੈ ਕਿ ਉਹ 'ਮਨੁੱਖ ਨੂੰ ਚੜ੍ਹਦੀ ਕਲਾ' ਵਿਚ ਲਿਜਾ ਸਕਣ ਵਾਲੀ ਫਿਲਮ ਬਣਾਉਣੀ ਚਾਹੁੰਦੇ ਸਨ। ਉਨ੍ਹਾਂ ਨੇ ਮਿਹਨਤ ਕੀਤੀ, ਪੂਰੀ ਟੀਮ ਨੇ ਮਿਹਨਤ ਵੀ ਕੀਤੀ ਤੇ ਚਾਰ ਸਾਲ ਦਾ ਸਮਾਂ ਵੀ ਇਸ ਪ੍ਰੋਜੈਕਟ ਵਿਚ ਲਾਇਆ।

ਡੈਬਿਊ ਕਰ ਰਹੇ ਹਰਦੀਪ ਗਰੇਵਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਹਟਵੇਂ ਵਿਸ਼ੇ 'ਤੇ ਫਿਲਮ ਬਣਾਉਣਾ 'ਜੋਖਮ' ਨਹੀਂ ਜਾਪਿਆ। ਫਿਲਮ ਦੇ ਸੂਤਰਧਾਰ ਕੋਚ ਬਣੇ ਬਲਵਿੰਦਰ ਬੁਲੇਟ ਦਾ ਕਹਿਣਾ ਸੀ ਕਿ ਉਨ੍ਹਾਂ ਦੀ ਟੀਮ ਇਹੋ ਜਿਹੀ ਫਿਲਮ ਹੀ ਬਣਾਉਣਾ ਚਾਹੁੰਦੀ ਸੀ। ਉਸ ਨੇ ਆਸ ਪ੍ਰਗਟਾਈ ਕਿ ਪੰਜਾਬ ਤੇ ਦੁਨੀਆ ਭਰ ਵਿਚ ਬੈਠੇ ਪੰਜਾਬੀ ਇਸ ਨੂੰ ਖੁੱਲ੍ਹੀਆਂ ਬਾਹਾਂ ਨਾਲ ਕਬੂਲਣਗੇ।








ਫਿਲਮ 'ਤੁਣਕਾ ਤੁਣਕਾ' ਦਾ ਪੋਸਟਰ, ਅਦਾਕਾਰ ਹਰਦੀਪ ਗਰੇਵਾਲ (ਵਿਚਕਾਰ) ਅਤੇ (ਸੱਜੇ) ਫਿਲਮਸਾਜ਼ ਗੈਰੀ ਖਟਰਾਓ।



ਫਿਲਮ 'ਤੁਣਕਾ ਤੁਣਕਾ' ਦੀ ਨਾਇਕ ਜੋੜੀ।

# ਅਮਨ ਦਾ ਸੁਨੇਹਾ 'ਧੂਪ ਕੀ ਦੀਵਾਰ'

ਮਰਹੂਮ ਅਦਾਕਾਰਾ ਸ੍ਰੀਦੇਵੀ ਦੀ ਫਿਲਮ 'ਮੌਮ' ਵਿਚ ਅਹਿਮ ਭੂਮਿਕਾ ਨਿਭਾਉਣ ਵਾਲੀ ਪਾਕਿਸਤਾਨੀ ਅਦਾਕਾਰਾ ਸਜਲ ਅਲੀ ਨੇ ਆਖਿਆ ਕਿ ਉਸ ਦਾ ਨਵਾਂ ਸ਼ੋਅ 'ਧੂਪ ਕੀ ਦੀਵਾਰ' ਓ.ਟੀ.ਟੀ. ਪਲੈਟਫਾਰਮ 'ਤੇ ਰਿਲੀਜ਼ ਕੀਤਾ ਗਿਆ ਹੈ ਅਤੇ ਇਹ ਸ਼ੋਅ ਭਾਰਤ ਤੇ ਪਾਕਿਸਤਾਨ ਵਿਚਾਲੇ ਅਮਨ ਅਤੇ ਇਕਜੁਟਤਾ ਦਾ ਸੁਨੇਹਾ ਦਿੰਦਾ ਹੈ। ਇਸ ਸ਼ੋਅ ਦੀ ਕਹਾਣੀ ਅਜਿਹੇ ਪਰਿਵਾਰ ਦੇ ਦੁਆਲੇ ਘੁੰਮਦੀ ਹੈ ਜਿਸ ਨੇ ਦੇਸ਼ ਵੰਡ ਦੌਰਾਨ ਬਹੁਤ ਕੁਝ ਗੁਆਇਆ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਸਰਹੱਦਾਂ ਮਹਿਜ਼ ਸਾਡੇ ਵੱਲੋਂ ਉਸਾਰੀਆਂ ਕੰਧਾਂ ਹਨ। ਭਾਰਤ ਦੇ ਰਹਿਣ ਵਾਲੇ ਵਿਸ਼ਾਲ ਅਤੇ ਪਾਕਿਸਤਾਨ ਦੀ ਵਸਨੀਕ ਸਾਰਾ ਦੀ ਜ਼ਿੰਦਗੀ ਇਕੋ ਜਿਹੀ ਹੈ। ਜੰਗ ਦੌਰਾਨ ਉਨ੍ਹਾਂ ਪਿਤਾ ਗੁਆਏ ਅਤੇ ਇਹੀ ਸਾਂਝਾ ਦੁੱਖ ਉਨ੍ਹਾਂ ਦੀ ਦੋਸਤੀ ਦੀ ਬੁਨਿਆਦ ਬਣਦਾ ਹੈ।

ਇਸ ਸ਼ੋਅ ਦਾ ਨਿਰਦੇਸ਼ਨ ਹਸੀਬ ਹਸਨ ਨੇ ਕੀਤਾ ਹੈ। ਕਹਾਣੀ ਉਮਰਾ ਅਹਿਮਦ ਨੇ ਲਿਖੀ ਹੈ। ਸਜਲ ਨੇ ਆਖਿਆ, "ਧੂਪ ਕੀ ਦੀਵਾਰ ਅਜਿਹਾ ਪ੍ਰੋਜੈਕਟ ਹੈ ਜਿਹੜਾ ਦੋ ਮੁਲਕਾਂ ਵਿਚਾਲੇ ਅਮਨ ਤੇ ਇਕਜੁੱਟਤਾ ਪੈਦਾ ਕਰਦਾ ਹੈ।" ਉਸ ਮੁਤਾਬਿਕ, ਇਹ ਪ੍ਰੋਜੈਕਟ ਦੋਹਾਂ ਦੇਸ਼ਾਂ ਦੇ ਲੋਕਾਂ ਲਈ ਨਵੇਂ ਰਾਹ ਖੋਲ੍ਹਣ ਦਾ ਸੂਚਕ ਹੈ। ਇਸ ਸ਼ੋਅ ਦੀ ਮੁੱਖ ਕਿਰਦਾਰ ਸਾਰਾ ਦੀ ਜ਼ਿੰਦਗੀ ਇੱਕ ਦਲੇਰ ਅਤੇ ਸੂਝਵਾਨ ਕੁੜੀ ਦੀ ਕਹਾਣੀ ਹੈ ਅਤੇ ਉਹ ਬਹੁਤ ਜਜ਼ਬਾਤੀ ਹੈ। ਇਸੇ ਕਰਕੇ ਹੁਣ ਇਹ ਸ਼ੋਅ ਸਭ ਦਾ ਧਿਆਨ ਖਿੱਚ ਰਿਹਾ ਹੈ।




# ਕਪੂਰ ਖਾਨਦਾਨ ਦਾ ਜ਼ਹਾਨ 'ਫਰਾਜ਼' ਬਣੇਗਾ

ਹਿੰਦੀ ਫਿਲਮ ਜਗਤ ਦੇ ਉਘੇ ਕਪੂਰ ਪਰਿਵਾਰ ਦਾ ਇੱਕ ਹੋਰ ਮੈਂਬਰ ਜ਼ਹਾਨ ਕਪੂਰ ਹਿੰਦੀ ਫਿਲਮਾਂ ਵਿਚ ਸ਼ੁਰੂਆਤ ਕਰਨ ਲਈ ਤਿਆਰ ਹੈ। ਮਰਹੂਮ ਅਦਾਕਾਰ ਸ਼ਸ਼ੀ ਕਪੂਰ ਦਾ ਪੋਤਰਾ ਜ਼ਹਾਨ ਮਸ਼ਹੂਰ ਫਿਲਮਸਾਜ਼ ਹੰਸਲ ਮਹਿਤਾ ਦੇ ਨਿਰਦੇਸ਼ਨ ਵਾਲੀ ਫਿਲਮ 'ਫਰਾਜ਼' ਵਿਚ ਨਜ਼ਰ ਆਵੇਗਾ। ਜ਼ਹਾਨ ਅਦਾਕਾਰ ਕੁਣਾਲ ਕਪੂਰ ਅਤੇ ਸ਼ੀਨਾ ਸਿੱਪੀ ਦਾ ਪੁੱਤਰ ਹੈ। ਸ਼ੀਨਾ ਸਿੱਪੀ ਉਘੇ ਫਿਲਮਸਾਜ਼ ਰਮੇਸ਼ ਸਿੱਪੀ ਦੀ ਧੀ ਹੈ।

ਅਨੁਭਵ ਸਿਨਹਾ ਪ੍ਰੋਡਕਸ਼ਨ ਅਤੇ ਭੂਸ਼ਨ ਕੁਮਾਰ ਵੱਲੋਂ ਸਾਂਝੇ ਤੌਰ 'ਤੇ ਬਣਾਈ ਫਿਲਮ 'ਫਰਾਜ਼' ਐਕਸ਼ਨ ਥ੍ਰਿਲਰ ਫਿਲਮ ਹੈ ਜੋ ਹੋਲੇ ਆਰਟਿਸਨ ਕੈਫੇ 'ਤੇ ਹੋਏ ਅਤਿਵਾਦੀ ਹਮਲੇ ਨੂੰ ਦਰਸਾਉਂਦੀ ਹੈ। ਇਸ ਹਮਲੇ ਨੇ ਜੁਲਾਈ 2016 ਵਿਚ ਬੰਗਲਾਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਫਿਲਮ ਵਿਚ ਪਹਿਲੀ ਜੁਲਾਈ 2016 ਨੂੰ ਢਾਕਾ ਦੇ ਇਸ ਕੈਫੇ ਨੂੰ ਪੰਜ ਅਤਿਵਾਦੀਆਂ ਵੱਲੋਂ ਤਬਾਹ ਕਰਨ ਤੇ ਕਰੀਬ 50 ਜਣਿਆਂ ਨੂੰ 12 ਘੰਟਿਆਂ ਲਈ ਬੰਧਕ ਬਣਾ ਕੇ ਰੱਖਣ ਦੀਆਂ ਘਟਨਾਵਾਂ ਨੂੰ ਦਰਸਾਇਆ ਗਿਆ ਹੈ।

ਦੱਸਣਯੋਗ ਹੈ ਕਿ ਜ਼ਹਾਨ ਸਰਗਰਮ ਥੀਏਟਰ ਅਦਾਕਾਰ ਅਤੇ ਫੋਟੋਗ੍ਰਾਫਰ ਰਿਹਾ ਹੈ। ਉਸ ਨੇ ਪ੍ਰਿਥਵੀ ਥੀਏਟਰ ਵਿਚ ਮਕਰੰਦ ਦੇਸ਼ਪਾਂਡੇ ਅਤੇ ਸਵਾਨੰਦ ਕਿਰਕਿਰੇ ਨਾਲ 'ਪਿਤਾਜੀ ਪਲੀਜ਼' ਨਾਲ ਸ਼ੁਰੂਆਤ ਕੀਤੀ ਸੀ।



ਉਸ ਨੇ ਪ੍ਰਿਥਵੀ ਥੀਏਟਰ ਵਿਚ ਕਈ ਪੇਸ਼ਕਾਰੀਆਂ ਦਿੱਤੀਆਂ ਹਨ, ਜੋ ਉਸ ਦੇ ਦਾਦਾ-ਦਾਦੀ ਸ਼ਸ਼ੀ ਕਪੂਰ ਅਤੇ ਜੈਨੀਫਰ ਕਪੂਰ ਨੇ ਉਸ ਦੇ ਪੜਦਾਦਾ ਪ੍ਰਿਥਵੀਰਾਜ ਕਪੂਰ ਦੀ ਯਾਦ ਵਿਚ ਬਣਾਇਆ ਸੀ। ਜ਼ਹਾਨ ਕੋਲ 'ਸਿਧਾਰਥ', 'ਜਨੂਨ', 'ਆਹਿਸਤਾ ਆਹਿਸਤਾ', 'ਸਿੰਘ ਇਜ਼ ਬਲਿੰਗ' ਅਤੇ 'ਪਾਣੀਪਤ' ਵਰਗੀਆਂ ਕਈ ਫਿਲਮਾਂ ਹਨ।

# XPressCargo

**Tel.: 317-426-5410**
Ext. 2001 & 2403

100% ਓਨਰ ਆਪਰੇਟਰ ਕੰਪਨੀ

**Pay Every Week**

Pay Single 48 Cent + Team 58 Cent

**100% OWNER OPERATOR COMPANY**

**IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)**

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

**ਵੀਕਲੀ ਹੋਮ**

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

**Hiring Owner Operators and Drivers**

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com